Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067

Jassi Gill
CA DRE Lic.#01180969
CA DRE# 00966763

Hardeep S.Rai
ਇਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Obama Care Covered CA
COVERED CALIFORNIA
Certified Insurance Agent
ਐਪਲੀਕੇਸ਼ਨ ਭਰਨ ਲਈ
ਸਾਨੂੰ ਫੋਨ ਕਰੋ
ਕੋਈ ਫੀਸ ਨਹੀਂ
Ph: 510-797-7989
e-mail: Duabba1@gmail.com
2450 Peralta Blvd. # 203, Fremont, CA 94536
Insurance Services Since 1999 License # 0C70672

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 51, December 17, 2016 20451 N Plum Grove Rd., Palatine, IL 60074 Ph:847-359-0746, Fax:847-705-9388

# ਬਡੂੰਗਰ ਨੇ ਮੱਕੜ ਵਾਲੇ ਫੈਸਲੇ ਉਲਟਾਏ

## ਸਿਆਸੀ ਪ੍ਰਭਾਵ ਤੋਂ ਮੁਕਤੀ ਦਾ ਸੰਕੇਤ ਦੇਣ ਦੀ ਕੋਸ਼ਿਸ਼

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਵੱਲੋਂ ਪਹਿਲੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਕੁਝ ਫੈਸਲਿਆਂ ਨੂੰ ਪਲਟਣ ਪਿੱਛੋਂ ਭਵਿੱਖ ਵਿਚ ਇਸ ਸਿਰਮੌਰ ਧਾਰਮਿਕ ਸੰਸਥਾ ਦੇ ਕੰਮਕਾਜ ਬਾਰੇ ਨਵੀਂ ਚਰਚਾ ਛਿੜ ਗਈ ਹੈ।

ਨਵੇਂ ਪ੍ਰਧਾਨ ਨੇ ਸ਼੍ਰੋਮਣੀ ਕਮੇਟੀ ਦੇ ਬਰਖਾਸਤ ਕੀਤੇ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਬਲਬੀਰ ਸਿੰਘ ਨੂੰ ਬਹਾਲ ਕਰ ਕੇ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਧਾਰਮਿਕ ਸੰਸਥਾ ਸਿਆਸੀ ਪ੍ਰਭਾਵ ਹੇਠ ਕੰਮ ਨਹੀਂ ਕਰ ਰਹੀ। ਭਾਈ ਬਲਬੀਰ ਸਿੰਘ ਨੇ ਨਾ ਤਾਂ ਕਮੇਟੀ ਅੱਗੇ ਬਹਾਲੀ ਦੀ ਅਪੀਲ ਕੀਤੀ ਸੀ ਅਤੇ ਨਾ ਹੀ ਕਿਸੇ ਜਾਂਚ ਵਿਚ 'ਨਿਰਦੋਸ਼' ਪਾਏ ਜਾਣ ਪਿੱਛੋਂ ਇਹ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਚੁੱਪ-ਚੁਪੀਤੇ ਹੀ ਕੀਤਾ ਗਿਆ ਅਤੇ ਪ੍ਰੋ. ਬਡੂੰਗਰ ਨੇ ਇਸ ਬਾਰੇ ਇੰਨਾ ਹੀ ਕਿਹਾ ਕਿ ਉਹ ਸਮੇਂ ਦੇ ਹਾਲਾਤ ਅਨੁਸਾਰ ਪ੍ਰਬੰਧਕਾਂ ਵੱਲੋਂ ਕੀਤੇ ਫੈਸਲੇ 'ਤੇ ਉਹ ਕੋਈ ਟਿੱਪਣੀ ਨਹੀਂ ਕਰ ਸਕਦੇ।

ਯਾਦ ਰਹੇ ਕਿ ਭਾਈ ਬਲਬੀਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਸਮੇਂ ਉਨ੍ਹਾਂ ਨੂੰ ਸਿਰੋਪਾਓ ਦੇਣ ਤੋਂ ਇਨਕਾਰ ਕਰ ਦਿੱਤਾ ਸੀ।





ਸ਼੍ਰੋਮਣੀ ਕਮੇਟੀ ਨੇ ਪਹਿਲਾਂ ਭਾਈ ਬਲਬੀਰ ਸਿੰਘ ਦਾ ਤਬਾਦਲਾ ਮਾਛੀਵਾੜਾ ਗੁਰਦੁਆਰੇ ਵਿਚ ਕਰ ਦਿੱਤਾ ਸੀ, ਪਰ ਉਹ ਡਿਊਟੀ 'ਤੇ ਹਾਜ਼ਰ ਨਹੀਂ ਹੋਏ। ਇਸ ਦੇ ਸਿੱਟੇ ਵਜੋਂ ਕਮੇਟੀ ਨੇ ਉਨ੍ਹਾਂ ਦੀ ਤਨਖਾਹ ਰੋਕ ਦਿੱਤੀ। ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦੀ ਉਸ ਸਮੇਂ ਵੱਡੇ ਪੱਧਰ ਉਤੇ ਅਲੋਚਨਾ ਹੋਈ ਸੀ, ਜਦੋਂ ਸ. ਬਾਦਲ ਨੇ ਆਖ ਦਿੱਤਾ ਸੀ ਕਿ ਉਸ ਨੂੰ ਕਿਸੇ ਨੇ ਸਿਰੋਪਾਓ ਦੇਣ ਤੋਂ ਨਾਂਹ ਨਹੀਂ ਕੀਤੀ। ਇਸ ਪਿੱਛੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਇਸ ਕਾਰਵਾਈ ਉਤੇ ਸਵਾਲ ਉਠੇ ਸਨ ਕਿ ਜਦ ਇਸ ਗ੍ਰੰਥੀ ਸਿੰਘ ਨੇ ਗਲਤੀ ਕੀਤੀ ਹੀ ਨਹੀਂ ਤਾਂ ਸਜ਼ਾ ਕਿਉਂ ਦਿੱਤੀ ਗਈ।

ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਨੇ ਨਰੇਂਦਰ

*(ਬਾਕੀ ਸਫਾ 6 'ਤੇ)*

# ਕੱਟੜ ਜਥੇਬੰਦੀਆਂ ਨੇ ਵਿਖਾਏ 'ਦੇਸ਼ ਭਗਤੀ' ਦੇ ਰੰਗ

## ਪਾਕਿਸਤਾਨੀ ਸਟਾਲਾਂ 'ਤੇ ਕੀਤੀ ਭੰਨ-ਤੋੜ

**ਅੰਮ੍ਰਿਤਸਰ:** ਕੱਟੜ ਹਿੰਦੂ ਜਥੇਬੰਦੀਆਂ ਦੀ 'ਦੇਸ਼ ਭਗਤੀ' ਇਕ ਵਾਰ ਮੁੜ ਮੁਲਕ ਲਈ ਨਮੋਸ਼ੀ ਬਣੀ ਹੈ। ਗੁਰੂ ਕੀ ਨਗਰੀ ਵਿਚ 'ਪੰਜਾਬ ਇੰਟਰਨੈਸ਼ਨਲ ਟਰੇਡ ਐਕਸਪੋ-2016' ਉਤੇ ਹਿੰਦੂ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਧਾਵਾ ਬੋਲ ਦਿੱਤਾ ਗਿਆ। ਫੂਡ ਕੋਰਟ ਵਿਚ 'ਜ਼ਾਇਕਾ' ਨਾਂ ਦੇ ਪਾਕਿਸਤਾਨੀ ਖਾਣਿਆਂ ਦੇ ਸਟਾਲ ਨੂੰ ਨਿਸ਼ਾਨਾ ਬਣਾਇਆ ਅਤੇ ਉਥੇ ਲੱਗੇ ਪਾਕਿਸਤਾਨੀ ਕੌਮੀ ਝੰਡੇ ਦੇ ਚਿੰਨ੍ਹ ਵਾਲੇ ਬੋਰਡ ਪਾੜ ਸੁੱਟੇ। ਘਟਨਾ ਸਮੇਂ ਪੁਲਿਸ ਅਧਿਕਾਰੀ ਮੂਕ ਦਰਸ਼ਕ ਬਣੇ ਰਹੇ। ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਹਿੰਦੂ ਸੁਰੱਖਿਆ ਸਮਿਤੀ ਤੇ ਸ਼ਿਵ ਸੈਨਾ ਪੰਜਾਬ ਦੇ ਆਗੂ ਤੇ ਕਾਰਕੁਨ ਵਪਾਰ ਮੇਲੇ ਵਿਚ ਨਾਅਰੇ ਮਾਰਦੇ ਪੁੱਜੇ ਅਤੇ ਲਾਹੌਰ, ਕਰਾਚੀ ਤੇ ਅਫਗਾਨਿਸਤਾਨ ਦੇ ਖਾਣਿਆਂ ਦੇ ਸਟਾਲ ਜ਼ਾਇਕਾ ਦੀ ਤੋੜ ਭੰਨ ਸ਼ੁਰੂ ਕਰ ਦਿੱਤੀ। ਇਨ੍ਹਾਂ ਹਿੰਦੂ ਸੰਸਥਾਵਾਂ ਨੇ ਤਰਕ ਦਿੱਤਾ ਕਿ ਇਕ ਪਾਸੇ ਪਾਕਿਸਤਾਨ ਸਾਡੇ ਦੇਸ਼ ਦੇ ਜਵਾਨਾਂ ਨੂੰ ਸ਼ਹੀਦ ਕਰ ਰਿਹਾ ਹੈ, ਦੂਜੇ ਪਾਸੇ ਇਹ ਲੋਕ ਭਾਰਤ ਆ ਕੇ ਸ਼ਰੇਆਮ ਆਪਣੇ ਕੌਮੀ ਝੰਡੇ ਲਗਾ ਕੇ ਵਪਾਰ ਤੇ ਪ੍ਰਚਾਰ ਕਰ ਰਹੇ ਹਨ। ਇਸ ਤੋਂ ਵੀ ਵੱਧ ਨਮੋਸ਼ੀ ਵਾਲੀ ਗੱਲ ਇਹ ਸੀ ਕਿ ਪੁਲਿਸ ਨੇ ਇਸ ਮਾਮਲੇ ਵਿਚ ਕੋਈ ਰਿਪੋਰਟ ਦਰਜ ਨਹੀਂ ਕੀਤੀ। ਪਾਕਿਸਤਾਨੀ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੁਲਿਸ ਕੋਲ ਬਕਾਇਦਾ ਇਸ ਦੀ ਸ਼ਿਕਾਇਤ ਕੀਤੀ ਸੀ।

ਯਾਦ ਰਹੇ ਕਿ ਹਿੰਦੂ ਜਥੇਬੰਦੀਆਂ ਵੱਲੋਂ ਦੇਸ਼ ਭਗਤੀ ਦੇ ਨਾਂ ਹੇਠ ਇਸ ਤਰ੍ਹਾਂ ਦੀ ਹੋਛੀ ਹਰਕਤ ਕੋਈ ਪਹਿਲੀ ਵਾਰ ਨਹੀਂ ਕੀਤੀ। ਇਸ ਤੋਂ ਪਹਿਲਾਂ ਪਾਕਿਸਤਾਨੀ ਕਲਾਕਾਰਾਂ ਉਤੇ ਹਮਲੇ ਕਰ ਕੇ ਉਨ੍ਹਾਂ ਨੂੰ ਭਾਰਤ ਵਿਚ ਪੈਰ ਨਾ ਧਰਨ ਦੀਆਂ ਧਮਕੀਆਂ ਦਿੱਤੀਆਂ ਸਨ ਜਿਸ ਕਾਰਨ ਗ਼ਜ਼ਲ ਗਾਇਕ ਗੁਲਾਮ ਅਲੀ ਸਮੇਤ ਕਈ ਕਲਾਕਾਰਾਂ ਨੂੰ ਆਪਣੇ ਪ੍ਰੋਗਰਾਮ ਰੱਦ ਕਰਨੇ ਪਏ ਸਨ। ਇਥੋਂ ਤੱਕ ਕਿ ਭਾਰਤੀ ਫਿਲਮਾਂ ਵਿਚ ਪਾਕਿਸਤਾਨੀ ਕਲਾਕਾਰ ਲੈਣ ਦਾ ਵਿਰੋਧ ਕੀਤਾ ਗਿਆ। ਫਿਲਮ 'ਐ ਦਿਲ ਹੈ ਮੁਸ਼ਕਿਲ' ਦੇ ਰਿਲੀਜ਼ ਹੋਣ ਦੇ ਰਾਹ ਵਿਚ ਇਸ ਲਈ ਅੜਿੱਕੇ ਡਾਹੇ ਗਏ, ਕਿਉਂਕਿ ਇਸ ਵਿਚ ਪਾਕਿਸਤਾਨੀ ਅਦਾਕਾਰਾਂ ਨੇ ਭੂਮਿਕਾ ਨਿਭਾਈ ਸੀ। ਕੱਟੜ ਹਿੰਦੂ ਜਥੇਬੰਦੀਆਂ ਨੇ ਇਸ ਦਾ ਵਿਰੋਧ ਕੀਤਾ ਤੇ ਕੇਂਦਰ ਸਮੇਤ ਸੂਬਾ ਸਰਕਾਰ (ਮਹਾਰਾਸ਼ਟਰ) ਵੀ ਇਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣ ਲਈ ਤਿਆਰ ਹੋ ਗਈ।

ਅਸਲ ਵਿਚ ਕੇਂਦਰ ਵਿਚ ਭਾਜਪਾ ਦੀ ਸਰਕਾਰ ਆਉਣ ਪਿੱਛੋਂ ਕੱਟੜ ਹਿੰਦੂ ਜਥੇਬੰਦੀਆਂ ਇਸ ਤਰ੍ਹਾਂ ਦੇ ਕਾਰੇ ਨਿੱਤ ਕਰ ਰਹੀਆਂ ਹਨ। ਦੇਸ਼ ਵਿਚ ਘੱਟ-ਗਿਣਤੀਆਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਗਊ ਰੱਖਿਆ ਦੇ ਨਾਂ ਉਤੇ ਦਰਜਨ ਤੋਂ ਵੱਧ ਦਲਿਤਾਂ ਦੇ ਕਤਲ ਕਰ ਦਿੱਤੇ ਗਏ। ਦੇਸ਼ ਵਿਚ ਅਸਹਿਣਸ਼ੀਲਤਾ ਦਾ ਮਾਹੌਲ ਬਣਾਉਣ ਲਈ ਇਨ੍ਹਾਂ ਜਥੇਬੰਦੀਆਂ ਨੇ ਹਰ ਕੋਸ਼ਿਸ਼ ਕੀਤੀ। ਇਸ ਸਭ ਤੋਂ ਵੱਧ ਨਮੋਸ਼ੀ ਵਾਲੀ ਗੱਲ ਇਹ ਰਹੀ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਬੁਰਛਾਗਰਦੀ ਵਿਰੁੱਧ ਬੋਲਣਾ ਦੀ ਹੀਆ ਨਾ ਕਰ ਸਕੇ।

We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving:
• All kinds of Sweets
• Snacks & Food
• Chaat & Tikki Stall
• Pani Poori Stall
• Bhel Poori / Pav Bhaji
• Falooda Kulfi
Catering Services:
• Wedding Ceremonies
• Receptions
• Birthday Parties
• Religious Gatherings
• Corporate Events
• Picnics / Bar-b-que
Additional Services:
• Warmers
• Chafing Dishes
• China & Silverware
• Linen Rental
• Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# ਕੇਂਦਰੀ ਮੰਤਰੀ ਰਿਜੀਜੂ 'ਤੇ ਘੁਟਾਲੇ ਦੇ ਦੋਸ਼


**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜੀਜੂ ਉਤੇ ਅਰੁਣਾਚਲ ਪ੍ਰਦੇਸ਼ ਵਿਚ ਇਕ ਬਿਜਲੀ ਪ੍ਰੋਜੈਕਟ ਦੇ ਵਧਾ-ਚੜ੍ਹਾ ਕੇ ਪੇਸ਼ ਕੀਤੇ ਗਏ ਬਿਲਾਂ ਨੂੰ ਊਰਜਾ ਮੰਤਰਾਲੇ ਤੋਂ ਆਪਣੇ ਰਸੂਖ਼ ਨਾਲ ਪਾਸ ਕਰਾਉਣ ਦੇ ਦੋਸ਼ ਲੱਗੇ ਹਨ। ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਫ਼ੌਰੀ ਵਜ਼ਾਰਤ ਤੋਂ ਬਰਤਰਫ਼ ਕੀਤੇ ਜਾਣ ਦੀ ਮੰਗ ਕੀਤੀ ਹੈ, ਜਦੋਂਕਿ ਮੰਤਰੀ ਨੇ ਦੋਸ਼ਾਂ ਦਾ ਖੰਡਨ ਕੀਤਾ ਹੈ।



ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਇਸ ਸਬੰਧੀ ਆਡੀਓ ਟੇਪ ਜਾਰੀ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਟੇਪ ਵਿਚ ਸੁਣਾਈ ਦਿੰਦੀ ਆਵਾਜ਼ ਸ੍ਰੀ ਰਿਜੀਜੂ ਦੇ ਕਜ਼ਨ ਭਰਾ ਗੋਬੋਈ ਰਿਜੀਜੂ ਦੀ ਹੈ ਜੋ ਇਸ 600 ਮੈਗਾਵਾਟ ਦੇ ਪਾਵਰ ਪ੍ਰੋਜੈਕਟ ਦਾ ਠੇਕੇਦਾਰ ਹੈ। ਉਨ੍ਹਾਂ ਦੋਸ਼ ਲਾਇਆ ਕਿ 450 ਕਰੋੜ ਰੁਪਏ ਦਾ ਇਹ ਘਪਲਾ ਟਰਾਂਸਪੋਰਟੇਸ਼ਨ ਨਾਲ ਸਬੰਧਤ ਝੂਠੇ ਤੇ ਵਧਾਏ ਗਏ ਬਿਲਾਂ 'ਤੇ ਆਧਾਰਤ ਹੈ। ਇਨ੍ਹਾਂ ਰੋਕੇ ਹੋਏ ਬਿਲਾਂ ਨੂੰ ਪਾਸ ਕਰਨ ਲਈ ਸ੍ਰੀ ਰਿਜੀਜੂ ਵੱਲੋਂ ਲਿਖੀ ਸਿਫ਼ਾਰਸ਼ੀ ਚਿੱਠੀ ਵੀ ਜਾਰੀ ਕੀਤੀ ਹੈ।

ਸ੍ਰੀ ਸੁਰਜੇਵਾਲਾ ਨੇ ਕਿਹਾ, "ਕਿਰਨ ਰਿਜੀਜੂ ਨੂੰ ਅਹੁਦੇ ਉਤੇ ਰਹਿਣ ਦਾ ਕੋਈ ਹੱਕ ਨਹੀਂ ਹੈ। ਜਦੋਂ ਤੱਕ ਨਿਰਪੱਖ ਜਾਂਚ ਨਹੀਂ ਹੋ ਜਾਂਦੀ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵੱਲੋਂ ਬਰਤਰਫ਼ ਕੀਤਾ ਜਾਵੇ ਜਾਂ ਅਸਤੀਫ਼ਾ ਦੇਣ ਲਈ ਆਖਿਆ ਜਾਵੇ।"

ਦੂਜੇ ਪਾਸੇ ਸ੍ਰੀ ਰਿਜੀਜੂ ਨੇ ਦੋਸ਼ ਰੱਦ ਕਰਦਿਆਂ ਕਿਹਾ ਕਿ ਉਹਨੇ ਊਰਜਾ ਮੰਤਰੀ ਨੂੰ ਲਿਖਿਆ ਹੈ ਕਿ ਪੱਛਮੀ ਅਰੁਣਾਚਲ ਪ੍ਰਦੇਸ਼ ਨਾਲ ਸਬੰਧਤ ਮੇਰੇ ਹਲਕੇ ਦੇ ਕੁਝ ਲੋਕਾਂ ਨੇ ਮੈਨੂੰ ਮਿਲ ਕੇ ਰੁਕੇ ਹੋਏ ਬਿਲਾਂ ਬਾਰੇ ਮੰਗ ਕੀਤੀ ਸੀ। ਮੈਂ ਇਸ ਵਿਚ ਕੁਝ ਵੀ ਗ਼ਲਤ ਨਹੀਂ ਕੀਤਾ, ਇਹ ਕੋਈ ਭ੍ਰਿਸ਼ਟਾਚਾਰ ਨਹੀਂ ਹੈ। ਇਸ ਦੌਰਾਨ ਆਪ ਦੇ ਆਗੂ ਆਸ਼ੀਸ਼ ਖੇਤਾਨ ਨੇ ਵੀ ਪ੍ਰੈਸ ਕਾਨਫਰੰਸ ਰਾਹੀਂ ਸ੍ਰੀ ਰਿਜੀਜੂ ਨੂੰ ਅਹੁਦੇ ਤੋਂ ਹਟਾਏ ਜਾਣ ਦੀ ਮੰਗ ਕੀਤੀ।



*ਲੋਕ ਗਾਇਕ ਜੀਤ ਜਗਜੀਤ ਨੇ ਫਰਿਜ਼ਨੋ ਵਿਚ ਪੱਤਰਕਾਰ ਨੀਟਾ ਮਾਛੀਕੇ ਨਾਲ ਅਜੋਕੀ ਪੰਜਾਬੀ ਗਾਇਕੀ ਦੇ ਸੰਦਰਭ ਵਿਚ ਗੱਲਬਾਤ ਕੀਤੀ। ਇਸ ਮੌਕੇ ਨੀਟਾ ਮਾਛੀਕੇ ਨੇ ਆਪਣੀਆਂ ਦੋ ਕਿਤਾਬਾਂ 'ਜਾਗਦੇ ਰਹੋ ਦਾ ਹੋਕਾ' ਅਤੇ 'ਸ਼ਹੀਦ ਭਗਤ ਸਿੰਘ ਦੇ ਖਤ' ਉਸ ਨੂੰ ਭੇਟ ਕੀਤੀਆਂ। ਇਸ ਮੌਕੇ ਦੀ ਇਕ ਤਸਵੀਰ।*

**ਪਰਦੇਸਾਂ ਵਿਚ ਵਸਦੀਆਂ ਸੰਗਤਾਂ ਨੂੰ ਬੇਨਤੀ**



**ਆਓ, ਸਰਬੱਤ ਖਾਲਸਾ ਵਲੋਂ ਪਾਸ ਮਤੇ ਦ੍ਰਿੜਤਾ ਨਾਲ ਲਾਗੂ ਕਰੀਏ**

*ਸਰਬੱਤ ਖਾਲਸਾ ਵਲੋਂ ਬਾਦਲ ਪਿਓ-ਪੁੱਤ ਸਣੇ ਪੂਰੇ ਬਾਦਲ ਪਰਿਵਾਰ ਨੂੰ ਪੰਥ ਵਿਚੋਂ ਛੇਕ ਕੇ ਬਾਈਕਾਟ ਕਰਨ ਦਾ ਸੱਦਾ
*ਸਰਬੱਤ ਖਾਲਸਾ ਵਲੋਂ ਲੋਕਤੰਤਰੀ ਢੰਗ ਨਾਲ ਖਾਲਸਾ ਪੰਥ ਦੀ ਮੁਕੰਮਲ ਆਜ਼ਾਦੀ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ
*ਬਾਦਲ ਪਰਿਵਾਰ ਅਤੇ ਆਰ. ਐਸ. ਐਸ. ਦੀ ਜਾਲਮ ਹਕੂਮਤ ਵਲੋਂ ਆਪਣੀਆਂ ਜਾਲਮ ਫੋਰਸਾਂ ਨਾਲ ਆਪਣੇ ਮੁੱਲ ਖਰੀਦੇ ਪੰਜਾਬ ਦੇ ਹੁਕਮਰਾਨਾਂ ਰਾਹੀਂ ਸਿੱਖ ਧਰਮ ਵਿਚ ਦਖਲਅੰਦਾਜ਼ੀ; ਸਾਹਿਬ ਸ੍ਰੀ ਗ੍ਰੰਥ ਸਾਹਿਬ ਜੀ ਦੀ ਲਗਾਤਾਰ ਬੇਅਦਬੀ; ਸ਼ਾਂਤਮਈ ਰੋਸ ਪ੍ਰਗਟ ਕਰਦੇ ਨਿਰਦੋਸ਼ ਸਿੱਖਾਂ ਉਪਰ ਗੋਲੀਆਂ ਚਲਾ ਕੇ ਸ਼ਹੀਦ ਕਰਨ; ਸਰਕਾਰੀ ਮਦਦ ਨਾਲ ਪਲਦੇ ਪਾਖੰਡੀ ਸਾਧਾਂ ਵਲੋਂ ਸਿੱਖਾਂ ਨੂੰ ਜਲੀਲ ਕੀਤੇ ਜਾਣ; ਸਿੱਖਾਂ ਨੂੰ ਮੁਢਲੇ ਅਧਿਕਾਰ ਮੰਗਣ 'ਤੇ ਵੀ ਅਤਿਵਾਦੀ ਤੇ ਵੱਖਵਾਦੀ ਕਹਿ ਕੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਅਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਦੀ ਥਾਂ ਉਚ ਅਹੁਦੇ ਦਿਤੇ ਜਾਣ; ਬਿਨਾ ਮੁਕੱਦਮਾ ਚਲਾਏ ਸਿੱਖ ਨੌਜਵਾਨਾਂ ਦੀਆਂ ਜ਼ਿੰਦਗੀਆਂ ਜੇਲ੍ਹਾਂ 'ਚ ਸਾੜ ਦੇਣ; ਝੂਠੇ ਕੇਸਾਂ 'ਚ ਵੀ ਸਜਾਵਾਂ ਭੁਗਤ ਚੁੱਕੇ ਸਿੱਖਾਂ ਨੂੰ ਰਿਹਾ ਨਾ ਕੀਤੇ ਜਾਣ; ਬਾਦਲ ਤੇ ਮਜੀਠੀਆ ਪਰਿਵਾਰ ਵਲੋਂ ਸਿੱਖ ਧਰਮ ਦਾ ਹਿੰਦੂਕਰਨ ਕੀਤੇ ਜਾਣ ਅਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ 'ਚ ਗਰਕ ਕੀਤੇ ਜਾਣ; ਪੰਜਾਬ ਦੇ ਪਾਣੀਆਂ ਦੀ ਲੁਟ ਕਰਵਾਉਣ ਦੇ ਰੋਸ ਵਜੋਂ ਬੁਲਾਏ ਗਏ ਸਰਬੱਤ ਖਾਲਸਾ 'ਤੇ ਪਾਬੰਦੀਆਂ ਲਾਉਣ ਤੇ ਹਿੱਸਾ ਲੈਣ 'ਤੇ ਦੇਸ਼ ਧ੍ਰੋਹ ਦੇ ਕੇਸ ਦਰਜ ਕੀਤੇ ਜਾਣ ਵਿਰੁਧ ਪੰਜਾਬ ਦੀ ਪਵਿੱਤਰ ਧਰਤੀ ਤਲਵੰਡੀ ਸਾਬੋ ਵਿਖੇ ਹੋਏ ਸਰਬੱਤ ਖਾਲਸਾ ਵਲੋਂ ਪਾਸ ਮਤਿਆਂ ਨੂੰ ਦ੍ਰਿੜਤਾ ਨਾਲ ਲਾਗੂ ਕਰੀਏ।

**ਸਰਬੱਤ ਖਾਲਸਾ ਵਿਚ ਪਹੁੰਚਣ ਲਈ ਵਿਦੇਸ਼ਾਂ ਦੇ ਸਿੱਖਾਂ ਵਲੋਂ ਸੰਗਤਾਂ ਦਾ ਲੱਖ ਲੱਖ ਧੰਨਵਾਦ!**

**ਖਾਲਸਾ ਪੰਥ ਦੇ ਦਾਸ: ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)**

ਸ. ਬੂਟਾ ਸਿੰਘ ਖੜੌਦ (609) 351-0321
ਸ. ਜੀਤ ਸਿੰਘ ਆਲੋਅਰਖ (559) 470-5595
ਸ. ਸੁਰਜੀਤ ਸਿੰਘ ਕੁਲਾਰ (917) 434-2483
ਸ. ਰੁਪਿੰਦਰ ਸਿੰਘ ਬਾਠ (937) 467-3012
ਸ. ਮੱਖਣ ਸਿੰਘ ਕਲੇਰ (630) 827-9752
ਸ. ਅਮਨਦੀਪ ਸਿੰਘ (917) 346-0699

# ਵਿਸ਼ਵ ਬੈਂਕ ਨੇ ਸਿੰਧੂ ਜਲ ਸਮਝੌਤੇ ਬਾਰੇ ਕਾਰਵਾਈ ਰੋਕੀ

**ਵਾਸ਼ਿੰਗਟਨ:** ਵਿਸ਼ਵ ਬੈਂਕ ਨੇ ਸਿੰਧੂ ਜਲ ਸਮਝੌਤੇ ਤਹਿਤ ਭਾਰਤ ਅਤੇ ਪਾਕਿਸਤਾਨ ਵੱਲੋਂ ਸ਼ੁਰੂ ਕੀਤੀਆਂ ਵੱਖੋ-ਵੱਖਰੀਆਂ ਪ੍ਰਕਿਰਿਆਵਾਂ ਨੂੰ ਰੋਕ ਦਿੱਤਾ ਹੈ ਤਾਂ ਕਿ ਦੋਵੇਂ ਮੁਲਕ ਆਪਣੇ ਮਤਭੇਦਾਂ ਦੇ ਹੱਲ ਲਈ ਬਦਲਵੇਂ ਰਾਹ ਤਲਾਸ਼ ਸਕਣ। ਵਿਸ਼ਵ ਬੈਂਕ ਦੇ ਪ੍ਰਧਾਨ ਜਿਮ ਯੋਂਗ ਕਿਮ ਨੇ ਇਸ ਸਬੰਧੀ ਕਿਹਾ ਕਿ ਉਹ ਸਿੰਧੂ ਜਲ ਸਮਝੌਤੇ ਨੂੰ ਬਚਾਉਣ ਲਈ ਇਹ ਰੋਕ ਲਾ ਰਹੇ ਹਨ।

ਸ੍ਰੀ ਕਿਮ ਨੇ ਇਸ ਸਬੰਧੀ ਦੋਵਾਂ ਮੁਲਕਾਂ ਦੇ ਵਿੱਤ ਮੰਤਰੀਆਂ ਨੂੰ ਪੱਤਰ ਲਿਖ ਕੇ ਜਾਣੂ ਕਰਵਾਇਆ ਹੈ। ਇਸ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਇਹ ਕਦਮ ਸਮਝੌਤੇ ਨੂੰ ਬਚਾਉਣ ਲਈ ਉਠਾਇਆ ਗਿਆ ਹੈ। ਪ੍ਰਕਿਰਿਆਵਾਂ ਰੋਕਣ ਦਾ ਮਤਲਬ ਇਹ ਹੋਵੇਗਾ ਕਿ ਬੈਂਕ ਹਾਲ ਦੀ ਘੜੀ ਸਾਲਸੀ ਅਦਾਲਤ ਦੇ ਮੁਖੀ ਜਾਂ ਨਿਰਪੱਖ ਮਾਹਿਰ ਦੀ ਨਿਯੁਕਤੀ ਨਹੀਂ ਕਰੇਗਾ। ਬੈਂਕ ਵੱਲੋਂ ਪਹਿਲਾਂ ਦਿੱਤੀ ਜਾਣਕਾਰੀ ਮੁਤਾਬਕ ਇਹ ਨਿਯੁਕਤੀਆਂ 12 ਦਸੰਬਰ ਤੱਕ ਹੋਣ ਦੇ ਆਸਾਰ ਸਨ।

ਗ਼ੌਰਤਲਬ ਹੈ ਕਿ ਬੈਂਕ ਵੱਲੋਂ ਪਾਕਿਸਤਾਨ ਦੀ ਸ਼ਿਕਾਇਤ ਉਤੇ ਸਾਲਸੀ ਅਦਾਲਤ ਦੀ ਨਿਯੁਕਤੀ ਦੀ ਤਿਆਰੀ ਕੀਤੇ ਜਾਣ 'ਤੇ ਭਾਰਤ ਨੇ ਸਖ਼ਤ ਇਤਰਾਜ਼ ਕੀਤਾ ਸੀ। ਇਸ ਦੌਰਾਨ ਭਾਰਤ ਨੇ ਕਿਹਾ ਕਿ ਇਸ ਨਾਲ ਇਹ ਪੁਸ਼ਟੀ ਹੋ ਗਈ ਹੈ ਕਿ ਇਕੋ ਸਮੇਂ ਦੋ ਪ੍ਰਕਿਰਿਆਵਾਂ ਜਾਰੀ ਰਹਿਣ ਨਾਲ ਸਮਾਂ ਪੈ ਕੇ ਸਮਝੌਤੇ ਨੇ ਚੱਲਣਯੋਗ ਨਹੀਂ ਸੀ ਰਹਿਣਾ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਵਿਕਾਸ ਸਵਰੂਪ ਨੇ ਕਿਹਾ ਕਿ ਭਾਰਤ ਆਪਣੀਆਂ ਆਲਮੀ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਹੈ ਅਤੇ ਮਤਭੇਦਾਂ ਦੇ ਹੱਲ ਲਈ ਗੱਲਬਾਤ ਵਾਸਤੇ ਤਿਆਰ ਹੈ।

# ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਰੱਦ ਕਰਵਾਉਣ ਲਈ ਕੋਸ਼ਿਸ਼ਾਂ ਤੇਜ਼

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਬੰਦੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਵਾਉਣ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਸ਼੍ਰੋਮਣੀ ਕਮੇਟੀ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਚਿੱਠੀ ਲਿਖ ਕੇ ਮੁਲਾਕਾਤ ਲਈ ਸਮਾਂ ਮੰਗਿਆ ਹੈ।



ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੇ ਪਹਿਲਾਂ 15 ਨਵੰਬਰ ਨੂੰ ਰਾਸ਼ਟਰਪਤੀ ਦੇ ਨਾਂ ਪੱਤਰ ਭੇਜਿਆ ਸੀ ਪਰ ਉਸ ਦਾ ਕੋਈ ਹੁੰਗਾਰਾ ਨਹੀਂ ਮਿਲਿਆ। ਹੁਣ ਰਾਸ਼ਟਰਪਤੀ ਨੂੰ ਮੁੜ ਯਾਦ ਪੱਤਰ ਭੇਜਿਆ ਗਿਆ ਹੈ। ਯਾਦ ਰਹੇ ਕਿ ਨਵੰਬਰ ਮਹੀਨੇ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਭਾਈ ਰਾਜੋਆਣਾ ਨੇ ਫਾਂਸੀ ਦੀ ਸਜ਼ਾ ਸਬੰਧੀ ਫੈਸਲੇ ਵਿਚ ਹੋ ਰਹੀ ਦੇਰੀ ਕਾਰਨ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਸਿਹਤ ਖਰਾਬ ਹੋਣ ਕਾਰਨ ਉਨ੍ਹਾਂ ਨੂੰ ਹਸਪਤਾਲ ਵੀ ਦਾਖਲ ਕਰਵਾਇਆ ਗਿਆ ਸੀ।

ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਰਾਜੋਆਣਾ ਦੀ ਭੁੱਖ ਹੜਤਾਲ ਖਤਮ ਕਰਵਾਈ ਸੀ। ਉਨ੍ਹਾਂ ਇਸ ਮਾਮਲੇ ਦੇ ਜਲਦੀ ਹੱਲ ਲਈ ਰਾਸ਼ਟਰਪਤੀ ਨੂੰ ਮਿਲਣ ਦਾ ਭਰੋਸਾ ਦਿੱਤਾ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਰਾਸ਼ਟਰਪਤੀ ਨੂੰ ਪੱਤਰ ਭੇਜ ਕੇ ਮੁਲਾਕਾਤ ਲਈ ਸਮਾਂ ਮੰਗਿਆ ਸੀ ਤੇ ਮੁਲਾਕਾਤ ਵਾਸਤੇ ਸੱਤ ਮੈਂਬਰੀ ਵਫਦ ਬਣਾਇਆ ਸੀ। ਇਸ ਪੱਤਰ ਦਾ ਜਵਾਬ ਨਾ ਮਿਲਣ 'ਤੇ ਮੁੱਖ ਸਕੱਤਰ ਨੇ ਮੁੜ ਯਾਦ ਪੱਤਰ ਭੇਜਿਆ ਹੈ। ਇਸ ਸਬੰਧੀ ਭਾਈ ਰਾਜੋਆਣਾ ਵੀ ਕਈ ਵਾਰ ਰਾਸ਼ਟਰਪਤੀ ਨੂੰ ਚਿੱਠੀ ਲਿਖ ਫਾਂਸੀ ਦੇ ਫੈਸਲੇ ਉਤੇ ਜਲਦ ਅਮਲ ਕਰਨ ਲਈ ਲਿਖ ਚੁੱਕੇ ਹਨ। ਦੱਸ ਦੇਈਏ ਕਿ 31 ਅਗਸਤ, 1995 ਨੂੰ ਵਾਪਰੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਬਾਰੇ ਭਾਈ ਰਾਜੋਆਣਾ ਨੇ ਬੁੜੈਲ ਜੇਲ੍ਹ ਵਿਚ ਲੱਗੀ ਅਦਾਲਤ 'ਚ ਆਪਣਾ ਜੁਰਮ ਕਬੂਲ ਕਰ ਲਿਆ ਗਿਆ ਸੀ। ਇਸ ਪਿੱਛੋਂ ਅਦਾਲਤ ਨੇ 31 ਜੁਲਾਈ, 2007 ਨੂੰ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ।


ੴ ਦੁਖ ਨਿਵਾਰਨ ਕੈਂਪ ੴ

29 ਦਸੰਬਰ ਤੋਂ ਪਹਿਲੀ ਜਨਵਰੀ 2017 ਤੱਕ

*ਸਮਾਂ: ਰੋਜ਼ਾਨਾ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ*



*ਸ. ਹਰਦਿਆਲ ਸਿੰਘ (ਸੇਵਾਮੁਕਤ ਆਈ ਏ ਐਸ)*

ਗੁਰਬਾਣੀ ਸ਼ਬਦਾਂ ਦੇ ਜਾਪ ਦੁਆਰਾ ਰੋਗ ਅਤੇ ਦੁੱਖ ਦੂਰ ਕਰਨ ਲਈ ਕੈਂਪ ਲਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਖੁੱਲ੍ਹਾ ਸੱਦਾ ਹੈ, ਆਓ, ਅਤੇ ਗੁਰਬਾਣੀ ਸ਼ਬਦ ਦਾ ਜਾਪ ਕਰ ਕੇ ਆਪਣੇ ਦੁੱਖਾਂ-ਰੋਗਾਂ ਤੋਂ ਛੁਟਕਾਰਾ ਪਾਓ।



*ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ*

*ਨੋਟ: ਜੋ ਵਿਅਕਤੀ ਆਪਣੇ ਦੁੱਖਾਂ-ਰੋਗਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ, ਉਹ ਸਾਰੇ ਦਿਨ ਸਾਰਾ ਸਮਾਂ ਹਾਜ਼ਰੀ ਭਰਨ।*

ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ. ਜਸਪ੍ਰੀਤ ਸਿੰਘ 714-553-3135
ਸ. ਬਲਵਿੰਦਰ ਸਿੰਘ 714-686-7481
ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ 646-464-1818
ਗੁਰਦੁਆਰਾ ਸਾਹਿਬ 717-670-8843

*ਕੈਂਪ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਵਿਸ਼ੇਸ਼ ਕਰਕੇ ਹਾਜ਼ਰ ਹੋਣਗੇ*

ਗੁਰਦੁਆਰਾ ਸਾਹਿਬ ਸਿੰਘ ਸਭਾ, ਬਿਊਨਾ ਪਾਰਕ
7122 Orangethorpe Ave, Buena Park CA 90621



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ *(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)*
- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
*email: sanjana4loans@gmail.com*



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

Arcus LENDING America's Premier Mortgage Experts
*Arcus NMLS # 1035734*

*ਸੰਜਨਾ ਦੇ ਦੱਸੇ ਰੀਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ*

# ਮੋਗਾ ਰੈਲੀ: ਬਾਦਲਾਂ ਨੇ ਮਸਲਿਆਂ ਦੀ ਥਾਂ ਆਪਣੇ ਸੋਹਲੇ ਗਾਏ

**ਚੰਡੀਗੜ੍ਹ:** ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਲਈ 'ਪਾਣੀ ਬਚਾਓ-ਪੰਜਾਬ ਬਚਾਓ' ਦੇ ਬੈਨਰ ਹੇਠ ਮੋਗਾ ਵਿਖੇ ਕੀਤੀ ਰੈਲੀ ਵਿਚ ਅਕਾਲੀਆਂ ਨੇ ਇਸ ਗੰਭੀਰ ਮਸਲੇ ਨੂੰ ਲਾਂਭੇ ਹੀ ਰੱਖਿਆ। ਸਮਾਗਮ ਦੀ ਸ਼ੁਰੂਆਤ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਕ-ਦੋ ਮਿੰਟ ਪਾਣੀਆਂ ਬਾਰੇ ਗੱਲ ਕੀਤੀ ਤੇ ਇਸ ਪਿੱਛੋਂ ਆਪਣੇ ਸਿਆਸੀ ਵਿਰੋਧੀਆਂ ਨੂੰ ਕੋਸਣ ਵਿਚ ਜੁਟੇ ਰਹੇ। ਬਾਦਲ ਤੋਂ ਬਿਨਾਂ ਹੋਰ ਅਕਾਲੀ ਆਗੂਆਂ ਨੇ ਵੀ ਸਾਰਾ ਸਮਾਂ ਆਪਣੀਆਂ ਪ੍ਰਾਪਤੀਆਂ ਤੇ ਵਿਰੋਧੀ ਧਿਰ ਦੀ ਬਖਤੋਈ ਰੱਜ ਕੇ ਕੀਤੀ। ਕੁੱਲ ਮਿਲਾ ਕੇ ਪਾਣੀਆਂ ਜਿਹੇ ਗੰਭੀਰ ਮੁੱਦੇ ਉਤੇ ਰੱਖਿਆ ਇਹ ਸਮਾਗਮ ਅਕਾਲੀ-ਭਾਜਪਾ ਗੱਠਜੋੜ ਦੀ ਸਿਆਸੀ ਰੈਲੀ ਹੋ ਨਿੱਬੜਿਆ।



ਸਰਕਾਰੀ ਖਰਚੇ ਉਤੇ ਕੀਤੇ ਇਸ ਵੱਡੇ ਸਿਆਸੀ ਸ਼ੋਅ ਦੀ ਮੁੱਖ ਵਿਰੋਧੀ ਪਾਰਟੀਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ। ਅਕਾਲੀ ਦਲ ਨੇ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਪੂਰਾ ਟਿੱਲ ਲਾ ਦਿੱਤਾ। ਸਕੂਲਾਂ ਵਿਚ ਛੁੱਟੀ ਕਰ ਕੇ ਬੱਸਾਂ ਨੂੰ ਰੈਲੀ ਲਈ ਬੰਦੇ ਇਕੱਠੇ ਕਰਨ ਲਾ ਦਿੱਤਾ। ਇਸ ਤੋਂ ਇਲਾਵਾ ਸਰਕਾਰੀ ਬੱਸਾਂ ਵੀ ਰੂਟ ਉਤੇ ਚੱਲਣ ਦੀ ਥਾਂ ਬਾਦਲਾਂ ਦੀ ਸੇਵਾ ਵਿਚ ਹਾਜ਼ਰ ਰਹੀਆਂ। ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਰੈਲੀ ਸ੍ਰੀ ਦਰਬਾਰ ਸਾਹਿਬ ਤੀਰਥ ਯਾਤਰਾ 'ਤੇ ਵੀ ਭਾਰੀ ਪੈ ਗਈ। ਤੀਰਥ ਯਾਤਰਾ ਵਾਲੀ ਬੱਸ ਸਰਵਿਸ ਨੂੰ ਮੋਗਾ ਰੈਲੀ ਵਿਚ ਲਾਉਣ ਕਰ ਕੇ ਬਠਿੰਡਾ ਖਿੱਤੇ ਵਿਚ ਸ੍ਰੀ ਦਰਬਾਰ ਸਾਹਿਬ ਲਈ ਤੀਰਥ ਯਾਤਰਾ ਰੱਦ ਕਰ ਦਿੱਤੀ।

ਹਾਲਾਂਕਿ ਸਰਕਾਰ ਨੂੰ ਨਮੋਸ਼ੀ ਵੀ ਸਹਿਣੀ ਪਈ। ਰੈਲੀ ਲਈ ਮਾਲਵਾ ਦੇ ਟਰਾਂਸਪੋਟਰਾਂ ਨੇ ਬੱਸਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਗੌਰਤਲਬ ਹੈ ਕਿ ਇਸ ਤੋਂ ਪਹਿਲਾਂ 25 ਨਵੰਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਏਮਜ਼ ਦਾ ਨੀਂਹ ਪੱਥਰ ਰੱਖਣ ਮੌਕੇ ਅਕਾਲੀ-ਭਾਜਪਾ ਗਠਜੋੜ ਵਲੋਂ ਕੀਤੀ ਰੈਲੀ ਲਈ ਵੀ ਟਰਾਂਸਪੋਟਰਾਂ ਨੇ ਬੱਸਾਂ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਹਾਲਾਂਕਿ ਉਸ ਸਮੇਂ ਸਰਕਾਰ ਨੇ ਟ੍ਰਾਂਸਪੋਟਰਾਂ ਦੇ ਦਬਾਅ ਹੇਠ ਨਾ ਝੁਕਦੇ ਹੋਏ ਮਾਲਵਾ ਖੇਤਰ ਦੇ ਵੱਡੇ ਵਿਦਿਅਕ ਅਦਾਰਿਆਂ ਵਿਚ ਛੁੱਟੀ ਕਰਵਾ ਕੇ ਸਕੂਲੀ ਤੇ ਕਾਲਜਾਂ ਦੀਆਂ ਬੱਸਾਂ ਹਾਸਲ ਕਰ ਲਈਆਂ ਸਨ। ਜ਼ਿਕਰਯੋਗ ਹੈ ਕਿ ਚੋਣ ਜ਼ਾਬਤਾ ਲੱਗਣ ਤੋਂ ਐਨ ਪਹਿਲਾਂ ਆਪਣੀ ਤਾਕਤ ਵਿਖਾਉਣ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੋਗਾ ਵਿਚ ਵੱਡੀ ਰੈਲੀ ਕੀਤੀ ਗਈ। ਇਸੇ ਦਿਨ ਸਿੱਖ ਜਥੇਬੰਦੀਆਂ ਨੇ ਸਰਬੱਤ ਖਾਲਸਾ ਕਰਨ ਦਾ ਐਲਾਨ ਕਰ ਦਿੱਤਾ ਸੀ। ਜਿਸ ਪਿੱਛੋਂ ਹਾਕਮ ਧਿਰ ਲਈ ਇਕੱਠਾ ਕਰਨਾ ਵੱਡੀ ਚੁਣੌਤੀ ਬਣ ਗਿਆ ਸੀ। ਸਰਕਾਰ ਨੇ ਇਸ ਸਮਾਗਮ ਲਈ ਪੂਰੀ ਵਾਹ ਲਾ ਦਿੱਤੀ। ਸਰਬੱਤ ਖਾਲਸਾ ਨਾਲ ਸਬੰਧਤ ਆਗੂਆਂ ਨੂੰ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ।

## ਮੋਗਾ ਰੈਲੀ ਲਈ ਨਿਯਮਾਂ ਦੀ ਉਲੰਘਣਾ: 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਸੂਬਾ ਸਰਕਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਰੈਲੀ ਲਈ ਨਿੱਜੀ ਸਕੂਲਾਂ ਨੂੰ ਜਬਰੀ ਬੰਦ ਕਰਵਾਉਣ ਅਤੇ ਸਕੂਲੀ ਬੱਸਾਂ ਮੁਹੱਈਆ ਕਰਵਾਉਣ ਲਈ ਬਣਾਏ ਦਬਾਅ ਦੀ ਨਿਖੇਧੀ ਕੀਤੀ ਹੈ। ਪਾਰਟੀ ਦੇ ਪੰਜਾਬ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਸਹੂਲਤ ਲਈ ਸਕੂਲੀ ਬੱਚਿਆਂ ਨੂੰ ਵੀ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਜ਼ਿਲ੍ਹਾ ਸਿੱਖਿਆ ਅਫਸਰਾਂ ਨੇ ਸਬੰਧਤ ਡਿਪਟੀ ਕਮਿਸ਼ਨਰਾਂ ਦੇ ਨਿਰਦੇਸ਼ ਉਤੇ ਸਕੂਲ ਪ੍ਰਬੰਧਕਾਂ ਨੂੰ ਚਿੱਠੀ ਲਿਖ ਕੇ ਰੈਲੀ ਵਾਲੇ ਦਿਨ ਸਕੂਲ ਬੰਦ ਰੱਖਣ ਅਤੇ ਲੋਕਾਂ ਨੂੰ ਰੈਲੀ ਵਾਲੀ ਥਾਂ ਉਤੇ ਪਹੁੰਚਾਉਣ ਲਈ ਸਕੂਲੀ ਬੱਸਾਂ ਦਾ ਪ੍ਰਬੰਧ ਕਰਨ ਲਈ ਕਿਹਾ ਹੈ।

## ਸੁਖਬੀਰ ਵੱਲੋਂ ਖਾਲੀ ਕੁਰਸੀਆਂ ਦੇ ਦਰਸ਼ਨ

**ਜਲਾਲਾਬਾਦ:** ਪੰਜਾਬ ਵਿਧਾਨ ਸਭਾ ਚੋਣਾ ਨੇੜੇ ਹਨ। ਅਜਿਹੇ ਵਿਚ ਸਾਰੀਆਂ ਪਾਰਟੀਆਂ ਵੱਲੋਂ ਜਨਤਾ ਨਾਲ ਰਾਬਤਾ ਬਣਾਉਣ ਲਈ ਰੈਲੀਆਂ ਤੇ ਹੋਰ ਮੀਟਿੰਗਾਂ ਦਾ ਦੌਰ ਜਾਰੀ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਆਪਣੇ ਚੋਣ ਹਲਕੇ ਜਲਾਲਾਬਾਦ ਦੀ ਸੰਗਤ ਨੂੰ ਖੁਸ਼ ਕਰਨ ਲਈ ਸੰਗਤ ਦਰਸ਼ਨ ਕਰਨ ਪਹੁੰਚੇ, ਪਰ ਬਾਦਲ ਸਾਹਬ ਦੇ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਹੀ ਕਾਫੀ ਲੋਕ ਕੁਰਸੀਆਂ ਖਾਲੀ ਕਰ ਵਾਪਸ ਚਲਦੇ ਬਣੇ। ਅਜਿਹੇ 'ਚ ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਸੰਗਤ ਦਰਸ਼ਨ ਨੇ ਸੁਖਬੀਰ ਬਾਦਲ ਨੂੰ ਜਨਤਾ ਦੇ ਸਮਰਥਨ ਦਾ ਸੱਚ ਵਿਖਾ ਦਿੱਤਾ ਹੈ।



# ਹਥਿਆਰਾਂ ਪੱਖੋਂ ਪੰਜਾਬ ਪੁਲਿਸ ਤੋਂ ਕਿਤੇ ਤਾਕਤਵਰ ਨੇ ਗੈਂਗਸਟਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 4.5 ਲੱਖ ਤੋਂ ਵੱਧ ਨਿੱਜੀ ਹਥਿਆਰਾਂ ਦੇ ਲਾਇਸੈਂਸ ਜਾਰੀ ਕੀਤੇ ਹੋਏ ਹਨ ਜਿਨ੍ਹਾਂ ਉਤੇ ਤਕਰੀਬਨ 11 ਲੱਖ ਹਥਿਆਰ ਦਰਜ ਹਨ ਜਦੋਂ ਕਿ ਸੂਬੇ ਦੀ ਪੁਲਿਸ ਕੋਲ ਸਿਰਫ 80,000 ਹਥਿਆਰ ਹਨ। ਇਸ ਵਰਤਾਰੇ ਕਾਰਨ ਹੀ ਸੂਬੇ ਵਿਚ 500 ਤੋਂ ਵੱਧ ਗੈਂਗਸਟਰਾਂ ਦੇ ਪੰਜ ਦਰਜਨ ਦੇ ਕਰੀਬ ਗਰੋਹ ਸਰਗਰਮ ਹਨ। ਸ਼ਰਾਬ ਦੀ ਵਧ ਰਹੀ ਵਰਤੋਂ ਅਤੇ ਹਥਿਆਰਾਂ ਦੀ ਵੱਡੀ ਗਿਣਤੀ ਵਿਚ ਮੌਜੂਦਗੀ ਨਾ ਸਿਰਫ ਸੂਬੇ ਦੇ ਅਮਨ-ਕਾਨੂੰਨ ਲਈ ਚੁਣੌਤੀ ਬਣ ਚੁੱਕੀ ਹੈ ਬਲਕਿ ਇਹ ਆਮ ਲੋਕਾਂ ਦੀਆਂ ਜ਼ਿੰਦਗੀਆਂ ਉਤੇ ਵੀ ਭਾਰੂ ਪੈ ਰਹੀ ਹੈ। ਪਿਛਲੇ ਕਈ ਮਹੀਨਿਆਂ ਤੋਂ ਸੂਬੇ ਵਿਚ ਹਰ ਮਹੀਨੇ ਇਕ ਮੌਤ ਕਿਸੇ ਨਾ ਕਿਸੇ ਸਮਾਗਮ ਵਿਚ ਗੋਲੀ ਚੱਲਣ ਨਾਲ ਹੋ ਰਹੀ ਹੈ, ਜਦੋਂ ਕਿ ਸ਼ਰਾਬ ਕਾਰਨ ਹੋ ਰਹੀਆਂ ਮੌਤਾਂ ਦੀ ਗਿਣਤੀ ਵੀ ਸਾਰੇ ਹੱਦਾਂ ਬੰਨੇ ਟੱਪ ਚੁੱਕੀ ਹੈ। ਲਾਇਸੈਂਸੀ ਹਥਿਆਰਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਪੱਖੋਂ ਪੰਜਾਬ 2014 ਵਿਚ ਮੁਲਕ ਭਰ ਦੇ ਸੂਬਿਆ ਵਿਚ ਮੋਹਰੀ ਸੀ ਜਦੋਂ ਕਿ ਹੁਣ ਤਾਂ ਹਾਲਤ ਹੋਰ ਵੀ ਵਿਗੜ ਚੁੱਕੇ ਹਨ।



**ਨਾਭਾ ਜੇਲ੍ਹ ਕਾਂਡ ਪੰਜਾਬ ਪੁਲਿਸ ਲਈ ਬਣਿਆ ਨਮੋਸ਼ੀ:** ਬੀਤੀ 27 ਨਵੰਬਰ ਨੂੰ ਨਾਭਾ ਜੇਲ੍ਹ ਵਿਚੋਂ ਅੱਠ ਹਮਲਾਵਰ ਤਕਰੀਬਨ 15 ਮਿੰਟਾਂ ਵਿਚ ਦੋ ਖਾੜਕੂਆਂ ਸਮੇਤ ਚਾਰ ਗੈਂਗਸਟਰਾਂ ਨੂੰ ਲੈ ਕੇ ਫਰਾਰ ਹੋ ਗਏ ਸਨ, ਪਰ ਪੰਜਾਬ ਪੁਲਿਸ ਕਿਸੇ ਵੀ ਫਰਾਰ ਕੈਦੀ ਨੂੰ ਨਹੀਂ ਫੜ ਸਕੀ। ਫਰਾਰ ਹੋਏ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਦਿੱਲੀ ਪੁਲਿਸ ਵੱਲੋਂ ਅਤੇ ਪਰਮਿੰਦਰ ਸਿੰਘ ਢਿੱਡਾ ਨੂੰ ਯੂ.ਪੀ. ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਭਾਵੇਂ ਪੰਜਾਬ ਪੁਲਿਸ ਨੇ ਇਨ੍ਹਾਂ 6 ਕੈਦੀਆਂ ਜਾਂ ਹਵਾਲਾਤੀਆਂ ਨੂੰ ਫਰਾਰ ਕਰਵਾਉਣ ਲਈ ਮਦਦ ਕਰਨ ਵਾਲੇ ਤੇ ਇਸ ਵੱਡੀ ਸਾਜ਼ਿਸ਼ ਦਾ ਹਿੱਸਾ ਗੁਰਪ੍ਰੀਤ ਸਿੰਘ ਮਾਂਗੇਵਾਲ ਜ਼ਿਲ੍ਹਾ ਮੋਗਾ ਬੀਕਰ ਸਿੰਘ ਮੁਦਕੀ ਨੂੰ ਗ੍ਰਿਫਤਾਰ ਕੀਤਾ ਅਤੇ ਰਾਜਵਿੰਦਰ ਸਿੰਘ ਨੂੰ ਬਠਿੰਡਾ ਜੇਲ੍ਹ 'ਚੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ, ਜਦੋਂ ਕਿ 4 ਗੈਂਗਸਟਰਾਂ ਅਤੇ ਇਕ ਖਾੜਕੂ ਦੀ ਕੋਈ ਗ੍ਰਿਫਤਾਰੀ ਨਹੀਂ ਹੋਈ।

ਪਿਛਲੇ ਲੰਬੇ ਸਮੇਂ ਤੋਂ ਸਖਤ ਸੁਰੱਖਿਆ ਜੇਲ੍ਹ ਵਿਚੋਂ ਮੋਬਾਈਲ ਫੋਨ, ਸਿੰਮ ਕਾਰਡ, ਨਸ਼ੇ ਦਾ ਆਮ ਮਿਲਣਾ ਜਾਰੀ ਸੀ, ਜਿਨ੍ਹਾਂ ਸਬੰਧੀ ਨਾਭਾ ਥਾਣਾ ਤੇ ਕੋਤਵਾਲੀ ਵਿਚ ਕਈ ਮਾਮਲੇ ਵੀ ਦਰਜ ਹਨ। 24 ਅਗਸਤ 2012 ਨੂੰ ਸਖਤ ਸੁਰੱਖਿਆ ਜੇਲ੍ਹ ਵਿਚੋਂ ਸੁਰੰਗ ਪੁੱਟਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਵੱਡੀ ਘਟਨਾ ਵਾਪਰ ਜਾਣ ਦੇ ਬਾਵਜੂਦ ਵੀ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ 'ਚੋਂ ਮੋਬਾਈਲ ਬਰਾਮਦ ਹੋਇਆ ਹੈ। ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੇਲ੍ਹ ਪ੍ਰਸ਼ਾਸਨ ਕਿੰਨਾ ਕੁ ਚੌਕਸ ਹੈ।

## ਨਾਭਾ ਜੇਲ੍ਹ ਕਾਂਡ: ਸ਼ੱਕ ਦੇ ਘੇਰੇ 'ਚ ਮੋਹਰੀ ਨਿਸ਼ਾਨੇਬਾਜ਼

**ਪਟਿਆਲਾ:** ਨਾਭਾ ਜੇਲ੍ਹ ਕਾਂਡ ਵਿਚ ਜਾਂਚ ਟੀਮ ਦੇ ਸ਼ੱਕ ਦੇ ਘੇਰੇ ਵਿਚ ਭਾਰਤ ਦੇ ਕੁਝ ਮੋਹਰੀ ਨਿਸ਼ਾਨੇਬਾਜ਼ ਵੀ ਹਨ, ਕਿਉਂਕਿ ਇਸ ਮਾਮਲੇ ਵਿਚ ਫੜੇ ਗਏ ਇਕ ਗੈਂਗਸਟਰ ਤੋਂ ਜੋ ਵੱਡੀ ਮਾਤਰਾ 'ਚ ਰੌਂਦ ਬਰਾਮਦ ਹੋਏ ਸਨ, ਉਨ੍ਹਾਂ ਵਿਚੋਂ ਬਹੁਤੇ ਨਿਸ਼ਾਨੇਬਾਜ਼ੀ ਮੁਕਾਬਲਿਆਂ ਦੌਰਾਨ ਵਰਤੇ ਜਾਂਦੇ ਹਨ। ਕੌਮੀ ਰਾਈਫਲ ਐਸੋਸੀਏਸ਼ਨ (ਐਨ.ਆਰ.ਏ.ਆਈ.) ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕਿਸੇ ਨਿਸ਼ਾਨੇਬਾਜ਼ ਖਿਡਾਰੀ ਦਾ ਨਾਂ ਇਸ ਮਾਮਲੇ 'ਚ ਸਾਹਮਣੇ ਆਇਆ ਤਾਂ ਉਸ ਉਤੇ ਉਮਰ ਭਰ ਲਈ ਪਾਬੰਦੀ ਲਗਾ ਦਿੱਤੀ ਜਾਵੇਗੀ। ਮਿਲੀ ਜਾਣਕਾਰੀ ਅਨੁਸਾਰ ਨਾਭਾ ਜੇਲ੍ਹ ਕਾਂਡ 'ਚ ਉਤਰ ਪ੍ਰਦੇਸ਼ ਪੁਲਿਸ ਵੱਲੋਂ ਫੜੇ ਗਏ ਗੈਂਗਸਟਰ ਤੋਂ 12 ਬੋਰ ਦੇ 250 ਰੌਂਦ ਬਰਾਮਦ ਹੋਏ ਸਨ ਜੋ ਸ਼ੌਟਗੰਨ ਮੁਕਾਬਲੇ ਲਈ ਵਰਤੇ ਜਾਂਦੇ ਹਨ। ਮੁਢਲੀ ਜਾਂਚ ਵਿਚ ਸਾਹਮਣੇ ਆਇਆ ਸੀ ਕਿ ਇਸ ਘਟਨਾ ਨੂੰ ਅੰਜਾਮ ਦੇਣ ਸਮੇਂ 200 ਰੌਂਦ ਚਲਾਏ ਗਏ ਸਨ ਤੇ ਵੱਡੀ ਪੱਧਰ 'ਤੇ ਰੌਂਦ ਸ਼ੌਟਗੰਨ ਤੋਂ ਚੱਲੇ ਸਨ। 27 ਨਵੰਬਰ ਦੀ ਦੇਰ ਸ਼ਾਮ ਨੂੰ ਯੂ.ਪੀ. ਪੁਲਿਸ ਨੇ ਗੈਂਗਸਟਰ ਪਲਵਿੰਦਰ ਪਿੰਦਾ ਨੂੰ ਕਾਬੂ ਕਰ ਕੇ 12, 32, 38 ਤੇ 312 ਬੋਰ ਦੇ 444 ਰੌਂਦ, ਇਕ ਐਸ.ਐਲ.ਆਰ., ਇਕ ਸਪਰਿੰਗ ਫੀਲਡ ਗੰਨ, ਪਿਸਟਲ ਤੇ ਦੋ ਵਾਕੀ-ਟਾਕੀ ਸੈੱਟ ਬਰਾਮਦ ਕੀਤੇ ਸਨ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਵਿਚੋਂ 250 ਰੌਂਦ ਅਜਿਹੇ ਹਨ ਜੋ ਆਮ ਤੌਰ 'ਤੇ ਭਾਰਤੀ ਨਿਸ਼ਾਨੇਬਾਜ਼ਾਂ ਨੂੰ ਜਾਰੀ ਕੀਤੇ ਜਾਂਦੇ ਹਨ।

# ਤਾਰਾ ਵੱਲੋਂ ਜੇਲ੍ਹ ਪ੍ਰਸ਼ਾਸਨ 'ਤੇ ਇਲਾਜ ਨਾ ਕਰਾਉਣ ਦਾ ਦੋਸ਼

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਕਤਲ ਦੇ ਮੁਲਜ਼ਮ ਜਗਤਾਰ ਸਿੰਘ ਤਾਰਾ ਨੇ ਮਾਡਲ ਜੇਲ੍ਹ ਬੁੜੈਲ ਪ੍ਰਸ਼ਾਸਨ ਉਤੇ ਉਸ ਦੀ ਪਿੱਠ ਦਰਦ ਦਾ ਇਲਾਜ ਨਾ ਕਰਾਉਣ ਦਾ ਦੋਸ਼ ਲਾਇਆ ਹੈ। ਉਸ ਨੇ ਜੇਲ੍ਹ ਅਧਿਕਾਰੀਆਂ ਨੂੰ ਕਈ ਵਾਰ ਪਿੱਠ ਦਾ ਇਲਾਜ ਅਤੇ ਟੈਸਟ ਕਰਾਉਣ ਦੀ ਅਰਜ਼ੀ ਦਿੱਤੀ ਹੈ, ਪਰ ਕੋਈ ਕਾਰਵਾਈ ਨਹੀਂ ਹੋਈ। ਤਾਰਾ ਆਈ.ਪੀ.ਸੀ. ਦੀ ਧਾਰਾ 468 ਤਹਿਤ ਜੇਲ੍ਹ 'ਚ ਬੰਦ ਹੈ ਜਿਸ ਵਿਚ ਮੁਲਜ਼ਮ ਨੂੰ ਅਦਾਲਤੀ ਕੰਪਲੈਕਸ ਤੋਂ ਬਾਹਰ ਲਿਜਾਉਣ 'ਤੇ ਰੋਕ ਲਾਈ ਗਈ ਹੈ। ਮੁਲਜ਼ਮ ਵਿਰੁੱਧ ਕਤਲ ਕੇਸ ਦੀ ਸੁਣਵਾਈ ਵੀ ਜੇਲ੍ਹ ਵਿਚ ਵਿਸ਼ੇਸ਼ ਅਦਾਲਤ ਲਾ ਕੇ ਕੀਤੀ ਜਾ ਰਹੀ ਹੈ।

ਤਾਰਾ ਨੇ ਆਪਣੇ ਵਕੀਲ ਸਿਮਰਜੀਤ ਸਿੰਘ ਕੋਲ ਸ਼ਿਕਾਇਤ ਕਰ ਕੇ ਪਿੱਠ ਦੇ ਦਰਦ ਕਾਰਨ ਤੁਰਨ ਫਿਰਨ ਤੋਂ ਵੀ ਅਸਮਰਥਤਾ ਪ੍ਰਗਟ ਕੀਤੀ ਹੈ। ਉਸ ਨੇ ਵਕੀਲ ਨੂੰ ਇਲਾਜ ਲਈ ਅਰਜ਼ੀ ਅਦਾਲਤ ਵਿਚ ਦਾਇਰ ਕਰਨ ਲਈ ਕਿਹਾ ਹੈ। ਉਸ ਦਾ ਕਹਿਣਾ ਹੈ ਕਿ ਪਿੱਠ ਦੀ ਦਰਦ ਦਾ ਇਲਾਜ ਨਾ ਹੋਣ ਕਰ ਕੇ ਉਸ ਦੀ ਤਕਲੀਫ ਸਰੀਰ ਦੇ ਦੂਜੇ ਹਿਸੇ ਵਿਚ ਵੀ ਜਾਣ ਲੱਗੀ ਹੈ। ਤਾਰਾ ਵੀਹ ਨੰਬਰ ਕਾਲ ਕੋਠੜੀ ਵਿਚ ਬੰਦ ਹੈ ਜਿਸ ਵਿਚ ਉਹ ਭੁੰਜੇ ਸੌਂ ਰਿਹਾ ਹੈ ਅਤੇ ਇਹ ਵੀ ਬਿਮਾਰੀ ਵਧਣ ਦਾ ਸਬੱਬ ਬਣਦਾ ਹੈ। ਵਕੀਲ ਸਿਮਰਜੀਤ ਸਿੰਘ ਦਾ ਕਹਿਣਾ ਹੈ ਕਿ ਜੇਲ੍ਹ ਪ੍ਰਸ਼ਾਸਨ ਤਾਰੇ ਨੂੰ ਦਰਦ ਦੀ ਦਵਾਈ ਦੇ ਕੇ ਡੰਗ ਟਪਾ ਰਿਹਾ ਹੈ ਜਦੋਂ ਕਿ ਬਿਮਾਰੀ ਦੀ ਵਜ੍ਹਾ ਪਤਾ ਲਾਉਣ ਵਾਸਤੇ ਐਮ.ਆਈ.ਆਰ. ਟੈਸਟ ਦੀ ਜ਼ਰੂਰਤ ਹੈ। ਇਕ ਹੋਰ ਜਾਣਕਾਰੀ ਅਨੁਸਾਰ ਮੁਲਜ਼ਮ ਨੇ ਅਦਾਲਤ ਵਿਚ ਇਕ ਅਰਜ਼ੀ ਤਹਿਤ ਸੈਂਤੀ ਹਜ਼ਾਰ ਦੀ ਪਾਕਿਸਤਾਨੀ ਕਰੰਸੀ ਬਦਲਣ ਦੀ ਮੰਗ ਕੀਤੀ ਹੈ। ਅਦਾਲਤ ਨੇ ਅਰਜ਼ੀ 'ਤੇ ਸੁਣਵਾਈ ਕਰਨ ਲਈ 23 ਦਸੰਬਰ ਮੁਕੱਰਰ ਕੀਤੀ ਹੈ। ਮੁਲਜ਼ਮ ਵਿਰੁਧ ਚੰਡੀਗੜ੍ਹ ਦੀਆਂ ਜ਼ਿਲ੍ਹਾ ਕਚਹਿਰੀਆਂ 'ਚ ਦੋ ਵੱਖ-ਵੱਖ ਕੇਸਾਂ ਦੀ ਸੁਣਵਾਈ ਚਲ ਰਹੀ ਹੈ। ਬੇਅੰਤ ਸਿੰਘ ਕਤਲ ਕੇਸ ਦੀ ਸੁਣਵਾਈ ਜੇਲ੍ਹ ਦੀ ਵਿਸ਼ੇਸ਼ ਅਦਾਲਤ ਵਿਚ ਕੀਤੀ ਜਾ ਰਹੀ ਹੈ ਜਦਕਿ ਜੇਲ੍ਹ ਬਰੇਕ ਕੇਸ ਦੀ ਸੁਣਵਾਈ ਵੀਡੀਓ ਕਾਨਫ੍ਰੰਸਿੰਗ ਜ਼ਰੀਏ ਹੋ ਰਹੀ ਹੈ।

## ਇਸ ਸਾਲ ਨਸ਼ਾ ਤਸਕਰੀ ਦੇ ਸਾਢੇ ਪੰਜ ਹਜ਼ਾਰ ਮਾਮਲੇ ਦਰਜ

**ਚੰਡੀਗੜ੍ਹ:** ਪੰਜਾਬ ਵਿਚ ਇਸ ਸਾਲ ਨਸ਼ਾ ਤਸਕਰੀ ਦੇ 5,517 ਮਾਮਲੇ ਦਰਜ ਕੀਤੇ ਗਏ ਹਨ ਤੇ 6,595 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਇਹ ਜਾਣਕਾਰੀ ਪੰਜਾਬ ਸਰਕਾਰ ਨੇ ਹਲਫਨਾਮਾ ਦਾਇਰ ਕਰ ਕੇ ਦਿੱਤੀ ਹੈ। ਹਲਫਨਾਮੇ 'ਚ ਦੱਸਿਆ ਗਿਆ ਹੈ ਕਿ ਪਹਿਲੀ ਜਨਵਰੀ ਤੋਂ 30 ਨਵੰਬਰ ਤੱਕ 5517 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਤੇ 6517 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਹਾਈ ਕੋਰਟ ਦੇ ਬੈਂਚ ਨੇ ਇਸ ਨੂੰ ਰਿਕਾਰਡ 'ਤੇ ਲੈਂਦਿਆਂ, ਇਸ ਮਾਮਲੇ ਵਿਚ ਪਟੀਸ਼ਨ ਦਾਇਰ ਕਰਨ ਵਾਲੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਨੂੰ ਇਹ ਜਾਣਕਾਰੀ ਉਪਲਬਧ ਕਰਵਾਉਣ ਦਾ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਹੈ ਤੇ ਇਸ ਦੇ ਨਾਲ ਹੀ ਸ਼ਸ਼ੀਕਾਂਤ ਨੂੰ ਨਿਰਦੇਸ਼ ਦਿੱਤੇ ਹਨ ਕਿ ਇਸ ਰਿਪੋਰਟ ਦਾ ਅਧਿਐਨ ਤੇ ਸਮੀਖਿਆ ਕਰ ਕੇ ਅਦਾਲਤ ਨੂੰ ਦੱਸੇ ਕਿ ਇਸ ਰਿਪੋਰਟ 'ਚ ਕੀ ਕਮੀਆਂ ਹਨ। ਪੰਜਾਬ ਸਰਕਾਰ ਨੇ ਹਾਈ ਕੋਰਟ 'ਚ ਦਾਇਰ ਹਲਫਨਾਮੇ ਵਿਚ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਦੇ ਦਾਅਵੇ ਨੂੰ ਰੱਦ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਸਾਡੇ ਕੋਲ ਡਰੱਗ ਰੈਕੇਟ 'ਚ ਸ਼ਾਮਲ ਰਸੂਖਦਾਰਾਂ ਦੀ ਕੋਈ ਸੂਚੀ ਨਹੀਂ ਹੈ। ਸਰਕਾਰ ਵੱਲੋਂ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਇਕਬਾਲ ਪ੍ਰੀਤ ਸਿੰਘ ਸਹੋਤਾ ਨੇ ਹਲਫਨਾਮਾ ਦਾਇਰ ਕਰ ਕੇ ਅਜਿਹੀ ਕੋਈ ਵੀ ਸੂਚੀ ਵਿਭਾਗ ਕੋਲ ਹੋਣ ਤੋਂ ਇਨਕਾਰ ਕੀਤਾ ਹੈ।

ਇਸ ਦੌਰਾਨ ਨਸ਼ਾ ਤਸਕਰੀ ਮਾਮਲੇ 'ਚ ਹਾਈ ਕੋਰਟ ਨੂੰ ਸਹਿਯੋਗ ਦੇ ਰਹੇ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਦੀ ਸੁਰੱਖਿਆ ਲਈ ਅਦਾਲਤ ਦੇ ਹੁਕਮ 'ਤੇ ਪੰਜਾਬ ਪੁਲਿਸ ਦੇ 4 ਮੁਲਾਜ਼ਮਾਂ ਨੂੰ ਹਰ ਸਮੇਂ ਉਨ੍ਹਾਂ ਦੀ ਸੁਰੱਖਿਆ ਲਈ ਤਾਇਨਾਤ ਕਰ ਦਿੱਤਾ ਗਿਆ ਹੈ ਤੇ ਪੰਜਾਬ 'ਚ ਜਾਂ ਹੋਰ ਬਾਹਰ ਕਿਤੇ ਜਾਣ ਸਮੇਂ ਇਕ ਜਿਪਸੀ ਵੀ ਉਨ੍ਹਾਂ ਦੀ ਸੁਰੱਖਿਆ 'ਚ ਤਾਇਨਾਤ ਰਹੇਗੀ।

# ਰੁਜ਼ਗਾਰ ਵਿਭਾਗ ਹੋਇਆ ਬੇਰੁਜ਼ਗਾਰ

**ਚੰਡੀਗੜ੍ਹ:** ਪੰਜਾਬ ਦਾ ਰੁਜ਼ਗਾਰ ਵਿਭਾਗ, ਜੋ ਨੌਜਵਾਨਾਂ ਖਾਸਕਰ ਬੇਰੁਜ਼ਗਾਰਾਂ ਵਿਚ 'ਇੰਪਲਾਇਮੈਂਟ ਐਕਸਚੇਂਜ' ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਇਸ ਵੇਲੇ ਆਖਰੀ ਸਾਹਾਂ ਉਤੇ ਹੈ। ਵਿਭਾਗ ਵਿਚ ਜ਼ਿਲ੍ਹਿਆਂ ਲਈ ਲੋੜੀਂਦੇ 'ਰੁਜ਼ਗਾਰ ਪੈਦਾ ਕਰਨ ਤੇ ਸਿਖਲਾਈ ਅਫਸਰਾਂ' ਦੀ ਗੈਰ-ਮੌਜੂਦਗੀ ਰੜਕ ਰਹੀ ਹੈ।

ਅੰਮ੍ਰਿਤਸਰ ਜ਼ਿਲ੍ਹੇ ਵਿਚ ਰੁਜ਼ਗਾਰ ਜਨਰੇਸ਼ਨ ਐਂਡ ਟ੍ਰੇਨਿੰਗ ਅਫ਼ਸਰਾਂ ਦੀਆਂ 3 ਅਸਾਮੀਆਂ ਖਾਲੀ ਪਈਆਂ ਹਨ। ਤਰਨਤਾਰਨ ਵਿਚ 1, ਬਠਿੰਡਾ 3, ਫਰੀਦਕੋਟ 2, ਸ੍ਰੀ ਮੁਕਤਸਰ ਸਾਹਿਬ 2, ਮਾਨਸਾ 1, ਫਿਰੋਜ਼ਪੁਰ 5, ਸੰਗਰੂਰ 2, ਬਰਨਾਲਾ 1, ਗੁਰਦਾਸਪੁਰ 2, ਫਾਜ਼ਿਲਕਾ 3, ਪਠਾਨਕੋਟ 1, ਜਲੰਧਰ 1, ਕਪੂਰਥਲਾ 1, ਰੂਪਨਗਰ 4, ਪਟਿਆਲਾ 1, ਹੁਸ਼ਿਆਰਪੁਰ 1 ਅਤੇ ਮੋਗੇ 'ਚ 1 ਅਸਾਮੀ ਖਾਲੀ ਹੈ। ਇਹ ਅੰਕੜੇ ਸੂਚਨਾ ਅਧਿਕਾਰ ਐਕਟ ਤਹਿਤ ਪ੍ਰਾਪਤ ਹੋਏ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਵਿਭਾਗ 'ਚ ਜ਼ਿਲ੍ਹਿਆਂ ਲਈ ਲੋੜੀਂਦੇ ਅੰਕੜਾ ਸਹਾਇਕ, ਸੁਪਰਡੈਂਟਾਂ, ਸੀਨੀਅਰ ਸਹਾਇਕ, ਸੇਵਾਦਾਰਾਂ, ਸਵੀਪਰਾਂ, ਚੌਕੀਦਾਰਾਂ ਆਦਿ ਦੀ ਵੀ ਵੱਡੀ ਘਾਟ ਹੈ।

ਮਿਲੀ ਸੂਚਨਾ ਅਨੁਸਾਰ ਮੁੱਖ ਦਫਤਰ ਵਿਖੇ ਡਾਇਰੈਕਟਰ, ਆਈ.ਏ.ਐਸ. ਕੇਡਰ ਦੀ ਅਸਾਮੀ ਹੈ, ਜਿਸ ਦਾ ਵਾਧੂ ਚਾਰਜ ਕਿਸੇ ਅਧਿਕਾਰੀ ਨੂੰ ਦਿੱਤਾ ਹੋਇਆ ਹੈ, ਵਧੀਕ ਡਾਇਰੈਕਟਰ ਤੇ ਤਕਨੀਕੀ ਸਹਾਇਕ ਦੀ ਅਸਾਮੀ ਵੀ ਖਾਲੀ ਹੈ। ਇਸ ਤੋਂ ਇਲਾਵਾ ਜ਼ਿਲ੍ਹਿਆਂ 'ਚ ਜੂਨੀਅਰ ਸਕੇਲ ਸਟੈਨੋਗ੍ਰਾਫਰ, ਸਟੈਨੋਗ੍ਰਾਫਰ ਦੀਆਂ ਅਸਾਮੀਆਂ ਵੀ ਪਦਉਨਤੀ ਜਾਂ ਸਿੱਧੀ ਭਰਤੀ ਦੀ ਵਜ੍ਹਾ ਕਰ ਕੇ ਖਾਲੀ ਹਨ।

# ਅਕਾਲੀਆਂ ਵੱਲੋਂ ਸਰਕਾਰੀ ਤਾਕਤ ਨਾਲ ਬਾਗੀਆਂ ਦਾ ਟਾਕਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਬਾਗੀਆਂ ਨੂੰ ਨੱਪਣ ਲਈ ਸਰਕਾਰੀ ਮਸ਼ੀਨਰੀ ਦੀ ਚਾਬੀ ਮਰੋੜ ਦਿੱਤੀ ਹੈ। ਅਕਾਲੀ ਦਲ ਦੇ ਕਈ ਲੀਡਰ ਪਹਿਲਾਂ ਹੀ ਕਾਂਗਰਸ ਵਿਚ ਜਾ ਚੁੱਕੇ ਹਨ। ਸੀਟਾਂ ਦੀ ਵੰਡ ਮਗਰੋਂ ਬਗਾਵਤ ਹੋਰ ਪ੍ਰਚੰਡ ਹੋ ਰਹੀ ਸੀ। ਇਸ ਨੂੰ ਰੋਕਣ ਲਈ ਅਕਾਲੀ ਦਲ ਨੇ ਸਰਕਾਰੀ ਬਲ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ।

ਇਸੇ ਕਵਾਇਦ ਤਹਿਤ ਵਿਜੀਲੈਂਸ ਬਿਊਰੋ ਨੇ ਅਕਾਲੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦੇ ਪਰਿਵਾਰ ਦੀ ਮਾਲਕੀ ਵਾਲੇ ਇੰਜੀਨੀਅਰਿੰਗ ਕਾਲਜ ਵਿਚ ਦਲਿਤ ਬੱਚਿਆਂ ਨੂੰ ਦੇਣ ਵਾਲੀ ਵਜ਼ੀਫਾ ਰਾਸ਼ੀ ਵਿਚ ਕਰੋੜਾਂ ਰੁਪਏ ਦਾ ਘਪਲਾ ਹੋਣ ਤੇ ਝੋਨੇ ਦੇ ਖੁਰਦ ਬੁਰਦ ਹੋਣ ਸਮੇਤ ਹੋਰ ਮਾਮਲਿਆਂ ਦੀਆਂ ਫਾਈਲਾਂ ਖੋਲ੍ਹ ਦਿੱਤੀਆਂ ਹਨ। ਵਿਜੀਲੈਂਸ ਦੇ ਅਧਿਕਾਰੀ ਨੇ ਕਾਲਜ ਦਾ ਦੌਰਾ ਕਰ ਕੇ ਦਸਤਾਵੇਜ਼ ਵੀ ਹਾਸਲ ਕੀਤੇ ਹਨ। ਬਿਊਰੋ ਦੇ ਸੀਨੀਅਰ ਅਧਿਕਾਰੀ ਨੇ ਘੁਬਾਇਆ ਪਰਿਵਾਰ ਨਾਲ ਸਬੰਧਤ ਕਾਲਜ ਦੀ ਰਿਪੋਰਟ ਮੰਗੇ ਜਾਣ ਦੀ ਪੁਸ਼ਟੀ ਕੀਤੀ ਹੈ। ਕਾਬਲੇਗੌਰ ਹੈ ਕਿ ਅਕਾਲੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦੀ ਪਤਨੀ ਤੇ ਪੁੱਤਰ ਦਵਿੰਦਰ ਸਿੰਘ ਦੇ ਕਾਂਗਰਸ ਵਿਚ ਸ਼ਾਮਲ ਹੋਣ ਦੇ ਚਰਚੇ ਸਨ। ਦੋਵਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਸੀ। ਸੂਤਰਾਂ ਮੁਤਾਬਕ ਵਿਜੀਲੈਂਸ ਦੀ ਹਿਲਜੁਲ ਨਾਲ ਗੁਬਾਇਆ ਪਰਿਵਾਰ ਦਾ ਕਾਂਗਰਸ ਵਿਚ ਸ਼ਮੂਲੀਅਤ ਦਾ ਮਾਮਲਾ ਫਿਲਹਾਲ ਟਲ ਗਿਆ ਹੈ।

ਪੰਜਾਬ ਦੀ ਹਾਕਮ ਪਾਰਟੀ ਵਿਚ ਹੋ ਰਹੀ ਬਗਾਵਤ ਨੂੰ ਠੱਲ੍ਹਣ ਲਈ ਪੁਲਿਸ ਅਤੇ ਵਿਜੀਲੈਂਸ ਬਿਊਰੋ ਵੱਲੋਂ ਅਕਸਰ ਮੋਹਰੀ ਭੂਮਿਕਾ ਨਿਭਾਈ ਜਾਂਦੀ ਹੈ। 2012 ਦੀਆਂ ਚੋਣਾਂ ਤੋਂ ਪਹਿਲਾਂ ਵੀ ਵਿਜੀਲੈਂਸ ਨੇ ਸ਼੍ਰੋਮਣੀ ਅਕਾਲੀ ਦਲ ਲਈ ਸਿਰਦਰਦੀ ਬਣਨ ਵਾਲੇ ਵਿਅਕਤੀਆਂ ਦੁਆਲੇ ਕਾਨੂੰਨੀ ਘੇਰਾ ਵਲ ਕੇ ਪਾਰਟੀ ਦੀ ਮੁੱਖ ਧਾਰਾ ਵਿਚ ਲਿਆਂਦਾ ਸੀ ਤੇ ਹੁਣ 2017 ਵਿਚ ਹੋਣ



ਵਾਲੀਆਂ ਚੋਣਾਂ ਤੋਂ ਪਹਿਲਾਂ ਵੀ ਉਸੇ ਤਰ੍ਹਾਂ ਦਾ ਰੁਝਾਨ ਸ਼ੁਰੂ ਹੋ ਗਿਆ ਹੈ। ਪੁਲਿਸ ਅਤੇ ਵਿਜੀਲੈਂਸ ਸੂਤਰਾਂ ਦਾ ਦੱਸਣਾ ਹੈ ਕਿ ਸ੍ਰੀ ਘੁਬਾਇਆ ਦਾ ਮਾਮਲਾ ਫਿਲਹਾਲ ਸ਼ੁਰੂਆਤ ਹੈ ਤੇ ਆਉਂਦੇ ਦਿਨਾਂ ਦੌਰਾਨ ਬਾਗੀ ਸੁਰ ਅਲਾਪਣ ਵਾਲੇ ਹੋਰ ਅਕਾਲੀ ਨੇਤਾਵਾਂ ਨੂੰ ਵੀ ਪੁਲਿਸ ਜਾਂ ਵਿਜੀਲੈਂਸ ਦੀ ਮਦਦ ਨਾਲ ਰੋਕਿਆ ਜਾ ਸਕਦਾ ਹੈ। ਸ੍ਰੀ ਘੁਬਾਇਆ ਦੇ ਮਾਮਲੇ 'ਤੇ ਉਚ ਅਧਿਕਾਰੀਆਂ ਨੂੰ ਹੇਠਾਂ ਤੋਂ ਆਉਣ ਵਾਲੀ ਰਿਪੋਰਟ ਦੀ ਉਡੀਕ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਵਿਜੀਲੈਂਸ ਅਤੇ ਪੁਲਿਸ ਦੇ ਨਿਸ਼ਾਨੇ ਉਤੇ ਅਕਾਲੀ ਦਲ ਨਾਲ ਸਬੰਧਤ ਅਜਿਹੇ ਕਈ ਵਿਅਕਤੀ ਹਨ ਜੋ ਆਉਣ ਵਾਲੀਆਂ ਚੋਣਾਂ ਦੌਰਾਨ ਬਾਗੀ ਹੋ ਕੇ ਪਾਰਟੀ ਦਾ ਨੁਕਸਾਨ ਕਰ ਸਕਦੇ ਹਨ। ਇਹ ਵਿਅਕਤੀ ਪੁਲਿਸ ਕੇਸਾਂ ਦੇ ਡਰੋਂ ਹੀ ਬਾਗੀ ਹੋਣ ਦੀ ਹਿੰਮਤ ਨਹੀਂ ਕਰ ਪਾ ਰਹੇ। ਸੂਤਰਾਂ ਮੁਤਾਬਕ ਅਜਿਹੇ ਵਿਅਕਤੀਆਂ ਦੇ ਫੋਨ ਵੀ ਟੈਪ ਕੀਤੇ ਜਾ ਰਹੇ ਹਨ। ਇਹੀ ਕਾਰਨ ਹੈ ਕਿ ਅਕਾਲੀ ਦਲ ਦੀਆਂ ਵਿਰੋਧੀ ਪਾਰਟੀਆਂ ਵੱਲੋਂ ਚੋਣ ਜ਼ਾਬਤੇ ਦੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ ਤਾਂ ਜੋ ਪੁਲਿਸ ਨਿਰਪੱਖ ਭੂਮਿਕਾ ਨਿਭਾਅ ਸਕੇ। ਸ਼ੇਰ ਸਿੰਘ ਘੁਬਾਇਆ ਕਿਉਂਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਵਿਧਾਨ ਸਭਾ ਹਲਕੇ ਜਲਾਲਾਬਾਦ ਸਮੇਤ ਫਿਰੋਜ਼ਪੁਰ ਅਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਦੇ 5 ਵਿਧਾਨ ਸਭਾ ਹਲਕਿਆਂ ਵਿਚ ਪਾਰਟੀ ਦੇ ਸਮੀਕਰਨ ਵਿਗਾੜਨ ਦੀ ਸਮਰੱਥਾ ਰੱਖਦੇ ਹਨ, ਇਸ ਲਈ ਵਿਜੀਲੈਂਸ ਨੇ ਤੁਰਤ ਕਾਰਵਾਈ ਕੀਤੀ ਹੈ।

ਜ਼ਿਕਰਯੋਗ ਹੈ ਕਿ ਮਨਪ੍ਰੀਤ ਸਿੰਘ ਬਾਦਲ ਨੇ ਜਦੋਂ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਕੇ ਪੀਪਲਜ਼ ਪਾਰਟੀ ਆਫ ਪੰਜਾਬ ਦਾ ਗਠਨ ਕੀਤਾ ਸੀ ਤਾਂ ਚਰਨਜੀਤ ਸਿੰਘ ਬਰਾੜ ਅਤੇ ਸਤਿੰਦਰਜੀਤ ਸਿੰਘ ਮੰਟਾ ਮਨਪ੍ਰੀਤ ਬਾਦਲ ਦੇ ਸਾਥੀਆਂ ਵਿਚੋਂ ਸਨ। ਮਨਪ੍ਰੀਤ ਸਿੰਘ ਬਾਦਲ ਨੂੰ ਕਮਜ਼ੋਰ ਕਰਨ ਲਈ ਪੁਲਿਸ ਅਤੇ ਵਿਜੀਲੈਂਸ ਨੇ ਕਮਾਨ ਸੰਭਾਲਦਿਆਂ ਦੋਹਾਂ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਅਤੇ ਗ੍ਰਿਫਤਾਰੀਆਂ ਵੀ ਕੀਤੀਆਂ। ਪੁਲਿਸ ਅਤੇ ਵਿਜੀਲੈਂਸ ਦੀ ਇਸ ਕਾਰਵਾਈ ਤੋਂ ਬਾਅਦ ਦੋਵੇਂ ਜਣਿਆਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਅਤਿ ਕਰੀਬੀਆਂ ਵਿਚੋਂ ਗਿਣੇ ਜਾਣ ਲੱਗੇ। ਇਹ ਦੋਵੇਂ ਜਦੋਂ ਅਕਾਲੀ ਦਲ ਦਾ ਹਿੱਸਾ ਬਣ ਗਏ ਤਾਂ ਪੁਲਿਸ ਤੇ ਵਿਜੀਲੈਂਸ ਨੇ ਕੇਸ ਖਤਮ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ।

## ਕੇਜਰੀਵਾਲ ਨੇ ਬਾਦਲ ਤੇ ਕੈਪਟਨ ਨੂੰ ਘੇਰਿਆ

**ਜਲੰਧਰ:** ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੇ ਇਤਿਹਾਸ ਵਿਚ ਦਲਿਤਾਂ ਉਤੇ ਸਭ ਤੋਂ ਵੱਧ ਅੱਤਿਆਚਾਰ ਬਾਦਲ ਸਰਕਾਰ ਨੇ ਪਿਛਲੇ 10 ਸਾਲਾਂ ਵਿਚ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬਣਨ ਉਤੇ ਦਲਿਤਾਂ 'ਤੇ ਦਰਜ ਕੀਤੇ ਝੂਠੇ ਪਰਚਿਆਂ ਦੀ ਜਾਂਚ ਲਈ ਸਿੱਟ ਦਾ ਗਠਨ ਕੀਤਾ ਜਾਵੇਗਾ ਅਤੇ ਨਾਜਾਇਜ਼ ਪਰਚਿਆਂ ਨੂੰ ਰੱਦ ਕੀਤਾ ਜਾਵੇਗਾ। ਉਨ੍ਹਾਂ ਆਪਣਾ ਵਾਅਦਾ ਦੁਹਰਾਉਂਦਿਆਂ ਕਿਹਾ ਕਿ 'ਆਪ' ਦੀ ਸਰਕਾਰ ਬਣਨ ਉਤੇ ਦਲਿਤ ਹੀ ਉਪ ਮੁੱਖ ਮੰਤਰੀ ਦੀ ਕੁਰਸੀ ਉਪਰ ਬੈਠੇਗਾ।



ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਵਾਅਦਾ ਕੀਤਾ ਕਿ ਦਿੱਲੀ ਦੇ ਸਰਕਾਰੀ ਸਕੂਲਾਂ ਦੀ ਤਰਜ਼ ਉਤੇ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਖੜ੍ਹਾ ਕੀਤਾ ਜਾਵੇਗਾ ਤਾਂ ਜੋ ਦਲਿਤਾਂ ਦੇ ਬੱਚਿਆਂ ਨੂੰ ਵੀ ਮਿਆਰੀ ਸਿੱਖਿਆ ਪ੍ਰਾਪਤ ਹੋ ਸਕੇ।

ਉਨ੍ਹਾਂ ਕਿਹਾ ਕਿ ਬੀਤੇ 10 ਸਾਲਾਂ ਵਿਚ ਬਾਦਲਾਂ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਚੂਸ ਲਿਆ ਹੈ ਅਤੇ ਪੰਜਾਬ ਦੀ ਆਰਥਿਕਤਾ ਨੂੰ ਤਬਾਹੀ ਕੰਢੇ ਲਿਆ ਖੜ੍ਹਾ ਕੀਤਾ ਹੈ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਵਿਚ ਬੈਠਕ ਕਰ ਕੇ ਅਕਾਲੀ ਉਮੀਦਵਾਰ ਤੈਅ ਕੀਤੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਨੇ ਕਾਂਗਰਸ ਨੂੰ ਜਿਤਾਉਣ ਲਈ ਆਪਣੇ ਮਾੜੇ ਉਮੀਦਵਾਰ ਮੈਦਾਨ ਵਿਚ ਉਤਾਰੇ ਹਨ। ਸ੍ਰੀ ਕੇਜਰੀਵਾਲ ਨੇ ਪਾਰਟੀ ਦੇ ਸਮਰਥਨ ਲਈ ਪਰਵਾਸੀ ਪੰਜਾਬੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਾਰਟੀ ਦਾ ਬਹੁਤ ਸਾਥ ਦਿੱਤਾ ਹੈ ਅਤੇ ਉਹ ਵਾਅਦਾ ਕਰਦੇ ਹਨ ਕਿ ਉਹ ਪੰਜਾਬ ਨੂੰ ਦੁਬਾਰਾ ਰਹਿਣ ਯੋਗ ਬਣਾਉਣਗੇ।

# ਸਰਬੱਤ ਖਾਲਸਾ: ਪੰਥਕ ਜਥੇਬੰਦੀਆਂ ਨੇ ਬਾਦਲਾਂ ਨੂੰ ਪੰਥ 'ਚੋਂ ਛੇਕਿਆ

**ਤਲਵੰਡੀ ਸਾਬੋ:** ਸਰਕਾਰੀ ਰੋਕਾਂ ਦੇ ਬਾਵਜੂਦ ਪੰਥਕ ਜਥੇਬੰਦੀਆਂ ਨੇ 'ਸਰਬੱਤ ਖਾਲਸਾ' ਨੂੰ ਸਿਰੇ ਚਾੜ੍ਹ ਲਿਆ। ਸ੍ਰੀ ਅਖੰਡ ਪਾਠ ਦੇ ਭੋਗ ਤੋਂ ਬਾਅਦ ਸੰਗਤ ਦੀ ਹਾਜ਼ਰੀ ਵਿਚ ਕੁਝ ਮਤੇ ਪਾਸ ਕੀਤੇ ਗਏ। ਪਹਿਲੇ ਮਤੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਪੰਥ ਵਿਚੋਂ ਛੇਕਿਆ ਗਿਆ। ਇਕ ਹੋਰ ਮਤੇ ਵਿਚ ਆਜ਼ਾਦ ਸਿੱਖ ਰਾਜ ਬਫਰ ਸਟੇਟ ਖਾਲਿਸਤਾਨ ਦੀ ਪ੍ਰਾਪਤੀ ਤੱਕ ਲੋਕਤੰਤਰੀ ਢੰਗ ਨਾਲ ਜੂਝਦੇ ਰਹਿਣ ਦਾ ਪ੍ਰਣ ਕੀਤਾ ਗਿਆ। ਕਾਬਲੇਗੌਰ ਹੈ ਕਿ ਪੰਜਾਬ ਸਰਕਾਰ ਨੇ ਸਰਬੱਤ ਖਾਲਸਾ ਨੂੰ ਰੋਕਣ ਲਈ ਪੂਰੀ ਤਾਕਤ ਲਾ ਦਿੱਤੀ ਸੀ।

ਸਰਬੱਤ ਖਾਲਸਾ ਦੇ ਪ੍ਰਬੰਧਕਾਂ ਤੇ ਪੰਥਕ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੰਗਤਾਂ ਨੂੰ ਰੋਕਣ ਲਈ ਚੱਪੇ-ਚੱਪੇ ਉਤੇ ਪੁਲਿਸ ਤੇ ਖੁਫੀਆ ਤੰਤਰ ਤਾਇਨਾਤ ਸੀ। ਇਸ ਦੇ ਬਾਵਜੂਦ



ਸੰਗਤਾਂ ਕੱਚੇ ਰਾਹਾਂ ਤੇ ਖੇਤਾਂ ਵਿਚੋਂ ਸਮਾਗਮ ਵਾਲੀ ਥਾਂ 'ਤੇ ਪਹੁੰਚ ਗਈ। ਤਲਵੰਡੀ ਸਾਬੋ ਨੇੜੇ ਨੱਤ ਰੋਡ 'ਤੇ ਕਰਵਾਏ ਸਰਬੱਤ ਖਾਲਸਾ ਵਿਚ ਦੋ ਅਹਿਮ ਮਤੇ ਪਾਸ ਕਰਦਿਆਂ ਬਾਦਲ ਪਰਿਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀ ਕਰਾਰ ਦਿੱਤਾ ਗਿਆ।

ਬੁਲਾਰਿਆਂ ਨੇ ਬਾਦਲਾਂ ਦੇ ਰਾਜ ਦੀ ਨਾਦਰਸ਼ਾਹੀ ਤੇ ਜ਼ਕਰੀਆ ਖਾਨ ਨਾਲ ਤੁਲਨਾ ਕਰਦਿਆਂ ਖਾਲਿਸਤਾਨ ਦੀ ਪ੍ਰਾਪਤੀ ਲਈ ਨਾਅਰਾ ਮਾਰਿਆ। ਇਸ ਮੌਕੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਸਿੰਘ ਨੇ ਭਾਈ ਜਗਤਾਰ ਸਿੰਘ ਹਵਾਰਾ ਦੇ ਆਦੇਸ਼ ਅਨੁਸਾਰ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੀ ਸੰਗਤ ਤੋਂ ਪ੍ਰਵਾਨਗੀ ਲਈ। ਉਨ੍ਹਾਂ ਦੱਸਿਆ ਕਿ ਚੀਨ, ਭਾਰਤ ਤੇ ਪਾਕਿਸਤਾਨ ਦਰਮਿਆਨ ਖਾਲਿਸਤਾਨ ਇਕ ਬਫਰ ਸਟੇਟ ਦੇ ਰੂਪ ਵਿਚ ਇਸ ਖਿੱਤੇ ਵਿਚ ਮੁਕੰਮਲ ਸ਼ਾਂਤੀ ਬਹਾਲ ਕਰਨ ਲਈ ਸਹਾਈ ਹੋਵੇਗੀ। ਦੂਸਰੇ ਮਤੇ ਦੀ ਪ੍ਰਵਾਨਗੀ ਲੈਂਦਿਆਂ ਭਾਈ ਕਾਹਨ ਸਿੰਘ ਵਾਲਾ ਨੇ ਐਲਾਨ ਕੀਤਾ ਕਿ ਅੱਜ ਦਾ ਸਰਬੱਤ ਖਾਲਸਾ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਪੰਥ ਵਿਚੋਂ ਖਾਰਜ ਕਰਦਾ ਹੈ। ਦੋਵੇਂ ਮਤਿਆਂ ਨੂੰ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਇਸ ਤੋਂ ਪਹਿਲਾਂ ਜਥੇਦਾਰ ਧਿਆਨ ਸਿੰਘ ਮੰਡ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ ਜਥੇਦਾਰ ਅਮਰੀਕ ਸਿੰਘ ਅਜਨਾਲਾ, ਸਿਮਰਨਜੀਤ ਸਿੰਘ ਮਾਨ ਤੇ ਦੋ ਦਰਜਨ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

## ਮਾਨ ਵਲੋਂ ਸਰਬੱਤ ਖਾਲਸਾ ਸਫਲ ਕਰਾਰ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ 'ਸਰਬੱਤ ਖਾਲਸਾ' ਪੂਰੀ ਤਰ੍ਹਾਂ ਕਾਮਯਾਬ ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ 'ਸਰਬੱਤ ਖਾਲਸਾ' ਵਿਚ ਸ਼ਾਮਲ ਹੋਣ ਲਈ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਜੰਮੂ-ਕਸ਼ਮੀਰ ਤੇ ਸ੍ਰੀਨਗਰ ਤੋਂ ਸੰਗਤ ਪਹੁੰਚੀ ਸੀ। ਮਾਨ ਨੇ ਕਿਹਾ ਕਿ ਸਰਕਾਰ ਨੇ 'ਸਰਬੱਤ ਖਾਲਸਾ' ਨੂੰ ਫੇਲ੍ਹ ਕਰਨ ਲਈ ਗੈਰ-ਕਾਨੂੰਨੀ ਕਾਰਵਾਈ ਕੀਤੀ ਹੈ। ਲੀਡਰਾਂ ਦੇ ਘਰਾਂ 'ਤੇ ਛਾਪੇ ਮਾਰੇ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਪੁਲਿਸ ਬਿਨਾਂ ਸਰਚ ਵਾਰੰਟ ਕਿਸੇ ਦੇ ਘਰ ਵਿਚ ਦਾਖਲ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਬਿਨਾਂ ਗ੍ਰਿਫਤਾਰੀ ਵਾਰੰਟ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ, ਪਰ ਪੁਲਿਸ ਨੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਕਾਰਵਾਈ ਕੀਤੀ ਹੈ।

# ਹੰਸ ਨੇ ਭਰੀ ਇਕ ਹੋਰ ਸਿਆਸੀ ਉਡਾਰੀ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਛੱਡ 10 ਮਹੀਨੇ ਪਹਿਲਾਂ ਕਾਂਗਰਸ ਵਿਚ ਸ਼ਾਮਲ ਹੋਏ ਪੰਜਾਬੀ ਸੂਫੀ ਗਾਇਕ ਹੰਸ ਰਾਜ ਹੰਸ ਹੁਣ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਹੰਸ ਰਾਜ ਹੰਸ ਨੇ ਭਾਜਪਾ 'ਚ ਸ਼ਾਮਲ ਹੋਣ ਨੂੰ 'ਘਰ ਵਾਪਸੀ' ਦੱਸਿਆ। ਆਪਣੇ ਤਕਰੀਬਨ 7-8 ਸਾਲ ਦੇ ਛੋਟੇ ਜਿਹੇ ਸਿਆਸੀ ਜੀਵਨ 'ਚ ਉਹ ਹੁਣ ਤੱਕ ਤਿੰਨ ਪਾਰਟੀਆਂ ਬਦਲ ਚੁੱਕੇ ਹਨ। ਭਾਜਪਾ ਵਿਚ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਸਿਆਸੀ ਹਲਕਿਆਂ ਨੂੰ ਕੋਈ ਬਹੁਤੀ ਹੈਰਾਨੀ ਨਹੀਂ ਹੋਈ, ਕਿਉਂਕਿ ਪਿਛਲੇ ਦਿਨੀਂ ਕਾਂਗਰਸ ਨਾਲ ਆਪਣੀ ਦਾਲ ਗਲਦੀ ਨਾ ਦੇਖ ਕੇ ਉਨ੍ਹਾਂ ਵੱਲੋਂ ਜਿਸ ਤਰ੍ਹਾਂ ਐਸ.ਵਾਈ.ਐਲ. ਦੇ ਮੁੱਦੇ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਟੈਂਡ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਗਈ ਸੀ।

ਹੰਸ ਦੇ ਭਾਜਪਾ 'ਚ ਸ਼ਾਮਲ ਹੋਣ ਦਾ ਫੈਸਲਾ ਭਾਜਪਾ ਦੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਹਾਈਕਮਾਨ ਨੂੰ ਜ਼ਰੂਰ ਅੱਖੜ ਸਕਦਾ ਹੈ, ਕਿਉਂਕਿ ਲੋਕ ਸਭਾ ਸੀਟ ਕੱਟੇ ਜਾਣ ਤੋਂ ਪਾਰਟੀ ਨਾਲ ਨਾਰਾਜ਼ ਚੱਲ ਰਹੇ ਸ੍ਰੀ ਹੰਸ ਵੱਲੋਂ ਅਕਾਲੀ ਦਲ ਛੱਡਣ ਵੇਲੇ ਅਕਾਲੀ ਦਲ ਹਾਈਕਮਾਨ ਖਿਲਾਫ ਕਾਫੀ ਸਖਤ ਟਿੱਪਣੀਆਂ ਕੀਤੀਆਂ

**ਦਸ ਮਹੀਨਿਆਂ ਦੀ ਸਿਆਸਤ 'ਚ ਤਿੰਨ ਪਾਰਟੀਆਂ ਬਦਲੀਆਂ**





ਗਈਆਂ ਸਨ, ਜਿਸ ਨੂੰ ਅਕਾਲੀ ਲੀਡਰਸ਼ਿਪ ਸਹਿਜੇ ਕਿਤੇ ਭੁੱਲਣ ਵਾਲੀ ਨਹੀਂ ਲੱਗਦੀ। ਆਉਂਦੀਆਂ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਸ੍ਰੀ ਹੰਸ ਰਾਜ ਹੰਸ ਲਈ ਅਕਾਲੀ ਦਲ ਦੇ ਆਗੂਆਂ ਨਾਲ ਇਕਸੁਰ ਹੋ ਕੇ ਚੱਲਣਾ ਵੀ ਵੱਡੀ ਚੁਣੌਤੀ ਹੋ ਸਕਦੀ ਹੈ।

ਇਸ ਤੋਂ ਪਹਿਲਾਂ ਅਕਾਲੀ ਦਲ ਛੱਡਣ ਤੋਂ ਬਾਅਦ ਕਾਂਗਰਸ ਵੀ ਹੰਸ ਰਾਜ ਹੰਸ ਨੂੰ ਬਹੁਤੀ ਰਾਸ ਨਹੀਂ ਆਈ ਤੇ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਬਾਅਦ ਜਿਸ ਤਰ੍ਹਾਂ ਪਾਰਟੀ ਹਾਈਕਮਾਨ ਵੱਲੋਂ ਵਾਅਦਾ ਕਰ ਕੇ ਐਨ ਆਖਰੀ ਮੌਕੇ ਉਨ੍ਹਾਂ ਦੀ ਰਾਜ ਸਭਾ ਦੀ ਟਿਕਟ ਕੱਟ ਦਿੱਤੀ ਗਈ, ਉਸ ਨਾਲ ਵੀ ਉਨ੍ਹਾਂ ਨੂੰ ਭਾਰੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਸੀ। ਹਾਲਾਂਕਿ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਨੂੰ ਰਾਜ ਸਭਾ 'ਚ ਭੇਜਣ ਦੇ ਹੱਕ ਵਿਚ ਸਨ, ਪਰ ਪਾਰਟੀ ਦਾ ਵੱਡਾ ਧੜਾ ਤੇ ਖਾਸਕਰ ਦਲਿਤ ਸਮਾਜ ਦਾ ਇਕ ਵਰਗ ਉਨ੍ਹਾਂ ਦੇ ਵਿਰੋਧ 'ਚ ਆ ਖੜ੍ਹਾ ਹੋਇਆ ਸੀ। ਉਸ ਸਮੇਂ ਤੋਂ ਹੀ ਹੰਸ ਨੇ ਦਲਿਤ ਸਮਾਜ ਦੇ ਇਕ ਵਿਸ਼ੇਸ਼ ਵਰਗ ਖਿਲਾਫ ਝੰਡਾ ਚੁੱਕਿਆ ਹੋਇਆ ਸੀ, ਜਿਸ ਤੋਂ ਦਲਿਤ ਸਮਾਜ ਦਾ ਇਹ ਵਰਗ ਉਨ੍ਹਾਂ ਤੋਂ ਕਾਫੀ ਔਖਾ ਸੀ।

## ਚੋਣਾਂ ਤੋਂ ਪਹਿਲਾਂ ਦਲ-ਬਦਲੀ ਨੇ ਫੜਿਆ ਜ਼ੋਰ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਟਿਕਟਾਂ ਦੀ ਵੰਡ ਨੇ ਬੁਰੀ ਤਰ੍ਹਾਂ ਉਲਝਾਇਆ ਹੋਇਆ ਹੈ। ਸਾਰੀ ਸਿਆਸਤ ਪ੍ਰਮੁੱਖ ਆਗੂਆਂ ਦੀ ਦਲ-ਬਦਲੀ ਦੁਆਲੇ ਘੁੰਮ ਰਹੀ ਹੈ ਜਦਕਿ ਪੰਜਾਬ ਨਾਲ ਜੁੜੇ ਗੰਭੀਰ ਮਸਲੇ ਇਨ੍ਹਾਂ ਧਿਰਾਂ ਦੀ ਜ਼ੁਬਾਨ ਤੋਂ ਗਾਇਬ ਹਨ।

ਪਿਛਲੇ ਦਿਨੀਂ ਅੰਮ੍ਰਿਤਸਰ ਦੱਖਣੀ ਤੋਂ ਇੰਦਰਬੀਰ ਸਿੰਘ ਬੁਲਾਰੀਆ, ਜਲੰਧਰ ਕੈਂਟ ਤੋਂ ਪਰਗਟ ਸਿੰਘ, ਕਰਤਾਰਪੁਰ ਤੋਂ ਸਰਵਨ ਸਿੰਘ ਫਿਲੌਰ, ਬਾਘਾ ਪੁਰਾਣਾ ਤੋਂ ਮਹੇਸ਼ਇੰਦਰ ਸਿੰਘ, ਨਿਹਾਲ ਸਿੰਘ ਵਾਲਾ ਤੋਂ ਬੀਬੀ ਰਾਜਵਿੰਦਰ ਕੌਰ ਭਾਗੀਕੇ, ਅੰਮ੍ਰਿਤਸਰ ਪੂਰਬੀ ਤੋਂ ਡਾ. ਨਵਜੋਤ ਕੌਰ ਸਿੱਧੂ, ਫਿਲੌਰ ਤੋਂ ਅਵਿਨਾਸ਼ ਚੰਦਰ ਤੇ ਸ੍ਰੀ ਹਰਗੋਬਿੰਦਪੁਰ ਤੋਂ ਦੇਸ ਰਾਜ ਧੁੱਗਾ ਆਦਿ ਅਜਿਹੇ ਵਿਧਾਇਕ ਹਨ ਜਿਨ੍ਹਾਂ ਵੱਲੋਂ ਪਿਛਲੇ ਸਮੇਂ ਦੌਰਾਨ ਦਿੱਤੇ ਗਏ ਅਸਤੀਫੇ ਜਾਂ ਪਾਰਟੀ ਵਿਰੁੱਧ ਕੀਤੀਆਂ ਟਿੱਪਣੀਆਂ ਨੇ ਪੰਜਾਬ ਵਾਸੀਆਂ ਦਾ ਧਿਆਨ ਖਿੱਚਿਆ ਹੈ।

ਲੁਧਿਆਣਾ ਦੱਖਣੀ ਤੋਂ ਆਜ਼ਾਦ ਵਿਧਾਇਕ ਬਲਵਿੰਦਰ ਸਿੰਘ ਬੈਂਸ, ਆਤਮ ਨਗਰ ਤੋਂ ਸਿਮਰਜੀਤ ਸਿੰਘ ਬੈਂਸ ਵੀ ਸਿਆਸੀ ਸਰਗਰਮੀਆਂ 'ਚ ਚਰਚਾ ਦਾ ਕੇਂਦਰ ਬਣ ਕੇ ਵਿਚਰ ਰਹੇ ਹਨ। ਇਨ੍ਹਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਕਨਵੀਨਰ ਰਹਿ ਚੁੱਕੇ ਆਪਣਾ ਪੰਜਾਬ ਪਾਰਟੀ ਦੇ ਮੌਜੂਦਾ ਪ੍ਰਧਾਨ ਜਥੇ. ਸੁੱਚਾ ਸਿੰਘ ਛੋਟੇਪੁਰ ਜਿਥੇ ਖੁਦ ਰਾਜਨੀਤੀ ਦੇ ਕੇਂਦਰ ਬਣੇ ਹੋਏ ਹਨ, ਉਥੇ ਆਮ ਆਦਮੀ ਪਾਰਟੀ ਦੀ ਰਾਜਨੀਤੀ ਗੁਰਪ੍ਰੀਤ ਸਿੰਘ ਵੜੈਚ, ਭਗਵੰਤ ਮਾਨ ਸਮੇਤ ਕਈ ਚਿਹਰਿਆਂ ਦੁਆਲੇ ਘੁੰਮ ਰਹੀ ਹੈ ਜਦਕਿ ਇਸੇ ਪਾਰਟੀ ਤੋਂ ਵੱਖ-ਵੱਖ ਹੋਏ ਹਰਿੰਦਰ ਸਿੰਘ ਖਾਲਸਾ ਤੇ ਡਾ. ਧਰਮਵੀਰ ਗਾਂਧੀ ਸਮੇਤ ਕਈ ਚਿਹਰਿਆਂ ਦੀ ਭੂਮਿਕਾ ਵੀ ਇਸ ਪਾਰਟੀ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰੇਗੀ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖਾਂ ਨੂੰ ਵਿਆਹਾਂ ਦੇ ਖਰਚੇ ਘਟਾਉਣ ਦੇ ਹੁਕਮ

**ਅੰਮ੍ਰਿਤਸਰ:** ਇਥੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸਿੱਖ ਭਾਈਚਾਰੇ ਨੂੰ ਵਿਆਹ ਸਮਾਗਮਾਂ ਦੇ ਖਰਚੇ ਘੱਟ ਕਰਨ ਦੇ ਹੁਕਮ ਦਿੱਤੇ ਗਏ ਅਤੇ ਦਸਮ ਪਾਤਸ਼ਾਹ ਦੇ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਵੱਧ ਤੋਂ ਵੱਧ ਗੁਰਮਤਿ ਸਮਾਗਮ ਕਰਾਉਣ ਲਈ ਕਿਹਾ ਗਿਆ। ਅਕਾਲ ਤਖ਼ਤ ਵੱਲੋਂ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਨਿਭਾਈਆਂ ਸੇਵਾਵਾਂ ਲਈ ਉਨ੍ਹਾਂ ਦਾ ਸਨਮਾਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਸਿੰਘ ਸਾਹਿਬਾਨ ਨੇ ਸੰਸਦ ਮੈਂਬਰ ਭਗਵੰਤ ਮਾਨ ਖ਼ਿਲਾਫ਼ ਕੀਤੀ ਗਈ ਸ਼ਿਕਾਇਤ ਬਾਰੇ ਕੋਈ ਵਿਚਾਰ-ਚਰਚਾ ਨਹੀਂ ਕੀਤੀ।

ਮੀਡੀਆ ਨੂੰ ਸੰਬੋਧਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਵਿਆਹਾਂ 'ਤੇ ਬੇਲੋੜਾ ਖਰਚ ਨਾ ਕੀਤਾ ਜਾਵੇ ਅਤੇ ਸਿੱਖ ਰੀਤਾਂ ਮੁਤਾਬਕ ਵਿਆਹ ਕੀਤੇ ਜਾਣ। ਆਨੰਦ ਕਾਰਜ 12 ਵਜੇ ਤੋਂ ਪਹਿਲਾਂ ਕੀਤੇ ਜਾਣ ਅਤੇ ਗੁਰਦੁਆਰੇ ਵਿਚ ਹੀ ਲੰਗਰ ਦਾ ਪ੍ਰਬੰਧ ਕੀਤਾ ਜਾਵੇ। ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਗੁਰਮਤਿ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸਮੁੱਚੇ ਖਾਲਸਾ ਪੰਥ ਨੂੰ ਆਦੇਸ਼ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵੱਧ ਤੋਂ ਵੱਧ ਗੁਰਮਤਿ ਸਮਾਗਮ ਕਰਾਏ ਜਾਣ। ਸਿੰਘ ਸਾਹਿਬਾਨ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦਾ ਪੰਥ ਵਾਸਤੇ ਨਿਭਾਈਆਂ ਸੇਵਾਵਾਂ ਲਈ ਸਨਮਾਨ ਕੀਤਾ ਜਾਵੇਗਾ।



ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਬੰਧੀ ਮਾਮਲਾ ਹਾਲੇ ਵਿਚਾਰ ਅਧੀਨ ਹੈ। ਜ਼ਿਕਰਯੋਗ ਹੈ ਕਿ ਭਗਵੰਤ ਮਾਨ ਉਤੇ ਭਾਜਪਾ ਦੇ ਕੌਮੀ ਸਕੱਤਰ ਆਰ.ਪੀ. ਸਿੰਘ ਨੇ ਅਰਦਾਸ ਮਗਰੋਂ ਪੜ੍ਹੀ ਜਾਂਦੀ ਪੰਕਤੀ ਨੂੰ ਬਦਲ ਕੇ ਗ਼ਲਤ ਢੰਗ ਨਾਲ ਬੋਲਣ ਦੇ ਦੋਸ਼ ਲਾਏ ਸਨ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ। ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘੁਬੀਰ ਸਿੰਘ, ਹੈੱਡ ਗ੍ਰੰਥੀ ਗਿਆਨੀ ਮੱਲ ਸਿੰਘ ਅਤੇ ਗਿਆਨੀ ਗੁਰਮੁੱਖ ਸਿੰਘ ਮੌਜੂਦ ਸਨ।

## ਸਿੱਖ ਔਰਤ ਦੇ ਕਾਤਲਾਂ ਦੀ ਗ੍ਰਿਫਤਾਰੀ ਲਈ ਅੱਗੇ ਆਏ ਸੰਸਦ ਮੈਂਬਰ

**ਲੰਡਨ:** ਭਾਰਤ ਵਿਚ ਛੁੱਟੀਆਂ ਮਨਾਉਣ ਦੌਰਾਨ ਅਣਖ ਲਈ ਕਤਲ ਕੀਤੀ ਬਰਤਾਨਵੀ ਸਿੱਖ ਔਰਤ ਦੇ ਕੇਸ ਦੀ ਮੁੜ ਜਾਂਚ ਲਈ ਪਰਿਵਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਦੀ ਬਰਤਾਨੀਆ ਦੇ ਸੰਸਦ ਮੈਂਬਰਾਂ ਨੇ ਹਮਾਇਤ ਕੀਤੀ ਹੈ। ਚਾਰ ਬੱਚਿਆਂ ਦੀ ਮਾਂ ਸੀਤਾ ਕੌਰ ਨੇ ਹਰਿਆਣਾ ਦੀ ਆਪਣੀ ਫੇਰੀ ਦੌਰਾਨ ਆਪਣੇ ਬੇਔਲਾਦ ਰਿਸ਼ਤੇਦਾਰ ਨੂੰ ਆਪਣਾ ਇਕ ਪੁੱਤ ਗੋਦ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਇਸ ਮਗਰੋਂ ਉਹ ਮਾਰਚ 2015 ਵਿਚ ਭੇਤਭਰੇ ਹਾਲਾਤ ਵਿਚ ਮ੍ਰਿਤਕ ਪਾਈ ਗਈ। ਉਸ ਦੇ ਇੰਗਲੈਂਡ ਰਹਿੰਦੇ ਪਰਿਵਾਰ ਤੇ ਜੌੜੀ ਭੈਣ ਗੀਤਾ ਨੇ ਦਾਅਵਾ ਕੀਤਾ ਕਿ 33 ਸਾਲਾ ਸੀਤਾ ਕੌਰ ਦਾ ਅਣਖ ਲਈ ਕਤਲ ਕੀਤਾ ਗਿਆ। ਸੰਸਦ ਮੈਂਬਰ ਨਾਜ਼ ਸ਼ਾਹ ਅਤੇ ਕੇਟ ਓਸਮੋਰ ਨੇ ਪਿਛਲੇ ਹਫਤੇ 'ਸੀਤਾ ਲਈ ਇਨਸਾਫ' ਨਾਂ ਦੀ ਮੁਹਿੰਮ ਸ਼ੁਰੂ ਕੀਤੀ ਹੈ।

# ਬਡੂੰਗਰ ਨੇ ਮੱਕੜ ਵਾਲੇ ਫੈਸਲੇ ਉਲਟਾਏ

*(ਸਫਾ ਇਕ ਦੀ ਬਾਕੀ)*

ਮੋਦੀ ਵੱਲੋਂ ਟੋਪੀ ਪਾ ਕੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਬਾਰੇ ਵਿਵਾਦ ਨੂੰ ਵੀ ਬੇਲੋੜਾ ਦੱਸਿਆ। ਉਨ੍ਹਾਂ ਤਰਕ ਦਿੱਤਾ ਕਿ ਕੋਈ ਵੀ ਬੰਦਾ ਆਪਣੇ ਧਰਮ ਵਿਚ ਰਹਿ ਕੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ਸਕਦਾ ਹੈ। ਅਸਲ ਵਿਚ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ ਪਿੱਛੋਂ ਪ੍ਰੋ. ਬਡੂੰਗਰ ਦੇ ਕੁਝ ਫੈਸਲੇ ਚਰਚਾ ਵਿਚ ਹਨ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਸਾਂਭਣ ਦੇ ਅਗਲੇ ਦਿਨ ਹੀ ਪ੍ਰੋ. ਬਡੂੰਗਰ ਜੇਲ੍ਹ ਵਿਚ ਫਾਂਸੀ ਦੀ ਸਜ਼ਾ ਬਾਰੇ ਭੁੱਖ ਹੜਤਾਲ ਉਤੇ ਬੈਠੇ ਬਲਵੰਤ ਸਿੰਘ ਰਾਜੋਆਣਾ ਨੂੰ ਮਿਲਣ ਚਲੇ ਗਏ ਸਨ ਤੇ ਕੇਂਦਰ ਸਰਕਾਰ ਤੋਂ ਉਨ੍ਹਾਂ ਦੀ ਮੰਗ ਮਨਵਾਉਣ ਦਾ ਭਰੋਸਾ ਦੇ ਕੇ ਭੁੱਖ ਹੜਤਾਲ ਖਤਮ ਕਰਵਾਈ ਸੀ। ਇਸ ਪਿੱਛੋਂ ਸ਼੍ਰੋਮਣੀ ਕਮੇਟੀ ਨੇ ਦੋ ਵਾਰ ਕੇਂਦਰ ਸਰਕਾਰ ਤੱਕ ਪਹੁੰਚ ਕਰ ਕੇ ਰਾਜੋਆਣਾ ਦੀ ਮੰਗ ਉਤੇ ਗੌਰ ਕਰਨ ਲਈ ਆਖਿਆ ਗਿਆ ਹੈ।

ਮੰਨਿਆ ਜਾ ਰਿਹਾ ਹੈ ਕਿ ਪ੍ਰੋ. ਬਡੂੰਗਰ ਦੀ ਨਿਯੁਕਤੀ ਭਾਵੇਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਥਾਪੜੇ ਨਾਲ ਹੀ ਹੋਈ ਹੈ, ਪਰ ਉਹ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਵਿਚ ਹਨ ਕਿ ਸੰਸਥਾ ਦੇ ਕੰਮਕਾਜ ਵਿਚ ਕਿਸੇ ਸਿਆਸੀ ਧਿਰ ਦੀ ਦਖਲ-ਅੰਦਾਜ਼ੀ ਨਹੀਂ ਚੱਲਦੀ। ਦੱਸਣਯੋਗ ਹੈ ਕਿ ਸਿੰਘ ਸਾਹਿਬਾਨ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿੱਛੋਂ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਮੱਕੜ ਉਤੇ ਸਰਕਾਰ ਦੀ ਬੋਲੀ ਬੋਲਣ ਦੇ ਦੋਸ਼ ਲੱਗੇ ਸਨ। ਇਸ ਕਾਰਨ ਹਾਕਮ ਧਿਰ ਦੀ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਵਿਚ ਦਖਲ-ਅੰਦਾਜ਼ੀ ਉਤੇ ਸਵਾਲ ਉਠੇ ਸਨ। ਵੱਡੀ ਗਿਣਤੀ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਵਿਚ ਬੇਲੋੜੀ ਦਖਲ-ਅੰਦਾਜ਼ੀ ਵਿਰੁੱਧ ਰੋਸ ਪ੍ਰਗਟਾਇਆ ਸੀ ਜਿਸ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਵੱਡੇ ਪੱਧਰ ਉਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਇਥੋਂ ਤੱਕ ਕਿ ਸ਼੍ਰੋਮਣੀ ਕਮੇਟੀ ਦੇ ਆਪਣੇ ਮੁਲਾਜ਼ਮਾਂ ਨੇ ਇਸ ਸੰਸਥਾ ਵਿਰੁੱਧ ਖੁੱਲ੍ਹ ਕੇ ਬੋਲਣਾ ਸ਼ੁਰੂ ਕਰ ਦਿੱਤਾ ਸੀ। ਹਾਕਮ ਧਿਰ ਨੇ ਅਵਤਾਰ ਸਿੰਘ ਮੱਕੜ ਦੀ ਥਾਂ ਪ੍ਰੋ. ਬਡੂੰਗਰ ਨੂੰ ਨਿਯੁਕਤ ਕਰ ਕੇ ਇਹੀ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਉਨ੍ਹਾਂ ਦੀ ਇਸ ਸਿਰਮੌਰ ਸਿੱਖ ਸੰਸਥਾ ਦੇ ਕੰਮਕਾਜ ਵਿਚ ਕੋਈ ਦਖਲ-ਅੰਦਾਜ਼ੀ ਨਹੀਂ ਹੈ। ਪ੍ਰੋ. ਬਡੂੰਗਰ ਦੀ ਨਿਯੁਕਤੀ ਨੂੰ ਤਕਰੀਬਨ ਸਾਰੀਆਂ ਜਥੇਬੰਦੀਆਂ ਨੇ ਕਬੂਲ ਕੀਤਾ ਸੀ।

## ਗੁਰਦੁਆਰਿਆਂ ਨੇੜੇ ਤੰਬਾਕੂ ਵੇਚਣ 'ਤੇ ਪਾਬੰਦੀ

**ਨੈਨੀਤਾਲ:** ਉਤਰਾਖੰਡ ਹਾਈ ਕੋਰਟ ਨੇ ਸੂਬੇ ਵਿਚਲੇ ਤਿੰਨ ਗੁਰਦੁਆਰਿਆਂ ਗੁਰਦੁਆਰਾ ਨਾਨਕ ਮਤਾ, ਗੁਰਦੁਆਰਾ ਮੀਠਾ ਰੀਠਾ ਸਾਹਿਬ ਅਤੇ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਪੰਜ ਕਿਲੋਮੀਟਰ ਦੇ ਘੇਰੇ ਵਿਚ ਤੰਬਾਕੂ ਦੀ ਵਿਕਰੀ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਦੇ ਨਾਲ ਹੀ ਅਦਾਲਤ ਨੇ ਰਾਜ ਦੇ ਤਿੰਨ ਜ਼ਿਲ੍ਹਿਆਂ ਵਿਚ ਸਥਾਪਤ ਚਾਰਧਾਮ ਵਿਖੇ ਸ਼ਰਾਬ ਦੀ ਵਿਕਰੀ ਅਤੇ ਪੀਣ ਉਤੇ ਵੀ ਪੂਰਨ ਪਾਬੰਦੀ ਆਇਦ ਕਰ ਦਿੱਤੀ ਹੈ। ਹਰਿਦੁਆਰ ਦੇ ਇਕ ਬੈਂਕੁਇਟ ਹਾਲ ਵਿਚ ਸ਼ਰਾਬ ਵਰਤਾਏ ਜਾਣ 'ਤੇ ਪਾਬੰਦੀ ਦੀ ਮੰਗ ਕਰਦੀ ਜਨਹਿਤ ਪਟੀਸ਼ਨ ਦਾ ਨਿਬੇੜਾ ਕਰਦਿਆਂ ਜਸਟਿਸ ਰਾਜੀਵ ਸ਼ਰਮਾ ਤੇ ਅਲੋਕ ਸਿੰਘ ਨੇ ਅਗਲੇ ਵਿੱਤੀ ਸਾਲ (2017-18) ਤੋਂ ਰੁਦਰਪ੍ਰਯਾਗ, ਚਮੋਲੀ ਤੇ ਉਤਰਕਾਸ਼ੀ ਜ਼ਿਲ੍ਹਿਆਂ ਵਿਚ ਸ਼ਰਾਬ ਉਤੇ ਪੂਰਨ ਪਾਬੰਦੀ ਲਾਉਣ ਦੀ ਹਦਾਇਤ ਕੀਤੀ ਹੈ।

# ਘੁੱਗੀ ਨੂੰ ਬਟਾਲਾ ਤੋਂ ਮਿਲੀ ਟਿਕਟ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਆਪਣੇ ਰਿਹਾਇਸ਼ੀ ਵਿਧਾਨ ਸਭਾ ਹਲਕੇ ਬਟਾਲਾ ਤੋਂ ਹੀ ਚੋਣ ਲੜਨਗੇ। ਪਾਰਟੀ ਵੱਲੋਂ ਚਾਰ ਹੋਰ ਉਮੀਦਵਾਰਾਂ ਦਾ ਐਲਾਨ ਕਰਦਿਆਂ ਇਹ ਖੁਲਾਸਾ ਕੀਤਾ ਗਿਆ ਹੈ। ਆਪ ਵੱਲੋਂ ਜਾਰੀ ਕੀਤੀ ਸੂਚੀ ਤਹਿਤ ਪੰਜਾਬ ਇਕਾਈ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ (ਘੁੱਗੀ) ਨੂੰ ਵਿਧਾਨ ਸਭਾ ਹਲਕਾ ਬਟਾਲਾ ਤੋਂ ਟਿਕਟ ਦਿੱਤੀ ਗਈ ਹੈ। ਉਨ੍ਹਾਂ ਦਾ ਜੱਦੀ ਪਿੰਡ ਖੋਖਰ ਫੌਜੀਆਂ ਬਟਾਲਾ ਵਿਧਾਨ ਸਭਾ ਹਲਕੇ ਵਿਚ ਪੈਂਦਾ ਹੈ। ਉਨ੍ਹਾਂ ਤੋਂ ਇਲਾਵਾ ਕੋ-ਆਪ੍ਰੇਟਿਵ ਸੁਸਾਇਟੀ ਖੀਰਾ ਵਾਲੀ ਦੇ ਪ੍ਰਧਾਨ ਸੁਖਵੰਤ ਸਿੰਘ ਪੱਡਾ ਨੂੰ ਕਪੂਰਥਲਾ, ਪਾਰਟੀ ਦੇ ਬੁੱਧੀਜੀਵੀ ਸੈੱਲ ਦੇ ਮੈਂਬਰ ਅਤੁੱਲ ਨਾਗਪਾਲ ਨੂੰ ਅਬੋਹਰ ਅਤੇ ਮਾਨਸਾ ਦੇ ਸੈਕਟਰ ਇੰਚਾਰਜ



ਸੁਖਵਿੰਦਰ ਸਿੰਘ ਮਾਨ ਨੂੰ ਸਰਦੂਲਗੜ੍ਹ ਹਲਕੇ ਤੋਂ ਟਿਕਟਾਂ ਦਿੱਤੀਆਂ ਗਈਆਂ ਹਨ।

## ਭਾਰਤੀ ਮੂਲ ਦੇ ਵਿਦਿਆਰਥੀਆਂ ਨੂੰ ਇਨਾਮ

**ਹਿਊਸਟਨ:** ਦੋ ਜੁੜਵਾ ਭੈਣਾਂ ਸਮੇਤ ਭਾਰਤੀ ਮੂਲ ਦੇ ਤਿੰਨ ਵਿਦਿਆਰਥੀਆਂ ਨੇ ਆਪਣੀ ਖੋਜ ਸਦਕਾ 17ਵੇਂ ਸਾਲਾਨਾ ਸੀਮਨਜ਼ ਮੈਥ, ਸਾਇੰਸ ਅਤੇ ਤਕਨਾਲੋਜੀ ਮੁਕਾਬਲੇ ਵਿਚ ਦੋ ਲੱਖ ਡਾਲਰ ਦਾ ਇਨਾਮ ਜਿੱਤਿਆ ਹੈ।

ਉਨ੍ਹਾਂ ਦੀ ਖੋਜ ਸਦਕਾ ਡਾਕਟਰਾਂ ਨੂੰ ਸਕਿਜ਼ੋਫਰੇਨੀਆ ਵਰਗੀਆਂ ਕਈ ਬਿਮਾਰੀਆਂ ਦੇ ਇਲਾਜ ਵਿਚ ਮਦਦ ਮਿਲੇਗੀ। ਗਿਆਰਵੀਂ ਜਮਾਤ ਦੀਆਂ ਵਿਦਿਆਰਥਣਾਂ ਸ਼ਰੀਆ ਅਤੇ ਅਧੀਆ ਬੀਸਮ ਨੂੰ ਸਾਂਝੇ ਤੌਰ ਉਤੇ ਇਕ ਲੱਖ ਡਾਲਰ ਦਾ ਇਨਾਮ ਦਿੱਤਾ ਗਿਆ ਹੈ। ਵਨੀਤ ਅਦੁਪੁਗੰਤੀ ਨੂੰ ਇਕ ਲੱਖ ਡਾਲਰ ਦਾ ਇਨਾਮ ਦਿੱਤਾ ਗਿਆ ਹੈ।

# ਸਾਊਦੀ ਅਰਬ 'ਚ ਸੜ ਰਹੀਆਂ ਨੇ 150 ਭਾਰਤੀਆਂ ਦੀਆਂ ਲਾਸ਼ਾਂ

**ਰਿਆਧ:** ਸਾਊਦੀ ਅਰਬ ਦੇ ਮੁਰਦਾ ਘਰਾਂ ਵਿਚ 150 ਤੋਂ ਵੱਧ ਭਾਰਤੀਆਂ ਦੀਆਂ ਲਾਸ਼ਾਂ ਸੜ ਰਹੀਆਂ ਹਨ, ਪਰ ਪਰਿਵਾਰ ਵਾਲੇ ਅੰਤਿਮ ਸਸਕਾਰ ਲਈ ਇਨ੍ਹਾਂ ਲਾਸ਼ਾਂ ਨੂੰ ਭਾਰਤ ਨਹੀਂ ਲਿਜਾ ਸਕਦੇ। ਰਿਆਧ ਸਥਿਤ ਭਾਰਤੀ ਸਫਾਰਤਖਾਨਾ ਵੀ ਪੀੜਤਾਂ ਦੀ ਮਦਦ ਨਹੀਂ ਕਰ ਰਿਹਾ। ਵਿਦੇਸ਼ ਮੰਤਰਾਲੇ ਨੇ ਇਸ ਸਿਲਸਿਲੇ ਵਿਚ ਸਫਾਰਤਖਾਨੇ ਨੂੰ ਕਈ ਪੱਤਰ ਵੀ ਭੇਜੇ, ਪਰ ਅਜੇ ਤੱਕ ਲਾਸ਼ਾਂ ਨੂੰ ਭਾਰਤ ਵਾਪਸ ਲਿਜਾਉਣ ਦੀ ਪ੍ਰਕਿਰਿਆ ਅੱਗੇ ਨਹੀਂ ਵਧ ਸਕੀ।

ਜਿਨ੍ਹਾਂ ਭਾਰਤੀਆਂ ਦੀਆਂ ਲਾਸ਼ਾਂ ਸਾਊਦੀ ਅਰਬ ਦੇ ਮੁਰਦਾ ਘਰ 'ਚ ਪਈਆਂ ਹਨ, ਉਹ ਲੋਕ ਨੌਕਰੀ ਕਰਨ ਲਈ ਭਾਰਤ ਤੋਂ ਗਏ ਸਨ। ਇਨ੍ਹਾਂ ਸਾਰਿਆਂ ਦੀ ਮੌਤ ਬਿਮਾਰੀ, ਹਾਦਸਾ, ਕਤਲ ਜਾਂ ਫਿਰ ਆਤਮ ਹੱਤਿਆ ਵਰਗੇ ਕਾਰਨਾਂ ਕਰ ਕੇ ਹੋਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਮ੍ਰਿਤਕ ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਦੇ ਰਹਿਣ ਵਾਲੇ ਹਨ। ਹੈਦਰਾਬਾਦ, ਕਰੀਮਨਗਰ, ਵਾਰੰਗਲ, ਮਹਿਬੂਬਨਗਰ, ਨਿਜ਼ਾਮਾਬਾਦ ਅਤੇ ਆਂਧਰਾ ਦੇ ਕਈ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਲੋਕ ਖਾੜੀ ਦੇਸ਼ਾਂ 'ਚ ਨੌਕਰੀ ਕਰਨ ਜਾਂਦੇ ਹਨ।

ਅੰਕੜਿਆਂ ਦੀ ਮੰਨੀਏ ਤਾਂ ਆਂਧਰਾ ਅਤੇ ਤੇਲੰਗਾਨਾ ਦੇ ਤਕਰੀਬਨ 10 ਲੱਖ ਲੋਕ ਸਾਊਦੀ ਅਰਬ 'ਚ ਕੰਮ ਕਰਦੇ ਹਨ। ਮੁਰਸ਼ਦਾਬਾਦ ਦਾ ਰਹਿਣ ਵਾਲਾ ਤਾਹਿਰ ਸਾਊਦੀ ਦੀ ਫਰਮ 'ਚ ਕੰਪਿਊਟਰ ਪ੍ਰੋਗਰਾਮਰ ਦੀ ਨੌਕਰੀ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਖਾੜੀ ਦੇਸ਼ਾਂ ਵਿਚ ਲਾਸ਼ਾਂ ਨੂੰ ਭਾਰਤ ਵਾਪਸ ਭੇਜਣ ਦੀ ਪ੍ਰਕਿਰਿਆ ਕਾਫੀ ਔਖੀ ਹੈ। ਸਾਊਦੀ ਨਿਯਮਾਂ ਮੁਤਾਬਕ, ਜੇ ਕਿਸੇ ਦੀ ਮੌਤ ਹਾਦਸੇ 'ਚ ਹੋਈ ਹੈ ਤਾਂ 40 ਦਿਨ ਬਾਅਦ ਹੀ ਉਸ ਦੀ ਲਾਸ਼ ਉਸ ਦੇ ਦੇਸ਼ ਵਾਪਸ ਭੇਜੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਲਾਸ਼ ਭੇਜਣ ਉਤੇ 4 ਤੋਂ 6 ਲੱਖ ਦਾ ਖਰਚਾ ਆਉਂਦਾ ਹੈ। ਲਾਸ਼ ਵਾਪਸ ਲਿਆਉਣ ਲਈ ਭਾਰਤੀ ਸਫਾਰਤਖਾਨੇ ਵੱਲੋਂ ਲਿਖੀਆਂ 4 ਚਿੱਠੀਆਂ ਦੀ ਲੋੜ ਪੈਂਦੀ ਹੈ ਜਿਸ ਵਿਚ ਮੈਡੀਕਲ, ਪੁਲਿਸ ਰਿਪੋਰਟ ਅਤੇ ਪਰਿਵਾਰ ਦੀ ਸਹਿਮਤੀ ਦੇ ਪੱਤਰ ਤੋਂ ਇਲਾਵਾ ਉਸ ਐਲਾਨ ਦੀ ਵੀ ਲੋੜ ਪੈਂਦੀ ਹੈ ਜਿਸ ਵਿਚ ਮ੍ਰਿਤਕ ਦੇ ਪਰਿਵਾਰ ਵਾਲੇ ਵਾਅਦਾ ਕਰਦੇ ਹਨ ਕਿ ਉਹ ਸਾਊਦੀ ਅਰਬ ਸਰਕਾਰ ਤੋਂ ਜਾਂ ਫਿਰ ਸਬੰਧਤ ਕੰਪਨੀ ਤੋਂ ਕਿਸੇ ਤਰ੍ਹਾਂ ਦੇ ਮੁਆਵਜ਼ੇ ਦੀ ਮੰਗ ਨਹੀਂ ਕਰਨਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਅਮਰੀਕਾ ਦੀਆਂ ਉਚ ਸਿੱਖਿਆ ਸੰਸਥਾਵਾਂ ਵਿਚ ਭਾਰਤੀ ਪਾੜ੍ਹਿਆਂ ਦੀ ਬੱਲੇ ਬੱਲੇ

**ਵਾਸ਼ਿੰਗਟਨ:** ਅਮਰੀਕੀ ਇਮੀਗਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਵੱਲੋਂ ਜਾਰੀ ਤਾਜ਼ਾ ਰਿਪੋਰਟ ਮੁਤਾਬਕ 2.06 ਲੱਖ ਦੇ ਕਰੀਬ ਭਾਰਤੀ ਅਮਰੀਕਾ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਤੇ ਉਚ ਸਿੱਖਿਆ

### ਗਿਣਤੀ ਪੱਖੋਂ ਚੀਨ ਤੋਂ ਬਾਅਦ ਦੂਜਾ ਨੰਬਰ

ਸੰਸਥਾਵਾਂ ਵਿਚ ਦਾਖਲ ਹਨ ਤੇ ਇਹ ਵਾਧਾ 14 ਫੀਸਦੀ ਤੋਂ ਵੱਧ ਹੈ। ਇਨ੍ਹਾਂ ਵਿਚੋਂ ਵੱਡੀ ਗਿਣਤੀ ਵਿਗਿਆਨ ਤਕਨੀਕ ਇੰਜੀਨੀਅਰਿੰਗ ਤੇ ਗਣਿਤ (ਐਸ.ਟੀ.ਈ.ਐਮ.) ਕੋਰਸਾਂ ਦੀ ਪੜ੍ਹਾਈ ਕਰ ਰਹੇ ਹਨ।



ਰਿਪੋਰਟ ਮੁਤਾਬਕ ਪਿਛਲੇ ਮਹੀਨੇ (ਨਵੰਬਰ 2016) ਤੱਕ ਅਮਰੀਕਾ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 1.23 ਕਰੋੜ ਸੀ, ਜੋ ਅਮਰੀਕਾ ਦੇ ਐਫ (ਅਕਾਦਮਿਕ) ਜਾਂ ਐਮ (ਵੋਕੇਸ਼ਨਲ) ਸਟੇਟਸ ਤਹਿਤ ਅਮਰੀਕਾ ਦੇ 8697 ਸਕੂਲਾਂ ਵਿਚ ਪੜ੍ਹ ਰਹੇ ਹਨ। ਇਸ ਸੂਚੀ ਵਿਚ ਨਵੰਬਰ 2015 ਤੋਂ 3,78,986 ਵਿਦਿਆਰਥੀਆਂ ਭਾਵ 5.2 ਫੀਸਦੀ ਦੇ ਵਾਧੇ ਨਾਲ ਚੀਨ ਉਤੇ ਸਿਖਰ ਹੈ। ਚੀਨ ਤੋਂ ਬਾਅਦ 2,06,582 ਦੇ ਅੰਕੜੇ ਨਾਲ ਦੂਜਾ ਨੰਬਰ ਭਾਰਤ ਦਾ ਹੈ, ਪਰ 14.1 ਫੀਸਦੀ ਦੀ ਵਿਕਾਸ ਦਰ ਨਾਲ ਭਾਰਤ, ਚੀਨ ਤੋਂ ਕਿਤੇ ਅੱਗੇ ਹੈ। ਹੋਰਨਾਂ ਏਸ਼ਿਆਈ ਮੁਲਕਾਂ 'ਚੋਂ ਸਾਊਦੀ ਅਰਬ ਦੇ ਵਿਦਿਆਰਥੀਆਂ ਦੀ ਗਿਣਤੀ ਵਿਚ ਸਭ ਤੋਂ ਵੱਧ 20 ਫੀਸਦੀ ਦਾ ਇਜ਼ਾਫਾ ਹੋਇਆ ਹੈ। ਮੁਲਕ ਦੇ 62,077 ਵਿਦਿਆਰਥੀਆਂ ਨੇ ਅਮਰੀਕੀ ਸਕੂਲਾਂ 'ਚ ਦਾਖਲੇ ਲਏ ਹਨ। ਰਿਪੋਰਟ ਮੁਤਾਬਕ ਪਿਛਲੇ ਇਕ ਸਾਲ 'ਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਪਿਛਲੇ ਸਾਲ ਦੀ ਨਿਸਬਤ 2.9 ਫੀਸਦੀ ਦਾ ਵਾਧਾ ਹੋਇਆ ਹੈ। ਹਾਲਾਂਕਿ ਇਸੇ ਅਰਸੇ ਦੌਰਾਨ ਮਾਨਤਾ ਪ੍ਰਾਪਤ ਸਕੂਲਾਂ ਦੀ ਗਿਣਤੀ ਇਕ ਫੀਸਦੀ ਦੇ ਕਰੀਬ ਘਟੀ ਹੈ। ਵਿਦੇਸ਼ੀ ਵਿਦਿਆਰਥੀਆਂ ਦੀ ਦਾਖਲੇ ਪੱਖੋਂ ਗਿਣਤੀ ਵਿਚ ਕੈਲੀਫੋਰਨੀਆ, ਨਿਊ ਯਾਰਕ ਤੇ ਟੈਕਸਸ ਮੋਹਰੀ ਰਹੇ ਹਨ। ਕੌਮਾਂਤਰੀ ਵਿਦਿਆਰਥੀਆਂ ਨੇ ਇਨ੍ਹਾਂ ਸੂਬਿਆਂ 'ਚ ਹੋਰਨਾਂ ਖੇਤਰਾਂ ਦੀ ਥਾਂ ਬਿਜ਼ਨਸ ਤੇ ਇੰਜੀਨੀਅਰਿੰਗ ਦੀ ਸਿੱਖਿਆ ਲੈਣ ਨੂੰ ਮੁੱਖ ਤਰਜੀਹ ਦਿੱਤੀ। ਕੌਮਾਂਤਰੀ ਵਿਦਿਆਰਥੀਆਂ 'ਚੋਂ 47 ਫੀਸਦੀ ਏਸ਼ੀਆ ਨਾਲ ਸਬੰਧਤ ਹਨ।

## ਐਚ-1ਬੀ ਵੀਜ਼ਾ ਹੋਲਡਰਾਂ ਨੂੰ ਝਟਕਾ

**ਵਾਸ਼ਿੰਗਟਨ:** ਅਮਰੀਕਾ ਦੇ ਨਵ-ਨਿਯੁਕਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀ ਲੋਕਾਂ ਦੀ ਥਾਂ ਵਿਦੇਸ਼ੀ ਕਾਮਿਆਂ ਨੂੰ ਨੌਕਰੀਆਂ ਦੇਣ ਵਾਲੀਆਂ ਕੰਪਨੀਆਂ ਨੂੰ ਖਬਰਦਾਰ ਕੀਤਾ ਹੈ। ਟਰੰਪ ਨੇ ਕਿਹਾ ਹੈ ਕਿ ਉਹ ਵਿਦੇਸ਼ੀ ਕਰਮਚਾਰੀਆਂ ਨੂੰ ਅਮਰੀਕੀਆਂ ਦਾ ਸਥਾਨ ਲੈਣ ਦੀ ਇਜਾਜ਼ਤ ਨਹੀਂ ਦੇਣਗੇ। ਟਰੰਪ ਨੇ ਡਿਜਨੀ ਵਰਲਡ ਸਮੇਤ ਹੋਰ ਅਮਰੀਕੀ ਕੰਪਨੀਆਂ ਦਾ ਸਪਸ਼ਟ ਜ਼ਿਕਰ ਕਰਦਿਆਂ ਇਹ ਗੱਲ ਕਹੀ। ਇਨ੍ਹਾਂ ਕੰਪਨੀਆਂ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਅਮਰੀਕੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਕੇ ਉਨ੍ਹਾਂ ਦੇ ਸਥਾਨ ਉਤੇ ਐਚ-1ਬੀ ਵੀਜ਼ਾ ਧਾਰਕਾਂ ਨੂੰ ਭਰਤੀ ਕੀਤਾ ਹੈ। ਆਈਵਾ ਵਿਖੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਇਸ ਗੱਲ ਦਾ ਐਲਾਨ ਕੀਤਾ। ਟਰੰਪ ਨੇ ਸਪਸ਼ਟ ਕੀਤਾ ਹੈ ਕਿ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਨੌਕਰੀਆਂ ਵਿਚ ਪਹਿਲਾਂ ਅਮਰੀਕੀ ਨੌਜਵਾਨਾਂ ਨੂੰ ਪਹਿਲ ਦੇਣ। ਇਸ ਹੁਕਮ ਦੀ ਉਲੰਘਣਾ ਕਰਨ ਵਾਲੀਆਂ ਕੰਪਨੀਆਂ ਨੂੰ ਸਖਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਟਰੰਪ ਅਨੁਸਾਰ ਐਚ-1ਬੀ ਵੀਜ਼ਾ ਵਾਲੇ ਭਾਰਤੀ ਅਤੇ ਦੂਜੇ ਵਿਦੇਸ਼ੀ ਕਾਮਿਆਂ ਨੇ ਅਮਰੀਕੀਆਂ ਦੀਆਂ ਨੌਕਰੀ ਖੋਹ ਲਈਆਂ ਹਨ। ਟਰੰਪ ਦੇ ਇਸ ਹੁਕਮ ਦਾ ਸਭ ਤੋਂ ਜ਼ਿਆਦਾ ਅਸਰ ਭਾਰਤੀ ਕਾਮਿਆਂ ਉਤੇ ਹੋਵੇਗਾ। ਅਸਲ ਵਿਚ ਅਮਰੀਕਾ ਵਿਚ ਐਚ-1ਬੀ ਵੀਜ਼ਾ ਹੋਲਡਰ ਵਿਚ 72 ਫੀਸਦੀ ਭਾਰਤੀ ਹਨ। ਟਰੰਪ ਨੇ ਆਖਿਆ ਹੈ ਕਿ ਹਰ ਇਕ ਅਮਰੀਕੀ ਨਾਗਰਿਕ ਦੀ ਜ਼ਿੰਦਗੀ ਦੀ ਰਾਖੀ ਕਰਨਾ ਉਨ੍ਹਾਂ ਦਾ ਫਰਜ਼ ਹੈ। ਟਰੰਪ ਅਨੁਸਾਰ ਅਮਰੀਕਾ ਵਿਚ ਕਾਰੋਬਾਰ ਕਰ ਰਹੀਆਂ ਕੰਪਨੀਆਂ ਅਮਰੀਕੀ ਨੌਜਵਾਨ ਦੀ ਥਾਂ ਸਸਤੇ ਕਾਮਿਆਂ ਨੂੰ ਨੌਕਰੀਆਂ ਦੇ ਰਹੀਆਂ ਹਨ। ਇਨ੍ਹਾਂ ਵਿਚੋਂ ਵਧੇਰੇ ਕਾਮੇ ਭਾਰਤੀ ਹਨ।

# ਧਰਨੇ 'ਚ ਜ਼ਹਿਰ ਨਿਗਲਣ ਵਾਲੇ ਕਿਸਾਨ ਦੀ ਮੌਤ

**ਪਟਿਆਲਾ (ਬਿਊਰੋ):** ਆੜ੍ਹਤੀ ਧਿਰ ਦੀ ਠੱਗੀ ਖਿਲਾਫ ਲਾਏ ਧਰਨੇ ਦੌਰਾਨ ਜ਼ਹਿਰੀਲੀ ਦਵਾਈ ਨਿਗਲਣ ਵਾਲੇ ਕਿਸਾਨ ਗੁਰਲਾਭ ਸਿੰਘ ਨੇ ਰਾਤ ਇਕ ਵਜੇ ਦਮ ਤੋੜ ਦਿੱਤਾ। ਉਹ ਦੋ ਹਫ਼ਤੇ ਤੋਂ ਰਜਿੰਦਰਾ ਹਸਪਤਾਲ ਵਿਚ ਦਾਖਲ ਸੀ। ਉਸ ਦੀ ਮੌਤ ਦੀ ਖ਼ਬਰ ਸੁਣ ਕੇ ਵੱਡੀ ਗਿਣਤੀ ਕਿਸਾਨ ਹਸਪਤਾਲ ਪੁੱਜੇ ਤੇ ਧਰਨਾ ਲਾ ਦਿੱਤਾ। ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨ ਦੇ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ, ਦੋ ਕਿਸ਼ਤਾਂ ਵਿਚ 10 ਲੱਖ ਰੁਪਏ ਦੀ ਇਮਦਾਦ ਦੇਣ ਸਮੇਤ ਸਬੰਧਤ ਆੜ੍ਹਤੀ ਧਿਰ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕਰਨ ਦਾ ਐਲਾਨ ਕਰ ਕੇ ਕਿਸਾਨਾਂ ਨੂੰ ਸ਼ਾਂਤ ਕੀਤਾ।



ਚਨਾਰਥਲ ਖੁਰਦ ਵਾਸੀ ਗੁਰਲਾਭ ਸਿੰਘ ਸਮੇਤ ਪੌਣੀ ਦਰਜਨ ਕਿਸਾਨਾਂ ਦਾ ਸ਼ਿਕਵਾ ਸੀ ਕਿ ਆੜ੍ਹਤੀ ਧਿਰ ਨੇ ਉਨ੍ਹਾਂ ਦੀ ਜ਼ਮੀਨ ਵਿਕਵਾ ਕੇ ਪੈਸੇ ਹੜੱਪ ਲਏ, ਜਿਸ ਕਰ ਕੇ ਉਹ ਮੁੜ ਪੈਰਾਂ ਸਿਰ ਨਹੀਂ ਹੋ ਸਕੇ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਨੇ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਦਾ ਬੀੜਾ ਚੁੱਕਿਆ ਹੋਇਆ ਸੀ। ਇਸੇ ਦੌਰਾਨ ਦਿੱਤੇ ਜਾ ਰਹੇ ਧਰਨੇ ਵਿਚ ਗੁਰਲਾਭ ਸਿੰਘ ਨੇ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ। ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਬਚਾਉਣ ਦੀ ਪੂਰੀ ਵਾਹ ਲਾਈ, ਪਰ ਉਸ ਨੂੰ ਬਚਾ ਨਾ ਸਕੇ। ਕਿਸਾਨ ਦੀ ਮੌਤ ਦੀ ਖ਼ਬਰ ਸੁਣ ਕੇ ਇਲਾਕੇ ਦੇ ਕਿਸਾਨ ਹਸਪਤਾਲ ਪੁੱਜ ਗਏ।

ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਦੀ ਅਗਵਾਈ ਹੇਠ ਵਫ਼ਦ ਨੇ ਦੋ ਗੇੜ ਵਿਚ ਡਿਪਟੀ ਕਮਿਸ਼ਨਰ ਰਾਮਵੀਰ ਸਿੰਘ ਨਾਲ ਗੱਲਬਾਤ ਕੀਤੀ। ਪ੍ਰਸ਼ਾਸਨ ਵੱਲੋਂ ਐਸ.ਡੀ.ਐਮ. ਪੂਜਾ ਸਿਆਲ ਨੇ ਹਸਪਤਾਲ ਵਿਚ ਕਿਸਾਨਾਂ ਦੇ ਧਰਨੇ ਵਿਚ ਪੁੱਜ ਕੇ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਵੱਲੋਂ 5 ਲੱਖ ਦਾ ਚੈੱਕ ਕਿਸਾਨ ਦੀ ਵਿਧਵਾ ਨੂੰ ਦਿੱਤਾ ਜਾਵੇਗਾ ਅਤੇ 5 ਲੱਖ ਦਾ ਇੱਕ ਹੋਰ ਚੈੱਕ ਅਤੇ ਇਲਾਜ ਦਾ ਸਾਰਾ ਖ਼ਰਚ ਵੀ ਦੇ ਦਿੱਤਾ ਜਾਵੇਗਾ। ਇਹ ਦੋਵੇਂ ਚੈੱਕ ਦੋ ਦਿਨਾਂ ਵਿਚ ਪੁੱਜਦੇ ਕਰ ਦਿੱਤੇ ਜਾਣਗੇ। ਕਿਸਾਨ ਦੇ ਪਰਿਵਾਰ ਦੇ ਇੱਕ ਜੀਅ ਦੇ ਨੌਕਰੀ ਦੇ ਕਾਗਜ਼ ਤਿਆਰ ਕਰ ਕੇ ਪੰਜਾਬ ਸਰਕਾਰ ਨੂੰ ਭੇਜਣ ਦਾ ਵੀ ਵਿਸ਼ਵਾਸ ਦਿਵਾਇਆ ਗਿਆ ਹੈ। ਡੀ.ਐਸ.ਪੀ.ਪ੍ਰਸ਼ੋਤਮ ਬੱਲ ਨੇ ਦੱਸਿਆ ਕਿ ਕੇਸ ਦਰਜ ਕਰਨ ਮਗਰੋਂ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਸਿੱਖਿਆ ਪ੍ਰਾਪਤੀ ਵਿਚ ਹਿੰਦੂ ਪਿੱਛੇ

**ਵਾਸ਼ਿੰਗਟਨ:** ਪਿਊ ਖੋਜ ਕੇਂਦਰ ਵੱਲੋਂ ਕੀਤੀ ਗਈ ਖੋਜ ਮੁਤਾਬਿਕ ਸੰਸਾਰ ਦੇ ਸਾਰੇ ਧਰਮਾਂ ਵਿਚੋਂ ਸਿੱਖਿਆ ਪ੍ਰਾਪਤੀ ਵਿਚ ਹਿੰਦੂ ਕਈ ਪ੍ਰਾਪਤੀਆਂ ਦੇ ਬਾਵਜੂਦ ਸਭ ਤੋਂ ਨੀਵੇਂ ਪੱਧਰ ਉਤੇ ਹਨ।

ਪਿਊ ਅਨੁਸਾਰ ਇਸ ਦਹਾਕੇ ਦੌਰਾਨ ਹਿੰਦੂਆਂ ਨੇ ਸਿੱਖਿਆ ਵਿਚ ਕਈ ਪ੍ਰਾਪਤੀਆਂ ਕੀਤੀਆਂ ਹਨ, ਪਰ ਉਹ ਅਜੇ ਵੀ ਸਿੱਖਿਆ ਪ੍ਰਾਪਤੀ ਵਿਚ ਪਿੱਛੇ ਹਨ। ਇਸ ਖੋਜ ਵਿਚ ਹਿੰਦੂ ਬਾਲਗਾਂ (25 ਸਾਲ ਤੇ ਉਸ ਤੋਂ ਵੱਧ) ਦੀ ਸਮੀਖਿਆ ਕੀਤੀ ਗਈ ਹੈ। ਰਿਪੋਰਟ ਅਨੁਸਾਰ ਵਿਸ਼ਵ ਪੱਧਰ ਉੱਤੇ ਔਸਤਨ 41 ਫ਼ੀਸਦੀ ਹਿੰਦੂਆਂ ਕੋਲ ਕਿਸੇ ਵੀ ਤਰ੍ਹਾਂ ਦੀ ਕੋਈ ਬਾਕਾਇਦਾ ਸਿੱਖਿਆ ਨਹੀਂ ਹੈ। ਦਸ ਪਿੱਛੇ ਇਕ ਵਿਅਕਤੀ ਕੋਲ ਪੋਸਟ-ਸੈਕੰਡਰੀ ਡਿਗਰੀ ਹੈ।

ਪਿਊ ਖੋਜ ਕੇਂਦਰ ਵੱਲੋਂ ਪੇਸ਼ ਕੀਤੀ ਗਈ 'ਰਿਲੀਜਨ ਐਂਡ ਐਜੂਕੇਸ਼ਨ ਅਰਾਊਂਡ ਦਿ ਵਰਲਡ ਲਾਰਜ' ਰਿਪੋਰਟ ਅਨੁਸਾਰ ਭਾਵੇਂ ਹਿੰਦੂ ਔਰਤਾਂ ਨੇ ਕਈ ਪ੍ਰਾਪਤੀਆਂ ਕੀਤੀਆਂ ਹਨ, ਪਰ ਹਿੰਦੂਆਂ ਵਿਚ ਬਾਕੀ ਸਾਰੇ ਧਰਮਾਂ ਨਾਲੋਂ ਵੱਧ ਸਿੱਖਿਆ ਲਿੰਗ ਅਨੁਪਾਤ ਪਾੜਾ ਹੈ। 160 ਸਫ਼ਿਆਂ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸੰਸਾਰ ਭਰ ਦੇ ਸਾਰੇ ਵੱਡੇ ਧਰਮਾਂ ਦੇ ਸਮੂਹਾਂ ਵਿਚੋਂ ਯਹੂਦੀ ਸਭ ਤੋਂ ਵੱਧ ਪੜ੍ਹੇ ਲਿਖੇ ਹਨ। 151 ਦੇਸ਼ਾਂ ਵਿਚ ਕੀਤੇ ਗਏ ਸਰਵੇਖਣ ਦੇ ਆਧਾਰ ਉਤੇ ਦੱਸਿਆ ਗਿਆ ਹੈ ਕਿ ਸਿੱਖਿਆ ਪ੍ਰਾਪਤੀ ਵਿਚ ਵੱਡਾ ਲਿੰਗ ਅਨੁਪਾਤ ਪਾੜਾ ਵੀ ਹੈ। ਜਿਵੇਂ ਵਿਸ਼ਵ ਭਰ ਦੀਆਂ ਮੁਸਲਿਮ ਔਰਤਾਂ ਦੀ ਸਕੂਲੀ ਪੜ੍ਹਾਈ ਦੀ ਔਸਤ 4.9 ਸਾਲ ਜਦੋਂਕਿ ਪੁਰਸ਼ਾਂ ਦੀ 6.4 ਸਾਲ ਹੈ।

ਹਿੰਦੂ ਔਰਤਾਂ ਦੀ ਔਸਤ ਹੋਰ ਵੀ ਘੱਟ ਹੈ। ਔਸਤਨ ਹਿੰਦੂ ਪੁਰਸ਼ ਔਰਤਾਂ ਤੋਂ 2.7 ਸਾਲ ਵੱਧ ਸਕੂਲੀ ਸਿੱਖਿਆ ਪ੍ਰਾਪਤ ਕਰਦੇ ਹਨ। ਰਸਮੀ ਸਿੱਖਿਆ ਪ੍ਰਾਪਤੀ ਵਿਚ ਵੀ ਔਰਤਾਂ, ਪੁਰਸ਼ਾਂ ਤੋਂ ਪਿੱਛੇ ਹਨ। ਹਿੰਦੂਆਂ ਦੀ ਜ਼ਿਆਦਾ ਗਿਣਤੀ ਭਾਰਤ, ਨੇਪਾਲ ਤੇ ਬੰਗਲਾਦੇਸ਼ ਵਿਚ ਹੈ। ਇਨ੍ਹਾਂ ਤਿੰਨਾਂ ਦੇਸ਼ਾਂ ਵਿਚ ਹਿੰਦੂਆਂ ਦਾ ਸਿੱਖਿਆ ਦਾ ਪੱਧਰ ਨੀਵਾ ਹੈ। ਭਾਰਤ ਵਿਚ ਸਕੂਲੀ ਪੜ੍ਹਾਈ ਦੀ ਔਸਤ 5.5 ਸਾਲ, ਨੇਪਾਲ ਅਤੇ ਬੰਗਲਾਦੇਸ਼ ਵਿਚ ਗ੍ਰਮਵਾਰ 3.9 ਤੇ 4.6 ਹੈ।


Satwant Singh Insurance Services

We serve all over California

Auto, Home, Life, Business, Workers Comp.

See how much you can save. Get free quote for Auto, Home, Life and Business.

Compare Auto, Home quotes online at our website: www.satwantins.com

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

Now we have 3 locations:

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538



Satwant Singh, CLCS, MBA
(CA Lic # 0H11256)

Allied Insurance
a Nationwide Insurance® company

Call today for your FREE, no-obligation quote: 1-408-771-2438
satwant@satwantins.com



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

7021 Village Park Way, Dublin, CA 94568



*Gurdip Singh Sandhu*

Email: Homeomedicine@yahoo.com

# ਨੋਟਬੰਦੀ: ਕਾਲੇ ਧਨ ਲਈ ਮੋਦੀ ਦੀਆਂ ਹਨੇਰੇ ਵਿਚ ਟੱਕਰਾਂ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ ਨੇ ਅੱਠ ਨਵੰਬਰ ਨੂੰ ਨੋਟਬੰਦੀ ਦੇਸ਼ ਵਿਚੋਂ ਕਾਲਾ ਧਨ ਖਤਮ ਕਰਨ ਦੇ ਮਕਸਦ ਨਾਲ ਲਾਗੂ ਕੀਤੀ ਸੀ। ਲੋਕਾਂ ਨੇ ਪੈਸੇ ਬੈਂਕਾਂ ਵਿਚ ਜਮ੍ਹਾਂ ਵੀ ਕਰਵਾਏ, ਪਰ ਨੋਟਬੰਦੀ ਦਾ ਇਕ ਮਹੀਨਾ ਬੀਤ ਜਾਣ ਤੋਂ ਬਾਅਦ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਾਲਾ ਧਨ ਹੈ ਕਿਥੇ। ਉਲਟਾ ਲੋਕ ਹੁਣ ਵੀ ਲਾਈਨਾਂ ਵਿਚ ਲੱਗੇ ਹੋਏ ਹਨ।



ਸਰਕਾਰ ਦੇ ਐਲਾਨ ਤੋਂ ਬਾਅਦ 500 ਤੇ 1000 ਦੀ 15 ਲੱਖ 44 ਹਜ਼ਾਰ ਕਰੋੜ ਦੀ ਕਰੰਸੀ ਇਕ ਝਟਕੇ ਨਾਲ ਹੀ ਬਾਜ਼ਾਰ ਵਿਚੋਂ ਗਾਇਬ ਹੋ ਗਈ। ਨੋਟਬੰਦੀ ਤੋਂ ਬਾਅਦ ਬੈਂਕਾਂ ਵਿਚ 12 ਲੱਖ ਕਰੋੜ ਰੁਪਏ ਜਮ੍ਹਾਂ ਹੋ ਗਏ। ਇਸ ਦਾ ਮਤਲਬ ਇਹ ਹੈ ਕਿ ਪੁਰਾਣੀ ਕਰੰਸੀ ਹੁਣ ਸਿਰਫ ਤਿੰਨ ਲੱਖ ਕਰੋੜ ਰੁਪਏ ਦੀ ਹੈ ਜੋ ਬੈਂਕਾਂ ਵਿਚ ਜਮ੍ਹਾਂ ਹੋਣੀ ਹੈ।

ਇਸ ਦੀ ਮਿਆਦ 30 ਦਸੰਬਰ ਹੈ। ਸਰਕਾਰ ਦੀ ਉਮੀਦ ਹੈ ਕਿ ਕਰੀਬ ਤਿੰਨ ਤੋਂ ਚਾਰ ਲੱਖ ਕਰੋੜ ਰੁਪਏ ਬੈਂਕਿੰਗ ਸਿਸਟਮ ਵਿਚ ਨਹੀਂ ਵਾਪਸ ਆਵੇਗਾ ਤੇ ਇਸ ਨੂੰ ਕਾਲਾ ਧਨ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ ਸਰਕਾਰ ਦੀ ਦਲੀਲ ਹੈ ਕਿ ਸਾਰਾ ਪੈਸਾ ਬੈਂਕਾਂ ਵਿਚ ਵਾਪਸ ਆਉਣ ਤੋਂ ਬਾਅਦ ਇਸ ਗੱਲ ਦਾ ਐਲਾਨ ਕੀਤਾ ਜਾਵੇਗਾ ਕਿ ਇਨ੍ਹਾਂ ਵਿਚੋਂ ਕਾਲਾ ਧਨ ਕਿੰਨਾ ਹੈ। ਦੂਜੇ ਪਾਸੇ ਜਾਣਕਾਰ ਵੀ ਸਰਕਾਰ ਦੀ ਨੋਟਬੰਦੀ ਉਤੇ ਸਵਾਲ ਚੁੱਕ ਰਹੇ ਹਨ।

ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਬਿਮਲ ਜਾਲਾਨ ਦਾ ਕਹਿਣਾ ਹੈ ਕਿ ਰੀਅਲ ਅਸਟੇਟ, ਗੋਲਡ ਵਿਦੇਸ਼ੀ ਕਰੰਸੀ ਦੀ ਸ਼ਕਲ ਵਿਚ ਕਾਲਾ ਧਨ ਬਣ ਚੁੱਕਾ ਹੈ। ਅਜਿਹੇ ਵਿਚ ਕਾਲਾ ਧਨ ਕੈਸ਼ ਦੀ ਸ਼ਕਲ ਵਿਚ ਹੁਣ ਹੈ ਹੀ ਨਹੀਂ। ਅਜਿਹੇ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਾਲਾ ਧਨ ਦਾ ਕੁਝ ਪਤਾ ਹੀ ਨਹੀਂ ਹੈ ਤਾਂ ਦੇਸ਼ ਦੇ ਲੋਕ ਲਾਈਨਾਂ ਵਿਚ ਕਿਉਂ ਖੜ੍ਹੇ ਹਨ।

ਇਸ ਤੋਂ ਇਲਾਵਾ ਤ੍ਰਿਣਮੂਲ ਕਾਂਗਰਸ ਨੇ ਸੰਸਦ ਭਵਨ ਵਿਚ ਨੋਟਬੰਦੀ ਕਾਰਨ ਮਾਰੇ ਗਏ 90 ਲੋਕਾਂ ਦੀ ਸੂਚੀ ਵਾਲਾ ਬੈਨਰ ਲਿਆਂਦਾ। ਉਧਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੋਟਬੰਦੀ ਕਾਰਨ ਮਾਰੇ ਗਏ ਦੋ ਵਿਅਕਤੀਆਂ ਦੇ ਵਾਰਸਾਂ ਨੂੰ ਨੌਕਰੀਆਂ ਦੇਵੇਗੀ। ਰਾਜ ਸਭਾ ਮੈਂਬਰ ਡੀ.ਓ. ਬ੍ਰਾਇਨ ਨੇ ਕਿਹਾ ਕਿ ਸੰਸਦ ਭਵਨ ਵਿਚ ਲਿਆਂਦੀ ਸੂਚੀ ਵਿਚ ਨੋਟਬੰਦੀ ਕਾਰਨ ਮਾਰੇ ਗਏ ਲੋਕਾਂ ਦੇ ਵੇਰਵੇ ਦਰਜ ਹਨ, ਜਿਵੇਂ ਕਿ ਮਰਨ ਵਾਲਿਆਂ ਦੇ ਨਾਮ ਅਤੇ ਉਨ੍ਹਾਂ ਦੀ ਮੌਤ ਦੀ ਥਾਂ। ਉਨ੍ਹਾਂ ਆਖਿਆ ਕਿ ਇਹ ਸੂਚੀ ਬਿਲਕੁਲ ਦਰੁਸਤ ਹੈ ਅਤੇ ਹੁਣ ਤੱਕ 90 ਲੋਕਾਂ ਦੀ ਮੌਤ ਹੋ ਗਈ ਸੀ। ਸਭ ਤੋਂ ਵੱਧ ਨਮੋਸ਼ੀ ਵੱਡੀ ਗਿਣਤੀ ਜਾਅਲੀ ਨੋਟ ਬਣ ਰਹੇ ਹਨ। ਜਿਸ ਤੋਂ ਦੁਖੀ ਹੋਈ ਮੋਦੀ ਸਰਕਾਰ ਨੇ ਹੁਣ ਪਲਾਸਟਿਕ ਕਰੰਸੀ ਛਾਪਣ ਦਾ ਫੈਸਲਾ ਕਰ ਲਿਆ ਹੈ ਤੇ ਇਸ ਲਈ ਲੋੜੀਂਦੀ ਸਮੱਗਰੀ ਦੀ ਖਰੀਦ ਵੀ ਸ਼ੁਰੂ ਕਰ ਦਿੱਤੀ ਹੈ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੀ ਤਜਵੀਜ਼ 'ਤੇ ਸਰਕਾਰ ਨੇ ਪਲਾਸਟਿਕ ਦੇ ਨੋਟ ਛਾਪਣ ਦਾ ਫੈਸਲਾ ਕੀਤਾ ਹੈ। ਯਾਦ ਰਹੇ ਕਿ ਆਰ.ਬੀ.ਆਈ. ਫੀਲਡ ਟਰਾਇਲਾਂ ਮਗਰੋਂ ਲੰਮੇ ਸਮੇਂ ਤੋਂ ਪਲਾਸਟਿਕ ਦੇ ਨੋਟ ਸ਼ੁਰੂ ਕਰਨ ਦੀ ਯੋਜਨਾ ਬਣਾ ਰਿਹਾ ਹੈ।

## ਨੋਟਬੰਦੀ ਨੇ ਮੂਧੇ ਮੂੰਹ ਸੁੱਟੀ ਵਿਕਾਸ ਦਰ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਵਿਆਜ ਦਰਾਂ 'ਚ ਕੋਈ ਬਦਲਾਅ ਨਾ ਕਰਦਿਆਂ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਜਦਕਿ ਆਰਥਿਕ ਵਿਕਾਸ ਦਰ ਦਾ ਅਨੁਮਾਨ 7.6 ਫੀਸਦੀ ਤੋਂ ਘਟਾ ਕੇ 7.1 ਫੀਸਦੀ ਕਰ ਦਿੱਤਾ ਹੈ। ਮੌਜੂਦਾ ਵਿੱਤੀ ਵਰ੍ਹੇ ਦੀ ਪੰਜਵੀਂ ਮੁਦਰਾ ਨੀਤੀ ਦੀ ਸਮੀਖਿਆ ਦੌਰਾਨ ਆਰ.ਬੀ.ਆਈ. ਦੇ ਗਵਰਨਰ ਉਰਜਿਤ ਪਟੇਲ ਨੇ ਕਿਹਾ ਕਿ ਨੋਟਬੰਦੀ ਕਾਰਨ ਵਿਕਾਸ ਦਰ ਹੇਠਾਂ ਜਾਣ ਦਾ ਅੰਦੇਸ਼ਾ ਹੈ ਅਤੇ ਇਸ ਨਾਲ ਥੋੜ੍ਹੇ ਸਮੇਂ ਲਈ ਆਰਥਿਕ ਸਰਗਰਮੀਆਂ ਪ੍ਰਭਾਵਿਤ ਹੋਣਗੀਆਂ ਤੇ ਮੰਗ ਘਟੇਗੀ। ਰਿਜ਼ਰਵ ਬੈਂਕ ਨੇ ਕਿਹਾ ਕਿ ਨੇੜ ਭਵਿੱਖ 'ਚ ਇਨ੍ਹਾਂ ਜੋਖਮਾਂ ਕਰ ਕੇ ਨਕਦੀ ਆਧਾਰਤ ਖੇਤਰਾਂ ਜਿਨ੍ਹਾਂ 'ਚ ਪਰਚੂਨ ਵਪਾਰ, ਹੋਟਲ, ਰੈਸਤਰਾਂ ਅਤੇ ਟਰਾਂਸਪੋਰਟ ਸ਼ਾਮਲ ਹਨ, ਉਤੇ ਵੀ ਅਸਰ ਪਵੇਗਾ। ਨੋਟਬੰਦੀ ਨਾਲ ਅਸੰਗਠਿਤ ਖੇਤਰ 'ਤੇ ਵੀ ਅਸਰ ਪਏਗਾ। ਮੌਜੂਦਾ ਮਾਲੀ ਵਰ੍ਹੇ ਦੀ ਪਹਿਲੀ ਅਤੇ ਦੂਜੀ ਤਿਮਾਹੀ ਉਚ ਭਾਰਤੀ ਅਰਥਚਾਰੇ ਦੀ ਵਿਕਾਸ ਦਰ 7.1 ਫੀਸਦੀ ਤੇ 7.3 ਫੀਸਦੀ ਦਰਜ ਕੀਤੀ ਗਈ ਸੀ। ਭਾਰਤੀ ਰਿਜ਼ਰਵ ਬੈਂਕ ਨੇ ਮੁਦਰਾ ਨੀਤੀ ਸਮੀਖਿਆ ਦੌਰਾਨ ਰੈਪੋ ਦਰਾਂ 'ਚ ਕੋਈ ਬਦਲਾਅ ਨਹੀਂ ਕੀਤਾ ਅਤੇ ਇਹ 6.25 ਫੀਸਦੀ ਹੀ ਰੱਖੀਆਂ ਗਈਆਂ ਹਨ। ਆਰ.ਬੀ.ਆਈ. ਦੇ ਫੈਸਲੇ ਤੋਂ ਸੰਤੁਸ਼ਟ ਵਿੱਤ ਮੰਤਰਾਲੇ ਨੇ ਇਸ ਨੂੰ 'ਸਖਤ ਅਤੇ ਧੜੱਲੇਦਾਰ' ਫੈਸਲਾ ਕਰਾਰ ਦਿੰਦਿਆਂ ਕਿਹਾ ਹੈ ਕਿ ਅਸਥਿਰ ਆਲਮੀ ਮਾਹੌਲ 'ਚ ਵਿਦੇਸ਼ੀ ਨਿਵੇਸ਼ਕਾਰ ਭਾਵੇਂ ਆਪਣਾ ਪੈਸਾ ਕਢਵਾਉਣ 'ਤੇ ਜ਼ੋਰ ਦੇਣਗੇ, ਪਰ ਇਹ ਲੋਕਾਂ ਦੀ ਆਸ ਉਮੀਦ ਮੁਤਾਬਕ ਹੈ। ਜ਼ਿਕਰਯੋਗ ਹੈ ਕਿ ਸ੍ਰੀ ਪਟੇਲ ਦੀ ਪਹਿਲੀ ਅਤੇ ਪਿਛਲੀ ਮੁਦਰਾ ਨੀਤੀ ਸਮੀਖਿਆ ਸਮੇਂ ਮੁਦਰਾ ਨੀਤੀ ਕਮੇਟੀ ਨੇ ਵਿਆਜ ਦਰਾਂ 'ਚ 0.25 ਫੀਸਦੀ ਦੀ ਕਟੌਤੀ ਕੀਤੀ ਸੀ। ਰਿਜ਼ਰਵ ਬੈਂਕ ਨੇ ਚੌਥੀ ਤਿਮਾਹੀ 'ਚ ਮਹਿੰਗਾਈ ਦਰ 5 ਫੀਸਦੀ ਰਹਿਣ ਦਾ ਅਨੁਮਾਨ ਜਤਾਇਆ ਹੈ। ਉਂਜ ਇਸ 'ਚ ਵਾਧੇ ਦਾ ਜੋਖਮ ਵੀ ਦੱਸਿਆ ਗਿਆ ਹੈ ਪਰ ਇਹ ਅਕਤੂਬਰ ਦੀ ਮੁਦਰਾ ਨੀਤੀ ਸਮੀਖਿਆ ਤੋਂ ਘੱਟ ਰਹੇਗੀ।

## ਡਾ. ਮਨਮੋਹਨ ਸਿੰਘ ਨੇ ਖੋਲ੍ਹੀ ਨੋਟਬੰਦੀ ਦੀ ਪੋਲ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਲਾਗੂ ਕੀਤੀ ਨੋਟਬੰਦੀ ਦੀ ਸਾਬਕਾ ਪ੍ਰਧਾਨ ਮੰਤਰੀ ਤੇ ਉਘੇ ਅਰਥ ਸ਼ਾਸਤਰੀ ਮਨਮੋਹਨ ਸਿੰਘ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। 'ਦ ਹਿੰਦੂ' ਅਖਬਾਰ ਵਿਚ ਲਿਖੇ ਆਪਣੇ ਲੇਖ ਵਿਚ ਮੰਤਰੀ ਮਨਮੋਹਨ ਸਿੰਘ ਨੇ ਆਖਿਆ ਕਿ ਮੋਦੀ ਦੀ ਨੋਟਬੰਦੀ ਕਾਰਨ ਆਉਣ ਵਾਲੇ ਦਿਨਾਂ ਵਿਚ ਦੇਸ਼ ਦੇ ਆਮ ਲੋਕਾਂ ਨੂੰ ਹੋਰ ਜ਼ਿਆਦਾ ਦਿੱਕਤਾਂ ਦਾ ਸਾਹਮਣਾ ਕਰਨ ਪਵੇਗਾ। ਉਨ੍ਹਾਂ ਆਖਿਆ ਕਿ ਮੋਦੀ ਨੇ ਪ੍ਰਧਾਨ ਮੰਤਰੀ ਦੇ ਮੌਲਿਕ ਅਧਿਕਾਰਾਂ ਦੀ ਦੁਰਵਰਤੋਂ ਕਰਦਿਆਂ ਇਕ ਅਰਬ ਭਾਰਤੀਆਂ ਨਾਲ ਵਿਸ਼ਵਾਸਘਾਤ ਕੀਤਾ ਹੈ। ਨੋਟਬੰਦੀ ਕਾਰਨ ਭਵਿੱਖ ਵਿਚ ਜੀ.ਡੀ.ਪੀ. ਤੇ ਨੌਕਰੀਆਂ ਉਤੇ ਕਾਫੀ ਬੁਰਾ ਪ੍ਰਭਾਵ ਪਵੇਗਾ। ਆਉਣ ਵਾਲੇ ਦਿਨਾਂ ਵਿਚ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਆਖਿਆ ਕਿ ਨੋਟਬੰਦੀ ਕਾਰਨ ਇਮਾਨਦਾਰ ਹਿੰਦੁਸਤਾਨੀਆਂ ਨੂੰ ਭਾਰੀ ਨੁਕਸਾਨ ਹੋਵੇਗਾ ਜਦੋਂਕਿ ਬੇਈਮਾਨ ਤੇ ਕਾਲਾ ਧੰਨ ਜਮ੍ਹਾਂ ਕਰਨ ਵਾਲੇ ਇਸ ਦੇ ਬਾਵਜੂਦ ਬਚ ਨਿਕਲਣਗੇ।



ਡਾ. ਮਨਮੋਹਨ ਸਿੰਘ ਅਨੁਸਾਰ ਜ਼ਿਆਦਾਤਰ ਭਾਰਤੀਆਂ ਦੀ ਇਮਾਨਦਾਰੀ ਦੀ ਕਮਾਈ ਨੂੰ ਪਹਿਲਾਂ ਰਾਤੋ-ਰਾਤ ਖਤਮ ਕਰ ਦਿੱਤਾ ਤੇ ਫਿਰ ਉਨ੍ਹਾਂ ਨੂੰ ਕੈਸ਼ ਲਈ ਬੈਂਕਾਂ ਦੀ ਲਾਈਨ ਵਿਚ ਖੜ੍ਹਾ ਕਰ ਦਿੱਤਾ। ਉਨ੍ਹਾਂ ਨਾਲ ਹੀ ਪ੍ਰਧਾਨ ਮੰਤਰੀ ਦੀ ਉਸ ਸੋਚ ਨੂੰ ਗਲਤ ਕਰਾਰ ਦਿੱਤਾ ਕਿ ਸਾਰੀ ਨਕਦੀ ਕਾਲਾ ਧਨ ਹੈ ਤੇ ਕਾਲਾ ਧਨ ਨਕਦੀ ਦੇ ਰੂਪ ਵਿਚ ਹੀ ਹੋ ਸਕਦਾ ਹੈ। ਡਾਕਟਰ ਮਨਮੋਹਨ ਸਿੰਘ ਅਨੁਸਾਰ 90 ਫੀਸਦੀ ਤੋਂ ਜ਼ਿਆਦਾ ਭਾਰਤੀ ਕਾਮਿਆਂ ਨੂੰ ਅੱਜ ਵੀ ਤਨਖਾਹ ਨਕਦੀ ਦੇ ਰੂਪ ਵਿਚ ਮਿਲਦੀ ਹੈ। ਉਨ੍ਹਾਂ ਆਖਿਆ ਕਿ ਇਸ ਨੂੰ ਕਾਲਾ ਧਨ ਦੇ ਨਾਮ ਨਾਲ ਬਦਨਾਮ ਕਰਨਾ ਤੇ ਕਰੋੜਾਂ ਭਾਰਤੀਆਂ ਦੀ ਜ਼ਿੰਦਗੀ ਨੂੰ ਬੁਰੇ ਦੌਰ ਵਿਚ ਧੱਕ ਦੇਣਾ ਵਿਸ਼ਾਲ ਤ੍ਰਾਸਦੀ ਹੈ।

## ਪ੍ਰੇਰਨਾਮਈ ਲੋਕਾਂ ਦੀ ਸੂਚੀ 'ਚ ਇੰਜ ਚਮਕਿਆ ਏਂਜਾ ਦਾ ਨਾਂ



**ਬਰਲਿਨ :** ਡੈਨਮਾਰਕ ਦੀ ਰਹਿਣ ਵਾਲੀ ਸੋਸ਼ਲ ਵਰਕਰ ਏਂਜਾ ਰਿੰਗ੍ਰੀਨ ਲੋਵੇਨ ਨੇ ਬਰਾਕ ਓਬਾਮਾ, ਪੋਪ ਫਰਾਂਸਿਸ, ਦਲਾਈ ਲਾਮਾ ਵਰਗੀਆਂ ਹਸਤੀਆਂ ਨੂੰ ਪਿੱਛੇ ਕਰਦਿਆਂ ਦੁਨੀਆਂ ਦੇ ਪ੍ਰੇਰਨਾਦਾਇਕ ਲੋਕਾਂ ਦੀ ਸੂਚੀ ਵਿਚ ਪਹਿਲਾ ਸਥਾਨ ਹਾਸਲ ਕਰ ਲਿਆ ਹੈ। ਇਹ ਸੂਚੀ ਜਰਮਨ ਭਾਸ਼ਾ ਦੇ ਪ੍ਰਸਿੱਧ ਮੈਗਜ਼ੀਨ ਓਮ ਨੇ ਜਾਰੀ ਕੀਤੀ ਹੈ।

ਏਂਜਾ ਰਿੰਗ੍ਰੀਨ ਨੇ ਸਾਲ ਦੇ ਸ਼ੁਰੂ ਵਿਚ ਦੋ ਸਾਲ ਦੇ ਨਾਈਜੀਰੀਆਈ ਬੱਚੇ ਨੂੰ ਗੋਦ ਲਿਆ ਸੀ। ਇਸ ਬੱਚੇ ਨੂੰ ਪਾਣੀ ਪਿਲਾਉਂਦਿਆਂ ਉਨ੍ਹਾਂ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਦੁਨੀਆਂ ਵਿਚ ਕਾਫੀ ਵਾਇਰਲ ਹੋਈ ਸੀ। ਏਂਜਾ ਨੇ ਬੱਚੇ 'ਹੋਪ' ਨੂੰ ਗੋਦ ਲੈ ਕੇ ਉਸ ਦੀ ਦੇਖਭਾਲ ਕੀਤੀ, ਜਿਸ ਤੋਂ ਬਾਅਦ ਉਸ ਦੀ ਹਾਲਤ 'ਚ ਸੁਧਾਰ ਆਇਆ ਸੀ। ਹੋਪ ਦੀ ਹਾਲਤ ਉਤੇ ਗੱਲ ਕਰਦਿਆਂ ਏਂਜਾ ਨੇ ਕਿਹਾ ਸੀ ਮੈਂ 20 ਮਹੀਨੇ ਪਹਿਲਾਂ ਹੀ ਮਾਂ ਬਣੀ ਸੀ। ਮੈਂ ਬੱਚੇ ਦੀ ਕਦਰ ਕਰਨਾ ਜਾਣਦੀ ਹਾਂ, ਇਸ ਲਈ ਹੋਪ ਨੂੰ ਦੇਖਦਿਆਂ ਹੀ ਉਸ ਨੂੰ ਗੋਦ ਲੈਣ ਦਾ ਫੈਸਲਾ ਕੀਤਾ। ਉਥੇ ਹੀ, ਓਮ ਮੈਗਜ਼ੀਨ ਦੇ ਮੁੱਖ ਸੰਪਾਦਕ ਜੌਰਜ ਕਿੰਡਲ ਨੇ ਦੱਸਿਆ ਕਿ ਏਂਜਾ, ਹੋਪ ਨੂੰ ਬਚਾ ਕੇ ਲੱਖਾਂ ਲੋਕਾਂ ਲਈ ਪ੍ਰੇਰਨਾਸਰੋਤ ਬਣੀ ਹੈ।

ਜ਼ਿਕਰਯੋਗ ਹੈ ਕਿ ਇਸ ਸੂਚੀ 'ਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੂਜੇ ਨੰਬਰ ਉਤੇ ਰਹੇ ਹਨ। ਜਿਊਰੀ ਦਾ ਕਹਿਣਾ ਹੈ ਕਿ ਬਰਾਕ ਓਬਾਮਾ ਦਾ ਕਾਰਜਕਾਲ ਬਤੌਰ ਅਮਰੀਕੀ ਰਾਸ਼ਟਰਪਤੀ ਸ਼ਾਨਦਾਰ ਰਿਹਾ। ਉਹ ਸ਼ਾਂਤੀ, ਸਹਿਣਸ਼ੀਲਤਾ ਤੇ ਸੁਤੰਤਰਤਾ ਲਈ ਜਾਣੇ ਜਾਣਗੇ। ਅਸੀਂ ਸਾਰੇ ਉਨ੍ਹਾਂ ਦੀ ਕਮੀ ਮਹਿਸੂਸ ਕਰਾਂਗੇ। ਮੈਗਜ਼ੀਨ ਨੇ ਪ੍ਰੇਰਨਾਸਰੋਤ ਲੋਕਾਂ ਦੀ ਸੂਚੀ 'ਚ ਅਭਿਨੇਤਰੀ ਚਾਰਲੀਜ਼ ਥੇਰੋਨ ਨੂੰ ਤੀਜੇ ਨੰਬਰ ਉਤੇ ਰੱਖਿਆ ਹੈ। ਉਥੇ ਹੀ ਪੋਪ ਫਰਾਂਸਿਸ ਨੂੰ ਇਸ ਸੂਚੀ ਵਿਚ ਚੌਥੀ ਥਾਂ ਮਿਲੀ ਹੈ।

## ਕਿੰਨਰ ਮਾਡਲਾਂ ਵੱਲੋਂ ਸੌੜੀ ਸੋਚ ਨੂੰ ਬਦਲਣ ਲਈ ਅਨੋਖੀ ਪਹਿਲ

**ਇਸਲਾਮਾਬਾਦ:** ਸੋਸ਼ਲ ਮੀਡੀਆ ਸਾਡੇ ਲਈ ਇਕ ਆਸਾਨ ਜਰੀਆ ਬਣ ਚੁੱਕਾ ਹੈ। ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਆਦਿ ਸੋਸ਼ਲ ਮੀਡੀਆ ਨੇ ਸਾਨੂੰ ਇਕ-ਦੂਜੇ ਦੇ ਬਹੁਤ ਨੇੜੇ ਲੈ ਆਂਦਾ ਹੈ। ਸੋਸ਼ਲ ਮੀਡੀਆ ਜ਼ਰੀਏ ਅਸੀਂ ਆਪਣੇ ਦੋਸਤਾਂ-ਮਿੱਤਰਾਂ ਨੂੰ ਤਸਵੀਰਾਂ ਭੇਜਦੇ ਹਾਂ ਅਤੇ ਪੋਸਟ ਵੀ ਕਰਦੇ ਹਾਂ।

21ਵੀਂ ਸਦੀ ਚੱਲ ਰਹੀ ਹੈ, ਪਰ ਜਦੋਂ ਵੀ ਕਿੰਨਰਾਂ ਦੇ ਮਾਮਲੇ ਸਾਡੇ ਸਾਹਮਣੇ ਆਉਂਦੇ ਹਨ ਤਾਂ ਅਸੀਂ ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਬਚਦੇ ਹਾਂ। ਅਸੀਂ ਅਜਿਹੇ ਮਾਮਲਿਆਂ ਨੂੰ ਉਥੇ ਹੀ ਛੱਡ ਦੇਣਾ ਚਾਹੁੰਦੇ ਹਾਂ ਜਾਂ ਉਨ੍ਹਾਂ 'ਤੇ ਗੱਲ ਕਰਨ ਵਿਚ ਵੀ ਸ਼ਰਮ ਮਹਿਸੂਸ ਹੁੰਦੀ ਹੈ। ਅਸੀਂ ਇਥੇ ਗੱਲ ਕਰ ਰਹੇ ਹਾਂ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ਦੀ। ਜਿਥੇ ਕਿੰਨਰਾਂ ਦੀ ਹਾਲਤ ਬਹੁਤ ਮਾੜੀ ਹੈ। ਉਨ੍ਹਾਂ ਨਾਲ ਕਾਫੀ ਗਲਤ ਵਿਵਹਾਰ ਕੀਤਾ ਜਾਂਦਾ ਹੈ, ਪਰ ਇਨ੍ਹਾਂ ਦੀ ਕਹਾਣੀ ਇਥੇ ਖਤਮ ਨਹੀਂ ਹੁੰਦੀ।

ਲੈਸਬੀਅਨ, ਗੇਅ, ਬਾਏਸੈਕਸੁਅਲ, ਟਰਾਂਸਜੈਂਡਰ (ਐਲ.ਜੀ.ਬੀ.ਟੀ.) ਵਰਕਰ ਕਾਮੀ ਸਿਡ ਪਾਕਿਸਤਾਨੀ ਦੀ ਪਹਿਲੀ ਟਰਾਂਸਜੈਂਡਰ ਮਾਡਲ ਹੈ। ਕਾਮੀ ਟਰਾਂਸਜੈਂਡਰ ਦੇ ਹੱਕ ਲਈ ਆਪਣੀ ਆਵਾਜ਼ ਚੁੱਕਦੀ ਰਹਿੰਦੀ ਹੈ। ਉਨ੍ਹਾਂ ਨੇ ਕਈ ਇੰਟਰਵਿਊ ਵੀ ਦਿੱਤੇ ਹਨ। ਹਾਲ ਹੀ 'ਚ ਉਸ ਨੇ ਆਪਣਾ ਫੋਟੋ ਕਰਵਾਇਆ ਹੈ, ਜਿਸ ਨੂੰ ਲੋਕਾਂ ਵੱਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਕਾਮੀ ਮੁਤਾਬਕ ਇਹ ਫੋਟੋ ਪਾਕਿਸਤਾਨੀਆਂ ਅੰਦਰ ਟਰਾਂਸਜੈਂਡਰ ਵਰਗ ਦੇ ਲੋਕਾਂ ਪ੍ਰਤੀ ਸੋਚ ਬਦਲਣ ਦਾ ਕੰਮ ਕਰੇਗਾ। ਆਪਣੀਆਂ ਤਸਵੀਰਾਂ ਨੂੰ ਉਸ ਨੇ ਇੰਸਟਾਗ੍ਰਾਮ 'ਤੇ ਪੋਸਟ ਕੀਤਾ ਹੈ। ਇਸ ਫੋਟੋ ਸ਼ੂਟ ਕਰਾਉਣ ਦਾ ਉਸ ਦਾ ਮਕਸਦ ਸਿਰਫ ਸਮਾਜ ਦੀ ਸੌੜੀ ਸੋਚ ਨੂੰ ਬਦਲਣਾ ਹੈ, ਜੋ ਕਿ ਉਸ ਦੀ ਵੱਡੀ ਪਹਿਲ ਹੈ।



## ਇਨ੍ਹਾਂ ਕੁੜੀਆਂ ਨੇ ਖੇਡ-ਖੇਡ ਵਿਚ ਬਣਾ ਦਿੱਤਾ ਸੈਟੇਲਾਈਟ



**ਕੇਪਟਾਊਨ:** ਦੱਖਣੀ ਅਫਰੀਕਾ ਵਿਚ 16 ਅਤੇ 17 ਸਾਲ ਦੀਆਂ ਦੋ ਕੁੜੀਆਂ ਨੇ ਪੂਰੀ ਦੁਨੀਆਂ ਵਿਚ ਧਮਾਲ ਮਚਾ ਦਿੱਤੀ ਹੈ। ਇਨ੍ਹਾਂ ਦੋ ਕੁੜੀਆਂ ਨੇ ਅਫਰੀਕਾ ਦਾ ਪਹਿਲਾ ਨਿੱਜੀ ਸੈਟੇਲਾਈਟ ਬਣਾ ਲਿਆ ਹੈ ਤੇ ਉਨ੍ਹਾਂ ਦਾ ਸੁਪਨਾ ਹੈ ਕਿ ਉਨ੍ਹਾਂ ਦਾ ਬਣਾਇਆ ਇਹ ਸੈਟੇਲਾਈਟ ਪੁਲਾੜ ਵਿਚ ਪਹੁੰਚੇ ਅਤੇ ਦੇਸ਼ ਦੇ ਬਾਰੇ ਵਿਚ ਜਾਣਕਾਰੀ ਇਕੱਠੀ ਕਰੇ। ਇਹ ਸੈਟੇਲਾਈਟ ਉਪ ਮਹਾਂਦੀਪ ਵਿਚ ਖੇਤੀਬਾੜੀ ਤੇ ਫੂਡ ਸਕਿਓਰਿਟੀ (ਭੋਜਨ ਪਦਾਰਥਾਂ ਦੀ ਸਾਂਭ-ਸੰਭਾਲ) ਦੀਆਂ ਸੂਚਨਾਵਾਂ ਇਕੱਠੀਆਂ ਕਰੇਗਾ। ਸੈਟੇਲਾਈਟ ਬਣਾਉਣ ਵਾਲੀਆਂ 17 ਸਾਲਾ ਬ੍ਰਿਟਨੀ ਬੁਲ ਅਤੇ 16 ਸਾਲਾ ਸੀਸਮ ਗੇਨਿਕਵਸਾ ਦੋਵੇਂ ਦੱਖਣੀ ਅਫਰੀਕਾ ਦੇ ਕੇਪਟਾਊਨ ਸ਼ਹਿਰ ਦੇ ਇਕ ਸਕੂਲ ਵਿਚ ਪੜ੍ਹਦੀਆਂ ਹਨ।

ਉਨ੍ਹਾਂ ਨੇ ਇਸ ਸੈਟੇਲਾਈਟ ਲਈ ਪੇਲੋਡ ਵੀ ਬਣਾਇਆ ਹੈ। ਇਸ ਨੂੰ ਬਣਾਉਣ ਵਾਲੀਆਂ ਵਿਦਿਆਰਥਣਾਂ ਦਾ ਇਹ ਕਹਿਣਾ ਹੈ ਕਿ ਇਸ ਨਾਲ ਅਫਰੀਕਾ ਦੇ ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਨਾਲ ਨਜਿੱਠਣ ਦੀ ਤਿਆਰੀ ਕੀਤੀ ਜਾ ਸਕੇਗੀ। ਬੁਲ ਅਤੇ ਸੀਸਮ ਦਾ ਕਹਿਣਾ ਹੈ ਕਿ ਇਸ ਸੈਟੇਲਾਈਟ ਤੋਂ ਇਹ ਪਤਾ ਲਾਉਣਾ ਸੌਖਾ ਹੋ ਜਾਵੇਗਾ ਕਿ ਕਿਨ੍ਹਾਂ ਸਥਾਨਾਂ ਉਤੇ ਖੇਤੀ ਕੀਤੀ ਜਾ ਸਕਦੀ ਹੈ ਤੇ ਕਿਥੇ ਵਧੇਰੇ ਤੋਂ ਵਧੇਰੇ ਰੁੱਖ ਲਾਏ ਜਾ ਸਕਦੇ ਹਨ। ਇਸ ਨਾਲ ਮੌਸਮ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਜਾ ਸਕੇਗੀ, ਜਿਸ ਨਾਲ ਆਫਤ ਨਾਲ ਨਜਿੱਠਣ ਦੀ ਅਗੇਤੀ ਤਿਆਰੀ ਕੀਤੀ ਜਾ ਸਕੇਗੀ। ਦੋਵਾਂ ਕੁੜੀਆਂ ਨੇ ਇਸ ਸੈਟੇਲਾਈਟ ਨੂੰ ਇਕ ਵਿਸ਼ੇਸ਼ ਪ੍ਰਾਜੈਕਟ ਅਧੀਨ ਬਣਾਇਆ ਹੈ, ਜਿਸ ਲਈ ਦੱਖਣੀ ਅਫਰੀਕਾ ਮੇਟਾ ਇਕਨਾਮਿਕਸ ਡਵੈਲਪਮੈਂਟ ਆਰਗੇਨਾਈਜੇਸ਼ਨ ਤੇ ਅਮਰੀਕਾ ਦੀ ਮੋਰਹੇਡ ਸਟੇਟ ਯੂਨੀਵਰਸਿਟੀ ਨੇ ਮਿਲ ਕੇ ਕੰਮ ਕੀਤਾ ਹੈ। ਇਸ ਪ੍ਰਾਜੈਕਟ ਲਈ 14 ਸਕੂਲੀ ਵਿਦਿਆਰਥਣਾਂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਨੂੰ ਸੈਟੇਲਾਈਟ ਇੰਜੀਨੀਅਰਾਂ ਵੱਲੋਂ ਕੇਪ ਪੇਨਿਨਸੁਲਾ ਯੂਨੀਵਰਸਿਟੀ ਆਫ ਟੈਕਨਾਲੋਜੀ ਵਿਚ ਟਰੇਨਿੰਗ ਦਿੱਤੀ ਗਈ ਸੀ।

## ਭਾਈ ਅਵਤਾਰ ਸਿੰਘ ਨੇ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਹਿਬ ਵਿਖੇ ਸੇਵਾ ਸੰਭਾਲੀ



**ਫਰਿਜ਼ਨੋ (ਬਿਊਰੋ):** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਤੋਂ ਸੇਵਾ ਮੁਕਤ ਭਾਈ ਅਵਤਾਰ ਸਿੰਘ ਨੇ ਆਪਣੇ ਸਾਥੀਆਂ-ਭਾਈ ਰਣਜੀਤ ਸਿੰਘ ਤੇ ਵਰਿੰਦਰ ਸਿੰਘ ਲਾਂਗਰੀ ਅਤੇ ਹੋਰ ਸੱਜਣਾਂ ਸਮੇਤ ਸੰਗਤ ਦੀ ਬੇਨਤੀ ਪ੍ਰਵਾਨ ਕਰਦਿਆਂ ਸਥਾਨਕ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਲੰਘੇ ਐਤਵਾਰ ਜੈਕਾਰਿਆਂ ਦੀ ਗੂੰਜ ਵਿਚ ਸੇਵਾ ਸੰਭਾਲੀ।

ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਦੀਵਾਨ ਵੀ ਸਜਾਇਆ ਗਿਆ। ਗਿਆਨੀ ਗੁਰਮੇਲ ਸਿੰਘ ਦੀਵਾਨਾ ਦੇ ਢਾਡੀ ਜਥੇ ਨੇ ਗੁਰੂ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਵੀ ਕਰਵਾਇਆ। ਬਹੁਤ ਸਾਰੇ ਬੁਲਾਰਿਆਂ ਨੇ ਭਾਈ ਅਵਤਾਰ ਸਿੰਘ ਨੂੰ ਜੀ ਆਇਆਂ ਕਿਹਾ। ਭਾਈ ਅਵਤਾਰ ਸਿੰਘ ਨੇ ਸੰਗਤਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਉਹ ਸੰਗਤ ਦੀ ਭਾਵਨਾ ਨੂੰ ਮੁੱਖ ਰੱਖਦਿਆਂ ਸਮੂਹ ਪ੍ਰਬੰਧਕਾਂ ਦੇ ਸਹਿਯੋਗ ਨਾਲ ਤਨਦੇਹੀ ਨਾਲ ਸੇਵਾ ਨਿਭਾਉਣਗੇ।

ਇਸ ਮੌਕੇ ਗੁਰੂਘਰ ਦੇ ਪ੍ਰਬੰਧਕਾਂ ਨੇ ਸਿਰੋਪਾਓ ਦੇ ਕੇ ਭਾਈ ਅਵਤਾਰ ਸਿੰਘ ਅਤੇ ਸਾਥੀਆਂ ਨੂੰ ਜੀ ਆਇਆਂ ਕਿਹਾ। ਗੁਰੂ ਘਰ ਦਾ ਪਤਾ 4927 ਈਸਟ ਮਕੈਨਿਲੀ ਐਵੇਨਿਊ, ਫਰਿਜ਼ਨੋ ਹੈ।

## ਹਵਾਈ ਫੌਜ ਦਾ ਸਾਬਕਾ ਮੁਖੀ ਤਿਆਗੀ ਗ੍ਰਿਫਤਾਰ

**ਨਵੀਂ ਦਿੱਲੀ:** ਯੂ.ਪੀ.ਏ.-2 ਸਰਕਾਰ ਵੇਲੇ ਬਰਤਾਨੀਆ ਆਧਾਰਤ ਕੰਪਨੀ ਅਗਸਤਾਵੈਸਟਲੈਂਡ ਤੋਂ 12 ਵੀ.ਵੀ.ਆਈ.ਪੀ. ਹੈਲੀਕਾਪਟਰਾਂ ਦੀ ਖਰੀਦ ਸਬੰਧੀ 450 ਕਰੋੜ ਰੁਪਏ ਰਿਸ਼ਵਤ ਲੈਣ ਦੇ ਕੇਸ ਵਿਚ ਸੀ.ਬੀ.ਆਈ. ਨੇ ਹਵਾਈ ਫੌਜ ਦੇ ਸਾਬਕਾ ਮੁਖੀ ਐਸ. ਪੀ. ਤਿਆਗੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਸੂਤਰਾਂ ਅਨੁਸਾਰ ਉਸ ਦੇ ਰਿਸ਼ਤੇਦਾਰ ਸੰਜੀਵ ਅਤੇ ਇਕ ਵਕੀਲ ਨੂੰ ਵੀ ਸੀ.ਬੀ.ਆਈ. ਨੇ ਗ੍ਰਿਫਤਾਰ ਕੀਤਾ ਹੈ।

# 'ਆਪ' ਪੀੜਤਾਂ ਨੇ ਬਣਾਇਆ ਪੰਜਾਬ ਫਰੰਟ

**ਚੰਡੀਗੜ੍ਹ:** ਸੁੱਚਾ ਸਿੰਘ ਛੋਟੇਪੁਰ ਦੇ ਧੜੇ ਨੂੰ ਛੱਡ ਕੇ ਆਮ ਆਦਮੀ ਪਾਰਟੀ (ਆਪ) ਤੋਂ ਪੀੜਤ ਵੱਖ-ਵੱਖ ਧੜਿਆਂ ਨੇ ਹੱਥ ਮਿਲਾ ਕੇ 'ਪੰਜਾਬ ਫਰੰਟ' ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਫਰੰਟ ਦੇ ਸਮੂਹ ਧੜਿਆਂ ਵੱਲੋਂ 'ਆਪ' ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ 15 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨਾਲ ਹੀ ਹੋਰ ਉਮੀਦਵਾਰ ਐਲਾਨਣ ਦਾ ਵੀ ਸੰਕੇਤ ਦਿੱਤਾ ਹੈ।

ਡੈਮੋਕ੍ਰੇਟਿਕ ਸਵਰਾਜ ਪਾਰਟੀ ਦੇ ਪ੍ਰਧਾਨ ਪ੍ਰੋ. ਮਨਜੀਤ ਸਿੰਘ, ਵਾਲੰਟੀਅਰ ਫਰੰਟ ਦੇ ਮੁਖੀ ਸੁਮੀਤ ਭੁੱਲਰ, 'ਆਪ' ਛੱਡ ਚੁੱਕੇ ਬਾਗੀਆਂ ਦੇ ਗਰੁੱਪ ਦੇ ਪ੍ਰਤੀਨਿਧ ਡਾ. ਹਰਿੰਦਰ ਸਿੰਘ ਜ਼ੀਰਾ ਅਤੇ ਸਾਬਕਾ ਆਈ.ਏ.ਐਸ. ਅਧਿਕਾਰੀ ਕਰਮਜੀਤ ਸਿੰਘ ਸਰਾਂ ਆਦਿ ਦੀ ਮੌਜੂਦਗੀ ਵਿਚ ਡਾਕਟਰ ਗਾਂਧੀ ਨੇ 'ਪੰਜਾਬ ਫਰੰਟ' ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਹ ਚਿਹਰਿਆਂ ਦੇ ਆਧਾਰ 'ਤੇ ਨਹੀਂ, ਸਗੋਂ ਮੁੱਦਿਆਂ ਦੇ ਆਧਾਰ 'ਤੇ ਸਿਆਸਤ ਕਰ ਕੇ ਪੰਜਾਬ ਨੂੰ 21ਵੀਂ ਸਦੀ ਦੇ ਹਾਣ ਦਾ ਬਣਾਉਣ ਦਾ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਸੁੱਚਾ ਸਿੰਘ ਛੋਟੇਪੁਰ ਨੂੰ ਛੱਡ ਕੇ 'ਆਪ' ਦੀਆਂ ਬਾਕੀ ਸਾਰੀਆਂ ਪੀੜਤ ਧਿਰਾਂ 'ਪੰਜਾਬ ਫਰੰਟ' ਵਿਚ ਸ਼ਾਮਲ ਹੋ ਗਈਆਂ ਹਨ। ਜੇ ਛੋਟੇਪੁਰ ਚਾਹੁਣ ਤਾਂ ਸਿਧਾਂਤਾਂ ਦੇ ਆਧਾਰ 'ਤੇ 'ਆਪਣਾ ਪੰਜਾਬ' ਪਾਰਟੀ ਨਾਲ ਸਾਂਝ ਪਾਈ ਜਾ ਸਕਦੀ ਹੈ।

ਪ੍ਰੈਸ ਕਾਨਫਰੰਸ ਦੌਰਾਨ ਸਮੁੱਚੇ ਪ੍ਰੋਗਰਾਮ ਦੀ ਅਗਵਾਈ ਭਾਵੇਂ ਡਾ. ਗਾਂਧੀ ਕਰ ਰਹੇ ਸਨ ਪਰ ਉਨ੍ਹਾਂ ਕਿਹਾ ਕਿ ਉਹ ਪੰਜਾਬ ਫਰੰਟ ਦਾ ਹਿੱਸਾ ਨਹੀਂ ਹਨ, ਕਿਉਂਕਿ ਅੱਜ ਵੀ ਉਹ 'ਆਪ' ਦੇ ਮੈਂਬਰ ਹਨ। ਉਨ੍ਹਾਂ ਮੁੜ ਸਪਸ਼ਟ ਕੀਤਾ ਕਿ ਉਹ ਸੰਸਦ ਮੈਂਬਰ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਆਪਣੇ ਵੋਟਰਾਂ ਕੋਲੋਂ ਭਗੌੜੇ ਨਹੀਂ ਹੋਣਗੇ। ਉਹ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਫਰੰਟ 11 ਮੈਂਬਰੀ ਸਟੀਅਰਿੰਗ ਕਮੇਟੀ ਦੇ ਆਧਾਰ 'ਤੇ ਕੰਮ ਕਰੇਗਾ।

ਪੰਜਾਬ ਫਰੰਟ ਵੱਲੋਂ ਐਲਾਨੇ 15 ਉਮੀਦਵਾਰਾਂ ਵਿਚੋਂ ਅਜਨਾਲਾ ਤੋਂ ਗੁਰਿੰਦਰ ਸਿੰਘ ਜੌਹਲ, ਅਮਰਗੜ੍ਹ ਤੋਂ ਗੁਰਦਰਸ਼ਨ ਸਿੰਘ, ਅੰਮ੍ਰਿਤਸਰ ਦੱਖਣ ਤੋਂ ਪ੍ਰਿੰਸੀਪਲ ਸੂਬਾ ਸਿੰਘ, ਅੰਮ੍ਰਿਤਸਰ ਪੱਛਮ ਤੋਂ ਬਲਵਿੰਦਰ ਫੌਜੀ, ਅਟਾਰੀ ਤੋਂ ਜਗਤਾਰ ਸਿੰਘ ਗਿੱਲ, ਚੱਬੇਵਾਲ ਤੋਂ ਮਨਿੰਦਰ ਸਿੰਘ, ਲਹਿਰਾਗਾਗਾ ਤੋਂ ਮਾਸਟਰ ਰਾਜ ਕੁਮਾਰ ਅਲੀਸ਼ੇਰ, ਲੁਧਿਆਣਾ ਕੇਂਦਰੀ ਤੋਂ ਰਾਜੀਵ ਅਰੋੜਾ, ਲੁਧਿਆਣਾ ਦੱਖਣ ਤੋਂ ਕੁੰਵਰ ਰੰਜਨ, ਲੁਧਿਆਣਾ ਪੱਛਮੀ ਤੋਂ ਪ੍ਰੋਫੈਸਰ ਸੰਤੋਸ਼ ਸਿੰਘ ਔਜਲਾ, ਮਜੀਠਾ ਤੋਂ ਬਿਕਰਮਜੀਤ ਸਿੰਘ ਫਤਿਹਪੁਰ, ਨਾਭਾ ਤੋਂ ਪਰਮਜੀਤ ਸਿੰਘ, ਪਟਿਆਲਾ-2 ਤੋਂ ਪ੍ਰੋਫੈਸਰ ਮੋਹਨਜੀਤ ਕੌਰ ਟਿਵਾਣਾ, ਪਾਇਲ ਤੋਂ ਐਡਵੋਕੇਟ ਇੰਦਰਜੀਤ ਸਿੰਘ ਅਤੇ ਰੋਪੜ ਵਿਧਾਨ ਸਭਾ ਹਲਕੇ ਤੋਂ ਜੋਰਾਵਰ ਸਿੰਘ ਭਾਓਵਾਲ ਸ਼ਾਮਲ ਹਨ।

## ਯਾਮਿਨੀ ਗੋਮਰ ਦਾ 'ਆਪ' ਤੋਂ ਅਸਤੀਫਾ

**ਜਲੰਧਰ:** ਆਮ ਆਦਮੀ ਪਾਰਟੀ (ਆਪ) ਦੀ ਕੌਮੀ ਕਾਰਜਕਾਰਨੀ ਕਮੇਟੀ ਦੀ ਮੈਂਬਰ ਯਾਮਿਨੀ ਗੋਮਰ ਨੇ ਸਾਰੇ ਅਹੁਦਿਆਂ ਸਮੇਤ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਭੇਜੇ ਆਪਣੇ ਅਸਤੀਫ਼ੇ ਵਿਚ ਦੋਸ਼ ਲਾਇਆ ਕਿ ਪਾਰਟੀ ਆਪਣੇ ਸਿਧਾਂਤਾਂ ਤੋਂ ਥਿੜਕ ਗਈ ਹੈ ਤੇ ਹੁਣ ਇਸ 'ਚ ਅਪਰਾਧੀਆਂ, ਭ੍ਰਿਸ਼ਟਾਚਾਰੀਆਂ ਤੇ ਚਰਿੱਤਰਹੀਣ ਲੋਕਾਂ ਦਾ ਬੋਲਾ ਬਾਲਾ ਹੈ। ਉਨ੍ਹਾਂ ਕਿਹਾ ਕਿ ਉਹ ਪਾਰਟੀ ਦੇ ਉਨ੍ਹਾਂ ਵਾਲੰਟੀਅਰਾਂ ਵਿਚ ਸ਼ਾਮਲ ਸੀ ਜਿਨ੍ਹਾਂ ਨੇ ਪੰਜਾਬ ਵਿਚ ਪਾਰਟੀ ਨੂੰ ਖੜ੍ਹਾ ਕੀਤਾ, ਪਰ ਪਾਰਟੀ ਵੱਲੋਂ ਪੰਜਾਬ ਦੇ ਨੌਜਵਾਨਾਂ ਦੇ ਸੁਪਨਿਆਂ ਨੂੰ ਵੇਚਿਆ ਜਾ ਰਿਹਾ ਹੈ। ਯਾਦ ਰਹੇ, ਯਾਮਿਨੀ ਨੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਹੁਸ਼ਿਆਰਪੁਰ ਤੋਂ ਚੋਣ ਲੜੀ ਸੀ ਅਤੇ 2 ਲੱਖ 13 ਹਜ਼ਾਰ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ। ਉਨ੍ਹਾਂ ਨੇ 'ਆਪ' ਦੀ ਕੌਮੀ ਕਾਰਜਕਾਰਨੀ ਕਮੇਟੀ, ਚੋਣ ਮੁਹਿੰਮ ਕਮੇਟੀ, ਸੂਬਾਈ ਕਾਰਜਕਾਰਨੀ ਕਮੇਟੀ, ਪਾਰਟੀ ਦੀ ਅਧਿਕਾਰਤ ਤਰਜਮਾਨ ਤੇ ਇੰਚਾਰਜ ਵਾਲੰਟੀਅਰਜ਼ ਟ੍ਰੇਨਿੰਗ ਦੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪਾਰਟੀ ਦੀ ਕੌਮੀ ਕਾਰਜਕਾਰਨੀ ਕਮੇਟੀ ਵਿਚ 'ਆਪ' ਦੇ ਦੋ ਸੰਸਦ ਮੈਂਬਰਾਂ ਨੂੰ ਛੱਡ ਕੇ ਪੰਜਾਬ ਵਿਚੋਂ ਤਿੰਨ ਜਣੇ ਹੀ ਮੈਂਬਰ ਸਨ ਜਿਸ ਵਿਚ ਯਾਮਿਨੀ ਗੋਮਰ, ਹਰਜੋਤ ਸਿੰਘ ਬੈਂਸ ਤੇ ਬਲਜਿੰਦਰ ਕੌਰ ਸ਼ਾਮਲ ਸਨ।

ਯਾਮਿਨੀ ਨੇ ਸੰਜੈ ਸਿੰਘ ਤੇ ਦੁਰਗੇਸ਼ ਪਾਠਕ ਨੂੰ ਤਿਕੜਮਬਾਜ਼ ਗਰਦਾਨਦਿਆਂ ਕਿਹਾ ਕਿ ਪਾਰਟੀ ਵਿਚ ਲੋਕਤੰਤਰ ਨਹੀਂ। ਜੋ ਵੀ ਫ਼ੈਸਲੇ ਕਰਨੇ ਹੁੰਦੇ ਹਨ, ਉਹ ਇਹ ਦੋਵੇਂ ਆਗੂ ਹੀ ਕਰਦੇ ਹਨ ਜਿਨ੍ਹਾਂ ਵਿਚ ਕੇਜਰੀਵਾਲ ਦੀ ਪੂਰੀ ਸਹਿਮਤੀ ਹੁੰਦੀ ਹੈ। ਪਾਰਟੀ ਨੂੰ ਪ੍ਰਾਈਵੇਟ ਕੰਪਨੀ ਵਾਂਗ ਚਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਦੇ ਵਿਧਾਨ ਸਭਾ ਹਲਕਿਆਂ 'ਚ ਉਨ੍ਹਾਂ ਆਗੂਆਂ ਨੂੰ ਟਿਕਟਾਂ ਦਿੱਤੀਆਂ ਹਨ ਜਿਨ੍ਹਾਂ ਨੂੰ ਟਿਕਟਾਂ ਨਾ ਦੇਣ ਦੀ ਸਿਫ਼ਾਰਸ਼ ਕੀਤੀ ਗਈ ਸੀ। ਜ਼ਿਲ੍ਹਾ ਗੁਰਦਾਸਪੁਰ ਦੇ ਯੂਥ ਪ੍ਰਧਾਨ ਬਲਜੀਤ ਸਿੰਘ ਅਤੇ ਸੀਨੀਅਰ ਆਗੂ ਐਲ.ਆਰ. ਨਈਅਰ ਨੇ ਵੀ ਆਪਣੇ ਅਸਤੀਫ਼ੇ ਕੇਜਰੀਵਾਲ ਨੂੰ ਭੇਜ ਦਿੱਤੇ ਹਨ।

**Matrimonial**

**ਵਰ ਦੀ ਲੋੜ ਹੈ**

Wanted suitable well educated match for U.S. Citizen Jatt Sikh girl 26, 5'-5" Bachelor of Science. Contact: 601-842-4839 or email: mrandhawa9@gmail.com 48-51

**ਕੰਨਿਆ ਦੀ ਲੋੜ ਹੈ**

Wanted suitable girl for Hindu Khatri fair, smart & handsome boy 29, 5'-7". Engineer by profession, Owns IT business in India and US. Caste no bar. Call 209-535-7117 or Email: om.munishsehgal@gmail.com 48-51

Well settled, financially independent, Jat Sikh Family of business owners and doctors living in the USA for past 50yrs seeking a suitable match for their son 27, 6'-3", completing his 2nd year of medical residency training. Charming, athletic with down to earth values and fully aware of both Punjabi and English cultures. Western born match Preferred. Cont. balkar76@gmail.com 47-50

**ਜੀਵਨ ਸਾਥੀ ਦੀ ਲੋੜ**

Wanted traditional, simple & sincere girl for a boy in late 40s, 5'- 6" teaching professional, having legal US status. Caste no bar. Radhasoamie, Fijian, Divorcee/Widow can be considered. Only serious inquiries. Email details & photo: commoncartoon@gmail.com or call Ph: 323-351-5737 47-50

**ਪੰਜਾਬ ਟਾਈਮਜ਼ ਵਿਚ ਵਿਆਹ ਸਬੰਧੀ ਇਸ਼ਤਿਹਾਰ**

ਪੰਜਾਬ ਟਾਈਮਜ਼ ਅਮਰੀਕਾ ਵਿਚ ਇਕੋ ਇਕ ਪੰਜਾਬੀ ਹਫਤਾਵਾਰੀ ਅਖਬਾਰ ਹੈ ਜਿਸ ਦੇ ਤਿੰਨ ਐਡੀਸ਼ਨ ਹਨ, ਈਸਟ ਕੋਸਟ ਲਈ ਨਿਊ ਯਾਰਕ ਐਡੀਸ਼ਨ, ਵੈਸਟ ਕੋਸਟ ਲਈ ਕੈਲੀਫੋਰਨੀਆ ਐਡੀਸ਼ਨ ਅਤੇ ਮਿਡਵੈਸਟ ਲਈ ਸ਼ਿਕਾਗੋ ਐਡੀਸ਼ਨ। ਇਸੇ ਕਰਕੇ ਪੰਜਾਬ ਟਾਈਮਜ਼ ਦੀ ਛਪਣ ਗਿਣਤੀ ਵੀ ਸਭ ਤੋ ਵੱਧ ਹੈ। ਵੈਬਸਾਈਟ ਰਾਹੀਂ ਇਹ ਅਖਬਾਰ ਅਮਰੀਕਾ-ਕੈਨੇਡਾ ਤੋਂ ਇਲਾਵਾ ਇੰਡੀਆ ਸਮੇਤ ਵਿਸ਼ਵ ਦੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਵੀ ਪੜ੍ਹਿਆ ਜਾਂਦਾ ਹੈ। ਇਸੇ ਕਰਕੇ ਵਿਆਹ ਸਬੰਧੀ ਇਸ਼ਤਿਹਾਰਾਂ ਲਈ ਹੁੰਗਾਰਾ ਵੀ ਬਹੁਤ ਵਧੀਆ ਮਿਲਦਾ ਹੈ ਅਤੇ ਇਨ੍ਹਾਂ ਇਸ਼ਤਿਹਾਰਾਂ ਲਈ ਕੀਮਤ ਵੀ ਬਹੁਤ ਵਾਜ਼ਬ ਹੈ। ਵਿਆਹ ਸਬੰਧੀ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

ਫੋਨ: 847-359-0746

E-mail: punjabtimes1@gmail.com

**ਲੜਕੀ ਦੀ ਲੋੜ ਹੈ**

ਅਮਰੀਕਨ ਗਰੀਨ ਕਾਰਡ ਹੋਲਡਰ, ਤਲਾਕਸ਼ੁਦਾ, 41 ਸਾਲ, ਕੱਦ 5'-6" ਟਰੱਕ ਡਰਾਈਵਰ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਵਿਚ ਰਹਿੰਦੀ ਲੜਕੀ ਦੀ ਲੋੜ ਹੈ।

*ਸੰਪਰਕ ਕਰੋ (ਸ਼ਾਮ ਜਾਂ ਵੀਕਐਂਡ)*

ਫੋਨ: 951-616-8772

(50-1)

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਕਿਤੇ ਸਾਹਨੇਵਾਲ ਹਵਾਈ ਅੱਡੇ ਵਾਲਾ ਨਾ ਹੋਵੇ ਬਠਿੰਡੇ ਦਾ ਹਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬਠਿੰਡਾ-ਦਿੱਲੀ ਉਡਾਣ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਹ ਸੇਵਾ ਹਫਤੇ ਵਿਚ ਤਿੰਨ ਦਿਨ- ਬੁੱਧਵਾਰ, ਸ਼ੁੱਕਰਵਾਰ ਤੇ ਐਤਵਾਰ ਲਈ ਹੋਵੇਗੀ। ਕਿਰਾਇਆ 2499 ਰੁਪਏ ਹੋਵੇਗਾ। ਸੂਬਾ ਸਰਕਾਰ ਦਾ ਦਾਅਵਾ ਹੈ ਕਿ ਬਠਿੰਡਾ ਤੋਂ ਸ਼ੁਰੂ ਹੋਈ ਇਹ ਉਡਾਣ ਆਉਣ ਵਾਲੇ ਸਮੇਂ ਵਿਚ ਵੀ ਜਾਰੀ ਰਹੇਗੀ। ਚੇਤੇ ਰਹੇ, ਇਸ ਸਾਲ ਸਤੰਬਰ 'ਚ ਲੁਧਿਆਣਾ ਦੇ ਸਾਹਨੇਵਾਲ ਤੋਂ ਵੀ ਉਡਾਣ ਸ਼ੁਰੂ ਕੀਤੀ ਗਈ ਸੀ। ਇਹ ਉਡਾਣ ਮੁਸ਼ਕਲ ਨਾਲ ਡੇਢ ਮਹੀਨਾ ਚੱਲੀ ਤੇ ਬੰਦ ਹੋ ਗਈ। ਹੁਣ ਲੋਕਾਂ ਦੇ ਮਨਾਂ ਵਿਚ ਇਹੀ ਸਵਾਲ ਹੈ ਕਿ ਕਿਤੇ ਬਠਿੰਡੇ ਹਵਾਈ ਅੱਡੇ ਦਾ ਹਾਲ ਵੀ ਲੁਧਿਆਣਾ ਵਾਲਾ ਤਾਂ ਨਹੀਂ ਹੋਵੇਗਾ।

ਲੁਧਿਆਣਾ ਨੂੰ ਪੰਜਾਬ ਦੀ ਵਪਾਰਕ ਰਾਜਧਾਨੀ ਮੰਨਿਆ ਜਾਂਦਾ ਹੈ। ਇਸ ਲਈ ਇਸ ਸ਼ਹਿਰ ਦਾ ਦਿੱਲੀ ਨਾਲ ਸੌਖਾ ਸੰਪਰਕ ਤੇ ਦੂਰੀ ਘੱਟ ਕਰਨ ਲਈ ਜ਼ਿਲ੍ਹੇ ਦੇ ਸਾਹਨੇਵਾਲ (ਲੁਧਿਆਣਾ) ਵਿਚ ਹਵਾਈ ਅੱਡਾ ਬਣਾਇਆ ਗਿਆ। ਉਸ ਵੇਲੇ ਕਾਂਗਰਸ ਸਰਕਾਰ ਵਿਚ ਕੇਂਦਰੀ ਮੰਤਰੀ ਤੇ ਲੁਧਿਆਣਾ ਦੇ ਸੰਸਦ ਮੈਂਬਰ

### ਡੇਢ ਮਹੀਨੇ ਪਿੱਛੋਂ ਹੀ ਬੰਦ ਕਰ ਦਿੱਤੀ ਸੀ ਉਡਾਣ




ਮਨੀਸ਼ ਤਿਵਾੜੀ ਨੇ ਮਈ 2011 ਵਿਚ ਸਾਹਨੇਵਾਲ ਤੋਂ ਦਿੱਲੀ ਲਈ ਉਡਾਣ ਦੀ ਸ਼ੁਰੂਆਤ ਕਰਵਾਈ। ਏਅਰ ਇੰਡੀਆ ਨੇ 42 ਸੀਟਾਂ ਵਾਲੀ ਫਲਾਈਟ ਇਸ ਰੂਟ ਉਤੇ ਸ਼ੁਰੂ ਕੀਤੀ ਸੀ। ਉਸ ਸਮੇਂ ਪੰਜਾਬ ਦੀ ਸੱਤਾ ਵਿਚ ਅਕਾਲੀ ਸਰਕਾਰ ਸੀ। ਅਜਿਹੇ ਵਿਚ ਕੇਂਦਰ ਦੀ ਕਾਂਗਰਸ ਤੇ ਸੂਬੇ ਦੀ ਅਕਾਲੀ ਸਰਕਾਰ ਵਿਚ ਇਸ ਦਾ ਸਿਹਰਾ ਲੈਣ ਲਈ ਵੀ ਖੂਬ ਜੰਗ ਚੱਲੀ ਸੀ। ਪੰਜਾਬ ਦਾ ਵਪਾਰੀ ਵਰਗ ਇਸ ਫਲਾਈਟ ਦੇ ਸ਼ੁਰੂ ਹੋਣ ਤੋਂ ਕਾਫੀ ਖੁਸ਼ ਸੀ, ਪਰ ਇਹ ਜ਼ਿਆਦਾ ਦੇਰ ਜਾਰੀ ਨਾ ਰਹਿ ਸਕੀ। ਹਵਾਈ ਅੱਡੇ ਦੀ ਕਮਜ਼ੋਰੀ ਬੁਨਿਆਦੀ ਢਾਂਚੇ ਤੇ ਆਧੁਨਿਕ ਉਪਕਰਨਾਂ ਦੀ ਕਮੀ ਸੀ, ਇਸ ਤੋਂ ਇਲਾਵਾ ਖਰਾਬ ਮੌਸਮ, ਧੁੰਦ ਤੇ ਘੱਟ ਵਿਜ਼ੀਬਿਲਿਟੀ ਨੂੰ ਵੀ ਇਸ ਦੀ ਵਜ੍ਹਾ ਦੱਸਿਆ ਗਿਆ। ਆਖਰ ਮਈ 2014 ਵਿਚ ਫਲਾਈਟ ਪੂਰੀ ਤਰ੍ਹਾਂ ਬੰਦ ਹੋ ਗਈ। ਇਸ ਤੋਂ ਬਾਅਦ ਸੂਬਾ ਸਰਕਾਰ ਨੇ ਇਕ ਵਾਰ ਫਿਰ ਤੋਂ ਲੁਧਿਆਣਾ-ਦਿੱਲੀ ਫਲਾਈਟ ਸ਼ੁਰੂ ਕਰਨ ਦਾ ਦਾਅਵਾ ਠੋਕਿਆ। ਸਾਲ 2016 ਵਿਚ ਜੈੱਟ ਸਮਾਰਟ ਹਵਾਈ ਕੰਪਨੀ ਨੇ 9 ਸੀਟਾਂ ਵਾਲੀ ਫਲਾਈਟ ਸ਼ੁਰੂ ਕੀਤੀ, ਪਰ ਇਸ ਵਾਰ ਇਹ ਫਲਾਈਟ ਸ਼ੁਰੂ ਹੁੰਦਿਆਂ ਹੀ ਦਮ ਤੋੜ ਗਈ।

ਬਠਿੰਡਾ ਵਿਚ ਹਵਾਈ ਅੱਡੇ ਦਾ ਉਦਘਾਟਨ ਕਰਨ ਪਹੁੰਚੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜਦ ਸਵਾਲ ਕੀਤਾ ਗਿਆ ਕਿ ਕਿਧਰੇ ਬਠਿੰਡਾ ਏਅਰਪੋਰਟ ਦਾ ਹਾਲ ਵੀ ਲੁਧਿਆਣਾ ਦੇ ਸਾਹਨੇਵਾਲ ਏਅਰਪੋਰਟ ਵਰਗਾ ਤਾਂ ਨਹੀਂ ਹੋਵੇਗਾ, ਤਾਂ ਬਾਦਲ ਸਾਹਿਬ ਨੇ ਦਾਅਵਾ ਕੀਤਾ ਕਿ ਬਠਿੰਡਾ ਨਾਲ ਅਜਿਹਾ ਕੁਝ ਨਹੀਂ ਹੋਵੇਗਾ। ਇਹ ਫਲਾਈਟ ਲਗਾਤਾਰ ਜਾਰੀ ਰਹੇਗੀ, ਪਰ ਫਿਰ ਵੀ ਸਵਾਲ ਇਹੀ ਖੜ੍ਹਾ ਹੁੰਦਾ ਹੈ ਕਿ ਬਾਦਲ ਸਾਹਬ ਸਾਹਨੇਵਾਲ ਤੋਂ ਉਡਾਣ ਸ਼ੁਰੂ ਕਰਨ ਵਾਲੇ ਵੀ ਤੁਸੀਂ ਹੀ ਸੀ। ਉਹ ਵੀ ਉਸੇ ਪੰਜਾਬ ਦਾ ਹਿੱਸਾ ਹੈ ਜਿਥੋਂ ਦੇ ਤੁਸੀਂ ਉਪ ਮੁੱਖ ਮੰਤਰੀ ਹੋ। ਪੰਜਾਬ ਵਿਧਾਨ ਸਭਾ ਚੋਣਾਂ 2017 ਦੀ ਸ਼ੁਰੂਆਤ ਵਿਚ ਹਨ।

## ਅੰਮ੍ਰਿਤਸਰ ਤੋਂ ਮਾਰੋ ਬਰਮਿੰਘਮ ਲਈ ਉਡਾਰੀ

**ਅੰਮ੍ਰਿਤਸਰ:** ਅੱਠ ਸਾਲ ਮਗਰੋਂ ਮੁੜ ਅੰਮ੍ਰਿਤਸਰ-ਬਰਮਿੰਘਮ ਲਈ ਉਡਾਣ ਸ਼ੁਰੂ ਹੋਣ ਜਾ ਰਹੀ ਹੈ। ਕੇਂਦਰੀ ਹਵਾਬਾਜ਼ੀ ਮੰਤਰਾਲੇ ਨੇ ਅਪਰੈਲ ਤੋਂ ਅੰਮ੍ਰਿਤਸਰ ਤੋਂ ਬਰਮਿੰਘਮ ਵਾਸਤੇ ਏਅਰ ਇੰਡੀਆ ਹਵਾਈ ਕੰਪਨੀ ਦੀ ਸਿੱਧੀ ਉਡਾਣ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਦੱਸਿਆ ਕਿ ਇਹ ਨਵੀਂ ਹਵਾਈ ਉਡਾਣ ਪਹਿਲੀ ਅਪਰੈਲ ਤੋਂ ਸ਼ੁਰੂ ਹੋਵੇਗੀ, ਜਿਸ ਨਾਲ ਇੰਗਲੈਂਡ ਵਿਚ ਰਹਿੰਦੇ ਤਕਰੀਬਨ ਪੰਜ ਲੱਖ ਪੰਜਾਬੀਆਂ ਨੂੰ ਫਾਇਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਉਹ ਜਦੋਂ ਲੰਡਨ ਗਏ ਸਨ ਤਾਂ ਉਥੇ ਪੰਜਾਬੀ ਭਾਈਚਾਰੇ ਦੀ ਵੱਡੀ ਮੰਗ ਸੀ ਕਿ ਅੰਮ੍ਰਿਤਸਰ ਤੋਂ ਲੰਡਨ ਵਾਸਤੇ ਸਿੱਧੀ ਹਵਾਈ ਉਡਾਣ ਸ਼ੁਰੂ ਕੀਤੀ ਜਾਵੇ।

ਉਨ੍ਹਾਂ ਨੇ ਇਹ ਮੰਗ ਕੇਂਦਰੀ ਹਵਾਬਾਜ਼ੀ ਮੰਤਰਾਲੇ ਕੋਲ ਰੱਖੀ ਸੀ, ਜਿਸ ਨੂੰ ਹੁਣ ਕੇਂਦਰ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਵਿਚ ਕਾਂਗਰਸ ਸਰਕਾਰ ਵੇਲੇ ਪ੍ਰਾਈਵੇਟ ਕੰਪਨੀ ਨੂੰ ਲਾਭ ਦੇਣ ਦੇ ਮੰਤਵ ਨਾਲ ਇਹ ਉਡਾਣ ਇਥੋਂ ਬੰਦ ਕਰ ਦਿੱਤੀ ਗਈ ਸੀ ਤੇ ਇਸ ਨੂੰ ਦਿੱਲੀ ਤਬਦੀਲ ਕਰ ਦਿੱਤਾ ਸੀ।

# ਕਾਂਗਰਸੀ ਵਿਧਾਇਕ ਰਾਜਾ ਵੜਿੰਗ ਵਿਰੁਧ ਕੇਸ ਦਰਜ

**ਸ੍ਰੀ ਮੁਕਤਸਰ ਸਾਹਿਬ:** ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਖਿੱਚੋਤਾਣ ਦਿਨੋਂ ਦਿਨ ਵਧਦੀ ਜਾ ਰਹੀ ਹੈ। ਕਾਂਗਰਸ ਦੇ ਵਿਧਾਇਕ ਤੇ ਆਲ ਇੰਡੀਆ ਯੂਥ ਕਾਂਗਰਸ ਕਮੇਟੀ ਦੇ ਕੌਮੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਉਸ ਦੇ ਚਾਰ ਗੰਨਮੈਨਾਂ ਖਿਲਾਫ਼ ਆਪ ਵਰਕਰ ਸੁਰਿੰਦਰਪਾਲ ਸਿੰਘ ਦੀ ਉਹਦੇ ਘਰ ਪਿੰਡ ਗੁੜ੍ਹੀ ਸੰਘਰ ਵਿਚ ਜਾ ਕੇ ਕੁੱਟਮਾਰ ਕਰਨ ਦੇ ਦੋਸ਼ਾਂ ਤਹਿਤ ਥਾਣਾ ਕੋਟਭਾਈ ਵਿਚ ਕੇਸ ਦਰਜ ਕੀਤਾ ਗਿਆ ਹੈ।

ਕੇਸ ਆਪ ਦੇ ਗਿੱਦੜਬਾਹਾ ਤੋਂ ਉਮੀਦਵਾਰ ਜਗਦੀਪ ਸਿੰਘ ਸੰਧੂ ਵੱਲੋਂ ਇਥੇ ਬਠਿੰਡਾ ਰੋਡ ਉਤੇ ਆਵਾਜਾਈ ਠੱਪ ਕਰਨ ਮਗਰੋਂ ਦਰਜ ਕੀਤਾ ਗਿਆ ਹੈ। ਸ੍ਰੀ ਸੰਧੂ ਨੇ ਦੱਸਿਆ ਕਿ ਰਾਜਾ ਵੜਿੰਗ ਨੇ ਆਪ ਵਰਕਰ ਨੂੰ ਬਿਨਾਂ ਵਜ੍ਹਾ ਆਪਣੇ ਗੰਨਮੈਨਾਂ ਦੀ ਮਦਦ ਨਾਲ ਕੁੱਟਿਆ ਤੇ ਉਸ ਦੀ ਮਾਤਾ ਨਾਲ ਬਦਸਲੂਕੀ ਕੀਤੀ। ਇਸ ਵਰਕਰ ਦਾ ਕਸੂਰ



ਸਿਰਫ ਇੰਨਾ ਸੀ ਕਿ ਉਸ ਨੇ ਰਾਜਾ ਵੜਿੰਗ ਕੋਲੋਂ ਹਲਕੇ ਦੇ ਵਿਕਾਸ ਸਬੰਧੀ ਸਵਾਲ ਪੁੱਛਿਆ, ਪਰ ਜਵਾਬ ਦੇਣ ਦੀ ਥਾਂ ਵਿਧਾਇਕ ਨੇ ਉਸ ਨਾਲ ਕੁੱਟਮਾਰ ਕੀਤੀ। ਇਸ ਮੌਕੇ ਵੱਡੀ ਗਿਣਤੀ ਆਪ ਵਰਕਰਾਂ ਨੇ ਰੋਸ ਮੁਜ਼ਾਹਰਾ ਕੀਤਾ।

# ਕੈਪਟਨ ਬਾਠ ਦੀ ਅਕਾਲੀ ਦਲ ਵਿਚ ਵਾਪਸੀ

**ਬਟਾਲਾ:** ਸਾਬਕਾ ਕੈਬਨਿਟ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਆਮ ਆਦਮੀ ਪਾਰਟੀ ਦਾ ਸਾਥ ਛੱਡ ਕੇ ਮੁੜ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਕੈਪਟਨ ਬਾਠ ਦੇ ਗ੍ਰਹਿ ਵਿਖੇ ਹੋਈ ਇਸ ਰਸਮ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਮੌਜੂਦ ਸਨ। ਕੈਪਟਨ ਬਾਠ ਦਾ ਅਕਾਲੀ ਦਲ ਵਿਚ ਸਵਾਗਤ ਕਰਦਿਆਂ ਸ. ਮਜੀਠੀਆ ਨੇ ਕਿਹਾ ਕਿ ਕੈਪਟਨ ਬਾਠ ਨੇ 'ਆਪ' ਦੇ ਨੇੜੇ ਰਹਿ ਕੇ ਜੋ ਤਜਰਬਾ ਹਾਸਿਲ ਕੀਤਾ ਹੈ, ਉਸ ਨੇ ਸਾਬਤ ਕਰ ਦਿਤਾ ਹੈ ਕਿ ਇਹ ਪਾਰਟੀ ਪੰਜਾਬ ਵਿਰੋਧੀ ਹੈ।

ਇਸੇ ਦੌਰਾਨ ਅਖੰਡ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਆਲ ਇੰਡੀਆ ਪਰਜਾਪਤ ਸੰਘ ਦੇ ਪ੍ਰਧਾਨ ਰਘਬੀਰ ਸਿੰਘ ਰਾਜਾਸਾਂਸੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਸ. ਬਾਦਲ ਨੇ ਉਨ੍ਹਾਂ ਦਾ ਸਿਰੋਪਾਓ ਨਾਲ ਸਨਮਾਨ ਕਰਦਿਆਂ ਕਿਹਾ ਕਿ ਸ. ਰਾਜਾਸਾਂਸੀ ਦੀ ਘਰ ਵਾਪਸੀ ਪਾਰਟੀ ਦੀਆਂ ਵਿਕਾਸ ਅਤੇ ਲੋਕ ਪੱਖੀ ਨੀਤੀਆਂ 'ਤੇ ਮੋਹਰ ਹੈ।

# ਸ਼੍ਰੋਮਣੀ ਕਮੇਟੀ ਬਦਲੇਗੀ ਪੰਜਾਬ ਦੀ ਆਬੋ-ਹਵਾ

**ਸ੍ਰੀ ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਦੀ ਆਬੋ-ਹਵਾ ਨੂੰ ਬਦਲਣ ਲਈ ਅੱਗੇ ਆਈ ਹੈ। ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵਾਤਾਵਰਨ ਪ੍ਰੇਮੀਆਂ ਤੇ ਵੱਖ-ਵੱਖ ਸਭਾ ਸੁਸਾਇਟੀਆਂ ਦੇ ਨੁਮਾਇੰਦਿਆਂ ਨੂੰ ਇਸ ਕਾਰਜ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਹੈ। ਪੰਜਾਬ ਨੂੰ ਹਰਿਆ-ਭਰਿਆ ਬਣਾਉਣ ਦੇ ਮਕਸਦ ਨਾਲ ਇਨ੍ਹਾਂ ਨੁਮਾਇੰਦਿਆਂ ਦੀ ਇਕੱਤਰਤਾ ਕੀਤੀ ਗਈ। ਇਕੱਤਰਤਾ ਵਿਚ ਫੈਸਲਾ ਲਿਆ ਗਿਆ ਕਿ ਇਹ ਲਹਿਰ 2019 ਵਿਚ ਆਉਣ ਵਾਲੇ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਹੋਵੇਗੀ।

ਇਸ ਲਹਿਰ ਨੂੰ ਆਉਂਦੇ ਤਿੰਨ ਸਾਲਾਂ ਤੱਕ ਪੰਜਾਬ ਦੇ ਹਰ ਘਰ ਤੱਕ ਪਹੁੰਚਾਉਂਦਿਆਂ ਵਾਤਾਵਰਨ ਨੂੰ ਹਰਿਆ ਭਰਿਆ ਕਰਨ ਦਾ ਟੀਚਾ ਮਿਥਿਆ ਗਿਆ। ਇਸ ਮੌਕੇ ਪ੍ਰੋ. ਬਡੂੰਗਰ ਨੇ ਕਿਹਾ ਕਿ ਵਾਤਾਵਰਨ ਸਬੰਧੀ ਗੁਰੂ ਸਾਹਿਬਾਨ ਦੇ ਪਵਨ ਗੁਰੂ ਪਾਣੀ ਪਿਤਾ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾ ਕੇ ਅਮਲੀਜਾਮਾ ਪਹਿਨਾਉਣ ਲਈ ਸਿਰਫ ਸਿੱਖ ਨਹੀਂ ਬਲਕਿ ਹਰ ਭਾਈਚਾਰੇ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਿਆ ਜਾਵੇਗਾ। ਇਸ ਮੌਕੇ ਵਾਤਾਵਰਨ ਦੀ ਸਾਂਭ-ਸੰਭਾਲ ਲਈ ਸ਼੍ਰੋਮਣੀ ਕਮੇਟੀ ਵੱਲੋਂ ਵੱਖਰੇ ਵਿਭਾਗ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ ਜਿਸ ਦੀ ਦੇਖ-ਰੇਖ ਕੇਵਲ ਸਿੰਘ ਵਧੀਕ ਸਕੱਤਰ ਐਸ.ਜੀ.ਪੀ.ਸੀ. ਕਰਨਗੇ। ਪ੍ਰੋ. ਬਡੂੰਗਰ ਵੱਲੋਂ ਇਸ ਮੌਕੇ 14 ਮਾਰਚ, 2017



ਨੂੰ ਸਿੱਖ ਵਾਤਾਵਰਨ ਦਿਵਸ ਵਜੋਂ ਮਨਾਏ ਜਾਣ ਦਾ ਵੀ ਐਲਾਨ ਕੀਤਾ। ਇਸ ਇਕੱਤਰਤਾ ਵਿਚ ਵਾਤਾਵਰਨ ਸੰਭਾਲ ਲਈ ਵਿਸ਼ਵ ਪੱਧਰ ਉਤੇ ਪ੍ਰਸ਼ੰਸਾ ਪ੍ਰਾਪਤ ਕਰਨ ਵਾਲੇ ਵਾਤਾਵਰਨ ਪ੍ਰੇਮੀ ਬਲਵੀਰ ਸਿੰਘ ਸੀਚੇਵਾਲ ਤੇ ਬਾਬਾ ਸੇਵਾ ਸਿੰਘ ਵੀ ਖਾਸ ਤੌਰ 'ਤੇ ਪਹੁੰਚੇ ਸਨ। ਪਦਮ ਸ੍ਰੀ ਪ੍ਰਾਪਤ ਦੋਵੇਂ ਸ਼ਖਸੀਅਤਾਂ ਨੇ ਵਾਤਾਵਰਨ ਬਚਾਉਣ ਲਈ ਆਪਣੇ ਅਹਿਮ ਸੁਝ ਦੇ ਸਨਮੁਖ ਰੱਖੇ। ਇਕੱਤਰਤਾ ਵਿਚ ਸੱਦੀਆਂ ਸਾਰੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਇਸ ਉਪਰਾਲੇ ਸਦਕਾ ਸਭ ਨੂੰ ਇਕ ਮੰਚ ਉਤੇ ਇਕੱਠਾ ਕਰਨ ਲਈ ਐਸ.ਜੀ.ਪੀ.ਸੀ. ਪ੍ਰਧਾਨ ਦਾ ਧੰਨਵਾਦ ਕੀਤਾ।

# ਬੰਗਲਾਦੇਸ਼ੀ ਹਿੰਦੂਆਂ ਵੱਲੋਂ ਵ੍ਹਾਈਟ ਹਾਊਸ ਅੱਗੇ ਰੋਸ ਮੁਜ਼ਾਹਰਾ

**ਵਾਸ਼ਿੰਗਟਨ:** ਮੁਸਲਿਮ ਅਬਾਦੀ ਵਾਲੇ ਮੁਲਕ ਬੰਗਲਾਦੇਸ਼ 'ਚ ਘੱਟ ਗਿਣਤੀ ਹਿੰਦੂਆਂ ਖਿਲਾਫ਼ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਬੰਗਲਾਦੇਸ਼ੀ ਹਿੰਦੂਆਂ ਨੇ ਵ੍ਹਾਈਟ ਹਾਊਸ ਦੇ ਬਾਹਰ ਰੋਸ ਮੁਜ਼ਾਹਰਾ ਕੀਤਾ। ਉਨ੍ਹਾਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਅਪੀਲ ਕੀਤੀ ਕਿ ਉਹ ਹਿੰਦੂਆਂ ਦੀ ਰਾਖੀ ਦੇ ਉਪਰਾਲੇ ਕਰਨ। ਸ੍ਰੀ ਓਬਾਮਾ ਨੂੰ ਸੌਂਪੇ ਮੰਗ ਪੱਤਰ 'ਚ ਕਿਹਾ ਗਿਆ ਹੈ ਕਿ ਬੰਗਲਾਦੇਸ਼ ਪ੍ਰਸ਼ਾਸਨ ਨੂੰ ਹਿੰਦੂਆਂ ਦੀਆਂ ਚਿੰਤਾਵਾਂ ਪਹੁੰਚਾ ਦਿੱਤੀਆਂ ਜਾਣ ਤਾਂ ਜੋ ਕੋਈ ਢੁਕਵਾਂ ਹੱਲ ਕੱਢਿਆ ਜਾ ਸਕੇ।

ਹਿੰਦੂ ਬੋਧੀ ਕ੍ਰਿਸ਼ਚੀਅਨ ਯੂਨਿਟੀ ਕੌਂਸਿਲ ਅਮਰੀਕਾ ਵੱਲੋਂ ਕੀਤੇ ਗਏ ਪ੍ਰਦਰਸ਼ਨ ਦੌਰਾਨ ਘੱਟ ਗਿਣਤੀਆਂ ਖਿਲਾਫ਼ ਹੋ ਰਹੇ ਹਮਲਿਆਂ ਉਤੇ ਰੋਸ ਜ਼ਾਹਰ ਕੀਤਾ ਗਿਆ ਅਤੇ ਕਿਹਾ ਗਿਆ ਕਿ ਬੰਗਲਾਦੇਸ਼ੀ ਸਰਕਾਰ ਪੀੜਤਾਂ ਦੀ ਸਹਾਇਤਾ ਲਈ ਅੱਗੇ ਨਹੀਂ ਆਈ। ਮੰਗ ਪੱਤਰ 'ਚ ਕਿਹਾ ਗਿਆ ਹੈ ਕਿ ਹਿੰਦੂਆਂ ਦੇ ਘਰਾਂ ਅਤੇ ਮੰਦਰਾਂ ਨੂੰ ਨੁਕਸਾਨ ਪਹੁੰਚਾਇਆ ਜਾਣਾ ਆਮ ਜਿਹੀ ਗੱਲ ਬਣ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਜ਼ਮੀਨਾਂ ਉਤੇ ਕਬਜ਼ੇ, ਕਤਲ ਅਤੇ ਬਲਾਤਕਾਰ ਦੀਆਂ ਘਟਨਾਵਾਂ ਵੀ ਵਾਪਰਦੀਆਂ ਰਹਿੰਦੀਆਂ ਹਨ। ਪਿਛਲੇ ਮਹੀਨੇ ਵੀ ਇਸੇ ਜਥੇਬੰਦੀ ਨੇ ਨਿਊ ਯਾਰਕ 'ਚ ਟਰੰਪ ਟਾਵਰਜ਼




ਮੂਹਰੇ ਪ੍ਰਦਰਸ਼ਨ ਕੀਤੇ ਸਨ। ਮੰਗ ਪੱਤਰ ਮੁਤਾਬਕ ਬੰਗਲਾਦੇਸ਼ੀ ਸਰਕਾਰ ਧਰਮ ਨਿਰਪੱਖਤਾ ਦਾ ਨਾਅਰਾ ਲਾਉਂਦੀ ਰਹਿੰਦੀ ਹੈ, ਪਰ ਅਸਲੀਅਤ 'ਚ ਉਹ ਘੱਟ ਗਿਣਤੀਆਂ ਖਿਲਾਫ਼ ਜ਼ੁਲਮ ਨੂੰ ਸ਼ਹਿ ਦੇ ਰਹੀ ਹੈ।

# ਪੰਚਾਇਤਾਂ ਦੀ ਠੇਕਿਆਂ ਵਿਰੁਧ ਲਾਮਬੰਦੀ ਤੋਂ ਤੌਬਾ

**ਬਠਿੰਡਾ:** ਪੰਜਾਬ ਵਿਚ ਐਤਕੀਂ ਪੰਚਾਇਤਾਂ ਨੇ ਸ਼ਰਾਬ ਦੇ ਠੇਕੇ ਬੰਦ ਕਰਾਉਣ ਤੋਂ ਤੌਬਾ ਕਰ ਲਈ ਹੈ ਜਿਸ ਨਾਲ ਨਸ਼ਾ ਵਿਰੋਧੀ ਮੁਹਿੰਮ ਨੂੰ ਸੱਟ ਵੱਜੀ ਹੈ। ਪੰਜਾਬ ਭਰ ਵਿਚੋਂ ਸਿਰਫ 60 ਪੰਚਾਇਤਾਂ ਨੇ ਐਤਕੀਂ ਮਾਲੀ ਵਰ੍ਹਾ 2017-18 ਲਈ ਆਪੋ ਆਪਣੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹਣ ਸਬੰਧੀ ਮਤੇ ਪਾਸ ਕੀਤੇ ਹਨ। ਕਾਫੀ ਸਮੇਂ ਮਗਰੋਂ ਏਦਾਂ ਹੋਇਆ ਹੈ ਕਿ ਠੇਕਿਆਂ ਖਿਲਾਫ਼ ਕੁੱਦਣ ਵਾਲੀਆਂ ਪੰਚਾਇਤਾਂ ਦੀ ਗਿਣਤੀ ਘਟੀ ਹੈ। ਮਤੇ ਪਾਉਣ ਵਿਚ ਮੋਹਰੀ ਜ਼ਿਲ੍ਹਾ ਸੰਗਰੂਰ ਵਿਚ ਪੰਚਾਇਤਾਂ ਗੈਰ ਕਾਨੂੰਨੀ ਸ਼ਰਾਬ ਦੀ ਵਿਕਰੀ ਤੋਂ ਦੁਖੀ ਹਨ।

ਕਰ ਤੇ ਆਬਕਾਰੀ ਵਿਭਾਗ ਪੰਜਾਬ ਕੋਲ ਹੁਣ ਤੱਕ ਪੰਜਾਬ ਭਰ ਵਿਚੋਂ ਤਕਰੀਬਨ 60 ਪੰਚਾਇਤੀ ਮਤੇ ਪੁੱਜੇ ਹਨ। ਜ਼ਿਲ੍ਹਾ ਬਠਿੰਡਾ ਵਿਚ ਐਤਕੀਂ ਸਿਰਫ ਪਿੰਡ ਬਦਿਆਲਾ ਦੀ ਪੰਚਾਇਤ ਠੇਕਾ ਬੰਦ ਕਰਾਉਣ ਲਈ ਮੈਦਾਨ ਵਿਚ ਕੁੱਦੀ ਹੈ, ਜਦੋਂ ਕਿ ਪਿਛਲੇ ਸਾਲ ਦਰਜਨ ਦੇ ਕਰੀਬ ਪੰਚਾਇਤਾਂ ਨੇ ਮਤੇ ਪਾਸ ਕੀਤੇ ਸਨ। ਕਰ ਅਤੇ ਆਬਕਾਰੀ ਅਫਸਰ ਵਿਕਰਮ ਠਾਕੁਰ ਦਾ ਕਹਿਣਾ ਹੈ ਕਿ ਸਿਰਫ ਇਕ ਪੰਚਾਇਤ ਦਾ ਮਤਾ ਆਇਆ ਹੈ ਅਤੇ ਪੰਚਾਇਤਾਂ ਦੀ ਰੁਚੀ ਘਟਣ ਦੇ ਕਾਰਨ ਬਾਰੇ ਕੁਝ ਪਤਾ ਨਹੀਂ ਹੈ। ਸੰਗਰੂਰ ਦੇ ਪਿੰਡ ਬੜੀ, ਭੈਣੀ ਕਲਾਂ, ਦੀਦਾਰਗੜ੍ਹ, ਟਿੱਬਾ ਅਤੇ ਹਰੀਗੜ੍ਹ ਆਦਿ ਪਿੰਡਾਂ ਨੇ ਐਤਕੀਂ ਠੇਕਿਆਂ ਖਿਲਾਫ਼ ਮਤੇ ਪਾਸ ਕੀਤੇ ਹਨ। ਪਿਛਲੇ ਵਰ੍ਹੇ ਸੰਗਰੂਰ ਜ਼ਿਲ੍ਹੇ ਵਿਚ 59 ਪੰਚਾਇਤਾਂ ਨੇ ਮਤੇ ਪਾਸ ਕੀਤੇ ਸਨ, ਜਦੋਂ ਕਿ ਇਸ ਵਾਰ ਗਿਣਤੀ 20 ਦੇ ਕਰੀਬ ਦੱਸੀ ਜਾ ਰਹੀ ਹੈ।

ਤੱਥਾਂ ਅਨੁਸਾਰ ਸਾਲ 2015 ਵਿਚ ਪੰਜਾਬ ਭਰ ਵਿਚੋਂ 232 ਪੰਚਾਇਤਾਂ ਨੇ ਠੇਕਿਆਂ ਖਿਲਾਫ਼ ਮਤੇ ਪਾਸ ਕੀਤੇ ਸਨ, ਜਿਨ੍ਹਾਂ ਵਿਚੋਂ 163 ਪੰਚਾਇਤਾਂ ਦੇ ਮਤੇ ਪ੍ਰਵਾਨ ਕੀਤੇ ਗਏ ਸਨ। ਸਾਲ 2014 ਦੌਰਾਨ 135 ਪੰਚਾਇਤਾਂ ਠੇਕੇ ਬੰਦ ਕਰਾਉਣ ਵਾਸਤੇ ਮੈਦਾਨ ਵਿਚ ਉਤਰੀਆਂ ਸਨ, ਜਿਨ੍ਹਾਂ ਵਿਚੋਂ 89 ਪਿੰਡਾਂ ਦੇ ਠੇਕੇ ਬੰਦ ਕੀਤੇ ਗਏ ਸਨ। ਸਾਲ 2013 ਵਿਚ 128 ਪੰਚਾਇਤਾਂ ਨੇ ਮਤਾ ਪਾਸ ਕੀਤੇ ਸਨ, ਪਰ ਠੇਕੇ ਸਿਰਫ 22 ਪਿੰਡਾਂ ਵਿਚ ਬੰਦ ਕੀਤੇ ਗਏ ਸਨ, ਜਦੋਂ ਕਿ ਐਤਕੀਂ ਉਲਟਾ ਰੁਝਾਨ ਸ਼ੁਰੂ ਹੋ ਗਿਆ ਹੈ। ਸਾਇੰਟਿਫਿਕ ਅਵੇਅਰਨੈੱਸ ਫੋਰਮ ਪੰਜਾਬ ਦੇ ਪ੍ਰਧਾਨ ਡਾ. ਏ.ਐਸ. ਮਾਨ (ਸੰਗਰੂਰ) ਦਾ ਕਹਿਣਾ ਹੈ ਕਿ ਉਹ ਕਈ ਵਰ੍ਹਿਆਂ ਤੋਂ ਸ਼ਰਾਬਬੰਦੀ ਲਈ ਪ੍ਰੇਰ ਕੇ ਪੰਚਾਇਤਾਂ ਤੋਂ ਮਤੇ ਪਵਾ ਰਹੇ ਹਨ, ਪਰ ਇਸ ਵਾਰ ਪੰਚਾਇਤਾਂ ਨੇ ਇਹੋ ਪ੍ਰਤੀਕਰਮ ਦਿੱਤਾ ਹੈ ਕਿ ਸਰਕਾਰ ਨੇ ਤਾਂ ਘਰਾਂ ਵਿਚ ਵੀ ਠੇਕਿਆਂ ਦੀਆਂ ਗੈਰ ਕਾਨੂੰਨੀ ਬਰਾਂਚਾਂ ਖੋਲ੍ਹ ਦਿੱਤੀਆਂ ਹਨ ਅਤੇ ਤਸਕਰਾਂ ਨੂੰ ਹੱਲਾਸ਼ੇਰੀ ਮਿਲ ਰਹੀ ਹੈ। ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40(1) ਤਹਿਤ ਕੋਈ ਵੀ ਪੰਚਾਇਤ ਆਪਣੇ ਪਿੰਡ ਵਿਚ ਠੇਕਾ ਨਾ ਖੋਲ੍ਹਣ ਦਾ ਫੈਸਲਾ ਲੈ ਸਕਦੀ ਹੈ। ਪੰਚਾਇਤੀ ਮਤਾ ਦੋ ਤਿਹਾਈ ਬਹੁਮਤ ਨਾਲ ਪਾਸ ਹੋਣਾ ਲਾਜ਼ਮੀ ਹੈ ਅਤੇ ਪਿੰਡ ਵਿਚ ਪਿਛਲੇ ਦੋ ਸਾਲਾਂ ਦੌਰਾਨ ਕੋਈ ਆਬਕਾਰੀ ਜੁਰਮ ਨਹੀਂ ਹੋਣਾ ਚਾਹੀਦਾ ਹੈ। ਹਰ ਪੰਚਾਇਤ ਨੇ 30 ਸਤੰਬਰ ਤੱਕ ਇਹ ਮਤਾ ਸਰਕਾਰ ਨੂੰ ਭੇਜਣਾ ਹੁੰਦਾ ਹੈ।

# ਕੇਜਰੀਵਾਲ ਵੱਲੋਂ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਭ੍ਰਿਸ਼ਟ ਕਰਾਰ

**ਤਰਨ ਤਾਰਨ:** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਾਕਮ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਪਾਰਟੀ 'ਤੇ ਤਿੱਖੇ ਹਮਲੇ ਕਰਦਿਆਂ ਦੋਹਾਂ ਪਾਰਟੀਆਂ ਨੂੰ ਭ੍ਰਿਸ਼ਟ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਵਿਚ 'ਆਪ' ਦੀ ਸਰਕਾਰ ਬਣਦਿਆਂ ਹੀ ਉਹ ਸੂਬੇ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਸਾਫ਼-ਸੁਥਰਾ ਪ੍ਰਸ਼ਾਸਨ ਦੇਣਗੇ। ਉਨ੍ਹਾਂ ਸੂਬੇ ਵਿਚ ਸਿੱਖਿਆ ਅਤੇ ਸਿਹਤ ਦੇ ਖੇਤਰ ਨੂੰ ਪਹਿਲ ਦੇਣ ਦਾ ਵਾਅਦਾ ਕੀਤਾ।

ਇਥੇ ਪਾਰਟੀ ਦੇ ਤਰਨ ਤਾਰਨ ਅਤੇ ਖਡੂਰ ਸਾਹਿਬ ਵਿਧਾਨ ਸਭਾ ਹਲਕੇ ਦੇ ਵਰਕਰਾਂ ਦੀ 'ਪੰਜਾਬ ਇਨਕਲਾਬ ਰੈਲੀ' ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਅਕਾਲੀ ਦਲ ਅਤੇ ਕਾਂਗਰਸ ਵਿਚ ਆਪਸੀ ਸਾਂਝ ਭਿਆਲੀ ਦਾ ਦੋਸ਼ ਲਾਉਂਦਿਆਂ ਕਿਹਾ ਕਿ ਦੋਹਾਂ ਪਾਰਟੀਆਂ ਨੇ ਪਿਛਲੇ ਸਾਲਾਂ ਦੌਰਾਨ ਸੂਬੇ ਨੂੰ ਵਾਰੋ-ਵਾਰੀ ਲੁੱਟਿਆ ਹੈ।

ਅਕਾਲੀ ਦਲ 'ਤੇ ਹਮਲੇ ਕਰਦਿਆਂ ਉਨ੍ਹਾਂ ਕਿਹਾ ਕਿ ਬਾਦਲਾਂ ਨੇ ਸੂਬੇ ਵਿਚ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਿਆ ਹੈ, ਜਿਸ ਕਰ ਕੇ ਸੂਬੇ ਵਿਚ 40 ਲੱਖ ਨੌਜਵਾਨ ਨਸ਼ਿਆਂ ਦਾ ਆਦੀ ਹੋ ਚੁੱਕਿਆ ਹੈ। 'ਆਪ' ਦੀ ਸਰਕਾਰ ਬਣਦਿਆਂ ਹੀ



ਬਾਦਲਾਂ ਤੋਂ ਭ੍ਰਿਸ਼ਟ ਤਰੀਕਿਆਂ ਨਾਲ ਇਕੱਠੇ ਕੀਤੇ ਪੈਸਿਆਂ ਦਾ ਹਿਸਾਬ ਲਿਆ ਜਾਵੇਗਾ ਅਤੇ ਇਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾਵੇਗਾ।

# ਦੋਹਰੇ ਬੰਬ ਕੇਸ ਵਿਚ ਦੋਸ਼ੀ ਕਰਾਰ

**ਹੈਦਰਾਬਾਦ:** ਅਦਾਲਤ ਨੇ 2013 ਵਿਚ ਹੋਏ ਦੋਹਰੇ ਬੰਬ ਧਮਾਕੇ ਮਾਮਲੇ ਦੇ ਪੰਜ ਜਣਿਆਂ ਨੂੰ ਦੋਸ਼ੀ ਠਹਿਰਾਇਆ ਹੈ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀ ਵਿਸ਼ੇਸ਼ ਅਦਾਲਤ ਵੱਲੋਂ ਇੰਡੀਅਨ ਮੁਜਾਹਿਦੀਨ ਨਾਲ ਸਬੰਧਤ ਮੁਲਜ਼ਮਾਂ ਨੂੰ ਸਜ਼ਾ 18 ਦਸੰਬਰ ਨੂੰ ਸੁਣਾਈ ਜਾਵੇਗੀ। 21 ਫਰਵਰੀ, 2013 ਨੂੰ ਇਥੋਂ ਦੇ ਦਿਲਸੁਖ ਨਗਰ ਖੇਤਰ ਵਿਚ ਹੋਏ ਦੋਹਰੇ ਧਮਾਕੇ ਵਿਚ 19 ਜਣੇ ਹਲਾਕ ਹੋ ਗਏ ਸਨ। ਮਾਮਲੇ ਦੀ ਜਾਂਚ ਕਰ ਰਹੀ ਐਨ.ਆਈ.ਏ. ਨੇ ਇਨ੍ਹਾਂ ਧਮਾਕਿਆਂ ਪਿੱਛੇ ਇੰਡੀਅਨ ਮੁਜਾਹਿਦੀਨ ਦਾ ਹੱਥ ਦੱਸਿਆ ਸੀ। ਏਜੰਸੀ ਨੇ ਇਸ ਮਾਮਲੇ ਵਿਚ ਲੋੜੀਂਦੇ ਛੇ ਮੁਲਜ਼ਮਾਂ ਵਿਚੋਂ ਪੰਜ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਜਦਕਿ ਮੁੱਖ ਮੁਲਜ਼ਮ ਰਿਆਜ਼ ਭਟਕਲ ਉਰਫ਼ ਸ਼ਾਹ ਰਿਆਜ਼ ਅਹਿਮਦ ਮੁਹੰਮਦ ਇਸਮਾਇਲ ਸ਼ਾਹਬੰਦਾਰੀ ਅਜੇ ਵੀ ਫ਼ਰਾਰ ਹੈ।

# ਟਿਲਰਸਨ ਹੋਣਗੇ ਅਮਰੀਕਾ ਦੇ ਵਿਦੇਸ਼ ਮੰਤਰੀ

**ਵਾਸ਼ਿੰਗਟਨ:** ਐਕਸੋਨਮੋਬਿਲ ਕੰਪਨੀ ਦੇ ਸੀ.ਈ.ਓ. ਰੈਕਸ ਟਿਲਰਸਨ ਅਮਰੀਕਾ ਦੇ ਅਗਲੇ ਵਿਦੇਸ਼ ਮੰਤਰੀ ਹੋਣਗੇ। ਮੁਲਕ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਟਿਲਰਸਨ ਦੇ ਨਾਂ 'ਤੇ ਮੋਹਰ ਲਾ ਦਿੱਤੀ। ਉਂਜ ਮੀਡੀਆ ਰਿਪੋਰਟਾਂ ਮੁਤਾਬਕ, ਤੇਲ ਕੰਪਨੀ ਦੇ ਮਾਲਕ ਟਿਲਰਸਨ ਦੀ ਰੂਸੀ ਰਾਸ਼ਟਰਪਤੀ ਨਾਲ ਨਜ਼ਦੀਕੀ ਸੈਨੇਟ ਵਿਚ ਉਸ ਦੇ ਨਾਂ ਦੀ ਪ੍ਰਵਾਨਗੀ ਲਈ ਅੜਿੱਕਾ ਬਣ ਸਕਦੀ ਹੈ। ਟਿਲਰਸਨ ਦੀ ਨਿਯੁਕਤੀ ਨੂੰ ਰਾਜਸੀ ਹਲਕਿਆਂ ਵਿਚ ਰਲਵਾਂ ਮਿਲਵਾਂ ਹੁੰਗਾਰਾ ਮਿਲਿਆ ਹੈ। ਮੈਸਾਚਿਊਸੈੱਟਸ ਦੇ ਸਾਬਕਾ ਗਵਰਨਰ ਮਿੱਟ ਰੋਮਨੀ ਜੋ ਇਸ ਅਹੁਦੇ ਦੇ ਮੁੱਖ ਦਾਅਵੇਦਾਰਾਂ ਵਿਚ ਸ਼ੁਮਾਰ ਸਨ, ਨੇ ਕਿਹਾ ਕਿ ਉਹ ਹੁਣ ਦੌੜ ਵਿਚੋਂ ਬਾਹਰ ਹਨ।

'ਦਿ ਵਾਲ ਸਟਰੀਟ ਜਰਨਲ' ਨੇ ਵੀ ਟਰੰਪ ਦੀ ਸੱਤਾ ਤਬਾਦਲਾ ਟੀਮ ਦੇ ਇਕ ਅਧਿਕਾਰੀ ਦੇ ਹਵਾਲੇ ਨਾਲ ਟਿਲਰਸਨ ਦੇ ਅਗਲੇ ਵਿਦੇਸ਼ ਮੰਤਰੀ ਵਜੋਂ ਚੁਣੇ ਜਾਣ ਦੀ ਪੁਸ਼ਟੀ ਕੀਤੀ ਹੈ, ਹਾਲਾਂਕਿ ਰੋਜ਼ਨਾਮਚੇ ਮੁਤਾਬਕ ਟਿਲਰਸਨ ਜਿਸ ਦਾ ਵਿਦੇਸ਼ ਵਿਚ ਚੰਗਾ ਕਾਰੋਬਾਰ ਹੈ, ਦੀ ਵਿਦੇਸ਼ੀ ਆਗੂਆਂ ਨਾਲ ਰਿਸ਼ਤੇ ਇਸ ਨਿਯੁਕਤੀ ਦੇ ਰਾਹ ਵਿਚ ਅੜਿੱਕਾ ਬਣ ਸਕਦੇ ਹਨ। ਉਧਰ, ਟਰੰਪ ਨੇ ਟਿਲਰਸਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਕਿਸੇ ਵੱਡੇ ਕਾਰੋਬਾਰੀ ਤੋਂ ਕੁਝ ਵਧ ਕੇ ਹੀ ਹੈ। ਉਹ ਆਲਮੀ ਪੱਧਰ ਦਾ ਖਿਡਾਰੀ ਹੈ। ਉਸ ਦੇ ਹੱਥ ਅਜਿਹੀ ਕੰਪਨੀ ਦੀ ਕਮਾਨ ਹੈ ਜੋ ਵਿਸ਼ਵ ਦੀ ਸਭ ਤੋਂ ਵੱਡੀ ਹੈ।

# ਮੋਦੀ ਸਰਕਾਰ ਨੇ ਕੀਤਾ ਕਿਸਾਨ ਮਾਰੂ ਫੈਸਲਾ

ਨਵੀਂ ਦਿੱਲੀ: ਵਧਦੀਆਂ ਕੀਮਤਾਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਕਣਕ ਦੀ ਮੰਗ ਵਧਾਉਣ ਦੇ ਮਕਸਦ ਨਾਲ ਫਸਲ ਉਤੇ ਦਰਾਮਦ ਟੈਕਸ ਖਤਮ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਕਣਕ 'ਤੇ ਦਰਾਮਦ ਟੈਕਸ 10 ਫੀਸਦੀ ਸੀ। ਇਸ ਤੋਂ ਬਿਨਾਂ ਭਾਰਤੀ ਮੌਸਮ ਵਿਭਾਗ ਨੇ ਵੀ ਇਸ ਸਾਲ ਸਰਦੀਆਂ ਆਮ ਨਾਲੋਂ ਕੁਝ ਵੱਧ ਰਹਿਣ ਦੀ ਸੰਭਾਵਨਾ ਜਤਾਈ ਹੈ ਜਿਸ ਨਾਲ ਕਣਕ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ।

ਵਿੱਤ ਮੰਤਰੀ ਅਰੁਣ ਜੇਤਲੀ ਨੇ ਲੋਕ ਸਭਾ ਵਿਚ ਕਣਕ ਤੋਂ ਦਰਾਮਦ ਟੈਕਸ ਹਟਾਉਣ ਸਬੰਧੀ ਨੋਟੀਫਿਕੇਸ਼ਨ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਅੱਠ ਦਸੰਬਰ 2016 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ ਕਣਕ ਤੋਂ ਦਰਾਮਦ ਟੈਕਸ 10 ਫੀਸਦੀ ਤੋਂ ਘਟਾ ਕੇ ਜ਼ੀਰੋ ਕੀਤਾ ਗਿਆ ਹੈ ਜੋ ਤੁਰੰਤ ਲਾਗੂ ਹੋਵੇਗਾ। ਇਸ ਵਿਚ ਮਾਰਚ 2012 ਦੇ ਨੋਟੀਫਿਕੇਸ਼ਨ ਨੂੰ ਸੋਧਿਆ ਗਿਆ ਹੈ।

ਕੇਂਦਰ ਸਰਕਾਰ ਵੱਲੋਂ ਕਣਕ ਤੋਂ ਦਰਾਮਦ ਟੈਕਸ ਘਟਾਉਣ ਦੇ ਫੈਸਲੇ ਦਾ ਕਾਂਗਰਸ ਤੇ ਜਨਤਾ ਦਲ (ਯੂ) ਨੇ ਸਖਤ ਵਿਰੋਧ ਕੀਤਾ। ਉਨ੍ਹਾਂ ਇਸ ਨੂੰ ਕਿਸਾਨ ਵਿਰੋਧੀ ਫੈਸਲਾ ਕਰਾਰ ਦਿੱਤਾ ਹੈ।

# ਤ੍ਰਿਣਮੂਲ ਕਾਂਗਰਸ ਵੀ ਪਿੜ 'ਚ ਉਤਰੀ

**ਚੰਡੀਗੜ੍ਹ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਦੇ ਮੀਤ ਪ੍ਰਧਾਨ ਮੁਕੁਲ ਰਾਏ ਨੇ ਇਥੇ ਪੰਜਾਬ ਇਕਾਈ ਦੇ ਮੁੱਖ ਦਫਤਰ ਦਾ ਉਦਘਾਟਨ ਕੀਤਾ। ਇਸ ਮਗਰੋਂ ਉਨ੍ਹਾਂ ਕਿਹਾ ਕਿ ਪੰਜਾਬ ਚੋਣਾਂ ਵਿਚ ਉਨ੍ਹਾਂ ਦੇ ਹਰ ਪਾਰਟੀ ਨਾਲ ਗੱਠਜੋੜ ਕਰਨ ਦੇ ਰਸਤੇ ਖੁੱਲ੍ਹੇ ਹਨ, ਪਰ ਉਹ ਅਜਿਹਾ ਕੋਈ ਵੀ ਫੈਸਲਾ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਹੀ ਕਰਨਗੇ। ਉਨ੍ਹਾਂ ਦੇ ਇਸ ਐਲਾਨ ਕਾਰਨ ਪ੍ਰੈਸ ਕਾਨਫਰੰਸ ਵਿਚ ਉਨ੍ਹਾਂ ਦੇ ਨਾਲ ਹੀ ਬੈਠੇ ਪੰਜਾਬ ਇਕਾਈ ਦੇ ਪ੍ਰਧਾਨ ਜਗਮੀਤ ਬਰਾੜ ਦੀ ਹਾਲਤ ਅਣਸੁਖਾਵੀਂ ਹੋ ਗਈ, ਕਿਉਂਕਿ ਉਹ ਲੰਮੇਂ ਸਮੇਂ ਤੋਂ ਪੰਜਾਬ ਵਿਚੋਂ ਕਾਂਗਰਸ ਤੇ ਅਕਾਲੀਆਂ ਦਾ ਸਫਾਇਆ ਕਰਨ ਅਤੇ ਆਮ ਆਦਮੀ ਪਾਰਟੀ (ਆਪ) ਨਾਲ ਗੱਠਜੋੜ ਕਰਨ ਲਈ ਪੱਬਾਂ ਭਾਰ ਹੋਏ ਪਏ ਹਨ।

ਪੱਤਰਕਾਰਾਂ ਦੇ ਸਵਾਲਾਂ ਵਿਚ ਘਿਰੇ ਪਏ ਸ. ਬਰਾੜ ਨੇ ਕਿਹਾ ਕਿ ਭਾਵੇਂ ਚੋਣ ਗੱਠਜੋੜ ਦਾ ਫੈਸਲਾ ਪਾਰਟੀ ਦੀ ਹਾਈਕਮਾਂਡ ਨੇ ਕਰਨਾ ਹੈ, ਪਰ ਇਹ ਪੱਕਾ ਹੈ ਕਿ ਤ੍ਰਿਣਮੂਲ, ਪੰਜਾਬ ਵਿਚੋਂ ਕਾਂਗਰਸੀ ਅਤੇ ਅਕਾਲੀਆਂ ਦਾ ਸਫਾਇਆ ਕਰਨ ਲਈ ਨਿੱਤਰੇਗੀ। ਮਮਤਾ ਬੈਨਰਜੀ ਦੀ 'ਆਪ' ਦੇ ਸੁਪਰੀਮੋ ਅਰਵਿੰਦਰ ਕੇਜਰੀਵਾਲ ਨਾਲ ਗੱਠਜੋੜ ਕਰਨ ਬਾਰੇ ਗੱਲ ਹੋਈ ਹੈ। ਜੇ ਇਹ ਗੱਠਜੋੜ ਸਿਰੇ ਨਾ ਚੜ੍ਹਿਆ ਤਾਂ ਉਹ ਆਪਣੇ ਪੱਧਰ 'ਤੇ ਵੀ ਚੋਣਾਂ 'ਚ ਨਿੱਤਰ ਸਕਦੇ ਹਨ।

# ਦਲੀਪ ਕੁਮਾਰ ਦਾ ਜੱਦੀ ਘਰ ਢਹਿਣ ਕਿਨਾਰੇ

**ਪੇਸ਼ਾਵਰ:** ਪਾਕਿਸਤਾਨ ਦੇ ਪੇਸ਼ਾਵਰ ਵਿਚ ਸਥਿਤ ਅਦਾਕਾਰ ਦਲੀਪ ਕੁਮਾਰ ਦਾ ਜੱਦੀ ਕਦੇ ਵੀ ਘਰ ਢਹਿ ਸਕਦਾ ਹੈ। 2015 ਵਿਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਇਸ ਘਰ ਨੂੰ ਰਾਸ਼ਟਰੀ ਵਿਰਾਸਤ ਐਲਾਨਿਆ ਸੀ। ਇਸ ਦੇ ਬਾਵਜੂਦ ਖੈਬਰ-ਪਖਤੂਨਖਵਾ ਸਰਕਾਰ ਹੁਣ ਤੱਕ ਘਰ ਨੂੰ ਅਧਿਕਾਰ ਖੇਤਰ ਨਹੀਂ ਲਿਆ ਸਕੀ। ਪੇਸ਼ਾਵਰ ਦੇ ਕਿੱਸਾ ਖਵਾਨੀ ਬਾਜ਼ਾਰ ਦੇ ਲੋਕਾਂ ਦੀ ਦਲੀਲ ਹੈ ਕਿ ਸਰਕਾਰ ਅਜੇ ਤੱਕ ਉਸ ਇਮਾਰਤ ਦੀ ਮਲਕੀਅਤ ਦੇ ਵਿਵਾਦ ਨੂੰ ਹੱਲ ਨਹੀਂ ਕਰ ਸਕੀ ਹੈ। ਦਲੀਪ ਕੁਮਾਰ ਦਾ ਘਰ ਜੱਦੀ ਘਰ ਭੀੜ ਵਾਲੇ ਇਲਾਕੇ 'ਚ ਹੈ। ਇਥੇ ਤੱਕ ਸਿਰਫ਼ 6 ਫੁੱਟ ਚੌੜੀ ਤੇ 33 ਫੁੱਟ ਲੰਬੀ ਗਲੀ ਰਾਹੀਂ ਪਹੁੰਚਿਆ ਜਾ ਸਕਦਾ ਹੈ। ਇਸੇ ਦੌਰਾਨ ਲੋਕਾਂ ਨੇ ਲੰਘੇ ਐਤਵਾਰ ਦਲੀਪ ਕੁਮਾਰ ਦਾ 94ਵਾਂ ਜਨਮ ਦਿਨ ਮਨਾਇਆ। ਘਰ ਦੇ ਮਾਲਕ ਤੇ ਪਿਛਲੀ ਸੂਬਾ ਸਰਕਾਰ ਵਿਚ ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਜਾਰੀ ਵਿਵਾਦ ਨੂੰ ਵੀ ਅਜੇ ਤੱਕ ਹੱਲ ਨਹੀਂ ਹੋ ਸਕਿਆ। ਖੈਬਰ-ਪਖਤੂਨਖਵਾ ਸਰਕਾਰ ਨੇ ਰਾਸ਼ਟਰੀ ਵਿਰਾਸਤ ਐਲਾਨੀ ਸੰਪਤੀ ਦੀ ਦੇਖ-ਰੇਖ ਦੇ ਲਈ ਐਕਟ ਪਾਸ ਕੀਤਾ ਸੀ, ਫਿਰ ਵੀ ਦਲੀਪ ਕੁਮਾਰ ਦੇ ਘਰ ਨੂੰ ਕਾਨੂੰਨ ਦੇ ਤਹਿਤ ਨਹੀਂ ਲਿਆਇਆ ਜਾ ਸਕਿਆ। ਦਲੀਪ ਕੁਮਾਰ ਦਾ ਜਨਮ 1922 ਵਿਚ ਪੇਸ਼ਾਵਰ ਵਿਚ ਹੋਇਆ ਸੀ ਤੇ ਉਨ੍ਹਾਂ ਦਾ ਅਸਲੀ ਨਾਂ ਯੂਸਫ਼ ਖ਼ਾਨ ਹੈ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)





Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)
Cell: (510)-677-9942
Shop: (510)-505-9605
www.princebarbershop.com







ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 17 ਦਸੰਬਰ 2016*

# ਦਲ-ਬਦਲੀ ਦੇ ਗੇੜੇ

ਪੰਜਾਬ ਵਿਧਾਨ ਸਭਾ ਚੋਣਾਂ ਲਈ ਜਿਉਂ-ਜਿਉਂ ਵੱਖ-ਵੱਖ ਪਾਰਟੀਆਂ ਵੱਲੋਂ ਉਮੀਦਵਾਰਾਂ ਦੇ ਐਲਾਨ ਹੋਈ ਜਾਂਦੇ ਹਨ, ਦਲ-ਬਦਲੀ ਦੀਆਂ ਖਬਰਾਂ ਵੀ ਜ਼ੋਰ ਫੜ ਰਹੀਆਂ ਹਨ। ਕੋਈ ਵੀ ਪਾਰਟੀ ਅਜਿਹੀ ਨਹੀਂ ਹੈ ਜਿਸ ਨੂੰ ਅੱਜ ਕੱਲ੍ਹ ਦਲ-ਬਦਲੀ ਨਾਲ ਜੂਝਣਾ ਨਾ ਪੈ ਰਿਹਾ ਹੋਵੇ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਜੋ ਪਿਛਲੇ ਇਕ ਦਹਾਕੇ ਤੋਂ ਸੂਬੇ ਵਿਚ ਰਾਜ-ਭਾਗ ਚਲਾ ਰਿਹਾ ਹੈ, ਤੋਂ ਲੈ ਕੇ ਨਿੱਤ ਦਿਨ ਬਣ-ਵਿਗਸ ਰਹੇ ਚੋਣ ਫਰੰਟਾਂ ਤੱਕ, ਸਭ ਇਸ ਗੇੜ ਵਿਚ ਗਿੜ ਰਹੇ ਹਨ। ਅਕਾਲੀ ਦਲ ਤਾਂ ਆਪਣੇ ਦਲ-ਬਦਲੂਆਂ ਨੂੰ ਰੋਕਣ ਲਈ ਸੱਤਾ ਦੇ ਜ਼ੋਰ ਬਾਂਹ ਮਰੋੜਨ ਦੇ ਰਾਹ ਵੀ ਪੈ ਗਿਆ ਹੈ। ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਵਾਲੀ ਮਿਸਾਲ ਇਸ ਦੀ ਮੁੱਖ ਮਿਸਾਲ ਹੈ। ਉਸ ਦੇ ਪੁੱਤਰ (ਜੋ ਅਕਾਲੀ ਦਲ ਦੀ ਟਿਕਟ ਉਤੇ ਦਾਅਵਾ ਕਰ ਰਿਹਾ ਸੀ) ਨੂੰ ਕਾਂਗਰਸ ਵਿਚ ਜਾਣ ਤੋਂ ਐਨ ਮੌਕੇ 'ਤੇ ਰੋਕ ਲਿਆ ਗਿਆ। ਸਰਕਾਰ ਨੇ ਇਸ ਪਰਿਵਾਰ ਵੱਲੋਂ ਚਲਾਏ ਜਾ ਰਹੇ ਕਾਲਜ ਉਤੇ ਰਾਤੋ-ਰਾਤ ਵਿਜੀਲੈਂਸ ਦਾ ਛਾਪਾ ਮਰਵਾ ਕੇ ਸਾਫ ਸੁਨੇਹਾ ਦੇ ਦਿੱਤਾ। ਉਂਜ, ਇਸ ਮਾਮਲੇ 'ਤੇ ਸਭ ਤੋਂ ਉਮਦਾ ਮਿਸਾਲ 'ਰਾਜ ਗਾਇਕ' ਵਜੋਂ ਸਨਮਾਨਿਤ ਹੰਸ ਰਾਜ ਹੰਸ ਦੀ ਹੈ। ਹੰਸ ਨੂੰ ਰਾਜ ਗਾਇਕ ਦਾ ਸਨਮਾਨ ਅਕਾਲੀ ਸਰਕਾਰ ਨੇ ਦਿੱਤਾ ਸੀ, ਉਹ ਸਪਸ਼ਟ ਰੂਪ ਵਿਚ ਇਸ ਦਲ ਨਾਲ ਹੀ ਜੁੜ ਗਏ ਸਨ, ਪਰ ਲੀਡਰਸ਼ਿਪ ਨਾਲ ਨਾਰਾਜ਼ਗੀ ਕਾਰਨ ਕੁਝ ਮਹੀਨੇ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦਾ ਲੜ ਫੜ ਕੇ ਕਾਂਗਰਸ ਨਾਲ ਰਲ ਗਏ ਸਨ। ਵਿਚਾਰਨ ਵਾਲਾ ਮਸਲਾ ਇਹ ਹੈ ਕਿ ਉਹ ਸ਼ਰਤਾਂ ਸਹਿਤ ਹੀ ਕਾਂਗਰਸ ਅੰਦਰ ਗਏ ਸਨ, ਪਰ ਕਾਂਗਰਸ ਵਾਲੇ ਰਾਹ ਤੁਰ ਕੇ, ਜਦੋਂ ਉਹ ਕੁਝ ਕਾਰਨਾਂ ਕਰ ਕੇ, ਰਾਜ ਸਭਾ ਦੀ ਦਹਿਲੀਜ਼ ਟੱਪਣ ਵਿਚ ਨਾਕਾਮ ਰਹੇ ਤਾਂ ਹੁਣ ਉਨ੍ਹਾਂ ਭਾਰਤੀ ਜਨਤਾ ਪਾਰਟੀ ਵੱਲ ਚਾਲੇ ਪਾ ਲਏ। ਪਾਰਟੀਆਂ ਬਦਲਣ ਵਿਚ ਉਨ੍ਹਾਂ ਸਿਆਸੀ ਆਗੂਆਂ ਨੂੰ ਵੀ ਪਛਾੜ ਛੱਡਿਆ ਹੈ, ਹਾਲਾਂਕਿ ਉਨ੍ਹਾਂ ਦਾ ਕਿਤੇ ਕੋਈ ਸਿਆਸੀ ਆਧਾਰ ਵੀ ਨਹੀਂ ਹੈ ਅਤੇ ਉਹ ਸਿਰਫ ਦਲਿਤ ਪਰਿਵਾਰ ਵਿਚ ਜੰਮੇ ਹੋਣ ਦਾ ਲਾਹਾ ਲੈ ਕੇ ਸਿਆਸਤ ਵਿਚ ਕੋਈ ਮੁਕਾਮ ਹਾਸਲ ਕਰਨਾ ਚਾਹੁੰਦੇ ਹਨ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦਾ ਅਸਲੀ ਮੁਕਾਮ ਤਾਂ ਗਾਇਨ ਸੀ, ਗਾਇਨ ਵਿਚੋਂ ਵੀ ਸੂਫੀ ਕਲਾਮ ਦਾ ਗਾਇਨ, ਪਰ ਸਿਰ ਦੇ ਵਾਲ ਵਧਾ ਕੇ ਸੂਫੀ ਬਣਨਾ ਹੋਰ ਗੱਲ ਹੈ, ਸਮੁੱਚੇ ਜੀਵਨ ਨੂੰ ਸੂਫੀ ਪੈਂਡਿਆਂ ਦਾ ਰਾਹੀ ਬਣਾਉਣਾ ਹੋਰ। ਖੈਰ! ਦਲ-ਬਦਲੀ ਦੀਆਂ ਖਬਰਾਂ ਨੇ ਦਰਸਾ ਦਿੱਤਾ ਕਿ ਅੱਜ ਦੇ ਸਿਆਸੀ ਆਗੂ ਸਿਆਸਤ ਦੇ ਪਿੜ ਅੰਦਰ ਕਿੰਨੇ ਕੁ ਸੁੱਚੇ ਤੇ ਸੱਚੇ ਤੁਲਦੇ ਹਨ ਅਤੇ ਇਨ੍ਹਾਂ ਲੋਕਾਂ ਦੇ ਲੋਕ-ਮੁੱਦਿਆਂ ਅਤੇ ਸੂਬੇ ਦੇ ਮਸਲਿਆਂ ਨਾਲ ਕਿੰਨਾ ਕੁ ਸਰੋਕਾਰ ਹੈ!

ਦਰਅਸਲ, ਅੱਜ ਦੀ ਸਿਆਸਤ ਦਾ ਕਿੱਲਾ ਚੋਣਾਂ ਦੀ ਸਿਆਸਤ ਤੱਕ ਮਹਿਦੂਦ ਹੋ ਕੇ ਰਹਿ ਗਿਆ ਹੈ। ਇਸੇ ਕਰ ਕੇ ਚੋਣਾਂ ਦੇ ਦਿਨਾਂ ਦੌਰਾਨ ਦਲ-ਬਦਲੀ ਦੀਆਂ ਸਰਗਰਮੀਆਂ ਵਿਚ ਵਾਧਾ ਅਕਸਰ ਦਿਸਦਾ ਹੈ। ਇਹ ਵੀ ਵਿਚਾਰਨਾ ਬਣਦਾ ਹੈ ਕਿ ਵੱਖ-ਵੱਖ ਪਾਰਟੀਆਂ ਦੀ ਲੀਡਰਸ਼ਿਪ ਕਿਉਂਕਿ ਕੁਝ ਕੁ ਪਰਿਵਾਰਾਂ ਜਾਂ ਲੀਡਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ, ਇਸ ਲਈ ਹੇਠਲੇ ਪੱਧਰ ਦੇ ਆਗੂਆਂ ਜਾਂ ਕਾਰਕੁਨਾਂ ਨੂੰ ਅੱਗੇ ਆਉਣ ਦੇ ਮੌਕੇ ਬਹੁਤ ਘੱਟ ਮਿਲ ਰਹੇ ਹਨ। ਜਿਹੜਾ ਆਗੂ ਇਕ ਵਾਰ ਸਥਾਪਿਤ ਹੋ ਗਿਆ, ਫਿਰ ਉਸ ਦਾ ਪਰਿਵਾਰ ਹੀ ਸਮੁੱਚੇ ਇਲਾਕੇ ਦਾ ਸਰਬਰਾਹ ਹੋਣ ਦਾ ਦਾਅਵਾ ਕਰਨ ਲੱਗਦਾ ਹੈ। ਅਜਿਹਾ ਰੁਝਾਨ ਵੱਖ-ਵੱਖ ਪਾਰਟੀਆਂ ਅੰਦਰ ਜਮਹੂਰੀਅਤ ਦਾ ਸਾਹ ਘੁੱਟ ਦੇਣ ਕਾਰਨ ਬਣਿਆ ਹੈ। ਕਾਂਗਰਸ ਅਤੇ ਅਕਾਲੀ ਦਲ ਵਰਗੀਆਂ ਰਵਾਇਤੀ ਪਾਰਟੀਆਂ ਭਾਵੇਂ ਜੋ ਮਰਜ਼ੀ ਦਾਅਵੇ ਕਰਨ, ਇਨ੍ਹਾਂ ਅਤੇ ਹੋਰ ਪਾਰਟੀਆਂ ਅੰਦਰ ਜਮਹੂਰੀਅਤ ਦੀ ਸੱਚਮੁੱਚ ਸੰਘੀ ਘੁੱਟ ਦਿੱਤੀ ਗਈ ਹੈ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਉਭਰੀ ਨਵੀਂ ਸਿਆਸੀ ਧਿਰ-ਆਮ ਆਦਮੀ ਪਾਰਟੀ, ਤੋਂ ਇਸ ਗੰਧਲੇ ਸਿਆਸੀ ਮਾਹੌਲ ਅੰਦਰ ਕੁਝ ਨਵੀਆਂ ਲੀਹਾਂ ਪਾਉਣ ਦੀ ਆਸ ਬੱਝੀ ਸੀ, ਪਰ ਇਸ ਪਾਰਟੀ ਦੀ ਮੁੱਖ ਲੀਡਰਸ਼ਿਪ ਨੇ ਜਿਸ ਤਰ੍ਹਾਂ ਦਾ ਵਿਹਾਰ ਵਿਰੋਧੀ ਵਿਚਾਰ ਰੱਖਣ ਵਾਲੇ ਆਪਣੇ ਲੀਡਰਾਂ ਜਾਂ ਕਾਰਕੁਨਾਂ ਦਾ ਕੀਤਾ ਹੈ, ਉਸ ਤੋਂ ਸਾਫ ਲੱਗ ਰਿਹਾ ਸੀ ਕਿ ਪਰਨਾਲਾ ਸ਼ਾਇਦ ਉਥੇ ਦਾ ਉਥੇ ਹੀ ਰਹਿ ਜਾਣਾ ਹੈ।

ਹੁਣ ਦੋ ਸਾਲਾਂ ਦੀ ਸਿਆਸਤ ਤੋਂ ਬਾਅਦ ਅਜਿਹੇ ਨਤੀਜੇ ਵੀ ਸਾਹਮਣੇ ਆ ਗਏ ਹਨ ਜਿਨ੍ਹਾਂ ਤੋਂ ਜਾਪ ਰਿਹਾ ਹੈ ਕਿ ਕੁਝ ਕੁ ਪੱਖਾਂ ਨੂੰ ਛੱਡ ਕੇ ਇਹ ਪਾਰਟੀ ਵੀ ਰਵਾਇਤੀ ਪਾਰਟੀਆਂ ਵਾਲੇ ਨਕਸ਼-ਏ-ਕਦਮ ਉਤੇ ਨਿਕਲ ਪਈ ਹੈ। ਉਂਜ ਜਿਸ ਤਰ੍ਹਾਂ ਦਾ ਹੁੰਗਾਰਾ ਇਸ ਪਾਰਟੀ ਨੂੰ ਮਿਲਿਆ ਜਾਂ ਅੱਜ ਵੀ ਮਿਲ ਰਿਹਾ ਹੈ, ਉਹ ਬੇਮਿਸਾਲ ਹੈ। ਜੇ ਕਿਤੇ ਪਾਰਟੀਆਂ ਦੇ ਕਾਰਕੁਨਾਂ ਕੋਲ ਪਾਰਟੀ ਦੀ ਲੀਡਰਸ਼ਿਪ ਨੂੰ ਸਵਾਲ ਕਰਨ ਦਾ ਕੋਈ ਢਾਂਚਾ ਵਿਕਸਿਤ ਕਰ ਲਿਆ ਜਾਵੇ ਤਾਂ ਜਾਪਦਾ ਹੈ ਕਿ ਲੋਕਾਂ ਦਾ ਭਰਪੂਰ ਹੁੰਗਾਰਾ ਪ੍ਰਾਪਤ ਕਰਨ ਵਾਲੀਆਂ ਅਜਿਹੀਆਂ ਧਿਰਾਂ ਰਵਾਇਤੀ ਸਿਆਸਤ ਨੂੰ ਕੁਝ ਕੁ ਮੋੜਾ ਤਾਂ ਪਾ ਹੀ ਸਕਦੀਆਂ ਹਨ। ਇਸ ਮਾਮਲੇ ਵਿਚ ਪਹਿਲ 'ਆਪ' ਨੇ ਹੀ ਕੀਤੀ ਸੀ ਜੋ ਮਗਰੋਂ ਤੱਜ ਦਿੱਤੀ ਗਈ। ਹੁਣ ਸ਼ੁਰੂਆਤ ਕਿਸ ਪਾਸਿਓਂ ਅਤੇ ਕਿਸ ਤਰ੍ਹਾਂ ਹੋਵੇਗੀ, ਇਹ ਕਹਿਣਾ ਫਿਲਹਾਲ ਕਿਆਸ-ਆਰਾਈ ਹੀ ਹੈ; ਪਰ ਇਕ ਗੱਲ ਸਾਫ ਹੈ ਕਿ ਪੰਜਾਬ ਦੇ ਲੋਕਾਂ ਨੇ ਜਿਸ ਤਰ੍ਹਾਂ ਰਵਾਇਤੀ ਪਾਰਟੀਆਂ ਨੂੰ ਪਿਛੇ ਕਰ ਕੇ 'ਆਪ' ਵਰਗੀ ਪਾਰਟੀ ਨੂੰ ਹੁਲਾਰਾ ਦਿੱਤਾ ਸੀ, ਕਿਸੇ ਦਿਨ ਇਹੀ ਲੋਕ ਲੀਡਰਸ਼ਿਪ ਨੂੰ ਮੈਦਾਨ ਵਿਚ ਖਲਿਆਰ ਕੇ ਆਪਣੇ ਨਾਲ ਜੁੜੇ ਸਵਾਲ ਕਰਨ ਦੇ ਸਮਰੱਥ ਹੋ ਜਾਣਗੇ। ਉਸ ਹਾਲਾਤ ਵਿਚ ਫਿਰ ਲੀਡਰਸ਼ਿਪ ਨੂੰ ਕਮਰਿਆਂ ਵਿਚ ਬੈਠ ਕੇ ਫੈਸਲੇ ਕਰਨ ਦੀ ਥਾਂ ਲੋਕਾਂ ਦੀ ਗੱਲ ਸੁਣਨੀ ਪਵੇਗੀ। ਅਜਿਹੀ ਸੂਰਤ ਵਿਚ ਕਮਾਨ ਸੱਚਮੁੱਚ ਜਮਹੂਰੀ ਰੁਖ ਅਖਤਿਆਰ ਕਰੇਗੀ। ਇਹ ਤੱਥ ਭਾਵੇਂ ਹਾਲ ਦੀ ਘੜੀ 'ਦਿੱਲੀ ਅਜੇ ਦੂਰ' ਵਾਲੀ ਗੱਲ ਹੀ ਜਾਪਦਾ ਹੈ, ਪਰ ਪੰਜਾਬ ਦੇ ਲੋਕ ਇਸ ਮਾਮਲੇ 'ਤੇ ਵੀ ਪਿਛੇ ਨਹੀਂ ਰਹਿਣ ਲੱਗੇ। ਸੰਭਵ ਹੈ ਕਿ ਅਸਲ ਜਮਹੂਰੀ ਨਿਜ਼ਾਮ ਵਾਲਾ ਰਾਹ ਪੰਜਾਬ ਵਿਚੋਂ ਹੋ ਕੇ ਲੰਘੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਆਹਾਂ 'ਚ ਗੋਲੀਆਂ?*

ਲੱਚਰਪੁਣੇ ਦਾ ਵਿਆਹਾਂ 'ਚ ਬੋਲਬਾਲਾ, ਭੁੱਖ ਪਈ 'ਮਨੋਰੰਜਨ' ਦੇ ਲੱਚ ਦੀ ਐ।
ਘੂਕੀ ਮਾਡਰਨਪੁਣੇ ਦੀ ਚੜ੍ਹੀ ਪੂਰੀ, ਲਾੜੇ ਨਾਲ ਹੁਣ ਲਾੜੀ ਵੀ ਨੱਚਦੀ ਐ।
ਧੀਆਂ ਵਰਗੀਆਂ ਦੇਖ ਅੱਧ-ਨੰਗੀਆਂ ਨੂੰ, ਆਵੇ ਸ਼ਰਮ ਨਾ ਗੱਲ ਇਹ ਅੱਤ ਦੀ ਐ।
ਕੋਈ ਨਾ ਮੰਨਦਾ ਦਾਨਿਆਂ-ਸਾਨਿਆਂ ਦੀ, ਕਹਿੰਦੇ 'ਸ਼ਾਨ' ਬਰਾਤ ਦੇ ਖੱਚ ਦੀ ਐ।
'ਹਮ ਘਰ' ਰਹਿਣ ਉਡੀਕਦੇ 'ਸਾਜਨਾਂ' ਨੂੰ, ਫੌਜਾਂ ਪੈਲੇਸ 'ਚ ਖੌਰੂ ਜਾ ਪਾਉਂਦੀਆਂ ਨੇ।
ਹੱਥੀਂ ਨਸ਼ੇ 'ਚ ਅੰਨਿਆਂ ਫੁਕਰਿਆਂ ਦੇ, ਚੱਲੀਆਂ ਗੋਲੀਆਂ ਕਹਿਰ ਮਚਾਉਂਦੀਆਂ ਨੇ!

# ਜੰਗਬਾਜ਼ ਰਾਸ਼ਟਰਵਾਦ

***ਹਿੰਦੁਸਤਾਨ ਦੇ ਚੋਟੀ ਦੇ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਨੇ ਆਪਣੇ ਤਾਜ਼ਾ ਅੰਕ ਵਿਚ ਹਿੰਦੁਸਤਾਨ-ਪਾਕਿਸਤਾਨ ਰਿਸ਼ਤਿਆਂ ਵਿਚ ਵਧ ਰਹੀ ਕਸ਼ੀਦਗੀ ਨੂੰ ਵਧਾਉਣ ਵਿਚ ਆਰ.ਐਸ.ਐਸ. ਦੇ ਕੰਟਰੋਲ ਵਾਲੀ ਕੇਂਦਰ ਸਰਕਾਰ ਦੀ ਜੰਗਬਾਜ਼ ਭੂਮਿਕਾ ਉਪਰ ਅਹਿਮ ਤਬਸਰਾ ਕਰਦਿਆਂ ਇਸ ਦੀਆਂ ਅਰਥ-ਸੰਭਾਵਨਾਵਾਂ ਬਾਰੇ ਗੰਭੀਰ ਚਰਚਾ ਕੀਤੀ ਹੈ। ਅਸੀਂ ਆਪਣੇ ਪਾਠਕਾਂ ਲਈ ਇਹ ਰਚਨਾ ਛਾਪ ਰਹੇ ਹਾਂ ਜਿਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ (ਫੋਨ: 91-94634-74342) ਨੇ ਕੀਤਾ ਹੈ। -ਸੰਪਾਦਕ***

ਜਿਉਂ-ਜਿਉਂ ਆਮ ਨਾਗਰਿਕਾਂ ਅਤੇ ਫ਼ੌਜ ਦੇ ਜਾਨੀ ਨੁਕਸਾਨ ਦੀ ਤਾਦਾਦ ਵਧਦੀ ਜਾਂਦੀ ਹੈ, ਤਿਉਂ-ਤਿਉਂ ਕਸ਼ਮੀਰ ਦੇ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਹੇਠਲੇ ਇਲਾਕਿਆਂ ਦਰਮਿਆਨ ਦੀ ਕੰਟਰੋਲ ਰੇਖਾ ਉਪਰ ਵਕਤ ਦੇ ਤਕਾਜ਼ੇ ਦੇ ਰੂਪ ਵਿਚ ਗੋਲੀਬੰਦੀ ਦੀ ਅਹਿਮੀਅਤ ਹੋਰ ਵੀ ਸ਼ਿੱਦਤ ਅਖ਼ਤਿਆਰ ਕਰ ਰਹੀ ਹੈ। ਇਸ ਬਾਬਤ ਗੇਂਦ ਸੁੱਟਣ ਦੀ ਪਹਿਲਕਦਮੀ ਦਾ ਸਿਹਰਾ ਪਾਕਿਸਤਾਨ ਦੇ ਸਿਰ ਬੱਝਿਆ, ਜਦੋਂ ਇਸ ਦੇ ਵਿਦੇਸ਼ ਮੰਤਰੀ ਸਰਤਾਜ਼ ਅਜ਼ੀਜ਼ ਨੇ ਸੰਕੇਤ ਦਿੱਤਾ ਕਿ ਉਸ ਦੀ ਸਰਕਾਰ ਹਿੰਦੁਸਤਾਨ ਦੀ ਸਰਕਾਰ ਨਾਲ ਆਹਲਾ ਮਿਆਰੀ ਭਰਵੀਂ ਅਤੇ ਬਿਨਾ ਸ਼ਰਤ ਗੱਲਬਾਤ ਮੁੜ ਸ਼ੁਰੂ ਕਰਨ ਲਈ ਤਿਆਰ ਹੈ, ਪਾਕਿਸਤਾਨ ਅੰਦਰ ਸਰਹੱਦ ਪਾਰਲੇ ਦਹਿਸ਼ਤਵਾਦ ਬਾਬਤ ਹਿੰਦੁਸਤਾਨ ਦੇ ਇਲਜ਼ਾਮਾਂ ਬਾਰੇ ਗੱਲਬਾਤ ਕੀਤੇ ਜਾਣ ਸਮੇਤ। ਅਜ਼ੀਜ਼ ਨੇ ਤਜਵੀਜ਼ ਪੇਸ਼ ਕੀਤੀ ਕਿ ਅਫ਼ਗਾਨਿਸਤਾਨ ਬਾਰੇ "ਹਾਰਟ ਆਫ ਏਸ਼ੀਆ-ਇਸਤਾਂਬੁਲ ਪਰੌਸੈੱਸ" ਦੇ ਛੇਵੇਂ, ਮੰਤਰੀ ਪੱਧਰ ਦੇ ਸੰਮੇਲਨ ਦੇ ਗੌਣ ਮੁੱਦੇ ਦੇ ਤੌਰ 'ਤੇ ਇਸ ਉਪਰ ਇਹ ਆਗਾਜ਼ ਕੀਤਾ ਜਾ ਸਕਦਾ ਹੈ। ਇਸ ਸੰਮੇਲਨ ਵਿਚ ਇਹ ਮੁਲਕ ਅਤੇ ਇਸ ਦੇ ਗੁਆਂਢੀ ਮੁਲਕ ਅਤੇ ਖੇਤਰੀ ਹਿੱਸੇਦਾਰ ਸ਼ਾਮਲ ਸਨ, ਪ੍ਰਧਾਨਗੀ ਹਿੰਦੁਸਤਾਨ ਨੇ ਕੀਤੀ ਅਤੇ ਇਹ 3-4 ਦਸੰਬਰ ਨੂੰ ਅੰਮ੍ਰਿਤਸਰ ਵਿਖੇ ਕੀਤਾ ਗਿਆ। ਇਹ ਮੌਕਾ ਨਵੀਂ ਦਿੱਲੀ ਲਈ ਕੂਟਨੀਤਕ ਅਤੇ ਫ਼ੌਜੀ ਵੈਰ-ਵਿਰੋਧਾਂ ਨੂੰ ਬੇਅਸਰ ਕਰਨ ਦਾ ਸੁਨਹਿਰੀ ਮੌਕਾ ਸੀ ਜਿਨ੍ਹਾਂ ਨੂੰ ਦੇਖ ਕੇ ਲੱਗਦਾ ਇਉਂ ਹੈ ਕਿ ਬੀਤੇ ਕੁਝ ਹਫ਼ਤਿਆਂ ਤੋਂ ਇਹ ਵੈਰ-ਵਿਰੋਧ ਹੱਥੋਂ ਨਿਕਲਦੇ ਜਾ ਰਹੇ ਹਨ, ਪਰ ਇਸ ਦੀ ਬਜਾਏ ਹਿੰਦੁਸਤਾਨ ਨੇ ਪਾਕਿਸਤਾਨ ਨੂੰ ਘੁਰਕੀ ਦੇਣ ਦੀ ਚੋਣ ਕੀਤੀ।

ਦਰਅਸਲ, ਨਵੀਂ ਦਿੱਲੀ "ਹਾਰਟ ਆਫ ਏਸ਼ੀਆ" ਸੰਮੇਲਨ ਦਾ ਇਸਤੇਮਾਲ ਇਸਲਾਮਾਬਾਦ ਨੂੰ ਕੂਟਨੀਤਕ ਤੌਰ 'ਤੇ ਨਿਖੇੜੇ ਵਿਚ ਸੁੱਟਣ ਦੀ ਆਪਣੀ ਮੁਹਿੰਮ ਨੂੰ ਅੱਗੇ ਵਧਾਉਣ ਲਈ ਕਰਨ ਦੀ ਹੱਦ ਤਕ ਚਲੀ ਗਈ। ਨਿਸ਼ਚੇ ਹੀ ਅਜ਼ੀਜ਼, ਅਰੁਣ ਜੇਤਲੀ ਨੂੰ ਮਿਲੇ ਜੋ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੇ ਬਿਮਾਰ ਹੋਣ ਦੀ ਸੂਰਤ ਵਿਚ ਉਸ ਦੀ ਥਾਂ ਕਾਨਫਰੰਸ ਵਿਚ ਆਇਆ ਹੋਇਆ ਸੀ। ਅਜ਼ੀਜ਼ ਨੇ ਹਿੰਦੁਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਵੀ ਮੁਲਾਕਾਤ ਕੀਤੀ। ਰਿਪੋਰਟ ਇਹ ਹੈ ਕਿ ਅਜ਼ੀਜ਼ ਨੇ ਡੋਵਾਲ ਨਾਲ ਲੰਮੀ ਮੁਲਾਕਾਤ ਕੀਤੀ, ਪਰ ਹਿੰਦੁਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਦੇ ਦੁਵੱਲੀ ਮੀਟਿੰਗ ਹੋਣ ਤੋਂ ਇਨਕਾਰ ਕੀਤਾ ਹੈ। ਅਸਲ ਵਿਚ, ਜਾਪਦਾ ਇੰਞ ਹੈ ਕਿ ਅਜ਼ੀਜ਼ ਦੀ ਹੇਠੀ ਕੀਤੀ ਗਈ ਹੈ।

ਸੰਮੇਲਨ ਵਿਖੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗ਼ਨੀ ਨੇ ਉਹ ਮੋਰਚਾ ਖੋਲ੍ਹਿਆ ਜੋ ਵਧੇਰੇ ਸੰਭਵ ਤੌਰ 'ਤੇ ਪਾਕਿਸਤਾਨ ਉਪਰ ਤਾਲਮੇਲਵਾਂ ਮੂੰਹ-ਜ਼ਬਾਨੀ ਹਮਲਾ ਸੀ। ਪ੍ਰਧਾਨਗੀ ਹਿੰਦੁਸਤਾਨ ਕੋਲ ਸੀ, ਲਿਹਾਜ਼ਾ ਮੋਦੀ ਨੇ ਉਦਘਾਟਨੀ ਤਕਰੀਰ ਨੂੰ ਸਿਰਫ਼ ਦਹਿਸ਼ਤਵਾਦ ਨੂੰ ਅਫ਼ਗਾਨਿਸਤਾਨ ਲਈ ਸਭ ਤੋਂ ਵੱਡੇ ਖ਼ਤਰੇ ਦੇ ਤੌਰ 'ਤੇ ਨਿਖੇੜ ਕੇ ਪੇਸ਼ ਕਰਨ ਲਈ ਹੀ ਨਹੀਂ, ਸਗੋਂ ਖਿੱਤੇ ਵਿਚਲੇ ਉਨ੍ਹਾਂ ਹੁਕਮਰਾਨਾਂ ਦੀ ਭੰਡੀ ਕਰਨ ਲਈ ਵੀ ਇਸਤੇਮਾਲ ਕੀਤਾ ਜੋ ਐਸੀਆਂ ਮੁਹਿੰਮਾਂ ਦੀ "ਮਦਦ ਕਰਦੇ ਹਨ, ਇਨ੍ਹਾਂ ਨੂੰ ਸ਼ਹਿ ਦਿੰਦੇ ਹਨ, ਸਿਖਲਾਈ ਅਤੇ ਮਾਲੀ ਇਮਦਾਦ ਦਿੰਦੇ ਹਨ"। ਇਥੇ ਮੌਜੂਦ ਹਰ ਕਿਸੇ ਨੇ ਐਸੀ ਭੰਡੀ ਦੀ ਵਿਆਖਿਆ ਇਹ ਕੀਤੀ ਕਿ ਇਹ ਪਾਕਿਸਤਾਨ ਦੇ ਖ਼ਿਲਾਫ਼ ਸੇਧਤ ਸੀ। ਫਿਰ ਗ਼ਨੀ ਦੀ ਵਾਰੀ ਆਈ, ਉਸ ਨੇ ਜ਼ਾਹਰਾ ਤੌਰ 'ਤੇ ਪਾਕਿਸਤਾਨ ਉਪਰ ਇਲਜ਼ਾਮ ਲਾਇਆ ਕਿ ਤਾਲਿਬਾਨ ਦੇ ਖ਼ਿਲਾਫ਼ ਇਸ ਦੀ ਤਾਜ਼ਾ ਫ਼ੌਜੀ ਮੁਹਿੰਮ "ਚੋਣਵੀਂ" ਹੈ, ਅਤੇ ਇਸ ਵਲੋਂ ਪਾਕਿਸਤਾਨੀ ਇੰਤਹਾਪਸੰਦਾਂ ਨੂੰ ਅਫ਼ਗਾਨਿਸਤਾਨ ਅੰਦਰ ਘੁਸਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਐਸੀ ਚਿੱਕੜ-ਉਛਾਲੀ ਨੂੰ ਅਫ਼ਗਾਨਿਸਤਾਨ ਉਪਰੋਂ ਅਮਰੀਕੀ ਕਬਜ਼ੇ ਦੇ ਰਸਮੀ ਤੌਰ 'ਤੇ ਖ਼ਤਮ ਹੋਣ ਜਾਣ ਤੋਂ ਬਾਅਦ ਤਾਲਿਬਾਨ ਵਲੋਂ ਹੋਰ ਜ਼ਿਆਦਾ ਇਲਾਕੇ ਉਪਰ ਕਾਬਜ਼ ਹੋ ਜਾਣ ਦੇ ਪ੍ਰਸੰਗ ਵਿਚ ਦੇਖਿਆ ਜਾਣਾ ਚਾਹੀਦਾ ਹੈ, ਪਰ ਤਾਲਿਬਾਨ ਦੀ ਪੇਸ਼ਕਦਮੀ ਲਈ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਣਾ "ਸਰਲੀਕ੍ਰਿਤ" ਪਹੁੰਚ ਹੈ, ਜਿਵੇਂ ਅਜ਼ੀਜ਼ ਨੇ ਨਰਮ ਲਹਿਜ਼ੇ ਵਿਚ ਇਸ ਬਾਰੇ ਕਿਹਾ ਵੀ ਹੈ।

ਫਿਰ ਵੀ, ਪਾਕਿਸਤਾਨ ਅਫ਼ਗਾਨਿਸਤਾਨ-ਪਾਕਿਸਤਾਨ ਸਰਹੱਦ ਉਪਰਲੀ ਵਿਆਪਕ ਪਖਤੂਨ ਵਸੋਂ ਦੀ ਮਦਦ ਕਰਨ ਦੀ ਨੀਤੀ ਬੰਦ ਨਹੀਂ ਕਰਨ ਜਾ ਰਿਹਾ, ਇਸ ਤੱਥ ਦੇ ਬਾਵਜੂਦ ਕਿ ਤਾਲਿਬਾਨ ਦਾ ਮੁੱਖ ਹਮਾਇਤੀ ਆਧਾਰ ਇਨ੍ਹਾਂ ਲੋਕਾਂ ਦੇ ਅੰਦਰ ਹੈ। ਅਮਰੀਕੀ ਸਾਮਰਾਜਵਾਦ ਵਲੋਂ ਤਾਲਿਬਾਨ ਨਾਲ ਟਕਰਾਅ ਵਿਚ ਆਉਣ ਲਈ ਮਜਬੂਰ ਕੀਤੇ ਜਾਣ 'ਤੇ, ਪਾਕਿਸਤਾਨੀ ਫ਼ੌਜ ਵਲੋਂ ਅਤੇ ਅਮਰੀਕੀ ਸਾਮਰਾਜਵਾਦ ਵਲੋਂ ਇਸ ਵਸੋਂ ਦੇ ਖ਼ਿਲਾਫ਼ ਪਹਿਲਾਂ ਹੀ ਬਥੇਰੇ ਜੰਗੀ ਜੁਰਮ ਕੀਤੇ ਜਾ ਚੁੱਕੇ ਹਨ।

ਸਚਾਈ ਇਹ ਹੈ ਕਿ ਅਮਰੀਕੀ ਹਥਿਆਰਬੰਦ ਤਾਕਤਾਂ ਪੂਰੀ ਤਰ੍ਹਾਂ ਨਿਰਭੈ ਹੋ ਕੇ ਅਫ਼ਗਾਨਿਸਤਾਨ ਅੰਦਰ ਵਿਚਰ ਰਹੀਆਂ ਹਨ। ਅਸ਼ਰਫ਼ ਗ਼ਨੀ ਜੋ ਆਲਮੀ ਬੈਂਕ ਦਾ ਅਮਰੀਕੀ ਸਿਖਲਾਈਯਾਫ਼ਤਾ ਅਧਿਕਾਰੀ ਹੈ, ਅਮਰੀਕਾ ਦੀ ਅਗਵਾਈ ਵਾਲੇ ਕਬਜ਼ੇ ਵਲੋਂ ਪੈਦਾ ਕੀਤੇ ਨਵ-ਬਸਤੀਵਾਦੀ ਰਾਜ ਦਾ ਮੁਖੀ ਹੈ ਜਿਸ ਨੇ 2001 ਦੇ ਅਖ਼ੀਰ ਵਿਚ ਤਾਲਿਬਾਨ ਦੇ ਨਿਜ਼ਾਮ ਦਾ ਤਖ਼ਤ ਉਲਟਾ ਦਿੱਤਾ ਸੀ। ਜੇ ਇਸ ਸਟੇਟ ਨੂੰ ਅਮਰੀਕਾ ਅਤੇ ਇਸ ਦੇ ਜੋਟੀਦਾਰਾਂ ਤੋਂ "ਸਹਾਇਤਾ" ਨਾ ਮਿਲੇ ਤਾਂ ਇਹ ਮਾਲੀ ਤੌਰ 'ਤੇ ਦੀਵਾਲੀਆ ਹੋ ਗਿਆ ਹੁੰਦਾ, ਲਿਹਾਜ਼ਾ ਵਾਸ਼ਿੰਗਟਨ ਇਥੇ ਆਪਣੀ ਮਰਜ਼ੀ ਨਾਲ ਹੁਕਮ ਦੇ ਕੇ ਕੋਈ ਵੀ ਸਿਆਸੀ ਸੌਦੇਬਾਜ਼ੀ ਕਰਵਾ ਸਕਦਾ ਹੈ। ਇਹ ਤਾਂ ਸੱਚ ਹੈ ਕਿ ਇਸ ਯੁੱਧ ਵਿਚ ਮੋਹਰਲੀਆਂ ਸਫ਼ਾਂ ਵਿਚ ਅਫ਼ਗਾਨ ਫ਼ੌਜ ਲੜ ਰਹੀ ਹੈ, ਪਰ ਅਮਰੀਕੀ ਅਗਵਾਈ ਵਾਲੇ ਹਥਿਆਰਬੰਦ ਬਲਾਂ ਵਲੋਂ ਹਵਾਈ ਹਮਲੇ, ਡਰੋਨ ਹਮਲੇ ਕੀਤੇ ਜਾ ਰਹੇ ਹਨ ਅਤੇ ਇਸ ਦੀਆਂ ਖ਼ਾਸ ਤਾਕਤਾਂ ਵਲੋਂ ਫ਼ੌਜੀ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਆਖ਼ਿਰਕਾਰ, ਕੇਂਦਰੀ ਏਸ਼ਿਆਈ ਖਿੱਤੇ ਅੰਦਰ ਅਮਰੀਕੀ ਕਾਰਪੋਰੇਟ ਕਾਰੋਬਾਰੀਆਂ ਦੇ ਹਿੱਤਾਂ ਨੂੰ ਮਹਿਫੂਜ਼ ਬਣਾਉਣ ਲਈ ਵਾਸ਼ਿੰਗਟਨ ਨੂੰ ਇੱਥੇ ਆਪਣੀ ਫ਼ੌਜ ਦੀ ਪੈੜ ਤਾਂ ਬਰਕਰਾਰ ਰੱਖਣੀ ਹੀ ਪਵੇਗੀ ਜੋ ਊਰਜਾ ਦੇ ਵਸੀਲਿਆਂ ਨਾਲ ਭਰਪੂਰ ਖਿੱਤਾ ਹੈ। ਗ਼ਨੀ ਤਾਂ ਕਾਬੁਲ ਵਿਚ ਮਹਿਜ਼ ਅਮਰੀਕਨ ਕਠਪੁਤਲੀ ਹੈ ਅਤੇ ਮੋਦੀ ਹੁਣ ਚਾਹੁੰਦਾ ਹੈ ਕਿ ਨਵੀਂ ਦਿੱਲੀ (ਜੋ ਹੁਣ ਦੱਖਣੀ ਏਸ਼ੀਆ ਅੰਦਰ ਵਾਸ਼ਿੰਗਟਨ ਦੀ ਯੁੱਧਨੀਤਕ ਤੌਰ 'ਤੇ ਮੁੱਖ ਜੋਟੀਦਾਰ ਹੈ) ਹੁਣ ਇਸ ਖੇਤਰ ਵਿਚ ਉਸ ਦੀ ਮੁੱਖ ਜੋਟੀਦਾਰ ਹੋਵੇ ਤਾਂ ਜੋ ਸਾਮਰਾਜਵਾਦੀ ਲੁੱਟਮਾਰ ਵਿਚੋਂ ਇਹ ਹਿੱਸਾ-ਪੱਤੀ ਹਾਸਲ ਕਰ ਸਕੇ।

ਨਵੀਂ ਦਿੱਲੀ ਨੇ ਦੱਖਣੀ ਏਸ਼ੀਆ ਅੰਦਰ ਵਾਸ਼ਿੰਗਟਨ ਦੇ ਮੁੱਖ ਜੋਟੀਦਾਰ ਦੇ ਤੌਰ 'ਤੇ ਇਸਲਾਮਾਬਾਦ ਦੀ ਥਾਂ ਲੈ ਲਈ ਹੈ, ਤੇ ਇਸ ਦੀ ਸੋਚ ਹੁਣ ਇਹ ਹੈ ਕਿ ਇਹ ਹੁਣ ਅਫ਼ਗਾਨਿਸਤਾਨ ਉਪਰ ਅਮਰੀਕਾ ਦੇ ਹਕੀਕੀ ਕਬਜ਼ੇ ਦੀ ਫ਼ੌਜੀ-ਲੌਜਿਸਟਿਕ ਮਦਦ ਦੇ ਮੁੱਖ ਸੰਦ ਦੇ ਤੌਰ 'ਤੇ ਉਥੇ ਵੀ ਇਸਲਾਮਾਬਾਦ ਦੀ ਥਾਂ ਮੱਲ ਸਕਦੀ ਹੈ। ਇਹ ਸੱਚ ਹੈ ਕਿ ਵਾਸ਼ਿੰਗਟਨ ਅਫ਼ਗਾਨਿਸਤਾਨ ਉਪਰ ਅਮਰੀਕੀ ਕਬਜ਼ੇ ਵਿਚ ਨਵੀਂ ਦਿੱਲੀ ਨੂੰ ਵਡੇਰੀ ਭੂਮਿਕਾ ਨਿਭਾਉਣ ਲਈ ਹੱਲਾਸ਼ੇਰੀ ਦੇ ਰਿਹਾ ਹੈ, ਪਰ ਇਹ ਜਾਣਦਾ ਹੈ ਕਿ ਭੂਗੋਲਿਕ ਰੁਕਾਵਟਾਂ ਇਸ ਦੀ ਇਜਾਜ਼ਤ ਨਹੀਂ ਦਿੰਦੀਆਂ ਕਿ ਹਿੰਦੁਸਤਾਨ ਇਸ ਅਮਰੀਕੀ ਕਬਜ਼ੇ ਦੀ ਫ਼ੌਜੀ-ਲੌਜਿਸਟਿਕ ਮਦਦ ਅੰਦਰ ਪਾਕਿਸਤਾਨ ਦੀ ਥਾਂ ਲੈ ਲਵੇ, ਪਰ ਲੱਗਦਾ ਹੈ ਕਿ ਵਾਸ਼ਿੰਗਟਨ ਨੇ ਪਾਕਿਸਤਾਨ ਨਾਲ ਵਰਤਾਓ ਵਿਚ ਹਿੰਦੁਸਤਾਨ ਨੂੰ ਵਧੇਰੇ ਖੁੱਲ੍ਹ ਦੇ ਦਿੱਤੀ ਹੈ, ਇਥੋਂ ਤਕ ਕਿ ਇਹ ਪਾਕਿਸਤਾਨ ਦੇ ਅੰਦਰ ਹਿੰਦੁਸਤਾਨ ਦੀਆਂ ਵਿਸ਼ੇਸ਼ ਫ਼ੌਜੀ ਤਾਕਤਾਂ ਵਲੋਂ ਕੀਤੇ ਅਖੌਤੀ "ਸਰਜੀਕਲ ਹਮਲਿਆਂ" ਨੂੰ ਨਜ਼ਰਅੰਦਾਜ਼ ਕਰਨ ਦੀ ਹੱਦ ਤਕ ਵੀ ਚਲਾ ਗਿਆ ਹੈ।

ਹਿੰਦੁਸਤਾਨੀ ਸਰਕਾਰ ਦੇ ਕਰਤਾ-ਧਰਤਾ ਹਿੰਦੂਤਵਵਾਦੀ, ਖ਼ਾਸ ਕਰ ਕੇ ਮੋਦੀ ਅਤੇ ਰੱਖਿਆ ਮੰਤਰੀ ਮਨੋਹਰ ਪਰੀਕਰ, ਵੱਡੇ-ਵੱਡੇ ਦਾਅਵੇ ਕਰ ਰਹੇ ਹਨ ਅਤੇ ਹਿੰਦੁਸਤਾਨ ਨੂੰ ਨਵੀਂ-ਨਵੀਂ ਲੱਭੀ ਉਸ ਫ਼ੌਜੀ ਮੁਹਾਰਤ ਦੇ ਵੱਡੇ-ਵੱਡੇ ਦਮਗਜੇ ਮਾਰ ਰਹੇ ਹਨ ਜੋ ਹਿੰਦੂਤਵਵਾਦੀਆਂ ਮੁਤਾਬਿਕ ਉਨ੍ਹਾਂ "ਸੰਜਮ ਦੀਆਂ ਬੰਦਸ਼ਾਂ" ਨੂੰ ਵਗਾਹ ਮਾਰਨ ਦੇ ਫ਼ੈਸਲੇ ਤੋਂ ਬਾਅਦ ਹਾਸਲ ਹੋਈ ਹੈ ਜਿਸ ਨੂੰ ਪਿਛਲੀ ਕਾਂਗਰਸ ਸਰਕਾਰ ਵਲੋਂ ਪਾਕਿਸਤਾਨ ਨਾਲ ਨਜਿੱਠਦੇ ਵਕਤ ਬਰਕਰਾਰ ਰੱਖਿਆ ਜਾਂਦਾ ਸੀ। ਉਤਰ ਪ੍ਰਦੇਸ਼ ਅਤੇ ਪੰਜਾਬ ਵਿਚ ਹੋਣ ਵਾਲੀਆਂ ਚੋਣਾਂ ਦੀ ਤਿਆਰੀ ਦੇ ਹਿੱਸੇ ਦੇ ਤੌਰ 'ਤੇ, ਉਹ ਝਾਕ ਰੱਖਦੇ ਹਨ ਕਿ ਉਹ ਆਪਣੀ ਪਾਕਿਸਤਾਨ ਵਿਰੋਧੀ ਕੁਲ ਜੰਗਬਾਜ਼ ਲੱਫ਼ਾਜ਼ੀ ਦੀ ਵੱਡੀ ਚੋਣ-ਖੱਟੀ ਖੱਟ ਸਕਦੇ ਹਨ। ਜ਼ਰਾ ਦੇਖੋ, ਆਪਣੇ ਜੱਦੀ ਸੂਬੇ ਗੋਆ ਅੰਦਰ ਚੋਣ ਰੈਲੀ ਦੌਰਾਨ ਪਰੀਕਰ ਮੰਚ ਤੋਂ ਕਿਵੇਂ ਦਹਾੜਿਆ: "... ਜੇ ਕੋਈ ਸਾਡੇ ਮੁਲਕ ਨੂੰ ਬੁਰੀ ਅੱਖ ਨਾਲ ਦੇਖਦਾ ਹੈ, ਅਸੀਂ ਉਸ ਦੀ ਅੱਖ ਕੱਢ ਕੇ ਉਸੇ ਦੀ ਹਥੇਲੀ ਉਪਰ ਧਰ ਦਿਆਂਗੇ; ਸਾਡੇ ਅੰਦਰ ਐਨਾ ਦਮ ਹੈ।" ਪਰੀਕਰ ਨੇ ਆਪਣੀ ਸਰਕਾਰ ਨੂੰ ਇਹ ਵੀ ਕਹਿ ਦਿੱਤਾ ਹੈ ਕਿ ਇਸ ਨੂੰ ਆਪਣੀ "ਹਮਲੇ ਦੀ ਪਹਿਲ ਨਾ ਕਰਨ" ਦੀ ਪਰਮਾਣੂ ਨੀਤੀ ਨੂੰ ਤਿਲਾਂਜਲੀ ਦੇ ਦੇਣੀ ਚਾਹੀਦੀ ਹੈ।

ਐਸੀ ਘਿਨਾਉਣੀ ਜੰਗਬਾਜ਼ੀ ਵਾਸ਼ਿੰਗਟਨ ਵਲੋਂ ਹਿੰਦੁਸਤਾਨ ਨੂੰ ਆਪਣੇ "ਮੁੱਖ ਰੱਖਿਆ ਭਾਈਵਾਲ" ਦਾ ਦਰਜਾ ਦੇਣ, ਇਸ ਜ਼ਰੀਏ "ਹਿੰਦੁਸਤਾਨ ਨਾਲ ਉਸ ਪੱਧਰ 'ਤੇ ਤਕਨਾਲੋਜੀ ਸਾਂਝੀ ਕਰਨ" ਦਾ ਰਾਹ ਮੋਕਲਾ ਕਰਨ ਦੇ ਸਮਝੌਤੇ ਤੋਂ ਬਾਅਦ ਸ਼ੁਰੂ ਹੋਈ ਹੈ ਜਿਸ ਪੱਧਰ 'ਤੇ ਇਸ ਵਲੋਂ "ਆਪਣੇ ਸਭ ਤੋਂ ਨੇੜਲੇ ਜੋਟੀਦਾਰਾਂ ਅਤੇ ਭਾਈਵਾਲਾਂ" ਨਾਲ ਤਕਨਾਲੋਜੀ ਸਾਂਝੀ ਕੀਤੀ ਜਾਂਦੀ ਹੈ। ਇਸ ਨੇ ਪਾਕਿਸਤਾਨ ਅਤੇ ਹਿੰਦੁਸਤਾਨ ਦਰਮਿਆਨ ਹਥਿਆਰਾਂ ਦੀ ਦੌੜ ਪ੍ਰਚੰਡ ਕਰ ਦਿੱਤੀ ਹੈ, ਤੇ ਨਵੀਂ ਦਿੱਲੀ ਦੇ ਪੱਬ ਧਰਤੀ 'ਤੇ ਨਹੀਂ ਲੱਗ ਰਹੇ ਅਤੇ ਇਸ ਨੂੰ ਅੰਨ੍ਹਾ ਯਕੀਨ ਹੈ ਕਿ ਇਹ ਹੁਣ ਇਸਲਾਮਾਬਾਦ ਨਾਲ ਆਪਣੇ ਕੂਟਨੀਤਕ ਅਤੇ ਫ਼ੌਜੀ ਵਰਤੋਂ-ਵਿਹਾਰ ਦੇ ਨੇਮ ਆਪਣੀ ਮਰਜ਼ੀ ਨਾਲ ਬਦਲ ਸਕਦੀ ਹੈ। ਲਿਹਾਜ਼ਾ ਮੋਦੀ ਅਤੇ ਪਰੀਕਰ ਹੁਣ "ਬਸ ਹੱਥ 'ਤੇ ਹੱਥ ਧਰ ਕੇ ਬੈਠੇ ਦੇਖਦੇ ਰਹਿਣਗੇ" ਜਦਕਿ ਕੰਟਰੋਲ ਰੇਖਾ ਦੇ ਦੋਵੇਂ ਪਾਸੇ ਮੌਤਾਂ ਦੀ ਤਾਦਾਦ ਹੋਰ ਵਧ ਰਹੀ ਹੈ।

***ਹਿੰਦੁਸਤਾਨੀ ਸਰਕਾਰ ਦੇ ਕਰਤਾ-ਧਰਤਾ ਹਿੰਦੂਤਵਵਾਦੀ, ਖ਼ਾਸ ਕਰ ਕੇ ਮੋਦੀ ਅਤੇ ਰੱਖਿਆ ਮੰਤਰੀ ਮਨੋਹਰ ਪਰੀਕਰ, ਵੱਡੇ-ਵੱਡੇ ਦਾਅਵੇ ਕਰ ਰਹੇ ਹਨ ਅਤੇ ਹਿੰਦੁਸਤਾਨ ਨੂੰ ਨਵੀਂ-ਨਵੀਂ ਲੱਭੀ ਉਸ ਫ਼ੌਜੀ ਮੁਹਾਰਤ ਦੇ ਵੱਡੇ-ਵੱਡੇ ਦਮਗਜੇ ਮਾਰ ਰਹੇ ਹਨ ਜੋ ਹਿੰਦੂਤਵਵਾਦੀਆਂ ਮੁਤਾਬਿਕ ਉਨ੍ਹਾਂ "ਸੰਜਮ ਦੀਆਂ ਬੰਦਸ਼ਾਂ" ਨੂੰ ਵਗਾਹ ਮਾਰਨ ਦੇ ਫ਼ੈਸਲੇ ਤੋਂ ਬਾਅਦ ਹਾਸਲ ਹੋਈ ਹੈ ਜਿਸ ਨੂੰ ਪਿਛਲੀ ਕਾਂਗਰਸ ਸਰਕਾਰ ਵਲੋਂ ਪਾਕਿਸਤਾਨ ਨਾਲ ਨਜਿੱਠਦੇ ਵਕਤ ਬਰਕਰਾਰ ਰੱਖਿਆ ਜਾਂਦਾ ਸੀ। ਉਤਰ ਪ੍ਰਦੇਸ਼ ਅਤੇ ਪੰਜਾਬ ਵਿਚ ਹੋਣ ਵਾਲੀਆਂ ਚੋਣਾਂ ਦੀ ਤਿਆਰੀ ਦੇ ਹਿੱਸੇ ਦੇ ਤੌਰ 'ਤੇ, ਉਹ ਝਾਕ ਰੱਖਦੇ ਹਨ ਕਿ ਉਹ ਆਪਣੀ ਪਾਕਿਸਤਾਨ ਵਿਰੋਧੀ ਕੁਲ ਜੰਗਬਾਜ਼ ਲੱਫ਼ਾਜ਼ੀ ਦੀ ਵੱਡੀ ਚੋਣ-ਖੱਟੀ ਖੱਟ ਸਕਦੇ ਹਨ।***

# ਪੰਜਾਬ ਦੀ ਦਲਿਤ ਸਿਆਸਤ ਵਿਚ ਤਰੇੜਾਂ

ਹੰਸ ਰਾਜ ਹੰਸ ਵੱਲੋਂ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣਾ ਹੈਰਾਨੀਜਨਕ ਜਾਪਦਾ ਹੈ, ਕਿਉਂਕਿ ਉਸ ਨੂੰ ਕੁਝ ਮਹੀਨੇ ਪਹਿਲਾਂ ਹੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੂਰੇ ਢੋਲ-ਢਮੱਕੇ ਨਾਲ ਕਾਂਗਰਸ ਵਿਚ ਸ਼ਾਮਲ ਕਰਵਾਇਆ ਸੀ। ਉਂਜ, ਜੇ ਅਸੀਂ ਪੰਜਾਬ ਵਿਚ ਦਲਿਤ ਸਿਆਸਤ ਦੇ ਇਤਿਹਾਸ ਤੇ ਸਮਾਜ ਵਿਗਿਆਨਕ ਨਜ਼ਰੀਏ ਨੂੰ ਘੋਖ ਕੇ ਦੇਖੀਏ ਤਾਂ ਇਹ ਵਰਤਾਰਾ ਹੈਰਾਨੀਜਨਕ ਨਹੀਂ ਜਾਪਦਾ। ਸੂਬਾਈ ਸਿਆਸਤ ਦੀਆਂ ਮੁੱਖ ਧਾਰਾਈ ਪਾਰਟੀਆਂ ਵਿਚ ਦਲਿਤ ਹਸਤੀਆਂ ਇਸੇ ਤਰ੍ਹਾਂ ਹੀ ਮੁਕਾਮ ਪਾਉਂਦੀਆਂ



**ਪ੍ਰੋ. ਪ੍ਰੀਤਮ ਸਿੰਘ**
ਆਕਸਫੋਰਡ 'ਵਰਸਿਟੀ ਯੂ.ਕੇ.

ਰਹੀਆਂ ਹਨ। ਪਹਿਲਾਂ ਦਲਿਤ ਸ਼ਖ਼ਸੀਅਤਾਂ ਨੂੰ ਆਪਣੀ ਸਿਆਸਤ ਵਿਚ ਜਗ੍ਹਾ ਦੇਣ ਦਾ ਰੁਝਾਨ ਮੁੱਖ ਤੌਰ 'ਤੇ ਦੋ ਮੁੱਖ ਚੌਧਰੀ ਧਿਰਾਂ- ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਤਕ ਹੀ ਸੀਮਤ ਸੀ, ਹੁਣ ਭਾਰਤੀ ਜਨਤਾ ਪਾਰਟੀ ਵੀ ਇਸ ਦੌੜ ਵਿਚ ਦਾਖ਼ਲ ਹੋ ਗਈ ਹੈ।

ਉਂਜ, ਦਲਿਤ ਆਗੂਆਂ ਨੂੰ ਢੁੱਕਵਾਂ ਸਥਾਨ ਨਾ ਦੇਣ ਦਾ ਇਹ ਰੁਝਾਨ ਪੰਜਾਬ ਦੀ ਕੁੱਲ ਵਸੋਂ ਵਿਚ ਦਲਿਤਾਂ ਦੀ ਆਬਾਦੀ ਦੇ ਅਨੁਪਾਤ ਨਾਲ ਜੁੜੀਆਂ ਅਸਲੀਅਤਾਂ ਦੇ ਮੇਚ ਦਾ ਨਹੀਂ। ਪੰਜਾਬ ਵਿਚ ਦਲਿਤਾਂ ਦੀ ਵਸੋਂ ਦਾ ਅਨੁਪਾਤ ਦੂਜਿਆਂ ਰਾਜਾਂ ਅੰਦਰਲੇ ਅਜਿਹੇ ਹੀ ਅਨੁਪਾਤ ਨਾਲੋਂ ਕਾਫ਼ੀ ਵੱਧ ਹੈ, ਪਰ ਕੁਝ ਹੋਰ ਰਾਜਾਂ ਵਿਚ ਦਲਿਤ ਸਿਆਸੀ ਤੌਰ 'ਤੇ ਵੱਧ ਜਥੇਬੰਦ ਹਨ। ਉਨ੍ਹਾਂ ਦੀਆਂ ਆਪਣੀਆਂ ਸਿਆਸੀ ਪਾਰਟੀਆਂ ਤੇ ਰਾਜਸੀ ਮੰਚ ਹਨ। ਮਹਾਰਾਸ਼ਟਰ ਵਿਚ ਡਾ. ਭੀਮ ਰਾਓ ਅੰਬੇਦਕਰ ਨੇ ਭਾਰਤੀ ਰਿਪਬਲਿਕਨ ਪਾਰਟੀ (ਆਰ.ਪੀ.ਆਈ.) ਬਣਾਈ ਅਤੇ ਉਸ ਦੀ ਛਾਪ ਹੁਣ ਵੀ ਸੂਬਾਈ ਸਿਆਸਤ ਉਤੇ ਸਪਸ਼ਟ ਹੈ। ਇਸੇ ਤਰ੍ਹਾਂ ਬਾਬੂ ਕਾਂਸ਼ੀ ਰਾਮ ਦੀ ਪੈਰੋਕਾਰ ਕੁਮਾਰੀ ਮਾਇਆਵਤੀ ਨੇ ਬਹੁਜਨ ਸਮਾਜ ਪਾਰਟੀ (ਬਸਪਾ) ਨੂੰ ਉਤਰ ਪ੍ਰਦੇਸ਼ ਦੀ ਸਿਆਸਤ ਵਿਚ ਸ਼ਕਤੀਸ਼ਾਲੀ ਧਿਰ ਬਣਾ ਦਿੱਤਾ ਹੈ।

ਡਾ. ਅੰਬੇਦਕਰ ਤੇ ਬਾਬੂ ਕਾਂਸ਼ੀ ਰਾਮ ਦੀ ਪੰਜਾਬ ਨਾਲ ਵਿਸ਼ੇਸ਼ ਸਾਂਝ ਰਹੀ। ਜਦੋਂ ਡਾ. ਅੰਬੇਦਕਰ ਨੂੰ ਇਹ ਅਹਿਸਾਸ ਹੋਇਆ ਕਿ ਹਿੰਦੂ ਧਰਮ ਦੇ ਜਾਮੇ ਵਿਚ ਰਹਿ ਕੇ ਜਾਤੀਵਾਦੀ ਪਰੰਪਰਾਵਾਂ, ਵਰਣ ਵਿਵਸਥਾ ਤੇ ਇਸ ਨਾਲ ਜੁੜੇ ਦਮਨ ਤੋਂ ਮੁਕਤੀ ਮਿਲਣ ਦੀ ਕੋਈ ਸੰਭਾਵਨਾ ਨਹੀਂ ਤਾਂ ਉਨ੍ਹਾਂ ਨੇ ਪਹਿਲਾਂ ਸਿੱਖ ਧਰਮ ਅਪਨਾਉਣ ਤੇ ਆਪਣੇ ਪੈਰੋਕਾਰਾਂ ਨੂੰ ਵੀ ਅਜਿਹਾ ਕਰਨ ਲਈ ਕਹਿਣ ਦਾ ਤਹੱਈਆ ਕੀਤਾ। ਡਾ. ਅੰਬੇਦਕਰ ਦੇ ਸਿੱਖ ਮੱਤ ਪ੍ਰਤੀ ਆਕਰਸ਼ਿਤ ਹੋਣ ਦੇ ਦੋ ਕਾਰਨ ਸਨ: ਇੱਕ ਤਾਂ ਸਿੱਖ ਧਰਮ ਵਿਚ 'ਏਕ ਪਿਤਾ, ਏਕਸ ਕੇ ਹਮ ਬਾਰਕ' ਦਾ ਸੰਕਲਪ ਹੋਣ ਕਾਰਨ ਸਿਧਾਂਤਕ ਤੌਰ 'ਤੇ ਕੋਈ ਜਾਤੀਵਾਦ ਨਹੀਂ; ਦੂਜਾ ਇਸਲਾਮ ਤੇ ਇਸਾਈ ਮੱਤ ਤੋਂ ਉਲਟ ਇਹ ਧਰਮ ਭਾਰਤੀ ਭੂਮੀ ਤੇ ਭਾਰਤੀ ਪਰਿਵੇਸ਼ ਦੀ ਪੈਦਾਇਸ਼ ਹੈ। ਡਾ. ਅੰਬੇਦਕਰ ਸਿੱਖ ਲੀਡਰਸ਼ਿਪ ਨੂੰ ਮਿਲਣ ਲਈ ਪੰਜਾਬ ਆਏ ਅਤੇ ਸਿੱਖ ਸਮਾਜ ਵਿਚ ਵਿਚਰਨ ਦਾ ਸਿੱਧੇ ਤੌਰ 'ਤੇ ਤਜਰਬਾ ਹਾਸਲ ਕਰਵਾਉਣ ਖਾਤਿਰ ਆਪਣੇ ਇਕ ਪਰਿਵਾਰਕ ਮੈਂਬਰ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦਾਖ਼ਲ ਕਰਵਾਇਆ। ਸਿੱਖ ਸਮਾਜ ਦੀ ਅਮਲੀ ਪਹੁੰਚ ਤੇ ਕਾਰਕਰਦਗੀ ਦਾ ਜਾਇਜ਼ਾ ਲੈਣ ਤੇ ਇਸ ਨੂੰ ਸਮਝਣ ਦੇ ਉਦੇਸ਼ ਨਾਲ ਉਨ੍ਹਾਂ ਨੇ ਪੰਜਾਬ ਦੇ ਪਿੰਡਾਂ ਵਿਚ ਸਰਵੇਖਣ ਵੀ ਕਰਵਾਇਆ। ਉਨ੍ਹਾਂ ਨੂੰ ਮਾਯੂਸੀ ਪੱਲੇ ਪਈ। ਉਚ ਜਾਤੀਆਂ (ਖੱਤਰੀਆਂ ਤੇ ਜੱਟਾਂ) ਉਤੇ ਆਧਾਰਿਤ ਸਿੱਖ ਲੀਡਰਸ਼ਿਪ, ਸਿੱਖ ਗੁਰੂਆਂ ਦੇ ਜੀਵਨ ਤੇ ਸਿੱਖਿਆਵਾਂ ਪ੍ਰਤੀ ਮਾਣ-ਸਤਿਕਾਰ ਤੇ ਆਸਥਾ ਦਿਖਾਉਣ ਦੀ ਡਾ. ਅੰਬੇਦਕਰ ਦੀ ਪਹਿਲਕਦਮੀ ਦਾ ਸਵਾਗਤ ਕਰਨ ਦੀ ਥਾਂ ਸਿੱਖ ਮੱਤ ਵਿਚ ਬਹੁਤ ਵੱਡੀ ਗਿਣਤੀ ਵਿਚ ਦਲਿਤਾਂ ਦੇ ਦਾਖ਼ਲੇ ਤੋਂ ਖ਼ਤਰਾ ਮਹਿਸੂਸ ਕਰਨ ਲੱਗੀ। ਡਾ. ਅੰਬੇਦਕਰ ਦੀ ਮਾਯੂਸੀ ਦੀ ਇਕ ਹੋਰ ਵਜ੍ਹਾ ਇਹ ਰਹੀ ਕਿ ਦਿਹਾਤ ਵਿਚ ਸਿੱਖ ਸਮਾਜ ਦੀ ਦਸ਼ਾ ਤੇ ਦਿਸ਼ਾ ਬਾਰੇ ਉਨ੍ਹਾਂ ਜੋ ਸਰਵੇਖਣ ਕਰਵਾਇਆ ਸੀ, ਉਸ ਨੇ ਦਰਸਾਇਆ ਕਿ ਸਿੱਖ ਸਮਾਜ ਵਿਚ ਵੀ ਦਲਿਤਾਂ ਨਾਲ ਭੇਦਭਾਵ ਬਹੁਤ ਵਿਆਪਕ ਪੱਧਰ 'ਤੇ ਜਾਰੀ ਸੀ। ਇਸੇ ਲਈ ਡਾ. ਅੰਬੇਦਕਰ ਨੇ ਬੁੱਧ ਮੱਤ ਦਾ ਸਹਾਰਾ ਲੈਣਾ ਵਾਜਬ ਸਮਝਿਆ ਅਤੇ ਇਸ ਤਰ੍ਹਾਂ ਦਲਿਤ ਸਮਾਜ ਦੇ ਸਿੱਖ ਸਮਾਜ ਨਾਲ ਰਲੇਵੇਂ ਦਾ ਇਤਿਹਾਸਕ ਮੌਕਾ ਅਜਾਈਂ ਗੁਆ ਦਿੱਤਾ ਗਿਆ।

ਕਾਂਸ਼ੀ ਰਾਮ ਪੰਜਾਬ ਵਿਚ ਪੈਦਾ ਹੋਏ, ਪਰ ਉਨ੍ਹਾਂ ਨੂੰ ਸਿਆਸੀ ਕਾਮਯਾਬੀ ਇਥੋਂ ਦੀ ਬਜਾਏ ਉਤਰ ਪ੍ਰਦੇਸ਼ ਵਿਚ ਮਿਲੀ। ਉਨ੍ਹਾਂ ਦੀ ਜਾਨਸ਼ੀਨ ਮਾਇਆਵਤੀ ਨੇ ਦਲਿਤਾਂ ਦੀ ਲਾਮਬੰਦੀ ਨੂੰ ਦਲਿਤ ਆਧਾਰਿਤ ਬਹੁਜਨ ਸਮਾਜ ਪਾਰਟੀ (ਬਸਪਾ) ਵਿਚ ਤਬਦੀਲ ਕਰ ਲਿਆ ਜੋ ਉਤਰ ਪ੍ਰਦੇਸ਼ ਵਿਚ ਸੱਤਾ ਦੇ ਮੁੱਖ ਦਾਅਵੇਦਾਰਾਂ ਵਿਚੋਂ ਹੈ।

ਮਹਾਰਾਸ਼ਟਰ ਅਤੇ ਉਤਰ ਪ੍ਰਦੇਸ਼- ਦੋਵਾਂ ਸੂਬਿਆਂ ਵਿਚ ਦਲਿਤਾਂ ਦੀ ਆਬਾਦੀ ਦਾ ਹਿੱਸਾ ਪੰਜਾਬ ਦੀ ਤੁਲਨਾ ਵਿਚ ਘੱਟ ਹੈ। ਯੂ.ਪੀ. ਵਿਚ




ਦਲਿਤ ਲਾਮਬੰਦੀ ਦੀ ਕਾਮਯਾਬ ਮਾਡਲ ਅਤੇ ਕੁਝ ਹੱਦ ਤਕ ਮਹਾਰਾਸ਼ਟਰ ਮਾਡਲ ਨਾਲੋਂ ਪੰਜਾਬ ਦੀ ਕਹਾਣੀ ਵੱਖਰੀ ਹੈ, ਕਿਉਂਕਿ ਪੰਜਾਬ ਵਿਚ ਦਲਿਤ ਪਛਾਣ ਅਤੇ ਸੰਗਠਨਾਂ ਵਿਚ ਵੰਡੀਆਂ ਪਈਆਂ ਹੋਈਆਂ ਹਨ। ਯੂ.ਪੀ. ਅਤੇ ਮਹਾਰਾਸ਼ਟਰ ਦੇ ਦਲਿਤਾਂ ਵਿਚ ਵੀ ਅੰਦਰੂਨੀ ਮਤਭੇਦ ਹਨ, ਪਰ ਇਹ ਪੰਜਾਬੀ ਦਲਿਤਾਂ ਦਰਮਿਆਨ ਪਈਆਂ ਵੰਡੀਆਂ ਜਿੰਨੇ ਗਹਿਰੇ ਅਤੇ ਉਨ੍ਹਾਂ ਦੇ ਪੱਧਰ ਦੇ ਵੀ ਨਹੀਂ ਹਨ।

ਇਕ ਪੱਧਰ ਉਤੇ ਪੰਜਾਬੀ ਦਲਿਤਾਂ ਵਿਚ ਬਾਲਮੀਕੀ ਅਤੇ ਰਵਿਦਾਸੀਆ ਭਾਈਚਾਰਿਆਂ ਦਰਮਿਆਨ ਮਤਭੇਦ ਹਨ ਜਿਨ੍ਹਾਂ ਦੀ ਰੰਗਤ ਧਾਰਮਿਕ ਵੀ ਹੈ। ਬਾਲਮੀਕੀਆਂ ਨੂੰ ਹਿੰਦੂਆਂ ਅਤੇ ਰਵਿਦਾਸੀਆਂ ਨੂੰ ਸਿੱਖਾਂ ਨਾਲ ਸਬੰਧਿਤ ਸਮਝਿਆ ਜਾਂਦਾ ਹੈ। ਉਂਜ, ਇਨ੍ਹਾਂ ਸਬੰਧਾਂ ਵਿਚ ਵੀ ਕੁਝ ਸਮੱਸਿਆਵਾਂ ਹਨ। ਇਸ ਤੋਂ ਇਲਾਵਾ ਰਵਿਦਾਸੀਏ ਆਪਣੇ ਮੁੱਖ ਕਿੱਤੇ (ਚਮੜੇ ਦੇ ਕੰਮ) ਅਤੇ ਇਸ ਕੰਮ ਨਾਲ ਜੁੜੀ ਜਾਤ ਨੂੰ ਬਾਲਮੀਕੀਆਂ ਦੇ ਮੁੱਖ ਕਿੱਤੇ (ਸਾਫ਼-ਸਫ਼ਾਈ) ਅਤੇ ਇਸ ਕੰਮ ਨਾਲ ਜੁੜੀ ਜਾਤ ਨਾਲੋਂ ਉਤਮ ਮੰਨਦੇ ਹਨ। ਗੁਰੂ ਰਵੀਦਾਸ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੋਣ ਦਾ ਮਾਣ ਹਾਸਲ ਹੋਣ ਕਾਰਨ ਭਾਵੇਂ ਰਵਿਦਾਸੀਏ ਸਿੱਖ ਧਰਮ ਦੇ ਵਧੇਰੇ ਨੇੜੇ ਹਨ, ਪਰ ਉਹ ਖ਼ੁਦ ਨੂੰ ਮਜ਼ਹਬੀ ਸਿੱਖਾਂ ਨਾਲੋਂ ਉਤਮ ਸਮਝਦੇ ਹਨ।

ਰਵਿਦਾਸੀਆ, ਬਾਲਮੀਕੀ ਅਤੇ ਮਜ਼ਹਬੀ ਸਿੱਖਾਂ ਦਰਮਿਆਨ ਜਾਤ ਆਧਾਰਿਤ ਦਰਜਾਬੰਦੀ ਤੋਂ ਇਲਾਵਾ ਬਾਲਮੀਕੀਆਂ ਦੇ ਮੁਕਾਬਲਤਨ ਰਵਿਦਾਸੀਆਂ ਦੀ ਬਿਹਤਰ ਆਰਥਿਕ ਸਥਿਤੀ ਵੀ ਏਕੀਕ੍ਰਿਤ ਦਲਿਤ ਪਛਾਣ ਅਤੇ ਲਾਮਬੰਦੀ ਵਿਚ ਮੁਸ਼ਕਿਲਾਂ ਪੈਦਾ ਕਰਦੀ ਹੈ। ਰਵਿਦਾਸੀਏ ਸਿੱਖਿਆ ਦੇ ਪੱਖ ਤੋਂ ਬਾਲਮੀਕੀਆਂ ਨਾਲੋਂ ਜ਼ਿਆਦਾ ਅੱਗੇ ਹਨ ਅਤੇ ਇਸ ਸਦਕਾ ਵਿਦੇਸ਼ ਪਰਵਾਸ ਕਰਨ ਤੋਂ ਇਲਾਵਾ ਕਈ ਸਥਾਨਕ ਧੰਦੇ ਕਰ ਰਹੇ ਹਨ ਅਤੇ ਸਨਅਤੀ ਉਦਮੀ ਵੀ ਬਣ ਗਏ ਹਨ। ਰਵਿਦਾਸੀਆਂ ਦੀ ਬਿਹਤਰ ਆਰਥਿਕ ਹਾਲਤ ਮਹਿਜ਼ ਖੇਤਰੀ ਪ੍ਰਭਾਵ ਕਾਰਨ ਹੈ ਅਤੇ ਇਸ ਦਾ ਜਾਤ ਨਾਲ ਕੋਈ ਸਬੰਧ ਨਹੀਂ। ਇਹ ਦੁਆਬੇ ਨਾਲ ਸਬੰਧਿਤ ਹਨ ਜਦੋਂ ਕਿ ਮਜ਼ਹਬੀ ਸਿੱਖ ਜ਼ਿਆਦਾਤਰ ਮਾਲਵੇ ਖ਼ਿੱਤੇ ਤੋਂ ਹਨ। ਇਤਿਹਾਸਕ ਤੌਰ ਉਤੇ ਦੁਆਬਾ ਖੇਤਰ ਮਾਲਵੇ ਤੋਂ ਜ਼ਿਆਦਾ ਸਿੱਖਿਅਤ ਸੀ ਜਿਸ ਨੇ ਦੁਆਬੇ ਦੇ ਲੋਕਾਂ ਨੂੰ ਪੱਛਮ ਦੇ ਅਮੀਰ ਵਿਕਸਤ ਮੁਲਕਾਂ ਵਿਚ ਪਰਵਾਸ ਦਾ ਲਾਹਾ ਸਭ ਤੋਂ ਪਹਿਲਾਂ ਲੈਣ ਦੇ ਯੋਗ ਬਣਾਇਆ। ਇਸ ਖੇਤਰੀ ਫ਼ਰਕ ਕਾਰਨ ਦੁਆਬੇ ਦੇ ਜੱਟ ਵੀ ਮਾਲਵਾ ਖ਼ਿੱਤੇ ਦੇ ਜੱਟਾਂ ਨਾਲੋਂ ਵਧੇਰੇ ਪੜ੍ਹੇ-ਲਿਖੇ ਸਨ ਜਿਸ ਦਾ ਜਾਤ ਨਾਲ ਕੋਈ ਸਬੰਧ ਨਹੀਂ।

ਬਾਲਮੀਕੀ ਆਪਣੇ ਪੱਛੜੇਪਣ ਨੂੰ ਰਵਿਦਾਸੀਆਂ ਵੱਲੋਂ ਰਾਖਵੇਂਕਰਨ ਦੇ ਸਾਰੇ ਲਾਭ ਲੈ ਜਾਣ ਕਾਰਨ ਉਤਪੰਨ ਹੋਇਆ ਮੰਨਦੇ ਹਨ। ਇਹ ਧਾਰਨਾ ਅੱਗੇ ਦਲਿਤਾਂ ਦੇ ਦੋਨੋਂ ਮੁੱਖ ਜਾਤੀ ਵਰਗਾਂ ਵਿਚ ਅਵਿਸ਼ਵਾਸ ਪੈਦਾ ਕਰ ਰਹੀ ਹੈ। ਪੰਜਾਬ ਦੀਆਂ ਦੋਨੋਂ ਮੁੱਖ ਰਾਜਨੀਤਕ ਪਾਰਟੀਆਂ- ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਨੇਤਾ, ਦਲਿਤਾਂ ਦੀ ਇਸ ਅੰਦਰੂਨੀ ਫੁੱਟ ਦਾ ਲਾਭ ਲੈ ਰਹੇ ਹਨ ਜਿਸ ਕਾਰਨ ਇਹ ਕਹਿਣਾ ਮੁਸ਼ਕਿਲ ਹੈ ਕਿ ਉਹ ਇਸ ਨੂੰ ਸੁਚੇਤ ਤੌਰ 'ਤੇ ਖ਼ਰਾਬ ਕਰ ਰਹੇ ਹਨ। ਉਹ ਆਪਣੇ ਰਾਜਨੀਤਕ ਮੰਤਵਾਂ ਲਈ ਇਨ੍ਹਾਂ ਦੀ ਫੁੱਟ ਨੂੰ ਵਰਤਦੇ ਹੋਏ ਇਸ ਜਾਤ ਦੇ ਮੁੱਖ ਮੈਂਬਰਾਂ ਨੂੰ ਮੁੱਖ ਪਾਰਟੀ, ਵਿਧਾਨਕ ਅਤੇ ਸਰਕਾਰੀ ਅਹੁਦਿਆਂ ਦੀ ਪੇਸ਼ਕਸ਼ ਕਰਦੇ ਆਏ ਹਨ। ਇਸ ਦੱਬੀ ਹੋਈ ਜਾਤ ਦੇ ਨੇਤਾਵਾਂ ਨੂੰ ਇਸ ਤਰ੍ਹਾਂ ਰੱਖਣ ਨਾਲ ਦਲਿਤਾਂ ਦੀ ਆਮ ਏਕੀਕ੍ਰਿਤ ਪਛਾਣ ਬਣਾਉਣ ਵਿਚ ਇਸ ਨੇ ਖਿੰਡਾਉਣ ਵਾਲੇ ਤੱਤ ਦੇ ਰੂਪ ਵਿਚ ਕਾਰਜ ਕੀਤਾ ਹੈ।

ਪੰਜਾਬ ਦੀ ਖੱਬੇ ਪੱਖੀ ਲੀਡਰਸ਼ਿਪ ਵੀ ਦਲਿਤਾਂ ਲਈ ਹਿਤਕਾਰੀ ਸਾਬਤ ਨਹੀਂ ਹੋਈ, ਕਿਉਂਕਿ ਉਹ ਜਾਤੀ ਉਤਪੀੜਨ ਦੇ ਕਮਜ਼ੋਰ ਪੱਖ ਨੂੰ ਪਛਾਣ ਨਹੀਂ ਸਕੀ। ਉਹ ਜਾਤ ਸ਼੍ਰੇਣੀਆਂ ਦੀ ਇਕਜੁਟਤਾ ਵਿਚ ਰੁਕਾਵਟ ਦੇ ਤੌਰ 'ਤੇ ਦੇਖਦੀ ਹੈ ਜਦੋਂ ਕਿ ਵਿਹਾਰ ਵਿਚ ਜਾਤ ਅਤੇ ਵਰਗ ਆਪਸ ਵਿਚ ਗਹਿਰਾਈ ਨਾਲ ਉਲਝੇ ਹੋਏ ਹਨ।

ਅਜਿਹੇ ਹਾਲਾਤ ਦੇ ਬਾਵਜੂਦ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਪੰਜਾਬ ਵਿਚ ਦਲਿਤਾਂ ਦੀ ਪੜ੍ਹੀ-ਲਿਖੀ ਨਵੀਂ ਪੀੜ੍ਹੀ ਮੁੱਖ ਰਾਜਨੀਤਕ ਪਾਰਟੀਆਂ ਦੀ ਉਚ ਜਾਤਾਂ ਵਾਲੀ ਲੀਡਰਸ਼ਿਪ ਵੱਲੋਂ ਉਨ੍ਹਾਂ ਦੇ ਕੀਤੇ ਜਾ ਰਹੇ 'ਉਪਕਾਰ' ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰੇਗੀ, ਉਹ ਆਪਣੇ ਅੰਦਰੂਨੀ ਪਾੜੇ ਨੂੰ ਘੱਟ ਕਰਨ ਅਤੇ ਪੰਜਾਬ ਵਿਚ ਸਮਾਨਤਾਵਾਦੀ ਰਾਜਨੀਤੀ ਦੀ ਬੁਨਿਆਦ ਰੱਖਣ ਦੇ ਸਮਰੱਥ ਹੋਏਗੀ। ਗੁਰੂਆਂ ਵੱਲੋਂ ਵਰੋਸਾਈ ਧਰਤੀ ਉਤੇ ਅਜਿਹਾ ਹੋਣਾ ਵੀ ਚਾਹੀਦਾ ਹੈ।

# ਪੰਜਾਬ ਦਾ ਪਾਣੀ ਅਤੇ ਪੁਨਰਗਠਨ ਐਕਟ

ਇੰਟਰ-ਸਟੇਟ ਰਿਵਰਜ਼ ਵਾਟਰ ਡਿਸਪਿਊਟਸ ਐਕਟ 1956, ਜਦੋਂ ਭਾਸ਼ਾਈ ਆਧਾਰ 'ਤੇ ਕੁਝ ਪ੍ਰਾਂਤ 1956 ਵਿਚ ਹੋਂਦ ਵਿਚ ਆਏ ਸਨ, ਉਦੋਂ ਦਰਿਆ ਦੇ ਬੇਸਨ ਵਿਚ ਪੈਂਦੇ ਪ੍ਰਾਂਤਾਂ ਦੇ ਦਰਿਆਈ ਪਾਣੀਆਂ ਨੂੰ ਵੰਡਣ ਸਬੰਧੀ ਝਗੜੇ ਨਜਿੱਠਣ ਲਈ ਬਣਾਇਆ ਗਿਆ ਸੀ। ਇਸ ਦਾ ਮੂਲ ਉਦੇਸ਼ ਦਰਿਆਈ ਵਹਿਣ ਦੇ ਥੱਲੇ

**ਕਿਰਪਾਲ ਸਿੰਘ ਦਰਦੀ**
ਫੋਨ: +91-98140-74901

ਵਾਲੇ ਪਾਸੇ ਪੈਂਦੇ ਪ੍ਰਾਂਤ ਜਾਂ ਪ੍ਰਾਂਤਾਂ ਦੇ ਲਾਭਾਂ ਨੂੰ ਸੁਰੱਖਿਅਤ ਕਰਨਾ ਸੀ। ਅਜਿਹੇ ਕੇਸਾਂ ਵਿਚ ਸੰਸਦ ਵਿਚ ਕਿਸੇ ਵੀ ਅੰਤਰਰਾਜੀ ਦਰਿਆ ਜਾਂ ਦਰਿਆਈ ਵਾਦੀ ਦੇ ਪਾਣੀ ਦੀ ਵਰਤੋਂ, ਵੰਡ ਵੰਡਾਈ, ਕੰਟਰੋਲ ਦਾ ਨਿਬੇੜਾ ਜਾਂ ਫ਼ੈਸਲਾ ਸੰਵਿਧਾਨ ਦੀ ਧਾਰਾ 262(1) ਅਧੀਨ ਕਰ ਸਕਦੀ ਹੈ। ਨਾਲ ਹੀ ਸੰਵਿਧਾਨ ਦੀ ਧਾਰਾ 262(2) ਵਿਚ ਇਹ ਦਰਜ ਹੈ ਕਿ ਸੰਸਦ ਕਾਨੂੰਨ ਦੁਆਰਾ ਇਹ ਨਿਰਧਾਰਤ ਕਰੇ ਕਿ ਨਾ ਹੀ ਸੁਪਰੀਮ ਕੋਰਟ ਅਤੇ ਨਾ ਹੀ ਹੋਰ ਕੋਈ ਕੋਰਟ ਸੰਵਿਧਾਨ ਦੀ ਧਾਰਾ 262(1) ਵਿਚ ਦਰਸਾਏ ਗਏ ਝਗੜਿਆਂ ਜਾਂ ਸ਼ਿਕਾਇਤਾਂ ਵਿਚ ਆਪਣੇ ਦਾਇਰਾ-ਏ-ਅਖ਼ਤਿਆਰ ਦੀ ਵਰਤੋਂ ਕਰ ਸਕਣਗੀਆਂ।

ਜਦੋਂ 1966 ਵਿਚ ਹਰਿਆਣਾ ਹੋਂਦ ਵਿਚ ਆਇਆ ਤਾਂ ਯਮੁਨਾ ਦਰਿਆ ਅੰਤਰਰਾਜੀ ਦਰਿਆ ਸੀ ਜਿਸ ਉਪਰ ਸੰਵਿਧਾਨ ਦੀ ਉਪਰੋਕਤ ਧਾਰਾ ਲਾਗੂ ਹੋ ਸਕਦੀ ਸੀ। ਇਸ ਵੇਲੇ ਪੰਜਾਬ ਪੁਨਰਗਠਨ ਐਕਟ 1966 ਬਣਿਆ ਜਿਸ ਦਾ ਮੰਤਵ ਇਲਾਕਾਈ ਖੇਤਰਾਂ ਜਾਂ ਇਸ ਨਾਲ ਸਬੰਧ ਰੱਖਦੇ ਮਸਲਿਆਂ ਨਾਲ ਸੀ। ਇਸ ਐਕਟ ਅਨੁਸਾਰ ਪੰਜਾਬ ਅਤੇ ਨਵੇਂ ਬਣੇ ਪ੍ਰਾਂਤ ਹਰਿਆਣਾ ਵਿਚਕਾਰ ਵੰਡੀਆਂ ਜਾਣ ਵਾਲੀਆਂ ਚੀਜ਼ਾਂ ਦਾ ਅਨੁਪਾਤ 60 : 40 ਨਿਰਧਾਰਤ ਕੀਤਾ ਗਿਆ, ਪਰ ਦਰਿਆਵਾਂ ਵਿਚ ਵਗਦੇ ਪਾਣੀਆਂ ਸਬੰਧੀ ਵੱਖਰੀ ਕਿਸਮ ਦੀਆਂ ਧਾਰਾਵਾਂ ਜਿਨ੍ਹਾਂ ਦੀ ਭਾਰਤ ਵਿਚ ਕਿਧਰੇ ਵੀ ਮਿਸਾਲ ਨਹੀਂ ਮਿਲਦੀ, ਜੋੜੀਆਂ ਗਈਆਂ। ਸਤਲੁਜ, ਬਿਆਸ ਅਤੇ ਰਾਵੀ ਦਰਿਆ ਪੂਰਨ ਤੌਰ 'ਤੇ ਪੰਜਾਬ ਵਿਚ ਪੈਂਦੇ ਸਨ ਜਦ ਕਿ ਯਮੁਨਾ ਹਰਿਆਣਾ ਵਿਚ। ਯਮੁਨਾ ਦੇ ਪਾਣੀ ਤੋਂ ਇਲਾਵਾ ਹਰਿਆਣਾ ਸਤਲੁਜ ਵਿਚੋਂ ਨਿਕਲਦੀ ਭਾਖੜਾ ਨਹਿਰ ਦਾ ਅੱਧੇ ਤੋਂ ਵੱਧ ਪਾਣੀ ਵਰਤਦਾ ਸੀ। ਪੰਜਾਬ ਨਾਲ ਅਨਿਆਂ ਕਰਦਿਆਂ ਹੋਇਆਂ ਪੰਜਾਬ ਪੁਨਰਗਠਨ ਐਕਟ ਵਿਚ 78, 79 ਅਤੇ 80 ਧਾਰਾਵਾਂ ਜੋੜ ਦਿੱਤੀਆਂ ਗਈਆਂ ਜਿਨ੍ਹਾਂ ਦੀ ਕੋਈ ਲੋੜ ਨਹੀਂ ਸੀ, ਪਰ ਕੇਂਦਰੀ ਸਰਕਾਰ ਅਜਿਹਾ ਕਰ ਕੇ ਪੰਜਾਬ ਦੇ ਕੁਦਰਤੀ ਜਲ ਸਾਧਨਾਂ ਨੂੰ ਆਪਣੇ ਹੱਥ ਵਿਚ ਲੈਣਾ ਚਾਹੁੰਦੀ ਸੀ ਜੋ ਗ਼ੈਰ-ਸੰਵਿਧਾਨਕ ਤਰੀਕਾ ਸੀ। ਧਾਰਾ 78(1) ਵਿਚ ਭਾਖੜਾ-ਨੰਗਲ ਅਤੇ ਬਿਆਸ ਪ੍ਰਾਜੈਕਟਾਂ ਦਾ ਜ਼ਿਕਰ ਸੀ ਜਦ ਕਿ ਦਰਿਆ ਯਮੁਨਾ ਦਾ ਇਸ ਵਿਚ ਕੋਈ ਵਰਨਣ ਨਹੀਂ ਸੀ ਅਤੇ ਨਾ ਹੀ ਰਾਵੀ ਦਰਿਆ ਦਾ।

ਸਪਸ਼ਟ ਸੀ ਕਿ ਯਮੁਨਾ ਦਰਿਆ ਹਰਿਆਣਾ ਦਾ ਅਤੇ ਰਾਵੀ ਦਰਿਆ ਪੰਜਾਬ ਦਾ। ਇਸ ਧਾਰਾ 'ਤੇ ਅਮਲ ਕਰਦਿਆਂ ਕੇਂਦਰੀ ਸਰਕਾਰ ਨੇ 24 ਮਾਰਚ, 1976 ਵਿਚ ਇਕ ਨੋਟੀਫਿਕੇਸ਼ਨ ਖੇਤੀ ਅਤੇ ਸਿੰਜਾਈ ਮੰਤਰਾਲੇ ਦੇ ਸਿੰਜਾਈ ਵਿਭਾਗ ਵੱਲੋਂ ਜਾਰੀ ਕਰਵਾਇਆ ਜਿਸ ਵਿਚ ਇਹ ਦਰਜ ਕੀਤਾ ਗਿਆ ਕਿ ਹਰਿਆਣਾ ਵਿਚ ਵੱਡਾ ਬੰਜਰ ਤੇ ਖੁਸ਼ਕ ਖੇਤਰ ਹਨ ਅਤੇ ਵਰਤਮਾਨ ਵਿਚ ਪੰਜਾਬ ਨਾਲੋਂ ਘੱਟ ਸਿੰਜਾਈ ਦਾ ਵਿਕਾਸ ਹੋਇਆ ਹੈ, ਇਸ ਲਈ ਪਾਣੀ ਦੀ ਬੜੀ ਲੋੜ ਹੈ, ਜਦ ਕਿ ਸਪਲਾਈ ਘੱਟ ਹੈ। ਇਸ ਲਈ ਪੰਜਾਬ ਨੂੰ ਪਹਿਲਾਂ ਅਲਾਟ 7.20 ਐਮ.ਏ.ਐਫ. ਰਾਵੀ ਅਤੇ ਬਿਆਸ ਦੇ ਪਾਣੀ ਵਿਚੋਂ 3.5 ਐਮ.ਏ.ਐਫ. ਹਰਿਆਣਾ ਨੂੰ ਅਤੇ 0.20 ਐਮ.ਏ.ਐਫ. ਦਿੱਲੀ ਵਾਟਰ ਸਪਲਾਈ ਨੂੰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕੇਂਦਰੀ ਸਰਕਾਰ ਨੇ ਬੜੀ ਚਲਾਕੀ ਨਾਲ ਰਾਵੀ ਦਰਿਆ ਨੂੰ ਬਿਆਸ ਨਾਲ ਜੋੜ ਲਿਆ ਜਦ ਕਿ ਰਾਵੀ ਦਾ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 78(1) ਵਿਚ ਵੀ ਕੋਈ ਜ਼ਿਕਰ ਨਹੀਂ ਸੀ। ਰਾਵੀ



ਤੇ ਬਿਆਸ ਦਰਿਆਵਾਂ ਦੇ ਪਾਣੀ ਵਿਚ ਹਰਿਆਣਾ ਦਾ ਕੋਈ ਹਿੱਸਾ ਨਹੀਂ ਬਣਦਾ, ਨਾ ਹੀ ਰਿਪੇਰੀਅਨ ਸਿਧਾਂਤ ਅਨੁਸਾਰ ਅਤੇ ਨਾ ਹੀ ਦਰਿਆਈ ਬੇਸਨ ਦੇ ਆਧਾਰ 'ਤੇ। ਇਸੇ ਤਰ੍ਹਾਂ ਦਰਿਆ ਰਾਵੀ ਅਤੇ ਬਿਆਸ ਦੇ ਪਾਣੀ ਵਿਚੋਂ 9.10 ਐਮ.ਏ.ਐਫ. ਪਾਣੀ ਰਾਜਸਥਾਨ ਨੂੰ ਵੀ ਦੇ ਦਿੱਤਾ ਗਿਆ।

ਭਾਰਤੀ ਸੰਵਿਧਾਨ ਦੀ ਧਾਰਾ 246(ਕਲਾਜ਼ 3) ਅਤੇ 7ਵੇਂ ਸ਼ਡਿਊਲ ਦੀ ਰਾਜਾਂ ਦੇ ਅਧਿਕਾਰ ਖੇਤਰ ਦੀ ਸੂਚੀ ਅਨੁਸਾਰ ਸਿੰਜਾਈ, ਨਹਿਰਾਂ ਆਦਿ ਪ੍ਰਦੇਸ਼ਕ ਵਿਸ਼ੇ ਹਨ ਅਤੇ ਪ੍ਰਦੇਸ਼ਕ ਮਸ਼ੀਨਰੀ ਨੇ ਹੀ ਇਨ੍ਹਾਂ ਨਾਲ ਨਜਿੱਠਣਾ ਹੁੰਦਾ ਹੈ ਅਤੇ ਇਸ ਤੋਂ ਇਲਾਵਾ ਦਰਿਆਈ ਪਾਣੀਆਂ ਦੀ ਵੰਡ ਕਰਨ ਦੀ ਨੀਤੀ ਜਦੋਂ ਕਿ ਦੂਸਰੇ ਪ੍ਰਾਂਤ ਸਹਿ-ਰਿਪੇਰੀਅਨ ਪ੍ਰਾਂਤ ਵੀ ਨਹੀਂ ਹਨ, ਕੇਵਲ ਪੰਜਾਬ 'ਤੇ ਹੀ ਲਾਗੂ ਕੀਤੀ ਗਈ ਹੈ ਜਦੋਂ ਕਿ ਦੇਸ਼ ਦੇ ਕਿਸੇ ਵੀ ਹੋਰ ਦਰਿਆ ਜਾਂ ਪ੍ਰਾਂਤ ਉਤੇ ਲਾਗੂ ਨਹੀਂ ਕੀਤੀ ਗਈ। ਫਿਰ ਪੰਜਾਬ ਲਈ ਹੀ ਵੱਖਰੇ ਮਾਪਦੰਡ ਕਿਉਂ? ਜੇ ਦੂਜੇ ਗ਼ੈਰ-ਰਿਪੇਰੀਅਨ ਰਾਜਾਂ ਨੂੰ ਮਾਨਵੀ ਆਧਾਰ 'ਤੇ ਪਾਣੀ ਦਿੱਤਾ ਜਾ ਸਕਦਾ ਸੀ ਤਾਂ ਉਹ ਕੇਵਲ ਇਸ ਆਧਾਰ 'ਤੇ ਹੋ ਸਕਦਾ ਸੀ, ਜਦ ਪੰਜਾਬ ਕੋਲ ਆਪਣੀਆਂ ਲੋੜਾਂ ਤੋਂ ਵਾਧੂ ਪਾਣੀ ਹੁੰਦਾ।

ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਦੀਆਂ ਪਾਣੀਆਂ ਸਬੰਧੀ ਵਿਵਸਥਾਵਾਂ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਪੰਜਾਬ ਦੇ ਦਰਿਆਵਾਂ 'ਤੇ ਨਿਰੋਲ ਰੂਪ ਵਿਚ ਪੰਜਾਬ ਦੇ ਹੀ ਰਿਪੇਰੀਅਨ ਸਿਧਾਂਤ ਅਨੁਸਾਰ ਵਿਸ਼ੇਸ਼ ਅਧਿਕਾਰ ਬਣਦੇ ਹਨ। ਦੂਜੇ ਰਾਜਾਂ ਨੂੰ ਕਿਸ ਆਧਾਰ 'ਤੇ ਸਹਿ-ਰਿਪੇਰੀਅਨ ਦਾ ਦਰਜਾ ਦਿੱਤਾ ਗਿਆ, ਸਪਸ਼ਟ ਨਹੀਂ। ਜਦੋਂ ਇਹ ਐਕਟ ਬਣਿਆ ਸੀ ਤਾਂ ਅਣਵੰਡੇ ਪੰਜਾਬ ਤੋਂ ਇਲਾਵਾ ਦਿੱਲੀ ਆਦਿ ਅਤੇ ਮੌਜੂਦਾ ਹਰਿਆਣੇ ਦੇ ਖੇਤਰ ਵੀ ਸ਼ਾਮਿਲ ਸਨ ਅਤੇ ਰਾਜਸਥਾਨ ਨੂੰ ਇਸ ਐਕਟ ਵਿਚ ਸ਼ਾਮਿਲ ਨਹੀਂ ਸੀ ਕੀਤਾ ਗਿਆ। ਇਹ ਵੀ ਦੱਸਣਯੋਗ ਹੈ ਕਿ ਰਿਪੇਰੀਅਨ ਸਿਧਾਂਤ ਅਨੁਸਾਰ ਇਸ ਐਕਟ ਦੇ ਆਧਾਰ 'ਤੇ ਦਿੱਲੀ ਅਤੇ ਮੌਜੂਦਾ ਹਰਿਆਣਾ ਵਿਚਲੇ ਖੇਤਰਾਂ ਨੂੰ ਉਸ ਵੇਲੇ ਦੇ ਪੰਜਾਬ ਦੇ ਅੰਤਰਰਾਜੀ ਦਰਿਆ ਯਮੁਨਾ 'ਚੋਂ ਪਾਣੀ ਦਿੱਤਾ ਗਿਆ ਸੀ ਨਾ ਕਿ ਮੌਜੂਦਾ ਪੰਜਾਬ ਦੇ ਦਰਿਆਵਾਂ ਵਿਚੋਂ। ਉਸ ਸਮੇਂ ਹੁਣ ਦੇ ਪੰਜਾਬ ਨੂੰ ਇਸ ਦੇ ਆਪਣੇ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਵਿਚੋਂ ਹੀ ਪਾਣੀ ਦਿੱਤਾ ਗਿਆ ਸੀ ਜਿਸ ਵਿਚ ਹੋਰ ਕਿਸੇ ਖੇਤਰ ਦਾ ਹਿੱਸਾ ਨਹੀਂ ਸੀ।

ਸੋ, ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਪਾਣੀ ਦੇਣਾ ਰਾਜਨੀਤਕ ਆਧਾਰ 'ਤੇ ਹੈ ਸੰਵਿਧਾਨ ਅਤੇ ਲਾਅ ਆਫ ਲੈਂਡ ਦੇ ਆਧਾਰ 'ਤੇ ਨਹੀਂ। ਪੰਜਾਬ ਪੁਨਰਗਠਨ ਐਕਟ 1966 ਵਿਚ ਜੋੜੀਆਂ ਗਈਆਂ ਮੱਦਾਂ 78, 79 ਅਤੇ 80 ਗ਼ਲਤ ਅਤੇ ਗ਼ੈਰ-ਸੰਵਿਧਾਨਕ ਹਨ ਜੋ ਹਟਾ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਲਈ ਪੰਜਾਬ ਸਰਕਾਰ ਅਤੇ ਲੋਕਾਂ ਨੂੰ ਭਰਪੂਰ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ ਤੇ ਕੇਂਦਰੀ ਸਰਕਾਰ ਕੋਲ ਆਪਣੀ ਆਵਾਜ਼ ਪੂਰੇ ਜ਼ੋਰ ਨਾਲ ਉਠਾਉਣੀ ਚਾਹੀਦੀ ਹੈ।

# ਨਿੱਘੀ ਹਵਾ ਦਾ ਬੁੱਲਾ-ਚਰਨਜੀਤ ਸੋਹਲ

ਮੁਲਾਕਾਤ

ਹਵਾ ਬਹੁਤ ਠੰਢੀ ਵਗ ਰਹੀ ਸੀ, ਪਰ ਜਦੋਂ ਚਰਨਜੀਤ ਸੋਹਲ ਨੇ ਘੁੱਟ ਕੇ ਹੱਥ ਮਿਲਾ ਕੇ ਮਘਦੀ ਕਾਂਗੜੀ ਵਰਗੀ ਜੱਫੀ ਪਾਈ ਤਾਂ ਸਰੀਰ ਨਿੱਘਾ ਨਿੱਘਾ ਹੋ ਗਿਆ।

ਮੈਂ ਚਰਨਜੀਤ ਸੋਹਲ ਨੂੰ ਮਿਲਣਾ ਨਹੀਂ ਸਾਂ ਚਾਹੁੰਦਾ। ਉਸ ਨਾਲ ਮੇਰੀ ਕੋਈ ਸਾਂਝ ਵੀ ਨਹੀਂ ਸੀ। ਕਵੀ ਦੇ ਤੌਰ 'ਤੇ ਉਸ ਦੀਆਂ ਕੁਝ ਨਜ਼ਮਾਂ ਪੜ੍ਹੀਆਂ ਸਨ। ਸ਼੍ਰੋਮਣੀ ਕਵੀ ਪ੍ਰਮਿੰਦਰਜੀਤ ਦੇ ਪਰਚੇ 'ਅੱਖਰ' ਨਾਲ ਉਸ ਦੀ ਲੰਮੇਰੀ ਸਾਂਝ ਦੀ ਮੈਨੂੰ ਕੰਨਸੋਅ ਸੀ। ਉਸ ਦੀ ਕਾਵਿ-ਪੁਸਤਕ 'ਕਾਮਰੇਡ ਦੇ ਆਉਣ ਤੱਕ' ਪ੍ਰਕਾਸ਼ਿਤ ਹੋ ਚੁੱਕੀ ਸੀ। ਹੁਣ ਉਹ ਮੈਗਜ਼ੀਨ 'ਵਾਹਗਾ' ਕੱਢ ਰਿਹਾ ਹੈ, ਜਿਸ ਦਾ ਚੰਦਾ ਵੀ ਮੈਂ



ਸੁਰਿੰਦਰ ਸੋਹਲ

ਨਹੀਂ ਸੀ ਦਿੱਤਾ, ਦਲਜੀਤ ਮੋਖੇ ਰਾਹੀਂ ਹਰ ਪਰਚਾ ਪਹੁੰਚ ਜਾਂਦਾ। ਪਹਿਲੇ ਅੰਕ ਵਿਚ ਉਨ੍ਹਾਂ ਮੇਰਾ ਸ਼ਾਇਰ ਅਤੇ ਚਿੱਤਰਕਾਰ 'ਸੋਹਨ ਕਾਦਰੀ' ਬਾਰੇ ਲਿਖਿਆ ਲੇਖ ਵੀ ਛਾਪਿਆ ਸੀ। ਪਰ ਫਿਰ ਵੀ ਮੇਰੇ ਦਿਲ ਵਿਚ ਉਸ ਨੂੰ ਮਿਲਣ ਦੀ ਕੋਈ ਚਾਹਤ ਪੈਦਾ ਨਹੀਂ ਸੀ ਹੋਈ। ਉਂਜ ਵੀ ਕਈ ਸਾਲ ਪਹਿਲਾਂ ਇਕ ਮਾਸਿਕ ਪਰਚੇ ਦੇ ਸੰਪਾਦਕ (ਰੱਬ ਉਸ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ) ਨਾਲ ਹੋਏ ਅਨੁਭਵ ਤੋਂ ਬਾਅਦ ਮੈਂ ਪੰਜਾਬੀ ਰਸਾਲਿਆਂ ਦੇ ਸੰਪਾਦਕਾਂ ਤੋਂ ਕੰਨੀ ਹੀ ਕਤਰਾਉਂਦਾ ਹਾਂ। ਪਰ ਚਰਨਜੀਤ ਸੋਹਲ ਨੂੰ ਨਾ ਮਿਲਣ ਦੀ ਮੇਰੀ ਜ਼ਿੱਦ ਦੀ ਬਰਫੀਲੀ ਕੰਧ ਵਿਚ ਦੀ ਉਸ ਨੇ ਮੋਹ ਦਾ ਅਜਿਹਾ ਅਗਨ-ਬਾਣ ਮਾਰਿਆ ਸੀ ਕਿ ਬਰਫੀਲੀ ਕੰਧ ਰੇਜ਼ਾ-ਰੇਜ਼ਾ ਹੋ ਕੇ ਬਿਖਰ ਗਈ। ਮੈਂ ਉਸ ਨਾਲ ਮਿਲਣ ਦਾ ਪ੍ਰੋਗਰਾਮ ਝੱਟ ਬਣਾ ਲਿਆ।

ਚਰਨਜੀਤ ਸੋਹਲ ਨੇ ਮੈਨੂੰ ਫੋਨ 'ਤੇ ਦੱਸਿਆ, "ਕੱਲ੍ਹ ਮੈਂ ਗੁਰਿੰਦਰ ਮਾਨ ਨੂੰ ਮਿਲਣ ਜਾਣੈ। ਇਕ ਡੇਢ ਵਜੇ ਵਾਪਸ ਆ ਜਾਵਾਂਗਾ। ਫਲੱਸ਼ਿੰਗ ਹੋਟਲ ਵਿਚ। ਫਿਰ ਆਪਾਂ ਮਿਲ ਲਵਾਂਗੇ।"

ਮੈਂ ਸੋਚਣ ਲੱਗਾ, ਇਹ ਬੰਦਾ ਪਹਿਲੀ ਵਾਰ ਅਮਰੀਕਾ ਆਇਆ ਏ, ਕਿੱਥੇ ਬੱਸਾਂ-ਰੇਲਾਂ ਬਦਲਦਾ ਨਿਊ ਜਰਸੀ ਜਾਵੇਗਾ। ਖੱਜਲ-ਖੁਆਰੀ ਝੱਲਦਾ, ਭੁੱਲਦਾ-ਭੁਲਾਉਂਦਾ।

ਉਹ ਓਰਲੈਂਡੋ ਇਕ ਕਾਨਫਰੰਸ ਵਿਚ ਸ਼ਾਮਿਲ ਹੋਣ ਆਇਆ ਸੀ। ਫੌਜ ਵਿਚੋਂ ਬਤੌਰ ਵੈਟਰਨੇਰੀਅਨ ਰਿਟਾਇਰ ਬੰਦਾ, ਬੇਜ਼ੁਬਾਨਿਆਂ ਦਾ ਦਰਦ ਸਮਝਣ ਵਾਲਾ। ਏਨੀ ਠੰਢ ਵਿਚ ਭਾਵੇਂ ਬੀਮਾਰ ਈ ਹੋ ਜਾਵੇ। ਉਸ ਦੀ ਆਵਾਜ਼ ਵਿਚ ਬਹੁਤ ਸਹਿਜ ਸੀ, ਸੁਭਾਵਿਕਤਾ, ਠਰੰਮਾ ਅਤੇ ਮੈਨੂੰ ਮਿਲਣ ਦੀ ਤਾਂਘ, ਜਿਸ ਦਾ ਅਹਿਸਾਸ ਮੈਨੂੰ ਫੋਨ 'ਤੇ ਆ ਰਹੀ ਆਵਾਜ਼ ਵਿਚੋਂ ਵੀ ਹੋ ਰਿਹਾ ਸੀ।

ਜਦੋਂ ਦੂਸਰੇ ਦਿਨ ਅਸੀਂ ਮਿਲੇ, ਉਹ ਬੜੇ ਸਹਿਜ ਨਾਲ ਦੱਸ ਰਿਹਾ ਸੀ, "ਉਥੋਂ ਮੈਂ ਟਰੇਨ ਫੜ੍ਹੀ, ਅੱਗੋਂ ਬੱਸ ਫੜ੍ਹੀ ਤੇ ਗੁਰਿੰਦਰ ਹੋਰਾਂ ਦੇ ਘਰ ਜਾ ਪਹੁੰਚਾ।" ਏਨਾ ਸਹਿਜ ਤੇ ਏਨਾ ਆਤਮ-ਵਿਸ਼ਵਾਸ।

ਮੈਂ ਪੁੱਛਿਆ, 'ਵਾਹਗਾ' ਨੂੰ ਪਾਠਕਾਂ ਦਾ ਕੀ ਹੁੰਗਾਰਾ ਐ?

"ਪੁੱਛੋ ਨਾ ਜੀ, ਜਿਹੜਾ ਸਾਨੂੰ ਡਰ ਸੀ ਕਿ ਪੰਜਾਬੀ ਕੋਈ ਪੜ੍ਹਦਾ ਨਈਂ। ਉਹ ਭਰਮ ਦੂਰ ਹੋ ਗਿਆ। ਪਰਚੇ ਵਿਚ ਜੇ ਕੋਈ ਕਮੀ ਐ ਤਾਂ ਸਾਡੇ ਵਲੋਂ ਐ, ਪਾਠਕਾਂ ਤੋਂ ਕੋਈ ਸ਼ਿਕਾਇਤ ਨਈਂ।"

ਅਸੀਂ ਹੌਲੀ ਹੌਲੀ ਕਾਰ ਤੋਰ ਲਈ। ਉਸ ਨੇ ਫਿਰ ਗੱਲ ਛੇੜੀ, "ਲੇਖਕਾਂ ਵਲੋਂ ਸ਼ਿਕਾਇਤ ਜ਼ਰੂਰ ਐ, ਖਾਸ ਕਰ ਨਵੀਂ ਪੀੜ੍ਹੀ ਦੇ ਲੇਖਕਾਂ ਵਲੋਂ। ਆਪਣੀ ਲਿਖਤ ਨਹੀਂ ਦੇਖਦੇ। ਰਚਨਾ ਭੇਜ ਕੇ ਪੁੱਛਣਗੇ, ਦੱਸੋ ਜੀ, ਜੇ ਨਹੀਂ ਛਾਪਣੀ ਤਾਂ ਕਿਤੇ ਹੋਰ ਭੇਜ ਦੇਈਏ। ਮਿਹਨਤ ਕਰਕੇ ਰਾਜ਼ੀ ਈ ਨਹੀਂ। ਕਿਥੇ ਉਹ ਸੰਤ ਸਿੰਘ ਸੇਖੋਂ, ਮੋਹਨ ਸਿੰਘ ਵਰਗੇ ਬੰਦੇ। ਦੁੱਖ ਦੀ ਗੱਲ ਐ, ਜਦੋਂ ਨਵਾਂ ਲੇਖਕ ਕਹੇਗਾ-ਉਹ ਕੀ ਲਿਖਦਾ ਜੀ। ਭਲਾ ਪੁੱਛੋਂ ਬਈ ਤੂੰ ਕੀ ਲਿਖਦਾਂ?"

ਮੈਂ ਕਿਹਾ, "ਰਾਸਤੇ ਵਿਚ ਕਵੀ ਤਰਲੋਕਬੀਰ ਦਾ ਘਰ ਹੈ। ਉਹਨੂੰ ਮਿਲਦੇ ਚਲੀਏ, 'ਵਾਹਗਾ' ਦਾ ਪਾਠਕ ਹੈ।"

"ਆਪਾਂ ਬੱਸ ਏਅਰਪੋਰਟ 'ਤੇ ਚਾਰ ਵਜੇ ਪਹੁੰਚ ਜਾਈਏ, ਸਵਾ ਛੇ ਫਲਾਈਟ ਐ। ਲੈ ਜਿੱਥੇ ਮਰਜ਼ੀ ਜਾਓ।" ਉਹ ਬਹੁਤ ਠਰੰਮੇ ਨਾਲ ਬੋਲਿਆ।

ਤਰਲੋਕਬੀਰ ਦੇ ਘਰ ਮੂਹਰੇ ਜਾ ਕੇ ਅਸੀਂ ਕਾਲ ਕੀਤੀ। ਉਸ ਨੇ ਕਿਹਾ, "ਹਾਂ! ਮੈਂ ਤਾਂ ਕੰਮ 'ਤੇ ਨਿਕਲ ਗਿਆਂ।" ਫਿਰ ਉਨ੍ਹਾਂ ਫੋਨ 'ਤੇ ਦੁਆ-ਸਲਾਮ ਕਰ ਲਈ।

ਚਰਨਜੀਤ, ਰਵਿੰਦਰ ਸਹਿਰਾਅ ਨਾਲ ਗੱਲ ਕਰਨੀ ਚਾਹੁੰਦਾ ਸੀ। ਮੇਰੀ ਕਲਪਨਾ ਵਿਚ ਰਵਿੰਦਰ ਸਹਿਰਾਅ ਸਿਰ 'ਤੇ ਟੋਪੀ ਪਾਈ ਗਾਹਕਾਂ ਨਾਲ ਉਲਝਿਆ ਨਜ਼ਰ ਆਇਆ ਤਾਂ ਮੈਂ ਕਿਹਾ, "ਲੰਚ ਦਾ ਵੇਲਾ ਹੈ, ਉਸ ਨਾਲ ਫੋਨ ਕਰਨਾ ਮੁਸ਼ਕਿਲ ਹੈ।"

ਚਰਨਜੀਤ ਨੇ ਉਸੇ ਧੀਰਜ ਨਾਲ ਕਿਹਾ, "ਕੋਈ ਗੱਲ ਨਹੀਂ ਮੈਂ ਇੰਡੀਆ ਜਾ ਕੇ ਈਮੇਲ ਕਰ ਦਿਆਂਗਾ।"

ਰਾਸਤੇ ਵਿਚ ਪੰਜਾਬੀ ਗੀਤਕਾਰ ਅਤੇ 'ਸ਼ਾਨ-ਏ-ਪੰਜਾਬ' ਦੇ ਸੰਪਾਦਕ ਹਰਬਖਸ਼ ਸਿੰਘ



ਟਾਹਲੀ ਦਾ ਘਰ ਆ ਗਿਆ। ਉਹ ਘਰੇ ਹੀ ਸੀ। ਕੁਝ ਚਿਰ ਅਮਰੀਕਾ ਦੀ ਪੰਜਾਬੀ ਪੱਤਰਕਾਰੀ ਬਾਰੇ ਗੱਲਬਾਤ ਹੋਈ। ਅਮਰੀਕਾ ਵਿਚ ਨਿਕਲਦੀਆਂ ਅਖਬਾਰਾਂ ਦੀ ਗਿਣਤੀ ਨੇ ਚਰਨਜੀਤ ਸੋਹਲ ਨੂੰ ਪਤਾ ਨਹੀਂ ਹੈਰਾਨ ਕੀਤਾ ਜਾਂ ਪ੍ਰਭਾਵਿਤ! ਹਰਬਖਸ਼ ਸਿੰਘ ਟਾਹਲੀ ਨੇ ਆਪਣੀ ਨਵੀਂ ਕਿਤਾਬ ਅਤੇ ਅਖਬਾਰ ਦਾ ਨਵਾਂ ਅੰਕ ਉਸ ਨੂੰ ਭੇਟ ਕੀਤਾ।

ਸਮਾਂ ਬਚਦਾ ਸੀ। ਮੈਂ ਕਿਹਾ, "ਚਲੋ ਘਰੋਂ ਵੀ ਚਾਹ ਦਾ ਕੱਪ ਕੱਪ ਪੀ ਚੱਲੀਏ।"

ਉਹ ਉਸੇ ਤਰ੍ਹਾਂ ਸਹਿਜ ਸੀ, "ਚਲੋ ਪੀ ਚੱਲਦੇ ਹਾਂ।"

ਸਾਡੀ ਮਾਤਾ ਅਮਰੀਕਾ ਬੈਠੀ 'ਤੇ ਵੀ ਨਰਿੰਦਰ ਮੋਦੀ ਦੀ 'ਨੋਟ-ਬੰਦੀ' ਦਾ ਅਸਰ ਪੈ ਚੁਕਾ ਸੀ।

ਚਾਹ ਪੀਂਦੇ ਪੀਂਦੇ ਉਹ ਉਠੀ ਅਤੇ ਅੰਦਰੋਂ ਪੰਜ-ਪੰਜ ਸੌ ਦੇ ਤਿੰਨ ਨੋਟ ਕੱਢ ਲਿਆਈ, "ਲੈ ਪੁੱਤ, ਮੇਰੇ ਲਈ ਤਾਂ ਹੁਣ ਕਾਗਜ ਈ ਆ, ਜੇ ਤੇਰੇ ਓਥੇ ਚੱਲ ਜਾਣ ਤਾਂ ਮੇਰੇ ਵਲੋਂ ਪਿਆਰ ਸਮਝ ਲਈਂ।"

ਘਰੋਂ ਨਿਕਲੇ ਤਾਂ ਮੈਂ ਕਿਹਾ, "ਚਲੋ ਤੁਹਾਨੂੰ 'ਵਾਹਗਾ' ਦੇ ਇਕ ਹੋਰ ਪਾਠਕ ਨੂੰ ਮਿਲਾ ਦਿੰਦੇ ਆਂ।"

ਕਵੀ ਬਲਬੀਰ ਡੁਮੇਲੀ ਦਾ ਘਰ ਏਅਰਪੋਰਟ ਦੇ ਰਾਹ ਵਿਚ ਪੈਂਦਾ ਹੈ। ਮੈਂ ਉਸ ਨੂੰ ਫੋਨ ਕੀਤਾ, ਉਹ ਡਾਕਟਰ ਵੱਲ ਨਿਕਲ ਗਿਆ ਸੀ। ਸਪੀਕਰ ਫੋਨ ਲੱਗਾ ਹੋਇਆ ਸੀ। ਬਲਬੀਰ ਆਪਣੀ ਵਾਵਰੋਲੇ ਵਰਗੀ ਆਵਾਜ਼ ਵਿਚ ਬੋਲ ਰਿਹਾ ਸੀ, "ਮੈਂ ਮੈਂ ਮੈਂ ਸਾਰਾ 'ਵਾਹਗਾ' ਪੜ੍ਹਿਆ। ਤਤਕਰੇ ਤੋਂ ਲੈ ਕੇ ਅਖੀਰ ਤੱਕ। ਇਕ ਇਕ ਚੀਜ ਪੜ੍ਹਨ ਵਾਲੀ ਸੀ।" ਵਾਵਰੋਲਾ ਘੁੰਮੀ ਜਾ ਰਿਹਾ ਸੀ।

ਮੈਂ ਚਰਨਜੀਤ ਸੋਹਲ ਵੱਲ ਦੇਖਿਆ। ਉਹ ਬਿਲਕੁਲ ਸਹਿਜ ਸੀ। ਪਰਚੇ ਦੀ ਤਾਰੀਫ ਸੁਣ ਕੇ ਨਾ ਉਸ ਨੇ ਉਤੇਜਿਤ ਹੋ ਕੇ ਫੋਨ ਇਕ ਕੰਨ ਨਾਲੋਂ ਬਦਲ ਕੇ ਦੂਜੇ ਨਾਲ ਲਾਇਆ। ਨਾ ਉਸ ਨੇ ਤਾਰੀਫ ਸੁਣ ਕੇ ਮੁੱਛਾਂ 'ਤੇ ਹੱਥ ਫੇਰਿਆ, ਨਾ ਨਕਲੀ ਖੰਘੂਰਾ ਮਾਰਿਆ ਤੇ ਨਾ ਹੀ ਪੱਗ ਦਾ ਲੜ ਠੀਕ ਕੀਤਾ। ਸਿਰਫ ਠਰੰਮੇ ਨਾਲ 'ਮਿਹਰਬਾਨੀ-ਸ਼ੁਕਰੀਆ' ਹੀ ਕਿਹਾ।

ਬਲਬੀਰ ਡੁਮੇਲੀ ਬੋਲ ਰਿਹਾ ਸੀ, "ਤੁਹਾਨੂੰ ਮੇਰੀ ਗੱਲ ਦੀ ਸਮਝ ਆ ਰਹੀ ਹੈ?"

"ਬਿਲਕੁਲ ਆ ਰਹੀ ਹੈ।"

"ਸੋਹਲ ਹੋਰੀਂ ਕਹਿੰਦੇ ਆ ਮੈਂ ਬਹੁਤ ਕਾਹਲੀ ਬੋਲਦਾਂ।" ਡੁਮੇਲੀ ਦੀ ਆਵਾਜ਼ ਵਿਚਲਾ ਵਾਵਰੋਲਾ ਰਤਾ ਕੁ ਮੱਠਾ ਪਿਆ।

ਚਰਨਜੀਤ ਹੱਸਿਆ ਤੇ ਸਹਿਜ-ਮਤੇ ਬੋਲਿਆ, "ਸਾਡੇ ਇਲਾਕੇ ਦੇ ਹਿਸਾਬ ਨਾਲ ਤੁਸੀਂ ਬਿਲਕੁਲ ਸਹੀ ਸਪੀਡ ਵਿਚ ਬੋਲਦੇ ਹੋ।"

ਇਸ ਗੱਲ ਵਿਚਲਾ ਤਨਜ਼ ਉਸ ਦੇ ਸਹਿਜ-ਮਤੇ ਦੇ ਪਰਦੇ ਹੇਠੋਂ ਹਲਕਾ ਜਿਹਾ ਝਾਤੀ ਮਾਰ ਰਿਹਾ ਸੀ।

ਫੋਨ ਕੱਟਿਆ ਤਾਂ ਉਸ ਨੇ ਮੈਨੂੰ ਯਾਦ ਕਰਾਇਆ, ਟਰਮੀਨਲ ਚਾਰ 'ਤੇ 'ਏਅਰ ਫਰਾਂਸ' ਏਅਰਲਾਈਨ।

ਸਾਰਾ ਟਰਮੀਨਲ ਲੰਘ ਕੇ 'ਐਕਸ ਐਲ ਏਅਰ ਫਰਾਂਸ' ਅੱਗੇ ਮੈਂ ਉਸ ਨੂੰ ਉਤਾਰ ਕੇ ਕਿਹਾ, "ਤੁਸੀਂ ਲਾਈਨ ਵਿਚ ਲੱਗੋ। ਜੇ ਮੈਨੂੰ ਪਾਰਕਿੰਗ ਮਿਲ ਗਈ ਤਾਂ ਮੈਂ ਆ ਜਾਵਾਂਗਾ। ਨਹੀਂ ਤਾਂ...।"

"ਹਾਂ, ਤੁਸੀਂ ਕੰਮ 'ਤੇ ਨਿਕਲ ਜਾਣਾ।" ਉਸ ਨੇ ਫਿਰ ਮੇਰਾ ਹੱਥ ਘੁੱਟ ਕੇ ਜੱਫੀ ਪਾਈ। "ਇਨ ਕੇਸ ਤੁਹਾਨੂੰ ਪਾਰਕਿੰਗ ਨਾ ਮਿਲੀ ਤਾਂ।" ਉਹ ਮੁਸਕਰਾਇਆ।

ਮੈਂ ਕਾਰ ਪਾਰਕ ਕਰਕੇ ਉਸ ਨੂੰ ਲੱਭਿਆ। ਉਹ ਕਿਤੇ ਨਾ ਲੱਭਾ। ਮੈਂ ਸਕਿਉਰਿਟੀ ਨੂੰ ਪੁੱਛਿਆ, "ਏਅਰ ਫਰਾਂਸ' ਏਅਰ ਲਾਈਨ।"

"ਉਹ ਤਾਂ ਇਕ ਨੰਬਰ ਟਰਮੀਨਲ ਤੋਂ ਚਲਦੀ ਹੈ।" ਸਕਿਉਰਿਟੀ ਵਾਲੇ ਦੀ ਗੱਲ ਸੁਣ ਕੇ ਮੈਂ ਝੱਟ ਘੜੀ ਦੇਖੀ। ਟਾਈਮ ਤਾਂ ਰਹਿੰਦਾ ਸੀ, ਪਰ ਚਰਨਜੀਤ ਪਹਿਲੀ ਵਾਰ ਅਮਰੀਕਾ ਆਇਆ ਸੀ, ਉਹ ਕਿੱਧਰ ਖੱਜਲ ਹੁੰਦਾ ਫਿਰਦਾ ਹੋਵੇਗਾ। ਘਬਰਾਇਆ ਹੋਇਆ, ਬੌਂਦਲਿਆ ਹੋਇਆ।

ਮੈਂ ਇਕ ਹੋਰ ਏਅਰਪੋਰਟ ਕਰਮਚਾਰੀ ਨੂੰ ਪੁੱਛਿਆ ਤਾਂ ਉਸ ਨੇ ਕਿਹਾ, "ਅੱਛਾ ਟਰਮੀਨਲ ਚਾਰ, ਏਅਰ ਫਰਾਂਸ। ਤੁਸੀਂ ਡੈਲਟਾ 'ਤੇ ਜਾਵੋ। ਏਅਰ ਫਰਾਂਸ ਨੂੰ ਡੈਲਟਾ ਉਪਰੇਟ ਕਰਦਾ ਏ।"

ਡੈਲਟਾ ਏਅਰ ਲਾਈਨ, ਟਰਮੀਨਲ ਚਾਰ ਦੇ ਸ਼ੁਰੂ ਵਿਚ ਹੀ ਹੈ। ਮੈਂ ਉਸ ਨੂੰ ਦੂਜੇ ਸਿਰੇ 'ਤੇ ਲਾਹ ਕੇ ਆ ਗਿਆ ਸਾਂ।

ਮੈਂ ਬੌਂਦਲਿਆ ਹੋਇਆ ਭੱਜਾ ਜਾ ਰਿਹਾ ਸਾਂ ਤਾਂ ਫੋਨ ਆ ਗਿਆ, "ਸੁਰਿੰਦਰ, ਮੇਰੀ ਫਲਾਈਟ ਡੈਲਟਾ ਤੋਂ ਜਾਣੀ ਐਂ। ਬੋਰਡਿੰਗ ਦਾ ਕੰਮ ਨਿਬੇੜ ਲਿਆ। ਡੈਲਟਾ 'ਤੇ ਆ ਜਾ।"

ਉਹ ਬੜੇ ਸਹਿਜ ਵਿਚ ਬੋਲ ਰਿਹਾ ਸੀ ਤੇ ਮੈਂ ਬੌਂਦਲਿਆ ਹੋਇਆ ਸਾਂ।

ਮੈਂ ਡੈਲਟਾ 'ਤੇ ਪਹੁੰਚਾ ਤਾਂ ਉਹ ਫੋਨ 'ਤੇ ਆਰਾਮ ਨਾਲ ਕਿਸੇ ਨਾਲ ਗੱਲ ਕਰ ਰਿਹਾ ਸੀ। ਕਾਫੀ ਦੂਰ ਉਸ ਨੇ ਹੈਂਡ ਬੈਗ ਉਤੇ ਆਪਣਾ ਕੋਟ ਰੱਖਿਆ ਹੋਇਆ ਸੀ, ਬਿਨਾ ਚੋਰੀ ਦੇ ਫਿਕਰ-ਫਾਕੇ ਦੇ। ਮੈਨੂੰ ਡਾਕਟਰ ਜਗਤਾਰ ਦੀ ਯਾਦ ਆਈ। ਇਕ ਵਾਰ ਮੈਨੂੰ ਉਸ ਨੇ ਦੱਸਿਆ ਸੀ, "ਮੈਂ ਜਦੋਂ ਪਹਿਲੀ ਵਾਰ ਨਿਊ ਯਾਰਕ ਆਇਆ, ਮੈਂ ਸੁਣਿਆ ਸੀ ਏਥੇ ਚੋਰੀਆਂ ਬਹੁਤ ਹੁੰਦੀਆਂ ਮੈਂ ਡਰਦਾ ਟੈਕਸੀ ਵਿਚੋਂ ਨਹੀਂ ਸੀ ਉਤਰਦਾ।"

ਮੇਰੇ ਪੁੱਛਣ 'ਤੇ ਚਰਨਜੀਤ ਸੋਹਲ ਕਹਿਣ ਲੱਗਾ, "ਪਰਚਾ ਕੱਢਣ ਦੀ ਪਲੈਨਿੰਗ ਬਹੁਤ ਦੇਰ ਦੀ ਸੀ। ਹੁਣ ਮੈਂ ਰਿਟਾਇਰ ਹੋ ਗਿਆਂ। ਸੋਚਿਆ ਹੁਣ ਇਹ ਕੰਮ ਕਰ ਈ ਲਈਏ।"

ਉਸ ਵਿਚ ਜਿੰਨਾ ਸਹਿਜ ਹੈ, ਜਿੰਨਾ ਠਹਿਰਾਓ ਹੈ, ਜਿੰਨਾ ਆਤਮ-ਵਿਸ਼ਵਾਸ ਹੈ, ਜਿੰਨਾ ਸੰਜਮ ਹੈ, ਇਹ ਸਾਰਾ ਕੁਝ ਏਸ ਗੱਲ ਦਾ ਸੰਕੇਤ ਹੈ ਕਿ 'ਵਾਹਗਾ' ਉਸ ਦੇ ਹੱਥਾਂ ਵਿਚ ਨਦੀ ਵਾਂਗ ਸਹਿਜ ਤੋਰੇ ਤੁਰਦਾ ਰਹੇਗਾ, ਬਿਨਾ ਕਿਸੇ ਰੁਕਾਵਟ। ਉਂਜ ਵੀ ਬੇਜ਼ੁਬਾਨਿਆਂ ਦਾ ਦਰਦ ਸਮਝਣ ਵਾਲਾ ਇਹ ਡਾਕਟਰ, ਸ਼ਾਇਰ, ਸੰਪਾਦਕ ਪਾਠਕਾਂ ਦੀ ਰਗ ਰਗ ਪਛਾਣਦਾ ਹੈ, ਇਸੇ ਕਰਕੇ 'ਵਾਹਗਾ' ਮੈਗਜ਼ੀਨ ਦਾ ਮੈਟਰ ਹਰ ਉਮਰ ਦੇ ਪਾਠਕ ਨੂੰ ਆਪਣੀ ਆਪਣੀ ਸਮਰੱਥਾ ਸੂਹਜ ਪ੍ਰਦਾਨ ਕਰਦਾ ਹੈ।

ਸੰਪਾਦਕਾਂ ਬਾਰੇ ਮੈਂ ਆਪਣੇ ਮਨ ਵਿਚ ਕਈ ਤਰ੍ਹਾਂ ਦੀਆਂ ਗੰਢਾਂ ਬੰਨ੍ਹੀਆਂ ਹੋਈਆਂ ਸਨ। ਪਰ ਚਰਨਜੀਤ ਸੋਹਲ ਨੂੰ ਮਿਲ ਕੇ ਮੈਨੂੰ ਲੱਗਾ ਕਿ ਹਰ ਤਸਵੀਰ ਨੂੰ ਆਪਣੇ ਫਰੇਮ ਵਿਚ ਫਿੱਟ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਕਈ ਤਸਵੀਰਾਂ ਤੁਹਾਡੇ ਫਰੇਮ ਤੋਂ ਵਿਸ਼ਾਲ ਅਤੇ ਗਹਿਰੀਆਂ ਵੀ ਹੁੰਦੀਆਂ ਨੇ। ਤੁਰਨ ਲੱਗੇ ਉਸ ਨੇ ਘੁੱਟ ਕੇ ਜੱਫੀ ਪਾਈ। ਮੈਂ ਤੁਰ ਪਿਆ। ਏਅਰਪੋਰਟ ਦੇ ਬਾਹਰ ਠੰਢ ਤਾਂ ਬਹੁਤ ਸੀ, ਪਰ ਚਰਨਜੀਤ ਸੋਹਲ ਦੀ ਮੁਹੱਬਤ ਦੇ ਨਿੱਘ ਨੇ ਮੈਨੂੰ ਕਲਾਵੇ ਵਿਚ ਲਿਆ ਹੋਇਆ ਸੀ।

# ਸੁਰਖਰੂ ਮਹਿਸੂਸ ਕਰਨ ਦੀ ਮਾਨਸਿਕਤਾ

ਕਹਿੰਦੇ ਹਨ, ਇਕ ਵਾਰ ਇਕ ਬਾਲ ਸਾਹਿਤ ਲਿਖਾਰੀ ਕਿਸੇ ਸਿਆਣੇ ਨੂੰ ਆਪਣੀ ਕਿਤਾਬ ਦੇ ਬੈਠਾ। ਸਿਆਣੇ ਨੇ ਅੱਧ ਵਿਚਾਲਿਓਂ ਕਿਤਾਬ ਖੋਲ੍ਹੀ। ਕਵਿਤਾ ਦੀਆਂ ਸਤਰਾਂ ਵਿਚ ਲਿਖਿਆ ਸੀ, ਕੁੱਤੀ ਦੇ ਬੱਚੇ, ਬਿੱਲੀ ਦੇ ਬੱਚੇ। ਸਿਆਣੇ ਨੇ ਕਿਤਾਬ ਮੋੜਦਿਆਂ ਕਿਹਾ, ਡਾਕਟਰ ਸਾਬ੍ਹ ਮੈਨੂੰ ਲਗਦਾ ਕੁੱਤੀ ਦੇ ਕਤੂਰੇ ਹੁੰਦੇ ਆ ਤੇ ਬਿੱਲੀ ਦੇ ਬਲੂੰਗੜੇ। ਸਿਆਣੇ ਦੀ ਇਸ ਗੱਲ ਵਿਚ ਡੂੰਘੀ ਸਿਆਣਪ ਪਈ ਸੀ।



ਇਹ ਮਹਿਜ ਨਿੱਕੀ ਜਿਹੀ ਗਲਤੀ ਨਹੀਂ ਬਲਕਿ ਅਜਿਹੀ ਗਲਤੀ ਬਾਲ-ਮਨਾਂ

ਪਰਮਜੀਤ ਸਿੰਘ ਕੱਟੂ (ਡਾ.)
ਫੋਨ: 91-94631-24131

ਵਿਚ ਇਕ ਵਿਕਾਰ, ਇਕ ਭਰਮ ਪੈਦਾ ਕਰ ਦਿੰਦੀ ਹੈ ਤੇ ਫਿਰ ਸ਼ਾਇਦ ਇਸ ਵਿਕਾਰ ਨੂੰ ਦੂਰ ਕਰਨ ਲਈ ਉਨ੍ਹਾਂ ਦੀ ਸਾਰੀ ਉਮਰ ਬੀਤ ਜਾਵੇ। ਹੋ ਸਕਦਾ ਹੈ ਇਹ ਵਿਕਾਰ ਅਗਲੀਆਂ ਪੀੜ੍ਹੀਆਂ ਤਕ ਇਵੇਂ ਹੀ ਜ਼ਾਰੀ ਰਹੇ। ਇਹ ਭਾਸ਼ਾ ਦੇ ਸ਼ਬਦਾਂ ਦੇ ਕਤਲ ਦਾ ਮਾਮਲਾ ਹੈ। ਅਸੀਂ ਆਪਣੇ ਵੱਲੋਂ ਚੰਗਾ ਕਰਨਾ ਚਾਹੁੰਦੇ ਹਾਂ ਪਰ ਹੁੰਦਾ ਉਹ ਏਨਾ ਮਾੜਾ ਹੈ ਕਿ ਅਸੀਂ ਉਸ ਦੇ ਸਿੱਟਿਆਂ ਬਾਰੇ ਸੋਚ ਵੀ ਨਹੀਂ ਸਕਦੇ।

ਇਨ੍ਹੀਂ ਦਿਨੀਂ ਪੰਛੀਆਂ ਲਈ ਲੱਕੜ ਦੇ ਘਰ ਬਣਾਉਣ ਦੀ ਮੁਹਿੰਮ ਚੱਲ ਰਹੀ ਹੈ। ਇਸ ਦਾ ਸਬੰਧ ਦੁਨੀਆਂ ਭਰ ਦੇ ਉਨ੍ਹਾਂ ਚੰਗੇ ਲੋਕਾਂ ਨਾਲ ਜੁੜਿਆ ਹੋਇਆ ਹੈ ਜੋ ਪੰਛੀਆਂ ਨੂੰ ਪਿਆਰ ਕਰਦੇ ਹਨ। ਅਸਲ ਵਿਚ ਅਜਿਹੇ ਲੋਕਾਂ ਦੇ ਮਨਾਂ ਵਿਚ ਕੁਦਰਤ ਪ੍ਰਤੀ ਪਿਆਰ ਹੁੰਦਾ ਹੈ ਪਰ ਇਥੇ ਇਕ ਗੱਲ ਸਪਸ਼ਟ ਕਰਨੀ ਬਣਦੀ ਹੈ ਕਿ ਦੁਨੀਆਂ ਭਰ ਦੇ ਲੋਕ ਪੰਛੀਆਂ ਦੀ ਘਟ ਰਹੀ ਗਿਣਤੀ ਬਾਰੇ, ਉਨ੍ਹਾਂ ਦੇ ਰਹਿਣ ਲਈ ਘਟਦੀਆਂ ਥਾਂਵਾਂ ਬਾਰੇ ਅਤੇ ਉਨ੍ਹਾਂ ਦੇ ਦਾਣੇ-ਪਾਣੀ ਬਾਰੇ ਫਿਕਰਮੰਦ ਹਨ। ਇਹ ਸਾਡੀ ਕੁਦਰਤ ਪ੍ਰਤੀ ਮੋਹ ਦੀ ਚੰਗੀ ਗੱਲ ਹੈ ਪਰ ਇਸ ਮੋਹ ਦੀ ਅਸਲੀਅਤ ਜਾਣ ਲੈਣਾ ਵੀ ਜ਼ਰੂਰੀ ਹੈ।

ਪੰਛੀਆਂ ਲਈ ਘਰ ਬਣਾਉਣ ਦੀ ਲੋੜ ਇਸ ਕਰਕੇ ਪਈ ਕਿ ਰੁੱਖ ਅਸੀਂ ਕੱਟ ਦਿੱਤੇ। ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ 'ਕੱਲਾ ਰੁੱਖ ਹੀ ਨਹੀਂ ਕੱਟ ਰਹੇ ਹੁੰਦੇ ਸਗੋਂ ਕੁਦਰਤ ਦੇ ਸਹਿਜ ਵਰਤਾਰੇ ਵਿਚ ਬਹੁਤ ਵੱਡੀ ਘੁਸਪੈਠ ਕਰ ਰਹੇ ਹੁੰਦੇ ਹਾਂ। ਰੁੱਖ ਕੱਟਣ ਨਾਲ ਹਵਾ 'ਤੇ ਅਸਰ ਹੁੰਦਾ ਹੈ। ਬੱਦਲ ਉਸ ਧਰਤੀ 'ਤੇ ਵਰਖਾ ਨਹੀਂ ਕਰਦੇ। ਬੱਦਲਾਂ ਤੇ ਰੁੱਖਾਂ ਦਾ ਰਿਸ਼ਤਾ ਸ਼ਾਇਦ ਸਾਡੀ ਸਮਝ ਤੋਂ ਬਾਹਰ ਹੈ। ਰੁੱਖ ਕੱਟਣ ਨਾਲ ਪੰਛੀਆਂ ਦੀਆਂ ਕੁਲਾਂ ਤਬਾਹ ਹੋ ਜਾਂਦੀਆਂ ਨੇ। ਕੁਦਰਤ ਦੀ ਵੰਨ-ਸੁਵੰਨਤਾ ਘੱਟ ਜਾਂਦੀ ਹੈ। ਰੰਗ, ਸੁਗੰਧ ਤੇ ਸੰਗੀਤ ਮੁੱਕ ਜਾਂਦਾ ਹੈ। ਮੁੱਕ ਜਾਂਦੀਆਂ ਨੇ ਠੰਡੀਆਂ ਛਾਂਵਾਂ ਤੇ ਮਿੱਠੇ ਫਲ। ਪੌਣ, ਪਾਣੀ, ਅਗਨ, ਅਕਾਸ਼ ਤੇ ਧਰਤੀ ਸਭ ਸੁੰਨੇ-ਸੁੰਨੇ, ਵਿਰਵੇ-ਵਿਰਵੇ ਹੋ ਜਾਂਦੇ ਨੇ।

ਹੁਣ ਵਾਪਰ ਇਹ ਰਿਹੈ ਕਿ ਲੋਕ ਪੰਛੀਆਂ ਲਈ ਘਰ ਬਣਾ ਕੇ ਆਪਣੇ-ਆਪ ਨੂੰ ਸੁਰਖਰੂ ਮਹਿਸੂਸ ਕਰ ਰਹੇ ਨੇ, ਜਦਕਿ ਲੋੜ ਰੁੱਖ ਲਗਾਉਣ ਦੀ ਹੈ। ਇਸ ਤਰ੍ਹਾਂ ਸੁਰਖਰੂ ਮਹਿਸੂਸ




ਕਰਨਾ ਬੜੀ ਖਤਰਨਾਕ ਮਾਨਸਿਕਤਾ ਹੈ। ਇਹ ਸਾਡੇ ਮਨਾਂ ਵਿਚ ਪੈ ਰਹੇ ਕਹਿਣੀ ਤੇ ਕਰਨੀ ਦੇ ਪਾੜੇ ਦੀ ਮਿਸਾਲ ਹੈ। ਅਸੀਂ ਕਹਿੰਦੇ ਕੁਝ ਹੋਰ ਹਾਂ ਤੇ ਕਰਦੇ ਕੁਝ ਹੋਰ ਹਾਂ। ਅਸੀਂ ਘਰ ਬਣਾ ਕੇ ਪੰਛੀਆਂ ਨੂੰ ਬਚਾਉਣ ਬਾਰੇ ਕੁਝ ਕਹਿ ਰਹੇ ਹਾਂ ਪਰ ਕਰ ਇਹ ਰਹੇ ਹਾਂ ਕਿ ਧੜਾ-ਧੜ ਰੁੱਖਾਂ ਨੂੰ ਕੱਟੀ ਜਾ ਰਹੇ ਹਾਂ। ਇਸ ਤਰ੍ਹਾਂ ਦੀ ਮਾਨਸਿਕਤਾ ਦਾ ਅਸਰ ਰੋਜ਼-ਮਰ੍ਹਾ ਦੀ ਜ਼ਿੰਦਗੀ ਵਿਚ ਵੀ ਹੋ ਰਿਹੈ। ਅਸੀਂ ਬਜ਼ੁਰਗਾਂ ਲਈ ਬਿਰਧ ਆਸ਼ਰਮ ਬਣਾ ਦਿੱਤੇ, ਬਾਕੀ ਸਾਰਾ ਕੁਝ ਉਨ੍ਹਾਂ ਦੀ ਜ਼ਿੰਦਗੀ 'ਚੋਂ ਖੋਹ ਲਿਆ ਹੈ।

ਅਸੀਂ ਦਾਜ ਵਿਰੋਧੀ ਲੇਖ ਲਿਖ ਕੇ ਹਟ ਚੁੱਕੇ ਹਾਂ ਪਰ ਦਾਜ ਦਿਨੋਂ-ਦਿਨ ਵਿਕਰਾਲ ਰੂਪ ਵਿਚ ਚੱਲੀ ਜਾ ਰਿਹਾ ਹੈ। ਅਸੀਂ ਰੌਲਾ ਪਾ-ਪਾ ਥੱਕਣ ਹੀ ਵਾਲੇ ਸੀ ਕਿ ਵਿਆਹਾਂ 'ਤੇ ਫਜ਼ੂਲ ਖਰਚਾ ਨਾ ਕਰੋ ਪਰ ਹੁਣ ਇਹ ਮਸਲਾ ਹੋ ਗਿਆ ਕਿ ਨੋਟ-ਬੰਦੀ ਕਾਰਨ ਵਿਆਹਾਂ 'ਤੇ ਖਰਚ ਕਰਨ ਵਿਚ ਆ ਰਹੀ ਦਿੱਕਤ ਦੂਰ ਕੀਤੀ ਜਾਵੇ। ਵੈਸੇ ਵੀ ਨੋਟ-ਬੰਦੀ ਨਾਲ ਮਨ-ਬੰਦੀ ਦਾ ਕੀ ਸਬੰਧ? ਇਹੀ ਨਹੀਂ, ਸ਼ਰਾਬੀ ਸ਼ਰਾਬ ਪੀ ਕੇ ਸੁਰਖਰੂ ਮਹਿਸੂਸ ਕਰਦੈ ਤੇ ਕਈ ਵਿਦੇਸ਼ ਜਾ ਕੇ ਸੁਰਖਰੂ ਹੋ ਗਏ ਲੱਗਦੇ ਨੇ ਅਤੇ ਕਈ ਖੁਦਕਸ਼ੀ ਕਰਕੇ ਸੁਰਖਰੂ ਹੋਣ ਲੱਗੇ ਨੇ।

ਸਾਡੀਆਂ ਪ੍ਰਾਪਤੀਆਂ ਦੀ ਕਥਾ ਬਸ ਇਹੋ ਰਹਿ ਗਈ ਹੈ ਕਿ ਇਕ ਵਾਰ ਮੁੱਲਾ ਨਸਰੂਦੀਨ ਪਾਣੀ ਵਾਲੇ ਜਹਾਜ਼ ਵਿਚ ਸਫਰ ਕਰ ਰਿਹਾ ਸੀ। ਏਨੇ ਨੂੰ ਇਕ ਬੱਚਾ ਖੇਡਦਾ-ਖੇਡਦਾ ਸਮੁੰਦਰ ਵਿਚ ਜਾ ਡਿੱਗਿਆ। ਸਾਰੇ ਲੋਕ ਆਪਣੇ-ਆਪਣੇ ਮੋਬਾਈਲ ਫੋਨ 'ਤੇ ਵੀਡੀਓ ਬਣਾ ਕੇ ਆਪਣੇ-ਆਪ ਨੂੰ ਸੁਰਖਰੂ ਮਹਿਸੂਸ ਕਰ ਰਹੇ ਸਨ। ਇੰਨੇ ਨੂੰ ਵਾਪਰਿਆ ਇਹ ਕਿ ਮੁੱਲਾ ਨਸਰੂਦੀਨ ਸਮੁੰਦਰ ਵਿਚ ਕੁੱਦਿਆ ਤੇ ਹਿੰਮਤ ਨਾਲ ਬੱਚੇ ਨੂੰ ਬਾਹਰ ਕੱਢ ਲਿਆਇਆ। ਸਾਰੇ ਵਾਹ-ਵਾਹ ਕਰਦੇ, ਮੁੱਲਾ ਦੀ ਜੈ-ਜੈਕਾਰ ਕਰਨ ਕਿ ਮੁੱਲਾ ਜੀ ਬੜੇ ਬਹਾਦਰ ਨਿਕਲੇ। ਮੁੱਲਾ ਚੀਕਿਆ, ਓ ਭਾਈ ਰੁਕੋ, ਪਹਿਲਾਂ ਇਹ ਦੱਸੋ, ਕਿਹੜੇ ਸਾਲੇ ਨੇ ਮੈਨੂੰ ਧੱਕਾ ਦਿੱਤਾ ਸੀ?

# ਮੋਦੀ ਦਾ ਸਬਰ ਦਾ ਸੰਦੇਸ਼ ਅਤੇ ਲੋਕਾਂ ਦਾ ਸੰਕਟ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕੁਝ ਚੋਣਵੇਂ ਅਖਬਾਰਾਂ ਵਿਚ ਇੱਕ ਖਬਰ ਦਾ ਹਿੱਸਾ ਬਣਾਏ ਗਏ ਇਹ ਸ਼ਬਦ ਹੈਰਾਨੀ ਵਾਲੇ ਹਨ ਕਿ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਕਿਹਾ ਹੈ ਕਿ ਨੋਟਬੰਦੀ ਨਾਲ ਹਾਲਾਤ ਬਹੁਤੇ ਨਹੀਂ ਵਿਗੜੇ ਅਤੇ ਇਸੇ ਲਈ ਦੇਸ਼ ਦਾ ਕੋਈ ਦੁੱਧ ਵਾਲਾ ਤੇ ਕੋਈ ਕਿਸਾਨ ਇਸ ਦੇ ਖਿਲਾਫ ਸੁਪਰੀਮ ਕੋਰਟ ਨਹੀਂ ਆਇਆ। ਇਹ ਕਹਿਣਾ ਕਿ ਹਾਲਾਤ ਬਹੁਤੇ ਨਹੀਂ ਵਿਗੜੇ, ਇਸੇ ਲਈ ਕੋਈ ਦੁੱਧ ਵਾਲਾ ਜਾਂ ਕਿਸਾਨ ਸੁਪਰੀਮ ਕੋਰਟ ਨਹੀਂ ਪਹੁੰਚਿਆ, ਭਾਰਤ ਸਰਕਾਰ ਦੀ ਹਕੀਕਤਾਂ ਤੋਂ ਧਿਆਨ ਲਾਂਭੇ ਕਰਨ ਦੀ ਇੱਕ ਹੋਰ ਗੰਭੀਰ ਕੋਸ਼ਿਸ਼ ਹੈ। ਜਿਸ ਵਕੀਲ ਨੇ ਸਰਕਾਰ ਵੱਲੋਂ ਇਹ ਦਲੀਲ ਸੁਪਰੀਮ ਕੋਰਟ ਵਿਚ ਦਿੱਤੀ, ਉਹ ਇਸ ਗੱਲ ਬਾਰੇ ਚੰਗੀ ਤਰ੍ਹਾਂ ਜਾਣਦਾ ਹੋਵੇਗਾ ਕਿ ਸੁਪਰੀਮ ਕੋਰਟ ਵਿਚ ਕੇਸ ਲੜਨ ਵਾਲੇ ਪ੍ਰਮੁੱਖ ਵਕੀਲ ਪੰਜ ਤੋਂ ਦਸ ਲੱਖ ਰੁਪਏ ਕੇਵਲ ਇੱਕ ਵਾਰੀ ਪੇਸ਼ ਹੋਣ ਦੇ ਲੈਂਦੇ ਹਨ। ਜਿਨ੍ਹਾਂ ਲੋਕਾਂ ਦੇ ਘਰ ਰਾਤ ਦੀ ਰੋਟੀ ਪੱਕਣ ਦਾ ਯਕੀਨ ਨਹੀਂ, ਉਹ ਸੁਪਰੀਮ ਕੋਰਟ ਨਹੀਂ ਜਾ ਸਕਦੇ। ਸਰਕਾਰੀ ਵਕੀਲ ਦੀ ਦਲੀਲ ਦੇ ਜਵਾਬ ਵਿਚ ਸਧਾਰਨ ਲੋਕਾਂ ਵਿਚ ਘੁੰਮਦਾ ਇਹ ਸਵਾਲ ਵੱਧ ਗੰਭੀਰ ਹੈ ਕਿ ਵੱਡੇ ਲੋਕਾਂ ਵਿਚੋਂ ਕੋਈ ਅਜੇ ਤੱਕ ਕਿਸੇ ਬੈਂਕ ਦੇ ਅੱਗੇ ਲਾਈਨ ਵਿਚ ਖੜਾ ਨਹੀਂ ਦਿਸਿਆ। ਸਿਰਫ ਆਮ ਲੋਕ ਬੈਂਕਾਂ ਅੱਗੇ ਲਾਈਨਾਂ 'ਚ ਰੋਜ਼ ਘੰਟਿਆਂ ਬੱਧੀ ਖੜੇ ਦਿਸਦੇ ਹਨ, ਲਾਈਨ 'ਚ ਲੱਗਣ ਲਈ ਧੱਕਾ-ਮੁੱਕੀ ਹੁੰਦੇ ਅਤੇ ਕਈ ਵਾਰ ਪੁਲਿਸ ਦੀ ਕੁੱਟ ਖਾ ਕੇ ਖਾਲੀ ਹੱਥ ਸ਼ਾਮ ਵੇਲੇ ਸਿਰ ਨੀਵਾਂ ਕਰ ਕੇ ਆਪੋ-ਆਪਣੇ ਘਰੀਂ ਆਣ ਵੜਦੇ ਹਨ।

ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਦੇਸ਼ ਬਾਅਦ ਵਿਚ ਤਰੱਕੀ ਕਰਨ ਵਾਲਾ ਹੈ, ਇਸ ਲਈ ਇਸ ਮੌਕੇ ਦੇਸ਼ ਦੀ ਜਨਤਾ ਨੂੰ ਕੁਝ ਸਬਰ ਕਰਨਾ ਤੇ ਸਹਿਯੋਗ ਦੇਣਾ ਚਾਹੀਦਾ ਹੈ। ਪਿਛਲੇ ਦਿਨੀਂ ਬੈਂਕਾਂ ਅੱਗੇ ਲਾਈਨਾਂ 'ਚ ਲੱਗੇ ਕੁਝ ਲੋਕਾਂ ਦੀ ਮੌਤ ਵੀ ਹੋਈ ਹੈ। ਇਨ੍ਹਾਂ ਵਿਚੋਂ ਕੁਝ ਲੋਕ ਦਿਲ ਦਾ ਦੌਰਾ ਪੈਣ ਨਾਲ ਸਾਹ ਛੱਡ ਗਏ, ਪਰ ਕਈ ਲੋਕ ਇਹੋ ਜਿਹੇ ਵੀ ਸਨ, ਜਿਨ੍ਹਾਂ ਦੇ ਘਰ ਧੀ ਦਾ ਵਿਆਹ ਰੱਖਿਆ ਸੀ, ਕਈ ਦਿਨ ਚੱਕਰ ਲਾਉਣ ਪਿੱਛੋਂ ਵੀ ਜਦੋਂ ਪੈਸੇ ਨਾ ਮਿਲੇ ਤਾਂ ਪਰਿਵਾਰ ਦਾ ਸਾਹਮਣਾ ਕਰਨ ਦੀ ਥਾਂ ਖੁਦਕੁਸ਼ੀ ਕਰ ਗਏ।

ਹਰਿਆਣੇ ਵਿਚ ਇੱਕ ਔਰਤ ਦੀ ਮੌਤ ਹੋ ਗਈ। ਉਸ ਦੇ ਪਰਿਵਾਰ ਕੋਲ ਅੰਤਮ ਸੰਸਕਾਰ ਕਰਨ ਲਈ ਪੈਸੇ ਨਹੀਂ ਸਨ। ਪਤੀ ਬੈਂਕ ਦੀ ਲਾਈਨ ਵਿਚ ਜਾ ਖੜੋਤਾ ਤੇ ਆਖਰ ਨੂੰ ਉਚੀ-ਉਚੀ ਚੀਕਦਾ ਕਹਿਣ ਲੱਗ ਪਿਆ ਕਿ ਘਰ ਵਿਚ ਪਤਨੀ ਦੀ ਲਾਸ਼ ਪਈ ਹੈ, ਮੈਂ ਲਾਈਨ ਵਿਚ ਖੜੋਤਾ ਹਾਂ, ਇਸ ਦੇਸ਼ ਵਿਚ ਸਾਡੀ ਦੁਹਾਈ ਕੌਣ ਸੁਣੇਗਾ? ਮੀਡੀਏ ਵਾਲੇ ਆਏ ਅਤੇ ਲੋਕਾਂ ਨੇ ਤਰਸ ਕਰ ਕੇ ਉਸ ਨੂੰ ਅੱਗੇ ਹੋਣ ਜੋਗਾ ਰਾਹ ਦੇ ਦਿੱਤਾ, ਪਰ ਪਤਨੀ ਦੀ ਲਾਸ਼ ਦਾ ਸਸਕਾਰ ਕਰਨ ਲਈ ਉਸ ਬੰਦੇ ਵੱਲੋਂ ਪੰਜ ਘੰਟੇ ਲਾਈਨ ਵਿਚ ਖੜੇ ਹੋਣਾ ਇਸ ਦੇਸ਼ ਦੀ ਸਰਕਾਰ ਨੂੰ ਕੋਈ ਖਾਸ ਗੱਲ ਨਹੀਂ ਜਾਪਦੀ। ਇੱਕ ਔਰਤ ਨੂੰ ਬੱਚਾ ਜਣਨ ਲਈ ਹਸਪਤਾਲ ਲਿਜਾਇਆ ਗਿਆ ਤਾਂ ਪੈਸੇ ਦੀ ਘਾਟ ਨੇ ਦੋਵਾਂ ਜੀਆਂ ਨੂੰ ਉਥੋਂ ਮੋੜਾ ਪਾ ਕੇ ਬੈਂਕ ਦੀ



ਲਾਈਨ ਵਿਚ ਜਾ ਖੜੇ ਕੀਤਾ। ਕਾਫੀ ਦੇਰ ਖੜੀ ਰਹੀ ਉਸ ਔਰਤ ਨੂੰ ਪੀੜਾਂ ਸ਼ੁਰੂ ਹੋ ਗਈਆਂ ਤੇ ਪੈਸੇ ਲੈਣ ਆਈਆਂ ਬਾਕੀ ਔਰਤਾਂ ਨੇ ਚੁੰਨੀਆਂ ਦਾ ਪਰਦਾ ਕਰ ਕੇ ਉਸ ਦੀ ਬੱਚਾ ਜਣਨ ਵਿਚ ਮਦਦ ਕੀਤੀ। ਪ੍ਰਧਾਨ ਮੰਤਰੀ ਅਜੇ ਕਹਿੰਦਾ ਹੈ ਕਿ ਲੋਕ ਜ਼ਰਾ ਸਬਰ ਕਰਨ। ਇਸ ਤੋਂ ਵੱਧ ਸਬਰ ਉਹ ਆਪਣੇ ਦੇਸ਼ ਦੇ ਲੋਕਾਂ ਤੋਂ ਭਲਾ ਕਿੰਨਾ ਕੁ ਕਰਵਾਉਣਾ ਚਾਹੁੰਦਾ ਹੈ?

ਇਹੋ ਸਵਾਲ ਇੱਕ ਮੀਡੀਆ ਚੈਨਲ ਉਤੇ ਪ੍ਰਧਾਨ ਮੰਤਰੀ ਦੀ ਤਰਫਦਾਰੀ ਕਰਨ ਵਾਲੇ ਇੱਕ ਸਿਧਾਂਤਕ ਨੇਤਾ ਦੇ ਸਾਹਮਣੇ ਪੇਸ਼ ਹੋਇਆ ਤਾਂ ਉਸ ਨੇ ਹਿੰਦੀ ਵਿਚ ਕਹਿ ਦਿੱਤਾ, 'ਕੁਛ ਪਾਨੇ ਕੇ ਲੀਏ ਕੁਛ ਤੋ ਖੋਨਾ ਪੜਤਾ ਹੈ।' ਇਸ ਤਰ੍ਹਾਂ ਕਹਿਣ ਦਾ ਉਸ ਦਾ ਭਾਵ ਸ਼ਾਇਦ ਇਹ ਹੋਵੇ ਕਿ ਦੇਸ਼ ਦੀ ਤਰੱਕੀ ਦੇ ਲਈ ਭਾਰਤ ਦੇ ਲੋਕਾਂ ਨੂੰ ਸੁੱਖ-ਚੈਨ ਗਵਾਉਣਾ ਪਵੇਗਾ, ਪਰ ਇਸ ਨੂੰ ਲੈ ਕੇ ਸੋਸ਼ਲ ਮੀਡੀਆ ਉਤੇ ਇਹ ਗੱਲ ਚੱਲ ਪਈ ਕਿ ਪ੍ਰਧਾਨ ਮੰਤਰੀ ਦਾ ਇੱਕ ਜੋੜੀਦਾਰ ਕਹਿੰਦਾ ਹੈ ਕਿ ਜੇ 'ਕੁਛ' ਦੇ ਰੂਪ ਵਿਚ ਦੋ ਹਜ਼ਾਰ ਰੁਪਏ ਲੈਣੇ ਹਨ ਤਾਂ ਆਪਣੇ ਆਪ ਨੂੰ ਬੈਂਕ ਅੱਗੇ ਭੁੱਖੇ ਢਿੱਡ ਅੱਧਾ-ਅੱਧਾ ਦਿਨ ਖੜੇ ਵੀ ਰੱਖਣਾ ਪੈਣਾ ਹੈ। ਆਮ ਲੋਕ ਹਕੀਕਤ ਦੇ ਨੇੜੇ ਹਨ। ਹਕੀਕਤ ਵੱਡੇ ਲੋਕਾਂ ਤੋਂ ਥੋੜ੍ਹਾ ਦੂਰ ਰਹਿੰਦੀ ਹੈ। ਜਦੋਂ ਭੁੱਖ ਨਾਲ ਢਿੱਡ ਦੀਆਂ ਆਂਦਰਾਂ ਖਿੱਚੀਆਂ ਜਾਣ ਤਾਂ ਜੋ ਹਾਲਤ ਹੁੰਦੀ ਹੈ, ਆਮ ਆਦਮੀ ਦੀ ਉਸ ਹਾਲਤ ਨੂੰ ਮਹਿਸੂਸ ਕਰ ਕੇ ਭਗਤ ਕਬੀਰ ਜੀ ਨੇ ਭਗਵਾਨ ਨੂੰ ਇਹ ਮਿਹਣਾ ਮਾਰ ਦਿੱਤਾ ਸੀ, "ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥" ਏਡੀ ਵੱਡੀ ਗੱਲ ਕਿਸੇ ਰਾਜੇ ਜਾਂ ਨਵਾਬ ਨੇ ਕਦੇ ਨਹੀਂ ਸੀ ਲਿਖਣੀ, ਕਬੀਰ ਜੀ ਹੀ ਲਿਖ ਸਕਦੇ ਸਨ, ਜਿਹੜੇ ਆਮ ਲੋਕਾਂ ਦੇ ਢਿੱਡ ਦੀ ਭੁੱਖ ਦੇ ਦੁੱਖ ਨੂੰ ਜਾਣਦੇ ਸਨ।

ਤਸਵੀਰ ਦਾ ਦੂਸਰਾ ਪਾਸਾ ਭੁੱਖੇ ਢਿੱਡ ਬੈਂਕਾਂ ਅੱਗੇ ਖੜੇ ਲੋਕਾਂ ਨੂੰ ਚਿੜਾਉਣ ਵਾਲਾ ਇਹ ਵੀ ਹੈ ਕਿ ਵੀਰਵਾਰ ਦੇ ਦਿਨ ਚੇਨੱਈ ਵਿਚ ਇਨਕਮ ਟੈਕਸ ਦੇ ਛਾਪਿਆਂ ਵਿਚ ਨੱਬੇ ਕਰੋੜ ਰੁਪਏ ਫੜੇ ਜਾਣ ਦੀ ਖਬਰ ਦੋ ਕੁ ਅਖਬਾਰਾਂ ਤੋਂ ਬਿਨਾਂ ਕਿਸੇ ਨੇ ਪਹਿਲੇ ਸਫੇ ਉਤੇ ਨਹੀਂ ਲਾਈ। ਉਸ ਨੱਬੇ ਕਰੋੜ ਵਿਚੋਂ ਸੱਤਰ ਕਰੋੜ ਦੇ ਨੋਟ ਨਵੀਂ ਕਰੰਸੀ ਵਾਲੇ ਸਨ, ਉਸ ਨਵੀਂ ਕਰੰਸੀ ਵਾਲੇ, ਜਿਸ ਦੇ ਸਿਰਫ ਦੋ ਹਜ਼ਾਰ ਰੁਪਏ ਲੈਣ ਲਈ ਆਮ ਲੋਕ ਲਾਈਨ ਵਿਚ ਖੜੋਤੇ ਵੇਖਣ ਦੇ ਬਾਅਦ ਵੀ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਸਬਰ ਰੱਖਣ ਨੂੰ ਕਹੀ ਜਾਂਦਾ ਹੈ। ਸੱਤਰ ਕਰੋੜ ਦੀ ਨਵੀਂ ਕਰੰਸੀ ਸਮੇਤ ਨੱਬੇ ਕਰੋੜ ਰੁਪਏ ਦਾ ਕਾਲਾ ਧਨ ਫੜੇ ਜਾਣ ਦੀ ਖਬਰ ਪਹਿਲੇ ਸਫੇ ਉਤੇ ਨਾ ਆਉਣ ਦਾ ਅਰਥ ਹੈ, ਭਾਰਤ ਨੇ ਏਨੀ 'ਤਰੱਕੀ' ਕਰ ਲਈ ਹੈ ਕਿ ਏਨੇ ਕੁ ਪੈਸੇ ਫੜੇ ਜਾਣਾ ਕੋਈ ਖਾਸ ਗੱਲ ਨਹੀਂ। ਉਂਜ ਵੀ ਇਹ ਖਬਰ ਆਪਣੇ ਰੰਗ ਦੀਆਂ ਹੋਰਨਾਂ ਖਬਰਾਂ ਦੇ ਮੁਕਾਬਲੇ ਛੋਟੀ ਸੀ। ਇਸੇ ਹਫਤੇ ਇੱਕ ਥਾਂ ਚਾਰ ਹਜ਼ਾਰ ਕਰੋੜ ਰੁਪਏ ਫੜਨ ਦੀ ਖਬਰ ਵੀ ਆਈ ਸੀ। ਉਸ ਵਿਚ ਇਹ ਗੱਲ ਵੀ ਦਰਜ ਸੀ ਕਿ ਸਬੰਧਤ ਬੰਦਿਆਂ ਬਾਰੇ ਜਾਂਚ ਹੋ ਰਹੀ ਹੈ। ਕਰਨ ਵਾਲੀ ਗੱਲ ਇਹ ਸੀ ਕਿ ਨਵੀਂ ਕਰੰਸੀ ਦੇ ਏਨੇ ਨੋਟ ਕਿਸ ਬੈਂਕ ਨੇ ਉਨ੍ਹਾਂ ਨੂੰ ਦਿੱਤੇ, ਇਸ ਬਾਰੇ ਪਿਛਲੇ ਦਿਨੀਂ ਫੜੇ ਗਏ ਕਾਲੇ ਧਨ ਦੇ ਮਾਮਲਿਆਂ 'ਚੋਂ ਕਿਸੇ ਇੱਕ ਦੀ ਵੀ ਸੂਚਨਾ ਨਹੀਂ ਲੱਭਦੀ।

ਤੀਸਰੀ ਅਤੇ ਹੋਰ ਵੀ ਹੈਰਾਨੀ ਵਾਲੀ ਗੱਲ ਅਗਲੀ ਹੈ ਕਿ ਜਿੰਨੇ ਵੀ ਕੇਸਾਂ ਵਿਚ ਇਹੋ ਜਿਹਾ ਮਾਲ ਫੜੇ ਜਾਣ ਦੀ ਖਬਰ ਆਈ ਹੈ, ਉਨ੍ਹਾਂ ਵਿਚ ਬਹੁਤਾ ਕਰ ਕੇ ਇੱਕ ਗੱਲ ਦੀ ਸਾਂਝ ਹੈ। ਭਾਜਪਾ ਰਾਜ ਵਿਚ ਕਾਂਗਰਸੀ ਜਾਂ ਕਿਸੇ ਵੀ ਹੋਰ ਪਾਰਟੀ ਦੇ ਲੋਕ ਫੜੇ ਗਏ ਹਨ ਤੇ ਗੈਰ-ਭਾਜਪਾ ਸਰਕਾਰਾਂ ਦੇ ਰਾਜ ਵਿਚ ਭਾਜਪਾ ਵਾਲੇ ਨੱਪੇ ਗਏ ਹਨ। ਬੰਗਾਲ ਵਿਚ ਵੀ ਭਾਜਪਾ ਆਗੂ ਲੱਖਾਂ ਰੁਪਏ ਦੀ ਨਵੀਂ ਕਰੰਸੀ ਲਈ ਜਾਂਦਾ ਫੜਿਆ ਗਿਆ ਤੇ ਤਾਮਿਲਨਾਡੂ ਵਿਚ ਜੈਲਲਿਤਾ ਦੀ ਮੌਤ ਤੋਂ ਦੋ ਦਿਨ ਪਹਿਲਾਂ ਵੀ ਭਾਜਪਾ ਦਾ ਯੂਥ ਆਗੂ ਸਾਢੇ ਵੀਹ ਲੱਖ ਰੁਪਏ ਲਈ ਜਾਂਦਾ ਨੱਪਿਆ ਗਿਆ। ਹੈਰਾਨ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਵਿਚੋਂ ਕਿਸੇ ਕੇਸ ਵਿਚ ਵੀ ਭਾਜਪਾ ਨੇ ਇਹ ਗੱਲ ਨਹੀਂ ਕਹੀ ਕਿ ਇਹ ਕੇਸ ਰਾਜਸੀ ਕਾਰਨਾਂ ਕਰ ਕੇ ਬਣਾਇਆ ਗਿਆ ਹੈ, ਕਿਉਂਕਿ ਜੇ ਉਹ ਏਦਾਂ ਦੀ ਗੱਲ ਕਹਿੰਦੀ ਤਾਂ ਭਾਜਪਾ ਰਾਜਾਂ ਵਿਚ ਫੜੇ ਜਾਣ ਵਾਲਿਆਂ ਨੇ ਵੀ ਇਹੋ ਦਲੀਲ ਵਰਤਣੀ ਸੀ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਚੋਰਾਂ ਦੀ ਸਕੀਰੀ ਦੋਵੇਂ ਪਾਸੇ ਹੈ।

ਹੋਵੇਗੀ ਚੋਰਾਂ ਦੀ ਸਕੀਰੀ ਦੋਵੇਂ ਪਾਸੇ, ਪਰ ਆਮ ਆਦਮੀ ਲਈ ਤਾਂ ਸਿਰਫ ਸਬਰ ਦੀ ਸਕੀਰੀ ਹੀ ਹਰ ਯੁੱਗ ਵਿਚ ਪੱਕੀ ਰਹਿੰਦੀ ਹੈ। ਉਹ ਕਿਰਤ ਕਰਦਾ ਤੇ ਭੁੱਖਾ ਮਰਦਾ ਹੈ। ਜਿਨ੍ਹਾਂ ਕੋਲ ਦੌਲਤਾਂ ਦੇ ਢੇਰ ਲੱਗੇ ਹੁੰਦੇ ਹਨ, ਗਰੀਬਾਂ ਨੂੰ ਉਹ ਹਰ ਯੁੱਗ ਵਿਚ ਇਹੋ ਉਪਦੇਸ਼ ਦਿੰਦੇ ਰਹਿੰਦੇ ਹਨ ਕਿ ਸਬਰ ਕਰਨਾ ਸਿੱਖੋ। ਇਹ ਸਬਰ ਕਰਨਾ ਉਹ ਆਪਣੇ ਮਾਇਆਧਾਰੀ ਮਿੱਤਰਾਂ ਨੂੰ ਨਹੀਂ ਸਿਖਾਉਂਦੇ, ਸਿਖਾ ਵੀ ਨਹੀਂ ਸਕਦੇ, ਕਿਉਂਕਿ ਰਾਜ ਕਰਨ ਵਾਲਿਆਂ ਨੂੰ ਥੈਲੀਆਂ ਦਾ ਨਜ਼ਰਾਨਾ ਚੜ੍ਹਾਉਣ ਵਾਲਿਆਂ ਦੀ ਗਾਹੇ-ਬਗਾਹੇ ਲੋੜ ਪੈਂਦੀ ਰਹਿੰਦੀ ਹੈ। ਭਾਜਪਾ ਦਾ ਇੱਕ ਪਾਰਲੀਮੈਂਟ ਮੈਂਬਰ ਕਿਸੇ ਛੋਟੀ ਰਿਆਸਤ ਦਾ ਨਵਾਬ ਹੁੰਦਾ ਸੀ, ਹੁਣ ਉਹ ਜ਼ਿੰਦਾ ਨਹੀਂ ਰਿਹਾ। ਉਸ ਨੇ ਇੱਕ ਵਾਰੀ ਕਿਸੇ ਬੰਦੇ ਤੋਂ ਗਲਤ ਕੰਮ ਲਈ ਰਿਸ਼ਵਤ ਫੜੀ ਤਾਂ ਪੈਸੇ ਜੇਬ ਦੇ ਹਵਾਲੇ ਕਰਨ ਵੇਲੇ ਇਹ ਸ਼ਬਦ ਕਹਿੰਦਾ ਰਿਕਾਰਡ ਹੋਇਆ ਸੀ ਕਿ ਪੈਸਾ ਖੁਦਾ ਤੋ ਨਹੀਂ ਹੋਤਾ, ਪਰ ਖੁਦਾ ਕੀ ਕਸਮ, ਖੁਦਾ ਸੇ ਕਮ ਭੀ ਨਹੀਂ ਹੋਤਾ। ਪੁਰਾਣੇ ਨਵਾਬ ਤੇ ਰਾਜੇ ਜਦੋਂ ਕਾਲੇ ਧਨ ਦੇ ਢੇਰ ਲਾਉਣ ਤੋਂ ਬਾਅਦ ਵੀ ਪੰਜੀ-ਦੁੱਕੀ ਦੀ ਚਗਲ ਮਾਰਦੇ ਫੜੇ ਜਾ ਰਹੇ ਹਨ, ਉਨ੍ਹਾਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨੇ ਕਦੇ ਇਹ ਗੱਲ ਨਹੀਂ ਸੀ ਕਹੀ ਕਿ 'ਕੁਝ ਤਾਂ ਸ਼ਰਮ ਕਰੋ, ਕੁਝ ਸਬਰ ਕਰ ਲਵੋ, ਖਾਣ ਵੇਲੇ ਮੂੰਹ ਨਾਲ ਮੁੱਛਾਂ ਵੀ ਲਬੇੜੀ ਜਾਂਦੇ ਹੋ।' ਉਹ ਸਿਰਫ ਆਮ ਲੋਕਾਂ ਨੂੰ ਸਹਿਯੋਗ ਅਤੇ ਸਬਰ ਦਾ ਉਪਦੇਸ਼ ਦਿੰਦਾ ਹੈ। ਉਸ ਨੂੰ ਇਹ ਪਤਾ ਹੀ ਨਹੀਂ ਕਿ ਭਗਤ ਕਬੀਰ ਨੇ ਕਿਹਾ ਸੀ: "ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥"

ਆਮ ਲੋਕਾਂ ਦੀ ਬੋਲੀ ਵਿਚ ਪ੍ਰਧਾਨ ਮੰਤਰੀ ਨੂੰ ਸਮਝਾਉਣ ਦੀ ਲੋੜ ਹੋਵੇ ਤਾਂ ਪੰਜਾਬੀ ਦਾ ਮੁਹਾਵਰਾ ਹੈ, 'ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ'। ਭੁੱਖੇ ਢਿੱਡਾਂ ਲਈ ਸਬਰ ਦਾ ਉਪਦੇਸ਼ ਵੀ ਇਨ੍ਹਾਂ ਸਭੇ ਖੋਟੀਆਂ ਗੱਲਾਂ ਵਿਚ ਸ਼ਾਮਲ ਹੋ ਸਕਦਾ ਹੈ।

# ਪਿੰਡ ਦਾ ਨਿਹੰਗ ਸਿੰਘ ਉਮੀਦਵਾਰ

ਵਿਧਾਨ ਸਭਾ ਚੋਣਾਂ ਸਮੇਂ ਸੱਥ ਵਿਚ ਗੱਲਾਂ ਹੋ ਰਹੀਆਂ ਸਨ। ਉਧਰੋਂ ਕਤਲ ਕੇਸ ਵਿਚੋਂ ਬਰੀ ਹੋ ਕੇ ਪਿੰਡ ਦਾ ਰੌਣਕ ਵਾਲਾ ਨਿਹੰਗ ਸਿੰਘ ਲੰਘ ਰਿਹਾ ਸੀ। ਸਿੱਧਰਾਂ ਦਾ ਭੋਲਾ ਕਹਿੰਦਾ, "ਤਾਇਆ, ਆਮ ਆਦਮੀ ਦੀ ਰੁੱਤ ਆਈ ਐ, ਤੂੰ ਵੀ ਖੜ੍ਹਾ ਹੋ ਜਾ।" ਕਈ ਹੋਰਾਂ ਨੇ ਵੀ ਕਿਹਾ। ਚੋਣਾਂ ਵੇਲੇ ਬਹੁਤੇ ਲੋਕ ਮੁੱਦਿਆਂ ਨਾਲੋਂ ਤਮਾਸ਼ਾ ਦੇਖਣ ਵਿਚ ਰੁਚੀ ਰੱਖਦੇ ਐ। ਲਓ ਜੀ, ਚੁੱਕ ਚੁਕਾ ਕੇ ਖੜ੍ਹਾ ਕਰ ਦਿੱਤਾ। ਪਿੰਡ ਦੇ 4-5 ਨਿਹੰਗ ਸਾਥੀ ਉਸ ਨਾਲ ਤੁਰ ਪਏ। ਫਿਰ ਘਰ ਘਰ ਵੋਟਾਂ ਮੰਗਣ ਵੇਲੇ 20-25 ਦਾ ਕਾਫਲਾ ਜੁੜ ਜਾਂਦਾ। ਪਿੰਡ ਵਿਚ ਰੈਲੀ ਰੱਖੀ ਗਈ। ਪੱਤਰਕਾਰ ਸੱਦੇ ਗਏ ਅਤੇ ਸਪੀਕਰ ਵਿਚ ਮੁਨਾਦੀ ਕਰਾ ਦਿੱਤੀ ਗਈ।

ਪਿੰਡ ਵਿਚਲੇ ਬੋਹੜ ਥੱਲੇ ਸਟੇਜ ਲੱਗ ਗਈ। ਲੋਕਾਂ ਦਾ ਚਾਅ ਵੇਖਣ ਵਾਲਾ ਸੀ। ਸ਼ਾਇਦ ਹੀ ਕੋਈ ਘਰੇ ਰਿਹਾ ਹੋਵੇ। ਚਾਰ-ਪੰਜ ਪੱਤਰਕਾਰ ਨੇਤਾ ਦੀ ਫੋਟੋ ਖਿੱਚਣ ਲਈ ਪੱਬਾਂ ਭਾਰ ਹੋਏ ਖੜ੍ਹੇ ਸਨ। ਫਿਰ ਉਹ ਘੜੀ ਆ ਗਈ। ਨਿਹੰਗ ਸਿੰਘ ਨੇ ਸਟੇਜ 'ਤੇ ਚੜ੍ਹ ਕੇ ਫਤਿਹ ਬੁਲਾਈ ਅਤੇ ਭਾਸ਼ਣ ਸ਼ੁਰੂ ਕੀਤਾ,

"ਪਿਆਰੇ ਪਿੰਡ ਵਾਸੀਓ,

ਤੁਹਾਡੇ ਕਹਿਣ 'ਤੇ ਮੈਂ ਕਮਰਕੱਸਾ ਕੀਤੈ। ਬਚਨ ਉਹ ਕਰੂੰ ਜੋ ਪੂਰਾ ਕਰ ਸਕਾਂ। ਪੰਜਾਬ ਦਾ ਹਾਲ ਤੁਹਾਨੂੰ ਪਤੈ। ਹਰ ਰੋਜ਼ 'ਨਾਗਣੀ' ਦੇ ਕਬਜ਼ੇ ਹੇਠ ਕਿਸਾਨ ਮਜ਼ਦੂਰ 'ਚੋਲੇ ਛੱਡ' ਰਹੇ ਐ। 'ਸੀਸ ਮਹਿਲਾਂ' ਵਿਚ ਰਹਿਣ ਵਾਲੇ ਗਰੀਬਾਂ ਦਾ ਹਾਲ ਦੇਖੋ, ਕੋਈ 'ਸੇਬ' ਖਾ ਕੇ, ਕੋਈ 'ਬਦਾਮ' ਖਾ ਕੇ, ਕੋਈ 'ਮਿੱਠੇ ਪਰਸ਼ਾਦਿਆਂ' ਨਾਲ 'ਇਕ ਟੰਗਾ ਬਟੇਰ' ਖਾ ਕੇ ਸੌਣ ਲਈ ਮਜਬੂਰ ਹੈ। ਸੋਚੋ, 'ਇੰਦਰ ਪਲੰਘ' ਉਤੇ ਸੌਣ ਵਾਲਿਆਂ ਦਾ ਹਾਲ ਕੀ ਹੋਊਗਾ? 'ਢਿੱਡ ਫੂਕਣੀ' ਐ ਜੇ ਮਿਲ ਜੇ ਇਕ ਵੇਲੇ। ਰਹਿੰਦੀ ਖੂੰਹਦੀ ਕਸਰ 'ਭੁੰਜੇ ਲੱਥੇ' ਲੀਡਰਾਂ ਨੇ ਕੱਢ'ਤੀ। ਪੰਜਾਬ ਵਿਚ ਨੌਜਵਾਨ 'ਜਗਤ ਜੂਠ' ਵਿਚ ਡੁੱਬਦੇ ਜਾਂਦੇ ਐ। ਅਗਰ ਮੈਂ ਜਿੱਤ ਗਿਆ ਤਾਂ ਇਨ੍ਹਾਂ ਲੀਡਰਾਂ 'ਤੇ 'ਚਰਨ ਦਾਸੀ' ਫੇਰੀ ਜਾਊ ਅਤੇ 'ਅਕਲਦਾਨ' ਵਰਤਿਆ ਜਾਵੇਗਾ। ਮੈਨੂੰ ਕਿਸੇ ਲਾਲ ਬੱਤੀ ਵਾਲੀ ਗੱਡੀ ਦੀ ਲੋੜ ਨਹੀਂ। ਮੈਂ 'ਉਡਣ ਖਟੋਲੇ' ਉਤੇ ਹੀ ਆਇਆ ਕਰੂੰ। ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ। ਸ੍ਰੀ ਵਾਹਿਗੁਰੂ ਜੀ ਕੀ ਫਤਿਹ।"

ਨਿਹੰਗ ਸਿੰਘ ਤਾਂ ਚਲੇ ਗਿਆ ਪਰ ਲੋਕ ਘੁਸਰ-ਮੁਸਰ ਕਰਨ ਲੱਗੇ। ਬਹੁਤਿਆਂ ਨੂੰ ਸਮਝ ਨਾ ਲੱਗੀ। ਇਹੀ ਹਾਲ ਪੱਤਰਕਾਰਾਂ ਦਾ ਸੀ। ਆਖਰ ਇਕ ਸਟੇਨੋ ਪੱਤਰਕਾਰ ਗਿਆਨੀ ਮਾਸਟਰ ਕੋਲ ਗਿਆ ਅਤੇ ਮੁਸ਼ਕਲ ਦੱਸੀ। ਉਹ ਕਹਿੰਦਾ, ਨਿਹੰਗ ਤਾਂ ਬਹੁਤ ਵਧੀਆ ਬੋਲ ਕੇ ਗਿਐ। ਤੁਸੀਂ ਲਾਈਨਾਂ ਬੋਲੋ, ਮੈਂ ਤੁਹਾਨੂੰ ਅਰਥ ਆਮ ਬੋਲੀ ਵਿਚ ਕਰ ਦਿੰਦਾ ਹਾਂ। ਇਹ ਗੜਗੱਜ ਬੋਲੇ ਵਰਤਦੇ ਐ। ਇੰਜ ਸਪੀਚ ਦਾ ਸਾਰ ਇਸ ਤਰ੍ਹਾਂ ਬਣਿਆ,

"ਤੁਹਾਡੇ ਕਹਿਣ 'ਤੇ ਖੜ੍ਹਾ ਹੋਇਆਂ। ਵਾਅਦਾ ਉਹ ਕਰੂੰ ਜੋ ਪੂਰਾ ਕਰ ਸਕਾਂ। ਰੋਜ਼ਾਨਾ ਕਰਜੇ ਹੇਠ ਕਿਸਾਨ ਮਜ਼ਦੂਰ ਮਰ ਰਹੇ ਐ। ਕੁੱਲੀਆਂ ਵਿਚ ਰਹਿਣ ਵਾਲੇ ਲੋਕਾਂ ਦਾ ਹਾਲ ਦੇਖੋ, ਕੋਈ ਬੇਰ ਖਾ ਕੇ, ਕੋਈ ਛੋਲੇ ਖਾ ਕੇ, ਕੋਈ ਬੇਹੀ ਰੋਟੀ ਨਾਲ ਬੈਂਗਣ ਖਾ ਕੇ ਸੌਣ ਲਈ ਮਜਬੂਰ ਹੈ। ਸੋਚੋ, ਬੀਆਬਾਨ ਵਿਚ ਰਹਿਣ ਵਾਲਿਆਂ ਦਾ ਹਾਲ ਕੀ ਹੋਊ? ਚਾਹ ਹੈ, ਜੇ ਇਕ ਵੇਲੇ ਮਿਲ ਜੇ। ਬਾਕੀ ਕਸਰ ਚਰਿਤਰਹੀਣ ਲੀਡਰਾਂ ਨੇ ਕੱਢ'ਤੀ। ਪੰਜਾਬ ਵਿਚ ਨੌਜਵਾਨ ਨਸ਼ਿਆਂ ਵਿਚ ਡੁੱਬਦੇ ਜਾਂਦੇ ਐ। ਅਗਰ ਮੈਂ ਜਿੱਤ ਗਿਆ ਤਾਂ ਇਨ੍ਹਾਂ ਲੀਡਰਾਂ 'ਤੇ ਜੁੱਤੀ ਫੇਰੀ ਜਾਊ ਅਤੇ ਡੰਡਾ ਵਰਤਿਆ ਜਾਵੇਗਾ। ਇਨ੍ਹਾਂ ਲੀਡਰਾਂ ਨੇ ਲੋਕਾਂ ਦਾ ਸਾਹ ਸੂਤਿਆ ਪਿਆ ਹੈ। ਮੈਨੂੰ ਕਿਸੇ ਸੜੀ ਲਾਲ ਬੱਤੀ ਵਾਲੀ ਗੱਡੀ ਦੀ ਲੋੜ ਨਹੀਂ। ਮੈਂ ਆਪਣੇ ਘੋੜੇ 'ਤੇ ਹੀ ਆਇਆ ਕਰੂੰ। ਧੰਨਵਾਦ।"

ਪੱਤਰਕਾਰ ਹੈਰਾਨ ਹੋ ਕੇ ਕਹਿੰਦਾ, "ਗਿਆਨੀ ਜੀ, ਅਸੀਂ ਤਾਂ ਕੁਝ ਹੋਰ ਹੀ ਲਿਖ ਦਿੰਦੇ।" ਉਹ ਦੋਵੇਂ ਹੱਥ ਜੋੜ ਕੇ ਗਿਆਨੀ ਜੀ ਦਾ ਧੰਨਵਾਦ ਕਰ ਕੇ ਚਲਾ ਗਿਆ।

*-ਸੁਖਦੇਵ ਸਿੰਘ ਗਿੱਲ, ਸੈਕਰਾਮੈਂਟੋ*
*ਫੋਨ: 916-410-8740*

## ਕਾਵਿ-ਜਗਤ

### ਚੇਤੇ

ਵਿਹਲ ਮਿਲੇ ਅੱਜ ਵੀ ਤਾਂ ਸੋਚ, ਉਡਾਰੀ ਭਰਾਂ।
ਚੇਤਿਆਂ ਵਿਚ ਵੱਸਿਆ ਉਹ ਮੇਰਾ ਕੱਚਾ ਗਰਾਂ।
ਜੜ੍ਹ ਨਾ ਲੱਗੀ ਇਸ ਜਗ੍ਹਾ ਜ਼ਮੀਨ ਭਾਵੇਂ ਜ਼ਰਖੇਜ਼ ਸੀ।
ਮਾਪਿਆਂ ਦਾ ਮੋਹ ਸੀ ਪਿਛੇ ਰਿਸ਼ਤਿਆਂ ਦਾ ਹੇਜ ਸੀ।
ਅੱਜ ਵੀ ਪਰਦੇਸ ਲੰਘੇ ਉਮਰਾ ਬਿਤਾਈ ਜਿਸ ਥਾਂ।
ਚੇਤਿਆਂ ਵਿਚ ਵੱਸਿਆ ਉਹ ਮੇਰਾ ਕੱਚਾ ਗਰਾਂ।

ਘਰ ਸੀ ਭਾਵੇਂ ਕੱਚੇ ਉਦੋਂ ਪੱਕੇ ਹੁੰਦੇ ਪਿਆਰ ਸੀ।
ਬੇਗਰਜ਼ ਹੀ ਵਿੱਛ ਜਾਂਦੇ ਹੁੰਦੇ ਯਾਰਾਂ ਦੇ ਯਾਰ ਸੀ।
ਮੋਹ ਪਿਆਰ ਮਨਫੀ ਹੈ ਨਫਰਤਾਂ ਹੀ ਨਫਰਤਾਂ।
ਚੇਤਿਆਂ ਵਿਚ ਵੱਸਿਆ ਉਹ ਮੇਰਾ ਕੱਚਾ ਗਰਾਂ।

ਮੁੜਦਾ ਸਾਂ ਜਦ ਕਦੀ ਛੁੱਟੀ ਲੈ ਕੁਝ ਵੀਕ ਦੀ।
ਗਲੀ 'ਚੋਂ ਦੂਰੋਂ ਵੇਖ ਲੈਣਾ ਮਾਂ ਹੁੰਦੀ ਉਡੀਕਦੀ।
ਕੌਣ ਉਡੀਕੇ ਪਿੰਡ ਮੈਨੂੰ ਮੜ੍ਹੀਆਂ ਪੈ'ਗੇ ਪਿਉ ਤੇ ਮਾਂ।
ਦੋ ਪੁੜਾਂ 'ਚ ਰੂਹ ਪੀਸੇਂਦੀ 'ਸਾਹੀ' ਪਿੰਡ ਕਿੰਜ ਮੁੜਾਂ।
ਚੇਤਿਆਂ ਵਿਚ ਵੱਸਿਆ ਉਹ ਮੇਰਾ ਕੱਚਾ ਗਰਾਂ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

### ਨੇਤਾ ਜੀ

ਨੇਤਾ ਭਾਵੇਂ ਸਿਹਤਮੰਦ ਏ, ਆਪਣਾ ਬੈਗ ਨਾਹੀਂ ਉਠਾਵੇ।
ਦਿਲੋ-ਦਿਮਾਗ ਨੂੰ ਦੁੱਖ ਨਾ ਦੇਵੇ
ਫਿਕਰ ਕਿਸੇ ਦਾ ਮਨ ਨਾ ਲਾਵੇ।
ਨਸ਼ੇ ਦਾ ਸ਼ੌਕੀ, ਗੁੱਟ ਈ ਰਹਿੰਦੈ,
ਖਾਵੇ-ਪੀਵੇ ਤੇ ਮੌਜ ਮਨਾਵੇ।
ਸਾਮ, ਦਾਮ, ਦੰਡ ਚੋਣਾਂ ਮੌਕੇ,
ਵਰਤ ਕੇ ਜਿੱਤੇ, ਫਿਰ ਨਾ ਥਿਆਵੇ।
ਸੁਭਾਸ਼ ਬੋਸ ਜਿਹਾ ਕੋਈ ਨਾ ਦਿਸੇ,
'ਗਿੱਲ' ਬੋਸ ਨੂੰ ਲੱਭ ਕੇ ਲਿਆਵੇ।

---

### ਵਿਕਾਊ ਮਾਲ

ਕੋਈ ਟੋਪੀ ਤੇ ਕੋਈ ਪਗੜੀ ਵੇਚ ਦਿੰਦਾ ਹੈ
ਭਾਅ ਵੱਧ ਮਿਲੇ ਤਾਂ ਜੱਜ ਕੁਰਸੀ ਵੇਚ ਦਿੰਦਾ ਹੈ।
ਵੇਸ੍ਵਾ ਫਿਰ ਵੀ ਚੰਗੀ ਏ ਕੋਠੇ 'ਚ ਪਾਬੰਦ
ਪੁਲਸੀਆ ਤਾਂ ਚੌਕ 'ਚ ਵਰਦੀ ਵੇਚ ਦਿੰਦਾ ਹੈ।
ਸਾੜੀ ਜਾਂਦੀ ਏ ਸਹੁਰਿਆਂ 'ਚ ਉਹੀ ਬੇਟੀ
ਜਿਸ ਦੀ ਖਾਤਰ ਬਾਪ ਗੁਰਦਾ ਵੇਚ ਦਿੰਦਾ ਹੈ।
ਪਿਆਰ ਵਿਚ ਕੁਰਬਾਨ ਕਿਸੇ ਮਾਸੂਮ ਕੁੜੀ ਦੀ
ਨੀਲੀ ਫਿਲਮ ਬਣਾ ਉਹਦਾ ਪ੍ਰੇਮੀ ਵੇਚ ਦਿੰਦਾ ਹੈ।
ਇਸ ਕਲਯੁਗ ਵਿਚ ਪੇੜ-ਪੌਧੇ ਫੁੱਲ ਵੀ
ਮਾਲੀ ਹੀ ਸਸਤੇ ਮੁੱਲ ਵੇਚ ਦਿੰਦਾ ਹੈ।
ਪਿਆਰ ਵਿਚ ਹਾਰੇ ਦਿਲ 'ਤੇ ਕਿਉਂ ਹੈਰਾਨੀ
ਯੁਧਿਸ਼ਟਰ ਤਾਂ ਜੂਏ 'ਚ ਪਤਨੀ ਵੇਚ ਦਿੰਦਾ ਹੈ।

---

### ਗ਼ਜ਼ਲ

ਪੇਟ ਦੀ ਖਾਤਰ ਕੰਮ ਮੁਕਾਅ ਜਦ ਘਰ ਜਾਵਾਂਗਾ।
ਘਰ ਦੀ ਵਿਗੜੀ ਹਾਲਤ ਵੇਖ ਕੇ ਡਰ ਜਾਵਾਂਗਾ।
ਪਰਤਿਆ ਵੇਖ ਕੇ ਪਤਨੀ ਭਾਵੇਂ ਖੁਸ਼ੀ ਮਨਾਵੇ
ਖੁਦ ਬ੍ਰਿਹਾ ਦੇ ਵਹਿਣਾਂ ਦੇ ਵਿਚ ਘਿਰ ਜਾਵਾਂਗਾ।
ਸੋਕੇ ਬਾਅਦ ਜੇ ਡੋਬਾ ਆ ਗਿਆ ਮੇਰੇ ਦੇਸ਼
ਦੇਸ਼, ਖੇਤ ਦੇ ਨਾਲ ਮੈਂ ਵੀ ਮਾਰ ਜਾਵਾਂਗਾ।
ਕੈਦ ਭਾਵੇਂ ਮੈਨੂੰ ਹੁਣ ਅਮਰੀਕਾ ਕਰ ਲੈ
ਮਿੱਠੀ ਜੇਲ੍ਹ 'ਚੋਂ ਲੈ ਕੇ ਨਾਲ ਹੁਨਰ ਜਾਵਾਂਗਾ।
ਵਣ ਵਣ ਦੀ ਲੱਕੜ ਦੇ ਵਿਚ ਬਣਵਾਸ ਮੇਰਾ
ਮਾਂ ਬੋਲੀ ਬੋਲਣ ਲਈ ਦੱਸ ਕਿਧਰ ਜਾਵਾਂਗਾ।
ਧਰਤੀ ਗੋਲ ਏ ਘੁੰਮਦੇ ਫਿਰਦੇ ਮਿਲਾਂਗੇ ਆਖਿਰ
ਗਿਆ ਵਕਤ ਨਹੀਂ 'ਗਿੱਲ' ਜੋ ਮੈਂ ਗੁਜ਼ਰ ਜਾਵਾਂਗਾ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

# ਵਿਰਾਸਤ-ਏ-ਖਾਲਸਾ



## ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਤੋਂ ਦੇਸ਼ ਦੀ ਵੰਡ ਤਕ ਦਾ ਇਤਿਹਾਸ



**ਸ੍ਰੀ ਆਨੰਦਪੁਰ:** ਵਿਰਾਸਤ-ਏ-ਖਾਲਸਾ ਦਾ ਦੂਸਰਾ ਪੜਾਅ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਪੰਜਾਬ ਤੱਕ ਦੇ ਗੌਰਵਮਈ ਇਤਿਹਾਸ ਨੂੰ ਰੂਪਮਾਨ ਕਰੇਗਾ। ਤਕਰੀਬਨ 77 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵਿਰਾਸਤ-ਏ-ਖਾਲਸਾ ਦੇ ਦੂਸਰੇ ਪੜਾਅ 'ਚ 13 ਗੈਲਰੀਆਂ ਹਨ। 200 ਸਾਲ ਦੇ ਸਿੱਖ ਸਮੇਂ ਨੂੰ ਇਨ੍ਹਾਂ 13 ਗੈਲਰੀਆਂ 'ਚ ਬਾ-ਕਮਾਲ ਤਰੀਕਿਆਂ ਨਾਲ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਵਿਚ ਹਸਤਕਲਾ, ਅਤਿ ਆਧੁਨਿਕ ਤਕਨਾਲੋਜੀ ਤੋਂ ਇਲਾਵਾ 3-ਡੀ ਤਕਨੀਕ ਸਮੇਤ ਆਲਾ ਦਰਜੇ ਦਾ ਆਡੀਓ ਤੇ ਵੀਡੀਓ ਕਨਟੈਂਟ ਇਥੇ ਪਹੁੰਚਣ ਵਾਲੇ ਲੱਖਾਂ ਸੈਲਾਨੀਆਂ ਲਈ ਵਿਸ਼ੇਸ਼ ਸਹੂਲਤ ਹੀ ਪ੍ਰਦਾਨ ਨਹੀਂ ਕਰੇਗਾ ਬਲਕਿ ਨੌਜਵਾਨ ਪੀੜ੍ਹੀ ਲਈ ਆਪਣੇ ਅਮੀਰ ਵਿਰਸੇ ਤੋਂ ਜਾਣੂ ਹੋਣ ਲਈ ਦੁਨੀਆਂ ਦਾ ਵਿਲੱਖਣ ਤੇ ਅਨੋਖਾ ਸੋਮਾ ਬਣ ਕੇ ਵੀ ਉਭਰੇਗਾ। ਸਤਾਈਵੀਂ ਗੈਲਰੀ ਵਿਚ ਇਕ ਗੀਤ ਰਾਹੀਂ ਦੱਸਿਆ ਗਿਆ ਹੈ ਕਿ ਪੰਜਾਬ ਜਾਂ ਸਿੱਖ ਪੰਥ ਬਿਪਤਾਵਾਂ, ਔਕੜਾਂ ਤੇ ਜ਼ੁਲਮ ਦਾ ਬਹਾਦਰੀ ਨਾਲ ਟਾਕਰਾ ਕਰ ਕੇ ਜਿਥੇ ਹਮੇਸ਼ਾ ਚੜ੍ਹਦੀਕਲਾ 'ਚ ਰਹਿੰਦਾ ਹੈ, ਉਥੇ ਹਰ ਵੇਲੇ ਸਰਬੱਤ ਦੇ ਭਲੇ ਦੀ ਕਾਮਨਾ ਹੀ ਕਰਦਾ ਹੈ।

## ਸਿੱਖ ਇਤਿਹਾਸ ਦੀ ਸੰਪੂਰਨ ਤਰਜਮਾਨੀ

**ਸ੍ਰੀ ਆਨੰਦਪੁਰ:** ਖਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਉਤੇ ਬਣਿਆ ਵਿਰਾਸਤ-ਏ-ਖਾਲਸਾ ਸੈਲਾਨੀਆਂ ਤੇ ਸ਼ਰਧਾਲੂਆਂ ਲਈ ਖਿੱਚ ਦਾ ਕੇਂਦਰ ਬਣ ਗਿਆ ਹੈ। ਇਸ ਦਾ ਦੂਜਾ ਪੜਾਅ ਵੀ ਸੰਗਤਾਂ ਲਈ ਖੋਲ੍ਹ ਦਿੱਤਾ ਹੈ। ਪਹਿਲੇ ਪੜਾਅ ਦਾ ਉਦਘਾਟਨ 25 ਨਵੰਬਰ, 2011 ਨੂੰ ਕੀਤਾ ਗਿਆ ਸੀ। ਇਸ ਹੁਣ ਤੱਕ ਤਕਰੀਬਨ 70 ਲੱਖ ਲੋਕ ਵੇਖ ਚੁੱਕੇ ਹਨ ਜਿਨ੍ਹਾਂ ਵਿਚੋਂ ਤਕਰੀਬਨ 14 ਲੱਖ ਵਿਦੇਸ਼ੀ ਸੈਲਾਨੀ ਹਨ।

ਪਹਿਲੇ ਪੜਾਅ ਵਿਚ 14 ਜਦ ਕਿ ਦੂਜੇ ਵਿਚ 13 ਗੈਲਰੀਆਂ ਹਨ। ਕੁੱਲ 27 ਗੈਲਰੀਆਂ ਵਿਚ ਸਿੱਖ ਇਤਿਹਾਸ ਨੂੰ ਦਰਸਾਇਆ ਗਿਆ ਹੈ। ਦੂਜੇ ਪੜਾਅ ਦੀ ਸ਼ੁਰੂਆਤ ਪੰਦ੍ਰਵੀਂ ਗੈਲਰੀ ਨਾਲ ਹੁੰਦੀ ਹੈ। ਇਹ ਗੈਲਰੀ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਦੇ ਮਹੱਤਵ ਨੂੰ ਅਨੋਖੇ ਢੰਗ ਨਾਲ ਦਰਸਾਉਂਦੀ ਹੈ। ਇਸ ਗੈਲਰੀ 'ਚ ਜਦੋਂ ਕੋਈ ਦਾਖਲ ਹੁੰਦਾ ਹੈ ਤਾਂ ਉਹ ਅਧਿਆਤਮਕ ਅਨੰਦ ਮਹਿਸੂਸ ਕਰਦਾ ਹੈ। ਇਸ ਗੈਲਰੀ ਵਿਚ ਜਿਥੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਵੱਖ-ਵੱਖ ਗੁਰਦੁਆਰਾ ਸਾਹਿਬਾਨ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਮਹੱਤਵ ਨੂੰ ਫਿਲਮਾਇਆ ਗਿਆ ਹੈ, ਉਥੇ ਇਸ ਦੇ ਅਗਲੇ ਹਿੱਸੇ ਵਿਚ 'ਰਿਮ ਝਿਮ ਵਰਸੈ ਅੰਮ੍ਰਿਤਧਾਰਾ' ਸ਼ਬਦ ਦੀ ਰੋਸ਼ਨੀਆਂ ਦੀ ਪੇਸ਼ਕਾਰੀ ਇਸ ਕਦਰ ਕੀਤੀ ਗਈ ਹੈ ਕਿ ਮੰਨੋ ਬ੍ਰਹਿਮੰਡ ਵਿਚੋਂ ਗੁਰਬਾਣੀ ਵਰਸ ਰਹੀ ਹੋਵੇ।

ਸੋਲ੍ਹਵੀਂ ਗੈਲਰੀ ਵਿਚ ਖਾਲਸਾ ਰਾਜ ਦੇ ਉਸਰੱਈਏ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ, ਖਾਲਸਾ ਰਾਜ ਦਾ ਸਿੱਕਾ ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਦੁੱਤੀ ਸ਼ਹਾਦਤ ਦਾ ਦਿਲ ਹਲੂਣਵੇਂ ਤਰੀਕੇ ਨਾਲ ਲੱਕੜ ਉਤੇ ਹਸਤਕਲਾ ਨਾਲ ਸੂਖਮ ਕਾਰੀਗਰੀ ਜ਼ਰੀਏ ਬਿਹਤਰੀਨ ਚਿਤਰਨ ਕੀਤਾ ਗਿਆ ਹੈ।



ਸਤਾਰ੍ਹਵੀਂ ਸਦੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਆਏ ਦੌਰ (1716-1765 ਈਸਵੀ) ਦਾ ਵਰਨਣ ਜੰਗਲਾਂ ਰਾਹੀਂ ਕੀਤਾ ਗਿਆ ਹੈ, ਜਦੋਂ ਸਿੱਖ ਧੜੇਬੰਦੀ ਵਿਚ ਵੰਡੇ ਗਏ ਸਨ। ਇਥੇ ਤਾਂਬੇ ਨਾਲ ਤਿਆਰ ਕੀਤੇ ਗਏ ਜੰਗਲ, ਜਿਨ੍ਹਾਂ ਵਿਚ ਹਸਤਕਲਾ ਨਾਲ ਬਾਰੀਕ ਕਾਰੀਗਰੀ ਦਾ ਅਨੂਠਾ ਨਮੂਨਾ ਵੇਖਣ ਨੂੰ ਮਿਲਦਾ ਹੈ। ਇਸ ਤੋਂ ਅੱਗੇ ਸਿੱਖਾਂ ਨੂੰ ਮੁੜ ਤੋਂ ਜਥੇਬੰਦਕ ਕਰਨ ਵਾਲੇ ਬਿਖੜੇ ਹਾਲਾਤ ਵਿਚੋਂ ਪੈਦਾ ਹੋਈ ਸੰਸਥਾ ਸਰਬੱਤ ਖਾਲਸਾ ਦੇ ਦ੍ਰਿਸ਼ ਪੇਸ਼ ਕੀਤੇ ਗਏ ਹਨ। ਇਥੇ ਡਾਮੀਨੈਂਸ ਵਾਲ ਵੀ ਬਣਵਾਈ ਗਈ ਹੈ, ਜਿਸ ਵਿਚ ਵੱਖ-ਵੱਖ ਲੜਾਈਆਂ ਤੇ ਘੱਲੂਘਾਰਿਆਂ ਦਾ ਜ਼ਿਕਰ ਸੂਖਮ ਚਿੱਤਰਕਾਰੀ ਨਾਲ ਕੀਤਾ ਗਿਆ ਹੈ। ਇਹ ਚਿੱਤਰਕਾਰੀ ਪਦਮ ਸ੍ਰੀ ਜੈਪ੍ਰਕਾਸ਼ ਦੀ ਦੇਖ-ਰੇਖ ਹੇਠ ਕਰਵਾਈ ਗਈ ਹੈ। ਅਗਲੇ ਹਿੱਸੇ ਵਿਚ ਅਠਾਰਵੀਂ ਸਦੀ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਾ ਵੱਡਾ 'ਕਲਾਈਡੀਓਸਕੋਪ' ਬਣਾਇਆ ਗਿਆ ਹੈ, ਜਿਸ ਵਿਚ ਅਤਿ-ਆਧੁਨਿਕ ਤਕਨੀਕਾਂ ਨਾਲ ਅਦੁੱਤੀ ਸਿੱਖ ਸ਼ਹਾਦਤਾਂ ਨੂੰ ਦਰਸਾਉਂਦਾ ਅਜਿਹਾ ਗੀਤ ਗਾਇਆ ਗਿਆ ਹੈ ਕਿ ਸੁਣਨ ਵਾਲੇ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਅਗਲੇ ਹਿੱਸੇ ਵਿਚ 'ਮਿਸਲ ਕਾਲ' ਦੇ ਜਰਨੈਲਾਂ ਨੂੰ ਇਸ ਕਦਰ ਵਿਖਾਇਆ ਗਿਆ ਹੈ ਕਿ ਦਰਸ਼ਕ ਇਥੇ ਖੜ੍ਹੇ ਸਿੱਖ ਮਿਸਲਾਂ ਦੇ ਜਰਨੈਲਾਂ ਦੇ ਬੁੱਤਾਂ ਨੂੰ ਵੇਖ ਕੇ ਇਹ ਫੈਸਲਾ ਨਹੀਂ ਕਰ ਸਕਦਾ ਕਿ ਇਹ ਅਸਲ ਮਨੁੱਖ ਹਨ ਜਾਂ ਬੁੱਤ। ਸਿਲੀਕਾਨ ਦੇ ਬਣੇ ਇਹ ਬੁੱਤ ਅਸਲੀ ਵਿਖਾਈ ਦਿੰਦੇ ਹਨ। ਇਸੇ ਗੈਲਰੀ ਦੇ ਅਗਲੇ ਹਿੱਸੇ ਨੂੰ 'ਹੰਨੇ ਹੰਨੇ ਮੀਰੀ' ਦਾ ਨਾਂ ਦਿੱਤਾ ਗਿਆ ਹੈ, ਜਿਸ ਵਿਚ ਘੱਲੂਘਾਰਿਆਂ ਪਿਛੋਂ ਖਾਲਸਾ ਪੰਥ ਦੀ ਚੜ੍ਹਦੀ ਕਲਾ ਦੇ ਆਗਾਜ਼ ਦੇ ਨਾਲ ਅੰਮ੍ਰਿਤਸਰ ਦੇ ਬਾਜ਼ਾਰਾਂ ਦੇ ਜਾਹੋ-ਜਲਾਲ ਦਾ ਚਿਤਰਨ ਕੀਤਾ ਗਿਆ ਹੈ।

ਵੀਹਵੀਂ ਗੈਲਰੀ ਵਿਚ ਗਦਰ ਲਹਿਰ, ਅਕਾਲੀ ਲਹਿਰ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਆਦਿ ਆਜ਼ਾਦੀ ਦੇ ਪਰਵਾਨਿਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ ਗਿਆ ਹੈ। ਵਿਰਾਸਤ-ਏ-ਖਾਲਸਾ ਦੇ ਦੂਸਰੇ ਹਿੱਸੇ ਦਾ ਮੁੱਖ ਆਕਰਸ਼ਣ ਰਹੇਗਾ ਮਾਸਟਰ ਤਾਰਾ ਸਿੰਘ ਦਾ ਐਨੀਮੈਟਰਾਨਿਕਸ। ਉਨ੍ਹਾਂ ਦਾ ਇਹ ਜਿਊਂਦਾ ਜਾਗਦਾ ਬੁੱਤ ਜਿਥੇ ਬੋਲਦਾ ਵੀ ਹੈ ਉਥੇ ਹੱਥ ਹਿਲਾ ਕੇ ਮਾਸਟਰ ਜੀ ਦੇ ਜੀਵਤ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਇਕੀਵੀਂ ਗੈਲਰੀ 'ਚ ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਵੰਡ ਦਾ ਜ਼ਿਕਰ ਰੈਡਕਲਿੱਫ ਦੇ ਦਫਤਰ ਨੂੰ ਵਿਖਾ ਕੇ ਕੀਤਾ ਗਿਆ ਹੈ। ਬਾਈਵੀਂ ਗੈਲਰੀ 'ਚ ਭਾਰਤ-ਪਾਕਿਸਤਾਨ ਦੀ ਵੰਡ ਦਾ ਅਹਿਸਾਸ ਪੁਰ ਜਜ਼ਬਾਤੀ ਢੰਗ ਨਾਲ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਤੇਈਵੀਂ ਗੈਲਰੀ 'ਚ ਵੰਡ ਦੌਰਾਨ ਹੋਏ ਉਜਾੜੇ ਦਾ ਜ਼ਿਕਰ ਫਿਲਮਾਂਕਣ ਜ਼ਰੀਏ ਕੀਤਾ ਗਿਆ ਹੈ।

ਚੌਵੀਵੀਂ ਗੈਲਰੀ 'ਚ ਮੁੜ ਤੋਂ ਵਸੇ ਪੰਜਾਬ, ਭਾਖੜਾ ਡੈਮ, ਪੰਜਾਬ ਦੇ ਖੇਤਾਂ ਵਿਚ ਆਈ ਖੁਸ਼ਹਾਲੀ ਨੂੰ ਬਾਖੂਬੀ ਵਿਖਾਇਆ ਗਿਆ ਹੈ। ਜਦਕਿ ਪੰਝੀਵੀਂ ਅਤੇ ਛੱਬੀਵੀਂ ਗੈਲਰੀ 'ਚ ਆਜ਼ਾਦੀ ਤੋਂ ਬਾਅਦ ਦੇ ਖ਼ੁਸ਼ਹਾਲ ਪੰਜਾਬ ਦਾ ਜ਼ਿਕਰ ਬਾਰਾਮਾਹ ਦੇ ਇਕ ਗਾਇਨ ਅਤੇ ਥ੍ਰੀ-ਡੀ ਐਨਕਾਂ ਰਾਹੀਂ ਵਿਖਾਏ ਜਾਣ ਵਾਲੇ ਵੀਡੀਓ ਰਾਹੀਂ ਕੀਤਾ ਗਿਆ ਹੈ। ਅਖੀਰਲੀ ਸਤਾਈਵੀਂ ਗੈਲਰੀ ਨੂੰ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦਾ ਨਾਂ ਦਿੱਤਾ ਗਿਆ ਹੈ। ਇਸ ਵਿਚ ਗੀਤ ਰਾਹੀਂ ਖਾਲਸੇ ਦੀ ਚੜ੍ਹਦੀਕਲਾ ਬਾਰੇ ਦੱਸਿਆ ਗਿਆ ਹੈ।

## ਸ਼ੇਰ-ਏ-ਪੰਜਾਬ ਮਹਾਰਾਜਾ ਦੇ ਦਰਬਾਰ ਦਾ ਹੂ-ਬਹੂ ਦ੍ਰਿਸ਼

**ਸ੍ਰੀ ਆਨੰਦਪੁਰ:** ਅਠਾਰਵੀਂ ਗੈਲਰੀ ਸਮੁੱਚੇ ਰੂਪ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਸਮਰਪਤ ਹੈ। ਇਸ ਗੈਲਰੀ 'ਚ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਤੋਂ ਲੈ ਕੇ ਉਨ੍ਹਾਂ ਦੇ ਦਰਬਾਰ ਦਾ ਹੂ-ਬ-ਹੂ ਦ੍ਰਿਸ਼ ਪੇਸ਼ ਕਰ ਕੇ ਨੌਜਵਾਨ ਪੀੜ੍ਹੀ ਨੂੰ ਅਸਲੀਅਤ ਦਾ ਅਹਿਸਾਸ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਇਥੇ 13 ਮੀਟਰ ਲੰਬੀ ਤੇ ਕਰੀਬ ਸਾਢੇ ਚਾਰ ਮੀਟਰ ਉਚੀ ਸਕਰੀਨ ਤੇ ਵੀਡੀਓ ਕੰਨਟੈਂਟ ਦਰਸ਼ਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਵਿਚ ਲੈ ਜਾਵੇਗਾ।



ਉਦੋਂ ਦੀ ਫੌਜ ਦੇ ਦ੍ਰਿਸ਼ ਵੀ ਪ੍ਰਾਜੈਕਟਰਾਂ ਰਾਹੀਂ ਵਿਖਾਏ ਜਾਣਗੇ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪਹਿਲੀ ਤੇ ਦੂਸਰੀ ਐਂਗਲੋ ਸਿੱਖ ਜੰਗ ਨੂੰ ਦਿਲਕਸ਼ ਢੰਗ ਨਾਲ ਵਿਖਾਇਆ ਗਿਆ ਹੈ। ਉਨ੍ਹੀਵੀਂ ਗੈਲਰੀ ਤੋਂ ਅੰਗਰੇਜ਼ ਕਾਲ ਦੀ ਸ਼ੁਰੂਆਤ ਹੁੰਦੀ ਹੈ, ਜਿਸ ਵਿਚ ਬਰਤਾਨਵੀ ਸ਼ਾਸਨ, ਪੰਜਾਬ ਅਸੈਂਬਲੀ, ਕਾਲੋਨੀ ਐਕਟ ਤੇ ਕਪੂਰਥਲਾ, ਪਟਿਆਲਾ, ਫਰੀਦਕੋਟ, ਮਲੇਰਕੋਟਲਾ ਤੇ ਨਾਭਾ ਆਦਿ ਰਿਆਸਤਾਂ ਦਾ ਜ਼ਿਕਰ ਕੀਤਾ ਗਿਆ ਹੈ। ਫਿਰ ਵਾਰੀ ਆਉਂਦੀ ਹੈ ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦੇ ਲਾਸਾਨੀ ਯੋਗਦਾਨ ਦੀ। ਸਾਕਾ ਨਨਕਾਣਾ ਸਾਹਿਬ, ਗੁਰੂ ਕਾ ਬਾਗ ਅਤੇ ਜੈਤੋ ਦੇ ਮੋਰਚਿਆਂ ਨੂੰ ਇਸ ਕਦਰ ਬਾਖੂਬੀ ਪੇਸ਼ ਕੀਤਾ ਹੈ ਕਿ ਆਪਣੇ ਸ਼ਾਨਾਮੱਤੇ ਤੇ ਮਾਣਮੱਤੇ ਇਤਿਹਾਸ ਤੋਂ ਬਿਲਕੁਲ ਅਨਜਾਣ ਨੌਜਵਾਨ ਪੀੜ੍ਹੀ ਨੂੰ ਇਥੇ ਆ ਕੇ ਆਪਣੇ ਵਡੇਰਿਆਂ ਉਤੇ ਮਾਣ ਮਹਿਸੂਸ ਹੁੰਦਾ ਹੈ ।

# ਪੰਜਾਬ ਦੀਆਂ ਖ਼ੂਨ ਪੀਣੀਆਂ ਸੜਕਾਂ, ਰੋਜ਼ ਜਾਂਦੀਆਂ ਨੇ 13 ਜਾਨਾਂ

**ਚੰਡੀਗੜ੍ਹ:** ਪੰਜਾਬ ਦੀਆਂ ਖ਼ੂਨੀ ਸੜਕਾਂ ਰੋਜ਼ਾਨਾ ਦਰਜਨ ਤੋਂ ਵੱਧ ਲੋਕਾਂ ਦਾ ਖ਼ੂਨ ਪੀ ਰਹੀਆਂ ਹਨ। ਫਾਜ਼ਿਲਕਾ ਵਿਚ ਸੰਘਣੀ ਧੁੰਦ ਕਾਰਨ ਵਾਪਰੇ ਸੜਕ ਹਾਦਸੇ ਵਿਚ 13 ਅਧਿਆਪਕਾਂ ਦੀ ਮੌਤ ਨੇ ਸੜਕ ਸੁਰੱਖਿਆ ਲਈ ਸਰਕਾਰੀ ਦਾਅਵਿਆਂ ਉਤੇ ਸਵਾਲ ਖੜ੍ਹੇ ਕੀਤੇ ਹਨ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਅਧਿਆਪਕਾਂ ਨੂੰ ਲੈ ਕੇ ਜਾ ਰਹੀ ਟਰੈਕਸ ਕਰੂਜ਼ਰ ਅਤੇ ਬਜਰੀ ਨਾਲ ਭਰੇ ਟਰੱਕ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਹ ਅਧਿਆਪਕ ਜ਼ੀਰਾ ਇਲਾਕੇ ਦੇ ਵੱਖ-ਵੱਖ ਸਕੂਲਾਂ ਵਿਚ ਡਿਊਟੀ ਉਤੇ ਜਾ ਰਹੇ ਸਨ। ਚਾਰ ਅਧਿਆਪਕਾਂ ਨੇ ਹਾਦਸੇ ਵਾਲੇ ਦਿਨ ਹੀ ਡਿਊਟੀ ਜੁਆਇਨ ਕਰਨੀ ਸੀ। ਮ੍ਰਿਤਕਾਂ ਵਿਚ ਤੇਜਿੰਦਰ ਕੌਰ ਦਾ 27 ਨਵੰਬਰ ਨੂੰ ਹੀ ਵਿਆਹ ਹੋਇਆ ਸੀ ਅਤੇ ਉਸ ਦੇ ਹੱਥਾਂ ਤੋਂ ਅਜੇ ਮਹਿੰਦੀ ਵੀ ਨਹੀਂ ਉਤਰੀ ਸੀ।

ਪੰਜਾਬ ਦੀਆਂ ਸੜਕਾਂ 'ਤੇ ਆਏ ਦਿਨ ਹਾਦਸੇ ਵਾਪਰਦੇ ਰਹਿੰਦੇ ਤੇ ਧੁੰਦ ਸ਼ੁਰੂ ਹੋਣ ਨਾਲ ਹੀ ਸੜਕ ਹਾਦਸੇ ਇਕਦਮ ਵਧ ਜਾਂਦੇ ਹਨ। ਬੀਤੇ ਤਿੰਨ ਵਰ੍ਹਿਆਂ ਦੀ ਔਸਤ ਦੇਖੀਏ ਤਾਂ ਪੰਜਾਬ ਦੀਆਂ ਸੜਕਾਂ ਉਤੇ ਰੋਜ਼ਾਨਾ 13 ਮਨੁੱਖੀ ਜਾਨਾਂ ਜਾਂਦੀਆਂ ਹਨ ਤੇ ਰੋਜ਼ਾਨਾ 17 ਸੜਕ ਹਾਦਸੇ ਵਾਪਰਦੇ ਹਨ। ਇਨ੍ਹਾਂ 'ਚੋਂ ਕੌਮੀ ਮਾਰਗਾਂ ਉਤੇ ਰੋਜ਼ਾਨਾ ਚਾਰ ਜਣੇ ਹਾਦਸਿਆਂ ਵਿਚ ਜਾਨ ਗੁਆ ਬੈਠਦੇ ਹਨ।

ਪੰਜਾਬ ਸਰਕਾਰ ਸੜਕ ਸੁਰੱਖਿਆ ਨੂੰ ਸੰਜੀਦਗੀ ਨਾਲ ਨਹੀਂ ਲੈ ਰਹੀ। ਕੇਂਦਰੀ ਸੜਕ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਪੰਜਾਬ ਵਿਚ ਬੀਤੇ ਤਿੰਨ ਵਰ੍ਹਿਆਂ ਵਿਚ 14,102 ਵਿਅਕਤੀ ਸੜਕ ਹਾਦਸਿਆਂ ਵਿਚ ਆਪਣੀ ਜਾਨ ਗੁਆ ਬੈਠੇ। ਸਾਲ 2015 ਵਿਚ ਪੰਜਾਬ ਵਿਚ 6702 ਸੜਕ ਹਾਦਸੇ ਵਾਪਰੇ, ਜਿਨ੍ਹਾਂ ਵਿਚ 4893 ਜਾਨਾਂ ਗਈਆਂ। ਸਾਲ 2014 ਵਿਚ 6391 ਸੜਕ ਹਾਦਸੇ ਵਾਪਰੇ, ਜਿਨ੍ਹਾਂ ਵਿਚ 4621 ਲੋਕਾਂ ਦੀ ਮੌਤ ਹੋਈ। ਸਾਲ 2013 ਵਿਚ 6323 ਸੜਕ ਹਾਦਸੇ ਵਾਪਰੇ ਤੇ 4588 ਮੌਤਾਂ ਹੋਈਆਂ। 2016 ਦੌਰਾਨ ਵੀ ਸੜਕ ਹਾਦਸਿਆਂ ਵਿਚ ਹੋਈਆਂ ਮੌਤਾਂ ਦੀ ਗਿਣਤੀ ਚਾਰ ਹਜ਼ਾਰ ਦਾ ਅੰਕੜਾ ਪਾਰ ਕਰ ਗਈ ਹੈ। ਸੂਤਰ ਆਖਦੇ ਹਨ ਕਿ ਜਿਹੜੇ ਛੋਟੇ ਹਾਦਸੇ ਹੁੰਦੇ ਹਨ, ਉਹ ਤਾਂ ਸਰਕਾਰੀ ਰਿਕਾਰਡ ਤੋਂ ਵੀ ਬਾਹਰ ਰਹਿ ਜਾਂਦੇ ਹਨ। ਕੌਮੀ ਮਾਰਗਾਂ ਉਤੇ ਹੁੰਦੇ ਸੜਕ ਹਾਦਸਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2015 ਵਿਚ 2092 ਹਾਦਸੇ ਵਾਪਰੇ ਜਿਨ੍ਹਾਂ ਨੇ 1538 ਮਨੁੱਖੀ ਜਾਨਾਂ ਲਈਆਂ ਅਤੇ 1339 ਜਣੇ ਜਖ਼ਮੀ ਹੋਏ। ਸਾਲ 2014 ਵਿਚ ਕੌਮੀ ਮਾਰਗਾਂ ਉਤੇ 1791 ਸੜਕ ਹਾਦਸੇ ਵਾਪਰੇ ਜਿਨ੍ਹਾਂ ਵਿਚ 1482 ਲੋਕਾਂ ਦੀਆਂ ਜਾਨਾਂ ਗਈਆਂ।

### ਫਾਜ਼ਿਲਕਾ ਹਾਦਸੇ ਪਿਛੋਂ ਸੜਕ ਸੁਰੱਖਿਆ ਉਤੇ ਸਵਾਲ




### ਮੌਤਾਂ ਦੀ ਔਸਤ ਪੱਖੋਂ ਭਾਰਤ ਸਭ ਤੋਂ ਅੱਗੇ

**ਚੰਡੀਗੜ੍ਹ:** ਸੜਕ ਹਾਦਸਿਆਂ ਵਿਚ ਮੌਤਾਂ ਦੀ ਪ੍ਰਤੀ ਘੰਟਾ ਔਸਤ ਪੱਖੋਂ ਭਾਰਤ, ਦੁਨੀਆਂ ਭਰ ਵਿਚ ਸਭ ਤੋਂ ਅੱਗੇ ਹੈ। ਸੜਕ ਹਾਦਸਿਆਂ ਦੀ ਗਿਣਤੀ ਅਤੇ ਮੌਤਾਂ ਦੀ ਤਾਦਾਦ ਨਿਰੰਤਰ ਵਧਦੀ ਜਾ ਰਹੀ ਹੈ। ਸਾਲ 2014 ਦੇ ਮੁਕਾਬਲੇ 2015 ਵਿਚ ਸੜਕ ਹਾਦਸੇ 2.5 ਫੀਸਦੀ ਵਧੇ ਜਦੋਂ ਕਿ ਮੌਤਾਂ ਦੀ ਗਿਣਤੀ ਵਿਚ ਇਜ਼ਾਫ਼ੇ ਦੀ ਦਰ 3.02 ਫੀਸਦੀ ਰਹੀ। ਇਨ੍ਹਾਂ ਹਾਦਸਿਆਂ ਵਿਚ 54 ਫੀਸਦੀ ਮੌਤਾਂ 15 ਤੋਂ 34 ਸਾਲਾਂ ਦੀ ਉਮਰ ਵਾਲਿਆਂ ਦੀਆਂ ਸਨ। ਬਾਕੀ ਭਾਰਤ ਦੇ ਮੁਕਾਬਲੇ ਉੱਤਰ-ਪੱਛਮੀ ਰਾਜ ਹਾਦਸਿਆਂ ਦੀ ਗਿਣਤੀ ਪੱਖੋਂ ਵੱਧ ਖਤਰਨਾਕ ਰਾਜਾਂ ਵਜੋਂ ਸਾਹਮਣੇ ਆਏ। ਸਰਕਾਰੀ ਰਿਪੋਰਟਾਂ ਤੇ ਅਧਿਐਨਾਂ ਵਿਚ ਰਫਤਾਰ ਤੇ ਡਰਾਈਵਰਾਂ ਦੀ ਅਣਗਹਿਲੀ ਨੂੰ ਇਨ੍ਹਾਂ ਹਾਦਸਿਆਂ ਦੀ ਮੁੱਖ ਵਜ੍ਹਾ ਦੱਸਿਆ ਗਿਆ ਹੈ। ਹੋਰਨਾਂ ਕਾਰਨਾਂ ਵਿਚ ਸੜਕਾਂ ਦੀ ਮਾੜੀ ਹਾਲਤ, ਸੜਕਾਂ ਦੀ ਬਣਤਰ ਵਿਚਲੇ ਨੁਕਸ, ਹਿਮਾਚਲ ਤੇ ਹੋਰ ਪਹਾੜੀ ਰਾਜਾਂ ਵਿਚ ਸੜਕਾਂ ਦੇ ਖਤਰਨਾਕ ਪਾਸਿਆਂ ਉਤੇ ਰੋਕਾਂ ਦੀ ਘਾਟ, ਮੋਟਰ ਗੱਡੀਆਂ ਵਿਚ ਪੈਣ ਵਾਲੇ ਨੁਕਸ ਸ਼ਾਮਲ ਹਨ।

# ਸਿੱਖ ਫਾਊਂਡੇਸ਼ਨ ਫੜੇਗੀ ਵਿਤੀ ਪੱਖੋਂ ਕਮਜ਼ੋਰ ਵਿਦਿਆਰਥੀਆਂ ਦੀ ਬਾਂਹ

**ਵਾਸ਼ਿੰਗਟਨ:** ਸਿੱਖਾਂ ਨਾਲ ਜੁੜੀ ਇਕ ਸੰਸਥਾ ਨੇ ਇਕ ਸਮਾਗਮ ਕਰ ਕੇ ਢਾਈ ਲੱਖ ਅਮਰੀਕੀ ਡਾਲਰ ਦੀ ਰਕਮ ਇਕੱਤਰ ਕੀਤੀ, ਜੋ ਕੇ ਪੰਜਾਬ ਤੇ ਗੁਆਂਢੀ ਸੂਬਿਆਂ 'ਚ ਵਿੱਤੀ ਪੱਖੋਂ ਕਮਜ਼ੋਰ ਵਿਦਿਆਰਥੀਆਂ ਨੂੰ ਵਜ਼ੀਫ਼ੇ ਵਜੋਂ ਦਿੱਤੀ ਜਾਵੇਗੀ। ਸਿੱਖ ਮਨੁੱਖੀ ਵਿਕਾਸ ਫਾਊਂਡੇਸ਼ਨ (ਐਸ.ਐਚ.ਡੀ.ਐਫ) ਨਾਂ ਦੀ ਜਥੇਬੰਦੀ ਵੱਲੋਂ ਜਾਰੀ ਬਿਆਨ ਮੁਤਾਬਕ ਉਪਰੋਕਤ ਰਾਸ਼ੀ ਉਨ੍ਹਾਂ 700 ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫ਼ੇ ਵਜੋਂ ਮੁਹੱਈਆ ਕਰਵਾਈ ਜਾਵੇਗੀ, ਜੋ ਕਿ ਪੈਸੇ ਦੀ ਘਾਟ ਕਰ ਕੇ ਅੱਗੇ ਪੜ੍ਹਾਈ ਕਰਨ ਦੇ ਸਮਰੱਥ ਨਹੀਂ ਹਨ।

ਜਥੇਬੰਦੀ ਦੇ ਬੋਰਡ ਮੈਂਬਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪਿਛਲੇ 17 ਸਾਲਾਂ ਤੋਂ ਉਹ ਕੰਮ ਕਰ ਰਹੇ ਹਨ। ਇਸ ਸਾਲ ਹੁਣ ਤਕ 539 ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਜਾ ਚੁੱਕੇ ਹਨ ਤੇ ਇਨ੍ਹਾਂ ਵਿਚੋਂ 65 ਫੀਸਦੀ ਤੋਂ ਵੱਧ ਵਿਦਿਆਰਥੀ ਪੰਜਾਬ ਦੇ ਪੇਂਡੂ ਖੇਤਰਾਂ ਨਾਲ ਸਬੰਧਤ ਹਨ। ਇਨ੍ਹਾਂ 'ਚ ਲੜਕੀਆਂ ਦੀ ਗਿਣਤੀ 74 ਫੀਸਦੀ ਦੇ ਕਰੀਬ ਹੈ। ਐਸ.ਐਚ.ਡੀ.ਐਫ. ਦੇ ਚੇਅਰਮੈਨ ਗਜਿੰਦਰ ਸਿੰਘ ਨੇ ਕਿਹਾ ਕਿ ਜਥੇਬੰਦੀ ਹੁਣ ਤੱਕ 4500 ਤੋਂ ਵੱਧ ਵਜ਼ੀਫ਼ੇ ਤਕਸੀਮ ਕੀਤੇ ਜਾ ਚੁੱਕੇ ਹਨ ਤੇ 2200 ਤੋਂ ਵੱਧ ਵਿਦਿਆਰਥੀ ਆਪਣੀ



ਗਰੈਜੂਏਸ਼ਨ ਪੱਧਰ ਦੀ ਪੜ੍ਹਾਈ ਮੁਕੰਮਲ ਕਰਨ ਮਗਰੋਂ ਚੰਗੀਆਂ ਨੌਕਰੀਆਂ ਕਰ ਰਹੇ ਹਨ। ਯੂ.ਕੇ. ਦੇ ਇਕ ਵੱਡੇ ਉਦਯੋਗਪਤੀ ਤੇ ਸਮਾਗਮ ਦੇ ਮੁੱਖ ਮਹਿਮਾਨ ਸਤਿੰਦਰ ਸਿੰਘ ਚੱਢਾ ਨੇ ਕਿਹਾ ਕਿ ਲੋੜਵੰਦ ਬੱਚਿਆਂ ਲਈ ਉਚ ਸਿੱਖਿਆ ਸਭ ਤੋਂ ਵੱਡਾ ਤੋਹਫਾ ਹੈ, ਜੋ ਅਸੀਂ ਉਨ੍ਹਾਂ ਨੂੰ ਦੇ ਸਕਦੇ ਹਾਂ। ਮਨੁੱਖਤਾ ਦੀ ਭਲਾਈ ਕਰਨ ਦਾ ਇਹ ਵੱਡਾ ਜ਼ਰੀਆ ਹੈ, ਜਿਸ ਨਾਲ ਅਸੀਂ ਕਈਆਂ ਦੀ ਜ਼ਿੰਦਗੀ 'ਚ ਖ਼ੁਸ਼ਹਾਲੀ ਲਿਆ ਸਕਦੇ ਹਾਂ। ਇਸ ਮੌਕੇ ਉਨ੍ਹਾਂ ਆਪਣੇ ਵੱਲੋਂ 25 ਹਜ਼ਾਰ ਡਾਲਰ ਦਾ ਚੰਦਾ ਦੇਣ ਦਾ ਵੀ ਐਲਾਨ ਕੀਤਾ।

ਸਿੱਖ ਮਨੁੱਖੀ ਵਿਕਾਸ ਫਾਊਂਡੇਸ਼ਨ ਦਾ ਗਠਨ ਸਿੱਖ ਧਰਮ ਦੇ ਸੇਵਾ ਦੇ ਸੰਕਲਪ ਤੋਂ ਪ੍ਰੇਰਿਤ ਹੋ ਕੇ ਕੀਤਾ ਗਿਆ ਸੀ। ਅਮਰੀਕਾ ਅਧਾਰਤ ਇਸ ਸੰਸਥਾ ਦਾ ਕਿਸੇ ਸਿਆਸੀ ਜਥੇਬੰਦੀ ਨਾਲ ਕੋਈ ਲਾਗਾ ਦੇਗਾ ਨਹੀਂ ਤੇ ਸੰਸਥਾ ਨੂੰ ਬਿਨਾਂ ਮੁਨਾਫੇ ਦੇ ਚਲਾਇਆ ਜਾਂਦਾ ਹੈ। ਸੰਸਥਾ ਵੱਲੋਂ ਜਿਨ੍ਹਾਂ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਗਏ ਹਨ, ਉਨ੍ਹਾਂ ਵਿਚੋਂ ਵੱਡੀ ਗਿਣਤੀ ਇੰਫੋਸਿਸ ਤੇ ਅਮੈਰੀਕਨ ਐਕਸਪ੍ਰੈਸ ਵਰਗੀਆਂ ਮਲਟੀਨੈਸ਼ਨਲ ਕੰਪਨੀਆਂ ਸਮੇਤ ਐਸ.ਬੀ. ਆਈ., ਮਰਚੈਂਟ ਨੇਵੀ ਤੇ ਇੰਡੀਅਨ ਏਅਰਫੋਰਸ ਜਿਹੇ ਅਦਾਰਿਆਂ ਵਿਚ ਤਾਇਨਾਤ ਹਨ।





ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

## ਐਸ ਪੀ ਸਿੰਘ ਓਬਰਾਏ ਹੋਣਗੇ 'ਛਣਕਾਟਾ ਵੰਗਾਂ ਦਾ' ਦੇ ਮੁੱਖ ਮਹਿਮਾਨ

**ਫਰੀਮਾਂਟ (ਬਿਊਰੋ):** ਸਮਾਜ ਸੇਵੀ ਅਤੇ ਸੰਸਥਾ 'ਸਰਬੱਤ ਦਾ ਭਲਾ' ਦੇ ਮੁਖੀ ਐਸ.ਪੀ. ਸਿੰਘ ਓਬਰਾਏ 8 ਜਨਵਰੀ ਨੂੰ ਇਥੇ ਐਸ ਅਸ਼ੋਕ ਭੌਰਾ ਅਤੇ ਇੱਕੀ



*ਐਸ ਪੀ ਸਿੰਘ ਓਬਰਾਏ*

ਇੰਟਰਨੈਸ਼ਨਲ ਵਲੋਂ ਕਰਵਾਏ ਜਾ ਰਹੇ 'ਛਣਕਾਟਾ ਵੰਗਾਂ ਦਾ 2017' ਪ੍ਰੋਗਰਾਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਹ 7 ਜਨਵਰੀ ਸ਼ਾਮ ਨੂੰ ਪਹੁੰਚਣਗੇ ਅਤੇ 9 ਜਨਵਰੀ ਨੂੰ ਵਾਪਿਸ ਦੁਬਈ ਪਰਤ ਜਾਣਗੇ।

ਸ੍ਰੀ ਭੌਰਾ ਨੇ ਦੱਸਿਆ ਕਿ ਪ੍ਰੋਗਰਾਮ ਵਿਚ ਪੰਜਾਬ ਦੇ ਸੀਨੀਅਰ ਆਈ ਏ ਐਸ ਅਧਿਕਾਰੀ ਜੀ. ਕੇ. ਸਿੰਘ (ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ) ਵਿਸ਼ੇਸ਼ ਮਹਿਮਾਨ ਹੋਣਗੇ।

## ਹਿੰਦੂ ਭਾਈਚਾਰੇ ਨੂੰ ਮੰਦਿਰ ਲਈ ਮਿਲੀ ਥਾਂ

**ਇਸਲਾਮਾਬਾਦ:** ਪਾਕਿਸਤਾਨ ਵਿਚ ਰਹਿੰਦੇ ਹਿੰਦੂਆਂ ਦੀ ਲੰਮੇ ਸਮੇਂ ਤੋਂ ਮੰਦਰ ਉਸਾਰੀ ਦੀ ਮੁੱਖ ਮੰਗ ਹੁਣ ਪੂਰੀ ਹੋਣ ਜਾ ਰਹੀ ਹੈ। ਸਥਾਨਕ ਪ੍ਰਸ਼ਾਸਨ ਨੇ ਹਿੰਦੂ ਭਾਈਚਾਰੇ ਨੂੰ ਮੁਲਕ ਦੀ ਰਾਜਧਾਨੀ ਵਿਚ ਮੰਦਿਰ, ਕਮਿਊਨਿਟੀ ਸੈਂਟਰ ਤੇ ਸ਼ਮਸ਼ਾਨਘਾਟ ਲਈ ਜ਼ਮੀਨ ਦੇਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਰਾਜਧਾਨੀ ਵਿਕਾਸ ਅਥਾਰਿਟੀ (ਸੀ.ਡੀ.ਏ.) ਦੀ ਮੀਟਿੰਗ ਵਿਚ ਲਿਆ ਗਿਆ, ਜੋ ਕਿ ਇਸਲਾਮਾਬਾਦ ਵਿਚ ਵਿਕਾਸ ਤੇ ਹੋਰ ਸ਼ਹਿਰੀ ਸਹੂਲਤਾਂ ਦੇਣ ਲਈ ਵਚਨਬੱਧ ਹੈ।

'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਸੀ.ਡੀ.ਏ. ਨੇ ਇਸਲਾਮਾਬਾਦ ਦੇ ਸੈਕਟਰ ਐਚ-9 ਵਿਚ ਹਿੰਦੂ ਭਾਈਚਾਰੇ ਨੂੰ ਅੱਧਾ ਏਕੜ ਜ਼ਮੀਨ ਦਾ ਟੁਕੜਾ ਅਲਾਟ ਕੀਤਾ ਹੈ ਜਿਸ ਉਤੇ ਮੰਦਿਰ, ਕਮਿਊਨਿਟੀ ਸੈਂਟਰ ਤੇ ਸ਼ਮਸ਼ਾਨਘਾਟ ਉਸਾਰੇ ਜਾਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਰਾਜਧਾਨੀ ਵਿਚ 800 ਦੇ ਕਰੀਬ ਹਿੰਦੂ ਪਰਿਵਾਰ ਰਹਿੰਦੇ ਹਨ ਤੇ ਇਥੇ ਕੋਈ ਮੰਦਰ ਨਾ ਹੋਣ ਕਰ ਕੇ ਉਨ੍ਹਾਂ ਨੂੰ ਦੀਵਾਲੀ ਸਮੇਤ ਹੋਰ ਧਾਰਮਿਕ ਤਿਉਹਾਰ ਘਰਾਂ ਵਿਚ ਹੀ ਮਨਾਉਣੇ ਪੈਂਦੇ ਸਨ। ਸ਼ਮਸ਼ਾਨਘਾਟ ਨਾ ਹੋਣ ਕਰ ਕੇ ਭਾਈਚਾਰੇ ਨੂੰ ਅੰਤਿਮ ਰਸਮਾਂ ਲਈ ਰਾਵਲਪਿੰਡੀ ਜਾਂ ਫਿਰ ਜੱਦੀ ਘਰਾਂ ਵਿਚ ਜਾਣਾ ਪੈਂਦਾ ਹੈ। ਉਂਜ ਜੌੜੇ ਸ਼ਹਿਰਾਂ ਵਜੋਂ ਮਕਬੂਲ ਇਸਲਾਮਾਬਾਦ ਤੇ ਰਾਵਲਪਿੰਡੀ ਵਿਚ ਇਕੋ ਇਕ ਵੱਡਾ ਮੰਦਰ ਸਦਰ ਸਥਿਤ ਕ੍ਰਿਸ਼ਨਾ ਮੰਦਰ ਹੈ, ਹਾਲਾਂਕਿ ਰਾਵਲਪਿੰਡੀ ਛਾਉਣੀ ਇਲਾਕੇ ਦੇ ਰਿਹਾਇਸ਼ੀ ਖੇਤਰ ਵਿਚ ਇਕਾ ਦੁੱਕਾ ਛੋਟੇ ਮੰਦਰ ਜ਼ਰੂਰ ਹਨ।

## ਜੈਲਲਿਤਾ ਲਈ ਭਾਰਤ ਰਤਨ ਦੀ ਸਿਫਾਰਸ਼

**ਚੇਨਈ:** ਤਾਮਿਲਨਾਡੂ ਕੈਬਨਿਟ ਨੇ ਅੰਨਾ ਡੀ.ਐਮ.ਕੇ. ਦੀ ਮਰਹੂਮ ਸੁਪਰੀਮੋ ਜੈਲਲਿਤਾ



ਲਈ ਦੇਸ਼ ਦੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਭਾਰਤ ਰਤਨ' ਦੀ ਸਿਫਾਰਸ਼ ਕਰਨ ਦਾ ਫੈਸਲਾ ਕੀਤਾ ਹੈ। ਸੰਸਦ ਕੰਪਲੈਕਸ ਵਿਚ ਜੈਲਲਿਤਾ ਦਾ ਆਦਮ ਕੱਦ ਬੁੱਤ ਲਾਉਣ ਲਈ ਵੀ ਕੇਂਦਰ ਨੂੰ ਸਿਫਾਰਸ਼ ਕੀਤੀ ਜਾਵੇਗੀ।

## ਪਰਮਿੰਦਰ ਸਿੰਘ ਪਰਵਾਨਾ ਦਾ ਸ਼ਮਸ਼ੇਰ ਬੈਦਵਾਨ ਯਾਦਗਾਰੀ ਅਵਾਰਡ ਨਾਲ ਸਨਮਾਨ

**ਰਾਜਪੁਰਾ (ਬਿਊਰੋ):** ਲੋਕ ਸਾਹਿਤ ਸੰਗਮ, ਰਾਜਪੁਰਾ ਦੀ ਇਥੇ ਪ੍ਰਧਾਨ ਡਾ. ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਹੋਈ ਇਕ ਬੈਠਕ ਵਿਚ ਪਰਵਾਸੀ ਭਾਰਤੀ ਪਰਮਿੰਦਰ ਸਿੰਘ ਪਰਵਾਨਾ ਦਾ 'ਸ਼ਮਸ਼ੇਰ ਬੈਦਵਾਨ ਯਾਦਗਾਰੀ ਅਵਾਰਡ' ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ. ਪਰਵਾਨਾ ਨੇ ਆਪਣੇ ਸਾਹਿਤਕ ਜੀਵਨ ਉਤੇ ਚਾਨਣਾ ਪਾਇਆ। ਪਟਿਆਲਾ ਤੋਂ ਅਮਰਜੀਤ ਕੌਰ ਸਾਹੇਵਾਲ ਵਿਸ਼ੇਸ਼ ਤੌਰ 'ਤੇ ਹਾਜਰ ਹੋਏ।




*ਪਰਮਿੰਦਰ ਸਿੰਘ ਪਰਵਾਨਾ ਸਨਮਾਨ ਹਾਸਲ ਕਰਦੇ ਹੋਏ*

ਸਭਾ ਦਾ ਆਗਾਜ਼ ਕੁਲਵੰਤ ਸਿੰਘ ਜੱਸਲ ਨੇ ਧਾਰਮਿਕ ਗੀਤ 'ਦਸ਼ਮੇਸ਼ ਜੀ ਦੇ ਦੋ ਲਾਹੜੇ ਸਾਨੂੰ ਸਿੱਖੀ ਵਾਲਾ ਸਬਕ ਸਿਖਾਉਂਦੇ' ਗਾ ਕੇ ਕੀਤਾ। ਉਸ ਉਪਰੰਤ ਤਾਰਾ ਸਿੰਘ ਮਠਿਆੜਾ, ਦਰਸ਼ਨ ਸਿੰਘ ਬਨੂੜ, ਮਨਜੀਤ ਕੌਰ ਅੰਬਾਲਵੀ, ਬਲਦੇਵ ਸਿੰਘ ਖੁਰਾਨਾ, ਡਾ. ਹਰਜੀਤ ਸਿੰਘ ਸੱਧਰ, ਜੀ.ਪੀ. ਸਿੰਘ, ਡਾ. ਹਰਬੰਸ ਸਿੰਘ ਆਹੂਜਾ ਅਤੇ ਡਾ. ਗੁਰਵਿੰਦਰ ਅਮਨ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਸਮਾਗਮ ਦੌਰਾਨ ਹਰਜਿੰਦਰ ਕੌਰ ਸੱਧਰ, ਜਸਵੀਰ ਕੌਰ, ਗੁਰਵਿੰਦਰ ਆਜ਼ਾਦ, ਅੰਗਰੇਜ਼ ਕਲੇਰ, ਕਰਮ ਸਿੰਘ ਹਕੀਰ, ਭੀਮ ਸੈਨ ਝੂਲੇਲਾਲ, ਸੁੱਚਾ ਸਿੰਘ ਗੰਡਾ, ਅਸ਼ੋਕ ਝਾਅ, ਸੰਤੋਖ ਸਿੰਘ ਪੰਛੀ, ਓਮ ਪ੍ਰਕਾਸ਼ ਅਰੋੜਾ, ਅਨੁਜ ਟਿਵਾਣਾ ਨੇ ਵੀ ਆਪਣੀਆਂ ਰਚਨਾਵਾਂ ਨਾਲ ਵਧੀਆ ਮਾਹੌਲ ਸਿਰਜਿਆ।




*ਦਿਲ ਪੰਜਾਬ ਦਾ ਧੜਕਿਆ ਜਮ੍ਹਾ ਪੂਰਾ, ਲੱਗਾ ਚੜ੍ਹਨ ਇਕ ਨਵਾਂ ਹੀ ਰੰਗ ਮਿੱਤਰੋ।*
*ਆਮ ਆਦਮੀ ਨੂੰ ਆ ਜਾਏ ਸਾਹ ਸੁੱਖ ਦਾ, 'ਆਪ' ਜੇ ਜਿੱਤ ਜਾਏ ਜੰਗ ਮਿੱਤਰੋ।*

# ਆਮ ਆਦਮੀ ਪਾਰਟੀ ਦੇ ਅਮਰੀਕਾ ਵਸਦੇ ਹਮਾਇਤੀਆਂ ਵਲੋਂ ਪੰਜਾਬ ਦਰਦੀਆਂ ਨੂੰ ਅਪੀਲ

# ਆਓ, ਚਲੀਏ ਪੰਜਾਬ, ਲਿਆਈਏ ਇਨਕਲਾਬ

# ਬਚਾਈਏ ਪੰਜਾਬ

ਕਦੀ ਪੰਜਾਬ ਨੂੰ ਆਪਣੇ ਪੰਜ ਦਰਿਆਵਾਂ 'ਤੇ ਮਾਣ ਹੁੰਦਾ ਸੀ, ਪਰ ਅਜੋਕੇ ਹਾਕਮਾਂ ਨੇ ਨਸ਼ਿਆਂ ਦਾ ਛੇਵਾਂ ਦਰਿਆ ਵਹਾ ਕੇ ਪੰਜਾਬ ਨੂੰ ਸ਼ਰਮਿੰਦਗੀ ਦੇ ਦਰਿਆ ਵਿਚ ਡੁਬੋ ਦਿਤਾ ਹੈ। ਇਹੀ ਨਹੀਂ, ਸਾਡੇ ਪਵਿਤਰ ਦਰਿਆ ਅਜੋਕੇ ਹਾਕਮਾਂ ਦੀ ਮਿਲੀਭੁਗਤ ਨਾਲ ਸਰਮਾਏਦਾਰਾਂ ਦੇ ਕਾਰਖਾਨਿਆਂ ਵਿਚੋਂ ਛਡੇ ਜਾ ਰਹੇ ਰਸਾਇਣਾਂ ਕਾਰਨ ਅੱਜ ਕੈਂਸਰ ਦੇ ਦਰਿਆ ਬਣ ਚੁਕੇ ਹਨ ਜਿਸ ਦੀ ਗਵਾਹੀ ਪੰਜਾਬ ਦੀ 'ਕੈਂਸਰ ਪੱਟੀ' ਹੈ ਜਿਥੇ ਟੱਬਰਾਂ ਦੇ ਟੱਬਰ ਕੈਂਸਰ ਦਾ ਸ਼ਿਕਾਰ ਹਨ। ਕਦੇ ਹਰੇ ਇਨਕਲਾਬ ਨੇ ਪੰਜਾਬ ਦੀ ਸ਼ਾਨ ਬਣਾਈ ਸੀ, ਅੱਜ ਦੇ ਹਾਕਮ 'ਚਿੱਟਾ' ਇਨਕਲਾਬ ਲਿਆ ਕੇ ਬਾਘੀਆਂ ਪਾ ਰਹੇ ਹਨ। ਕਦੀ ਪੰਜਾਬੀਆਂ ਨੂੰ ਧੀਆਂ-ਭੈਣਾਂ ਦੇ ਰਾਖੇ ਸਮਝਿਆ ਜਾਂਦਾ ਸੀ, ਅੱਜ ਪੰਜਾਬ ਵਿਚ ਧੀਆਂ-ਭੈਣਾਂ ਦਾ ਘਰੋਂ ਬਾਹਰ ਨਿਕਲਣਾ ਮੁਹਾਲ ਹੋ ਗਿਆ ਹੈ, ਪਤਾ ਨਹੀਂ ਕਦੋਂ ਕੋਈ ਗੁੰਡਾ ਟੱਕਰ ਪਵੇ। ਗੈਂਗਸਟਰ ਸਿਆਸੀ ਆਕਿਆਂ ਦੀ ਛਤਰਛਾਇਆ ਹੇਠ ਆਪਣਾ ਰਾਜ ਬਣਾਈ ਬੈਠੇ ਹਨ। ਚੜ੍ਹਦੀ ਕਲਾ ਦੀ ਨਿਸ਼ਾਨੀ ਸਮਝਿਆ ਜਾਂਦਾ ਕਿਸਾਨ ਅੱਜ ਕਰਜ਼ੇ ਹੇਠ ਦਬਿਆ ਨਿਰਾਸ਼ਾ ਦੇ ਦੌਰ ਵਿਚ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਪੜ੍ਹਾਈ ਦੇ ਖੇਤਰ ਵਿਚ ਕਦੇ ਮੱਲਾਂ ਮਾਰਨ ਵਾਲੀ ਨੌਜਵਾਨ ਪੀੜ੍ਹੀ ਅੱਜ ਬੇਰੁਜ਼ਗਾਰੀ ਦੇ ਹਨੇਰੇ ਵਿਚ ਗੁਆਚੀ ਹੋਈ ਹੈ। ਪਰਵਾਸੀ ਪੰਜਾਬੀ ਜਿਹੜੇ ਆਪਣੀ ਧਰਤੀ ਦੇ ਮੋਹ ਦੇ ਖਿਚੇ ਭੱਜ-ਭੱਜ ਪੰਜਾਬ ਨੂੰ ਜਾਂਦੇ ਸਨ, ਅੱਜ ਸਰਕਾਰੀ ਤੰਤਰ ਅਤੇ ਗੁੰਡਾਗਰਦੀ ਦੀ ਮਿਲੀਭੁਗਤ ਤੋਂ ਘਬਰਾਏ ਪੰਜਾਬ ਜਾਣੋਂ ਤ੍ਰਹਿੰਦੇ ਹਨ। ਜਿਹੜਾ ਪੰਜਾਬ ਕਦੇ ਭਾਰਤ ਦਾ ਨੰਬਰ ਇਕ ਖੁਸ਼ਹਾਲ ਸੂਬਾ ਸਮਝਿਆ ਜਾਂਦਾ ਸੀ, ਅੱਜ ਕੇਂਦਰ ਸਰਕਾਰ ਦੇ ਕਈ ਲੱਖ ਕਰੋੜ ਰੁਪਏ ਦਾ ਕਰਜ਼ਈ ਹੈ।




ਅਜੋਕੇ ਹਾਕਮਾਂ ਨੇ ਧਰਮ ਅਤੇ ਸਿਆਸਤ ਨੂੰ ਨਿਜੀ ਹਿਤਾਂ ਖਾਤਰ ਰਲਗੱਡ ਕਰਦਿਆਂ ਸਰਬ ਸਾਂਝੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਚੌਧਰ ਚਲਾਉਣ ਤੋਂ ਗੁਰੇਜ ਨਹੀਂ ਕੀਤਾ। ਖਾਲਸਾ ਪੰਥ ਦੀਆਂ ਮਾਣਮੱਤੀਆਂ ਰਵਾਇਤਾਂ-ਪਰੰਪਰਾਵਾਂ ਦੀ ਸ਼ਾਨ ਨੂੰ ਖੋਰਾ ਲਾਉਣ 'ਚ ਕੋਈ ਕਸਰ ਨਹੀਂ ਛੱਡੀ। ਮਿਸਾਲ ਵਜੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸਰਬ ਉਚ ਪਦਵੀ ਨੂੰ ਹਾਸੋਹੀਣਾ ਬਣਾ ਦੇਣ ਦਾ ਬੱਜਰ ਗੁਨਾਹ ਕੀਤਾ। ਮੀਡੀਆ ਸਾਹਮਣੇ 'ਪੰਜਾਬ ਵਿਚ ਕੀੜੀ ਤੁਰੀ ਜਾਂਦੀ ਵੀ ਦਿਖਾਈ ਦੇਣ' ਦਾ ਦਾਅਵਾ ਕਰਨ ਵਾਲਾ ਮੁੱਖ ਮੰਤਰੀ ਬਰਗਾੜੀ ਕਾਂਡ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰਿਆਂ ਦੀ ਬੇਅਦਬੀ ਦੇ ਦੋਸ਼ੀ ਨਹੀਂ ਲੱਭ ਸਕਿਆ। ਸ਼ਾਂਤਮਈ ਧਰਨੇ 'ਤੇ ਬੈਠੇ ਸਿੱਖ ਗੱਭਰੂਆਂ ਨੂੰ ਪੰਜਾਬ ਪੁਲਿਸ ਨੇ ਗੋਲੀਆਂ ਨਾਲ ਮਾਰ ਸੁੱਟਿਆ, ਪਰ ਕੇਸ ਕਥਿਤ 'ਅਣਪਛਾਤਿਆਂ' ਵਿਰੁਧ ਰਜਿਸਟਰ ਕਰ ਕੇ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ।

*ਕਦੀ ਗਦਰੀ ਬਾਬੇ ਪੰਜਾਬ ਅਤੇ ਹਿੰਦੋਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਦੇ ਜੂਲੇ ਥਲਿਓਂ ਕੱਢਣ ਲਈ ਵਹੀਰਾਂ ਘੱਤ ਕੇ ਪੰਜਾਬ ਗਏ ਸਨ; ਆਓ! ਸਾਰੇ ਰਲ ਕੇ ਪੰਜਾਬ ਨੂੰ ਇਸ ਗਰਕੀ ਦੀ ਹਾਲਤ ਵਿਚੋਂ ਬਾਹਰ ਕੱਢੀਏ। ਇਸ ਸਮੇਂ ਪੰਜਾਬ ਦੀ ਸ਼ਾਨ ਮੁੜ ਬਹਾਲ ਕਰਨ ਲਈ ਆਸ ਦੀ ਇਕੋ-ਇਕ ਕਿਰਨ ਆਮ ਆਦਮੀ ਪਾਰਟੀ ਹੀ ਨਜ਼ਰ ਆਉਂਦੀ ਹੈ। ਆਓ, ਫਿਰ ਪੰਜਾਬ ਚਲੀਏ ਤੇ 2017 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ*

# ਆਮ ਆਦਮੀ ਪਾਰਟੀ ਨੂੰ ਜਿਤਾਈਏ

AAP ਆਮ ਆਦਮੀ ਪਾਰਟੀ ਪੰਜਾਬ

## ਸਾਡਾ ਖਵਾਬ-ਨਵਾਂ ਪੰਜਾਬ

AAP ਆਮ ਆਦਮੀ ਪਾਰਟੀ ਪੰਜਾਬ

ਵਲੋਂ

## ਆਮ ਆਦਮੀ ਪਾਰਟੀ ਟੀਮ, ਫਰਿਜ਼ਨੋ (ਕੈਲੀਫੋਰਨੀਆ)

# ਸੁਰ-ਪਨਾਹ

## ਅਨੁਸ਼ਕਾ ਸ਼ੰਕਰ ਦੀ 'ਲੈਂਡ ਆਫ ਗੋਲਡ'



ਕਲਾ ਪਰਿਕਰਮਾ

ਆਮਨਾ ਸਿੰਘ


ਸਿਤਾਰਵਾਦਕ ਅਨੁਸ਼ਕਾ ਸ਼ੰਕਰ ਦੀ ਨਵੀਂ ਐਲਬਮ 'ਲੈਂਡ ਆਫ਼ ਗੋਲਡ' ਵੱਕਾਰੀ ਗਰੈਮੀ ਪੁਰਸਕਾਰ ਲਈ ਨਾਮਜ਼ਦ ਹੋਈ ਹੈ। ਇਹ ਛੇਵੀਂ ਵਾਰ ਹੈ ਜਦੋਂ 35 ਸਾਲਾ ਸਿਤਾਰਵਾਦਕ ਅਤੇ ਸੰਗੀਤਕਾਰ ਅਨੁਸ਼ਕਾ ਸ਼ੰਕਰ ਦੀ ਕੋਈ ਐਲਬਮ ਇਸ ਪੁਰਸਕਾਰ ਲਈ ਨਾਮਜ਼ਦ ਹੋਈ ਹੈ। ਉਂਜ ਅਜੇ ਤੱਕ ਉਸ ਨੂੰ ਇਹ ਪੁਰਸਕਾਰ ਮਿਲ ਨਹੀਂ ਸਕਿਆ ਹੈ। ਉਸ ਦੇ ਪਿਤਾ ਮਰਹੂਮ ਰਵੀ ਸ਼ੰਕਰ ਇਹ ਪੁਰਸਕਾਰ ਚਾਰ ਵਾਰ ਜਿੱਤ ਚੁੱਕੇ ਹਨ- ਦੋ ਵਾਰ ਇਕੱਲਿਆਂ ਅਤੇ ਦੋ ਵਾਰ ਦੋ ਹੋਰ ਸੰਗੀਤਕਾਰਾਂ ਨਾਲ ਸਾਂਝੇ ਤੌਰ 'ਤੇ। ਅਨੁਸ਼ਕਾ ਸ਼ੰਕਰ ਦੀ ਇਸ ਐਲਬਮ ਵਿਚ ਪਨਾਹਗੀਰਾਂ (ਸ਼ਰਨਾਰਥੀਆਂ) ਬਾਰੇ ਗੱਲ ਭਰਪੂਰ ਰੂਪ ਵਿਚ ਕੀਤੀ ਗਈ ਹੈ। ਉਸ ਨੇ ਸ਼ਰਨਾਰਥੀਆਂ ਦੇ ਦਰਦ ਨੂੰ ਮਾਰਮਿਕ ਢੰਗ ਨਾਲ ਪੇਸ਼ ਕੀਤਾ ਹੈ। ਇਸ ਵਿਚ ਸੀਰੀਆ ਅਤੇ ਯੂਰਪ ਦੇ ਹੋਰ ਹਿੱਸਿਆਂ ਤੋਂ ਉਜੜ ਰਹੇ ਅਤੇ ਜੰਗ ਕਾਰਨ ਤਬਾਹ ਹੋਏ ਜਿਊੜਿਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ ਹੈ। 'ਲੈਂਡ ਆਫ਼ ਗੋਲਡ' ਦਾ ਸੰਗੀਤ ਅਨੁਸ਼ਕਾ ਨੇ ਖੁਦ ਤਿਆਰ ਕੀਤਾ ਹੈ। ਇਸ ਵਿਚ 'ਲੈਂਡ ਆਫ਼ ਗੋਲਡ' ਤੋਂ ਇਲਾਵਾ 'ਕਰੌਸਿੰਗ ਦਿ ਰੂਬੀਕੌਨ', 'ਡਿਜ਼ੌਲਵਿੰਗ ਬੌਂਡਰੀਜ਼', 'ਰੀ-ਯੂਨੀਅਨ' ਆਦਿ ਗੀਤ ਸ਼ਾਮਲ ਹਨ।

ਅਨੁਸ਼ਕਾ ਸ਼ੰਕਰ ਅੱਜ ਕੱਲ੍ਹ ਆਪਣੀ ਇਸ ਐਲਬਮ ਦੇ ਪ੍ਰਚਾਰ ਲਈ ਭਾਰਤ ਦੌਰੇ ਉਤੇ ਹੈ।



ਅਨੁਸ਼ਕਾ ਸ਼ੰਕਰ: ਇਕ ਅੰਦਾਜ਼।

ਇਕ ਮੁਲਾਕਾਤ ਦੌਰਾਨ ਉਸ ਨੇ ਇੱਛਾ ਜ਼ਾਹਿਰ ਕੀਤੀ ਕਿ ਉਹ ਹਿੰਦੀ ਫਿਲਮਾਂ ਲਈ ਸੰਗੀਤ ਦੇਣਾ ਚਾਹੁੰਦੀ ਹੈ। ਉਸ ਮੁਤਾਬਕ, ਇਨ੍ਹਾਂ ਫਿਲਮਾਂ ਦਾ ਸੰਗੀਤ ਉਸ ਨੂੰ ਸਦਾ ਖਿੱਚ ਪਾਉਂਦਾ ਰਿਹਾ ਹੈ ਅਤੇ ਉਹ ਚਾਹੁੰਦੀ ਹੈ ਕਿ ਉਹ ਇਸ ਸੰਗੀਤ ਦਾ ਹਿੱਸਾ ਬਣੇ। ਸੰਗੀਤ ਦੇ ਖੇਤਰ ਵਿਚ ਅਨੁਸ਼ਕਾ ਦਾ ਜੋ ਮੁਕਾਮ ਹੈ, ਉਸ ਤੋਂ ਸ਼ਪਸਟ ਹੈ ਕਿ ਉਸ ਦੀ ਇਹ ਇੱਛਾ ਪੂਰੀ ਹੋ ਹੀ ਜਾਣੀ ਹੈ, ਪਰ ਉਹ ਹਿੰਦੀ ਫਿਲਮਾਂ ਨੂੰ ਕਿਸ ਤਰ੍ਹਾਂ ਦਾ ਸੰਗੀਤ ਦੇਵੇਗੀ, ਇਹ ਨੁਕਤਾ ਵਿਚਾਰਨ ਵਾਲਾ ਹੋਵੇਗਾ।




ਅਨੁਸ਼ਕਾ ਸ਼ੰਕਰ ਦੀ ਨਵੀਂ ਐਲਬਮ 'ਲੈਂਡ ਆਫ ਗੋਲਡ' ਦਾ ਟਾਈਟਲ।

ਅਨੁਸ਼ਕਾ ਸ਼ੰਕਰ ਬਚਪਨ ਤੋਂ ਹੀ ਸੰਗੀਤ ਨਾਲ ਜੁੜੀ ਹੋਈ ਹੈ। ਉਸ ਦਾ ਜਨਮ 9 ਜੂਨ 1981 ਨੂੰ ਮਸ਼ਹੂਰ ਸਿਤਾਰਵਾਦਕ ਰਵੀ ਸ਼ੰਕਰ ਦੇ ਘਰ ਹੋਇਆ। ਉਹਦਾ ਬਚਪਨ ਲੰਡਨ ਅਤੇ ਦਿੱਲੀ ਵਿਚ ਬੀਤਿਆ। ਉਹ ਸੱਤ ਵਰ੍ਹਿਆ ਦੀ ਸੀ ਜਦੋਂ ਉਸ ਨੇ ਆਪਣੇ ਪਿਤਾ ਨਾਲ ਸੰਗੀਤ ਦੀ ਸੰਗਤ ਸ਼ੁਰੂ ਕਰ ਦਿੱਤੀ ਸੀ। 27 ਫਰਵਰੀ 1995 ਨੂੰ 13 ਸਾਲ ਦੀ ਉਮਰ ਵਿਚ ਉਸ ਨੇ ਨਵੀਂ ਦਿੱਲੀ ਵਿਚ ਸਿਰੀ ਫੋਰਟ ਵਿਖੇ ਆਪਣੇ ਪਿਤਾ ਦੇ 75ਵੇਂ ਜਨਮ ਦਿਨ ਮੌਕੇ ਪਹਿਲੀ ਪੇਸ਼ਕਾਰੀ ਕੀਤੀ। ਇਸ ਮੌਕੇ ਉਸ ਨਾਲ ਤਬਲੇ 'ਤੇ ਸੰਗਤ ਉਸਤਾਦ ਜ਼ਾਕਿਰ ਹੁਸੈਨ ਨੇ ਕੀਤੀ ਸੀ। ਫਿਰ 1998 ਵਿਚ ਉਸ ਦੀ ਪਹਿਲੀ ਐਲਬਮ 'ਅਨੁਸ਼ਕਾ' ਰਿਲੀਜ਼ ਹੋਈ। ਇਸ ਤੋਂ ਬਾਅਦ ਅਨੁਰਾਗ (2000), ਰਾਈਜ਼ (2005), ਬ੍ਰੀਦਿੰਗ ਅੰਡਰ ਵਾਟਰ (2007), ਟਰੈਵਲਰ (2011), ਟਰੇਸਿਸ ਆਫ ਯੂ (2013), ਹੋਮ (2015) ਅਤੇ ਲੈਂਡ ਆਫ ਗੋਲਡ (2016) ਰਿਲੀਜ਼ ਹੋਈਆਂ।

ਅਨੁਸ਼ਕਾ ਸ਼ੰਕਰ ਹੁੱਬ ਕੇ ਦੱਸਦੀ ਹੈ ਕਿ ਉਸ ਦੇ ਬਹੁਤੇ, ਪਹਿਲੇ ਪ੍ਰੋਗਰਾਮ ਸਿਰੀ ਫੋਰਟ ਵਿਖੇ ਹੀ ਨੇਪਰੇ ਚੜ੍ਹੇ ਹਨ। ਦਿੱਲੀ ਉਸ ਦਾ ਪੁਰਾਣਾ ਸ਼ਹਿਰ ਤੇ ਘਰ ਹੈ ਅਤੇ ਇਹ ਉਹ ਸ਼ਹਿਰ ਹੈ ਜਿਥੇ ਉਸ ਨੇ ਪਹਿਲੀ ਵਾਰ ਸਟੇਜ 'ਤੇ ਤਾਨਪੁਰਾ ਵਜਾਇਆ; ਫਿਰ ਸਿਤਾਰ ਦੀ ਪੇਸ਼ਕਾਰੀ ਵੀ ਇਸੇ ਸ਼ਹਿਰ ਵਿਚ ਦਿੱਤੀ। ਇਸ ਦੇ ਨਾਲ ਹੀ ਦਿੱਲੀ ਦੇ ਬਿਜਲੀ ਪ੍ਰਬੰਧਾਂ 'ਤੇ ਚੁਟਕੀ ਲੈਂਦਿਆਂ ਅਨੁਸ਼ਕਾ ਨੇ ਕਿਹਾ- "ਇਕੱਲੀ ਦਿੱਲੀ ਹੀ ਹੈ ਜਿਥੇ ਉਸ ਨੂੰ ਬਿਜਲੀ ਕੱਟਾਂ ਨਾਲ ਜੂਝਣਾ ਪਿਆ।" ਫਿਰ ਵੀ, ਇਹ ਸ਼ਹਿਰ ਉਸ ਲਈ ਮਾਅਨੇ ਰੱਖਦਾ ਹੈ। ਸ਼ਰਨਾਰਥੀਆਂ ਦੇ ਉਜਾੜੇ ਬਾਰੇ ਉਹ ਆਖਦੀ ਹੈ ਕਿ ਸੰਸਾਰ ਵਿਚ ਬਹੁਤ ਥਾਂਈਂ ਲੋਕਾਂ ਨੂੰ ਉਜੜਨਾ ਪਿਆ, ਪਰ ਇਸ ਕਹਿਰ ਦਾ ਹੱਲ ਆਪਸ ਵਿਚ ਮੇਲ-ਜੋਲ ਵਧਾਉਣਾ ਅਤੇ ਇਕ-ਦੂਜੇ ਦੀ ਮਦਦ ਕਰਨਾ ਹੀ ਹੈ। -0-



ਉਸਤਾਦ ਤੇ ਪਿਤਾ: ਰਵੀ ਸ਼ੰਕਰ।

### ਰਿਸ਼ਤਿਆਂ ਦੀ ਜੁਗਲਬੰਦੀ

*30 ਮਾਰਚ 1979 ਨੂੰ ਜਨਮੀ ਨੋਰਾ ਜੋਨਸ, ਅਨੁਸ਼ਕਾ ਸ਼ੰਕਰ ਦੀ ਮਤਰੇਈ ਭੈਣ ਹੈ। ਉਸ ਦਾ ਅਸਲ ਨਾਂ ਗੀਤਾਲੀ ਨੋਰਾਹ ਸ਼ੰਕਰ ਹੈ। ਉਸ ਦੀ ਮਾਂ ਸੂ ਜੋਨਸ ਕੰਨਸਰਟ ਪ੍ਰੋਡਿਊਸਰ ਸੀ ਜੋ ਰਵੀ ਸ਼ੰਕਰ ਦੀ ਸਾਥਣ ਬਣੀ। ਨੋਰਾਹ 9 ਵਾਰ ਗਰੈਮੀ ਪੁਰਸਕਾਰ ਜਿੱਤ ਚੁੱਕੀ ਹੈ ਅਤੇ ਉਸ ਨੂੰ ਹੋਰ ਵੀ ਬਹੁਤ ਸਾਰੇ ਇਨਾਮ-ਸਨਮਾਨ ਮਿਲੇ ਹਨ। ਉਹ ਗੀਤ ਵੀ ਲਿਖਦੀ ਹੈ ਅਤੇ ਅਦਾਕਾਰਾ ਵੀ ਹੈ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਦਸੰਬਰ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-252



*ਮਾਂਵਾਂ ਦੇ ਦਿਲ ਟੋਟੇ ਟੋਟੇ, ਜ਼ੁਲਮਾਂ ਦੇ ਫੱਟ ਨੇ ਗਹਿਰੇ ਗਹਿਰੇ।*
*ਗੁਰਬਤ ਦੇ ਸੰਗਲ ਦੇ ਬੰਨ੍ਹਣ, ਜ਼ਾਲਮ ਦੇ ਨੇ ਪਹਿਰੇ ਪਹਿਰੇ।*
*ਦੇਖਦੀਆਂ ਅੱਖਾਂ ਵੀ ਚੁੱਪ ਨੇ, ਕੰਨ ਵੀ ਸੁਣ ਕੇ ਹੋ ਗਏ ਬੋ.ਲੇ,*
*ਕਿੱਦਾਂ ਬਣੀਆਂ ਜਿੰਦਾਂ ਉਪਰ, ਦੁੱਖ ਵੀ ਦਿਸਦੇ 'ਕਹਿਰੇ 'ਕਹਿਰੇ।*

## ਕੈਪਸ਼ਨ ਮੁਕਾਬਲਾ-250



ਇੱਕੋ ਰੰਗ ਦੇ ਸੂਟ ਸਵਾ ਕੇ
ਇੱਕੋ ਰੰਗ ਦੀਆਂ ਲੈਸਾਂ ਲਾਈਆਂ।
ਅੰਦਰੋਂ ਬਾਹਰੋਂ ਖੁਸ਼ੀ 'ਚ ਰੰਗੀਆਂ
ਭੈਣਾਂ ਨੇ ਗਲਵੱਕੜੀਆਂ ਪਾਈਆਂ।
ਰੂਹ ਖੁਸ਼ ਹੋ ਜਾਵੇ ਦੇਖ ਕੇ ਖੇੜਾ
ਅਰਸ਼ੋਂ ਪਰੀਆਂ ਉਤਰ ਆਈਆਂ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਧੀਆਂ ਤਾਂ ਮਿੱਠੜੇ ਮੇਵੇ ਨੇ
ਵਿਹੜੇ ਦਾ ਸ਼ਿੰਗਾਰ ਨੇ ਲੋਕੋ।
ਇਹ ਗੌਰਵ ਪਿਓ ਦੀ ਪੱਗ ਦਾ ਨੇ
ਸਿਰਾਂ 'ਤੇ ਭਾਰ ਨਹੀਂ ਲੋਕੋ।
ਇਹ ਮਾਂ, ਧੀ, ਭੈਣ ਸਭ ਕੁਝ ਨੇ
ਇਹ ਪੂਜਣਹਾਰ ਨੇ ਲੋਕੋ।
ਇਹ ਚੰਡੀ ਦੀ ਵਾਰ ਦੀ ਦੁਰਗਾ
ਹੁਣ ਚਿੜੀਆਂ ਨਹੀਂ ਕਹਾਉਣਗੀਆਂ।
ਨਾ ਹੁਣ ਡਰਨ ਕਾਂਵਾਂ ਤੋਂ
ਇਹ ਸ਼ਿਕਰੇ ਮਾਰ ਭਜਾਉਣਗੀਆਂ।

*-ਜਗਜੀਤ ਕੌਰ ਕੈਂਟਨ, ਮਿਸ਼ੀਗਨ*

---

ਵੱਡੀ ਭੈਣ ਹੁੰਦੀ ਮਾਂਵਾਂ ਵਰਗੀ
ਛੋਟਿਆਂ ਨੂੰ ਕਰੇ ਸਦਾ ਪਿਆਰ।
ਕੁੱਛੜ ਚੁੱਕ ਕੇ ਰਹੇ ਖਿਡਾਉਂਦੀ
ਕਰਦੀ ਬਹੁਤ ਲਾਡ ਦੁਲਾਰ।

ਇਕੋ ਜਿਹੇ ਪਾਏ ਸੂਟ ਗੁਲਾਬੀ
ਘੁੱਟ ਕੇ ਪਾਈ ਦੋਵਾਂ ਗਲਵੱਕੜੀ।
ਸੱਜੇ ਹੱਥ ਨਾਲ ਸਿਰ ਦੇਵੇ ਦਿਲਾਸਾ
ਖੱਬੇ ਨਾਲ ਖਿੱਚ ਸੀਨੇ ਪਕੜੀ।
ਜਵਾਨੀਆਂ ਮਾਣਨ ਜੀਣ ਜੋਗੀਆਂ
ਜੱਗ ਦੇ ਵਿਚ ਰੁਸ਼ਨਾਵਣ ਨਾਂ।
ਵਾਂਗ 'ਕਲਪਨਾ' ਲਾਉਣ ਉਡਾਰੀ
'ਮੈਡਮ ਕਿਊਰੀ' ਬਣ ਜਾਵਣ ਜਾਂ।

*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਦੇਖੋ ਧੀ ਦਾ ਤਰਲਾ
ਕਹਿੰਦੀ ਜਦ ਸਮਾਜ ਨੂੰ
ਕੀ ਅਸੀਂ ਨਹੀਂ ਕਰ ਸਕਦੀਆਂ?
ਜੋ ਮੁੰਡਾ ਕਰ ਸਕਦਾ।
ਮੁੰਡਾ ਜੰਮੇ ਲੱਡੂ ਵੰਡਣ
ਧੀ ਜੰਮੇ, ਸਭ ਸੋਗ ਲਈ ਆਵਣ।
ਇਸ ਤੋਂ ਤੁਰਦੀ ਹੈ ਸ਼ਾਖ ਅੱਗੇ।
ਨਹੀਂ ਤਾਂ ਖਤਮ ਹੋ ਗਿਆ ਹੁੰਦਾ
ਜੰਮਣ-ਜਮਾਉਣ ਦਾ ਸਿਲਸਿਲਾ ਅੱਜ ਤੱਕ
ਲੋੜ ਹੈ ਧੀ ਨੂੰ ਬਰਾਬਰ ਦਰਜਾ ਦੇਣ ਦੀ।

*-ਦਰਸ਼ਨਪਾਲ ਦੋਸਾਂਝ*

## ਕੈਪਸ਼ਨ ਮੁਕਾਬਲਾ-249

ਜਾਂਦੇ ਹੋਏ ਕੰਮਾਂ ਨੂੰ ਨੂੰਹ-ਪੁੱਤ
ਕਹਿ ਗਏ ਬਾਪੂ ਤੂੰ ਵਿਹਲਾ।
ਥੋੜ੍ਹੀ ਜਿਹੀ 'ਬੇਬੀ ਸਿਟਿੰਗ' ਕਰ ਲੀਂ
ਜੋ ਕੰਮ ਹੈ ਬੜਾ ਹੀ ਰੈਲਾ।
ਖੁਆਉਣ-ਪਿਆਉਣ ਦਾ ਕੰਮ ਮੁਕਾ ਕੇ
ਬਾਬਾ ਪੋਤਿਆਂ ਨੂੰ ਪਾਰਕ ਲਿਆਇਆ।
ਆਪ ਭੀ ਬੈਠ ਗਿਆ ਕੋਨੇ 'ਤੇ
ਵਿਚ ਖੇਡਣ ਰੇਤੇ ਲਾਇਆ।
ਰੱਖਦੇ ਸਾਰਾ ਦਿਨ ਖੜ੍ਹੀ ਲੱਤੀਂ
ਨਿਆਣੇ ਹਾਥੀ ਕੁੱਜੇ ਪਾਉਂਦੇ।
ਪਰ ਜਦੋਂ ਮਾਪੇ ਘਰ ਆ ਜਾਂਦੇ
ਫਿਰ ਬਾਬੇ ਨਾਲ ਨਾ ਅੱਖ ਮਿਲਾਉਂਦੇ।
ਹਾਲ ਕੋਇਲ ਦੇ ਬੋਟਾਂ ਵਰਗਾ
ਜੋ ਕਾਂਣੀ ਪਿਛੇ ਕਾਂ ਕਾਂ ਕਰਦੇ।
ਪਰ ਜਦੋਂ ਮਾਂ ਕੂਕਰੀ ਆ ਡਾਲ੍ਹੀ 'ਤੇ
ਫਿਰ ਮਗਰ ਉਡਾਰੀ ਭਰਦੇ।

*-ਸੇਵਾ ਸਿੰਘ ਨੂਰਪੁਰੀ*

ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਮਹਿੰਦੀ ਦੀ ਰਸਮ ਅਤੇ ਗੀਤ

**ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਐਤਕੀਂ ਮਹਿੰਦੀ ਦੀ ਰਸਮ ਤੇ ਗੀਤਾਂ ਬਾਰੇ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ**



ਵਿਆਹ ਵਾਲੇ ਦਿਨ ਕੁੜੀ ਦੇ 'ਸੋਲਾਂ ਸ਼ਿੰਗਾਰ' ਕੀਤੇ ਜਾਂਦੇ ਸਨ। 'ਸੋਲਾਂ ਸ਼ਿੰਗਾਰ ਦਾ ਭਾਵ' ਪੈਰਾਂ ਦੇ ਨਹੁੰਆਂ ਤੋਂ ਲੈ ਕੇ ਸਿਰ ਦੇ ਵਾਲਾਂ ਤੱਕ ਸਰੀਰ ਦੇ ਅੰਗਾਂ ਨੂੰ ਵੱਖ-ਵੱਖ ਕਿਸਮ ਦੀ ਸ਼ਿੰਗਾਰ-ਸਮੱਗਰੀ ਅਤੇ ਜ਼ੇਵਰਾਂ ਨਾਲ ਸ਼ਿੰਗਾਰਨਾ ਸੀ। ਵਿਆਹ ਵਾਲੇ ਦਿਨ ਤੋਂ ਇਕ ਰਾਤ ਪਹਿਲਾਂ ਮਹਿੰਦੀ ਦੀ ਰਸਮ ਦਾ ਵੱਖਰਾ ਹੀ ਨਜ਼ਾਰਾ ਹੁੰਦਾ ਸੀ। ਮਹਿੰਦੀ ਰੰਗੇ ਹੱਥ ਦੇਖਣ ਵਾਲੇ ਦਾ ਮਨ ਮੋਹ ਲੈਂਦੇ ਸਨ। ਪੰਜਾਬੀ ਸਭਿਆਚਾਰ ਵਿਚ ਵਿਆਂਦੜ ਕੁੜੀ ਦੇ ਹੱਥਾਂ 'ਤੇ ਮਹਿੰਦੀ ਦਾ ਚੜ੍ਹਿਆ ਗੂੜ੍ਹਾ ਰੰਗ ਸੱਸ ਦੇ ਗੂੜ੍ਹੇ ਪਿਆਰ ਦਾ ਪ੍ਰਤੀਕ ਸਮਝਿਆ ਜਾਂਦਾ ਸੀ।

ਪਹਿਲਾਂ ਇਹ ਮਹਿੰਦੀ ਨੈਣ ਵਲੋਂ ਲਗਾਈ ਜਾਂਦੀ ਸੀ। ਔਰਤਾਂ ਇਸ ਮਹਿੰਦੀ ਨੂੰ ਆਪਣੇ ਹੱਥਾਂ ਦੇ ਪੋਟਿਆਂ ਨਾਲ ਇਕ ਦੂਜੀ ਦੇ ਲਗਾ ਦਿੰਦੀਆਂ ਸਨ। ਹੱਥ ਦੀ ਤਲੀ ਦੇ ਵਿਚਕਾਰ ਇਕ ਰੁਪਈਏ ਦੇ ਸਿੱਕੇ ਜਿੱਡਾ ਗੋਲ ਟਿੱਕਾ ਲਗਾ ਦਿੱਤਾ ਜਾਂਦਾ ਸੀ ਅਤੇ ਇਹ ਉਂਗਲਾਂ ਦੇ ਪੋਟਿਆਂ ਤੇ ਵੀ ਲਗਾ ਦਿੱਤੀ ਜਾਂਦੀ ਸੀ। ਹੱਥਾਂ ਦੀਆਂ ਤਲੀਆਂ 'ਤੇ ਪੋਚ ਵੀ ਦਿੱਤੀ ਜਾਂਦੀ ਸੀ। ਉਸ ਤੋਂ ਬਾਅਦ ਤੀਲਿਆਂ ਨਾਲ ਨਮੂਨੇ ਪਾਏ ਜਾਣ ਲੱਗੇ। ਇਨ੍ਹਾਂ ਨਮੂਨਿਆਂ ਲਈ ਕਿਸੇ ਸਿਖਲਾਈ ਦੀ ਜ਼ਰੂਰਤ ਨਹੀਂ ਪੈਂਦੀ ਸੀ। ਇਹ ਤਾਂ ਪੰਜਾਬਣਾਂ ਦੇ ਚਿੱਤ ਚੇਤਿਆਂ ਵਿਚ ਚਿਤਰੇ ਹੁੰਦੇ ਸਨ। ਇਹ ਨਮੂਨੇ ਦੇਖਣ ਨੂੰ ਭਾਵੇਂ ਬਹੁਤ ਸਾਦੇ ਲੱਗਦੇ ਸਨ, ਪਰ ਇਹ ਮੋਹ ਨਾਲ ਭਰੇ ਹੁੰਦੇ ਸਨ। ਇਕ ਦੂਜੀ ਦਾ ਹੱਥ ਫੜ ਕੇ ਗੀਤ ਗਾਉਂਦੀਆਂ ਔਰਤਾਂ ਵਿਚ ਭਾਈਚਾਰਕ ਸਾਂਝ ਪੈਦਾ ਹੁੰਦੀ ਸੀ। ਇਸ ਰਸਮ ਦਾ ਮੰਤਵ ਮਿਲ ਬੈਠ ਕੇ ਸ਼ਗਨ ਮਨਾਉਣਾ ਅਤੇ ਹੱਥਾਂ ਨੂੰ ਸਜਾਉਣਾ ਹੀ ਸੀ। ਹੁਣ ਇਸ ਦੀ ਥਾਂ ਬਿਊਟੀ ਪਾਰਲਰ ਵਾਲੀਆਂ ਨੇ ਲੈ ਲਈ ਹੈ।

**ਕੁੜੀ ਵਾਲੇ ਘਰ ਮਹਿੰਦੀ:** ਕੁੜੀ ਦੇ ਵਿਆਹ ਸਮੇਂ ਮਹਿੰਦੀ ਲਗਾਉਂਦੇ ਵਕਤ ਮਹਿੰਦੀ ਗੀਤਾਂ ਦਾ ਰੰਗ ਸੁਹਾਗ ਦੇ ਗੀਤਾਂ ਵਿਚ ਵਟ ਜਾਂਦਾ ਸੀ। ਇਹ ਬਿਰਹਾ ਭਰੇ ਗੀਤ ਮਹੌਲ ਨੂੰ ਸੋਗੀ ਵੀ ਕਰਦੇ ਸਨ। ਸਹੇਲੀਆਂ ਦੀਆਂ ਅੱਖਾਂ ਨਮ ਹੁੰਦੀਆਂ ਸਨ। ਉਨ੍ਹਾਂ ਨੂੰ ਸਹੇਲੀ ਦੇ ਵਿਛੋੜੇ ਵਿਚ ਮਹਿੰਦੀ ਦਾ ਰੰਗ ਵੀ ਉਦਾਸ ਹੁੰਦਾ ਜਾਪਦਾ ਸੀ। ਮਹਿੰਦੀ ਦੀ ਰਸਮ ਅਜੋਕੇ ਸਮੇਂ ਵਿਚ ਵੀ ਹੋ ਰਹੀ ਹੈ। ਹੁਣ ਮਹਿੰਦੀ ਬਿਊਟੀ ਪਾਰਲਰ ਵਾਲੀ ਹੀ ਲਗਾਉਂਦੀ ਹੈ। ਅਜੋਕੇ ਸਮੇਂ ਵਿਚ ਵੀ ਦੂਜੇ ਦਿਨ ਸਵੇਰੇ ਸਭ ਦੇ ਦਿਲ ਵਿਚ ਮਹਿੰਦੀ ਵਾਲੇ ਹੱਥਾਂ 'ਤੇ ਚੜ੍ਹੇ ਰੰਗ ਨੂੰ ਦੇਖਣ ਦੀ ਤਾਂਘ ਹੁੰਦੀ ਹੈ:

ਮੌਲੀਏ ਨੀ ਰੰਗ ਰਤੀਏ
ਕਿਸ ਮੇਰੀ ਲਾੜੋ ਸ਼ਿੰਗਾਰੀ?
ਮੈਂ ਕੀ ਜਾਣਾ ਬਾਂਵਰੀ,
ਜਾ ਕੇ ਮਹਿੰਦੀ ਨੂੰ ਪੁੱਛੋ।
ਮਹਿੰਦੀਏ ਨੀ ਰੰਗ ਰੱਤੀਏ ਨੀ,
ਕਿਸ ਮੇਰੀ ਲਾੜੋ ਸ਼ਿੰਗਾਰੀ।
ਮੈਂ ਕੀ ਜਾਣਾ ਬਾਂਵਰੀ,
ਜਾ ਕੇ ਪੰਸਾਰੀ ਨੂੰ ਪੁੱਛੋ।

ਨੀ ਲੈ ਦੇ ਮਾਏਂ,
ਕਾਲਿਆਂ ਬਾਗ਼ਾਂ ਦੀ ਮਹਿੰਦੀ।
ਗਲੀ-ਗਲੀ ਮੈਂ ਪੱਤਰ ਚੁਣੇਂਦੀ,
ਪੱਤਰ ਚੁਣੇਂਦੀ ਰਹਿੰਦੀ।
ਮਹਿੰਦੀ ਦਾ ਰੰਗ ਸੂਹਾ ਤੇ ਸਾਵਾ,
ਸੁਹਣੀ ਬਣ ਬਣ ਪੈਂਦੀ।
ਘੋਲ ਮਹਿੰਦੀ ਮੈਂ ਹੱਥਾਂ ਤੇ ਲਾਈ,
ਵੱਟੀ ਬਣ ਬਣ ਬਹਿੰਦੀ।
ਮਹਿੰਦੀ ਦਾ ਰੰਗ ਹੱਥਾਂ ਤੇ ਚੜ੍ਹਿਆ,
ਸੁਹਣੀ ਲੱਗ-ਲੱਗ ਪੈਂਦੀ।
ਜਿਨ੍ਹਾਂ ਦੇ ਕੰਤ ਧੀਏ ਨਿੱਤ ਪਰਦੇਸੀ,
ਉਨ੍ਹਾਂ ਨੂੰ ਮਹਿੰਦੀ ਕੀ ਕਹਿੰਦੀ।

ਰੰਗ ਚੜ੍ਹਿਆ ਭੈਣੋਂ,
ਇਸ ਮਹਿੰਦੀ ਦੇ ਸਿਖਰੇ ਨੀ।
ਬਾਬਲ ਨਿਮਿਆਂ ਭੈਣੋਂ,
ਧੀਆਂ ਦੇ ਫ਼ਿਕਰੇ ਨੀ।
ਰੰਗ ਚੜ੍ਹਿਆ ਭੈਣੋਂ ,
ਇਸ ਮਹਿੰਦੀ ਦੇ ਸਿਖਰੇ ਨੀ।
ਵੀਰਾ ਨਿਮਿਆਂ ਭੈਣੋਂ,
ਭੈਣਾਂ ਦੇ ਫ਼ਿਕਰੇ ਨੀ।
ਰੰਗ ਚੜ੍ਹਿਆ ਭੈਣੋਂ ,
ਇਸ ਮਹਿੰਦੀ ਦੇ ਸਿਖਰੇ ਨੀ।



ਮਾਮਾ ਨਿਮਿਆਂ ਭੈਣੋਂ,
ਭਾਣਜੀ ਦੇ ਫ਼ਿਕਰੇ ਨੀ।

ਮਾਏਂ ਨੀ ਮਾਏਂ
ਮਹਿੰਦੜ ਮੈਂ ਬੀਜਿਆ
ਨੀ ਝੰਗ ਸਿਆਲਾਂ ਦੇ ਖੂਹ 'ਤੇ।

ਸਾਰੇ ਆਖਣ ਰੋਟੀ ਖਾ ਲੈ,
ਮੈਂ ਰੋਟੀ ਨਾ ਖਾਵਾਂ।
ਸਖੀਆਂ ਆਖਣ ਮਹਿੰਦੀ ਲਾ ਲੈ,
ਮੈਂ ਮਹਿੰਦੀ ਨਾ ਲਾਵਾਂ।
ਸੁੱਤੀ ਪਈ ਦੇ ਲਾਤੀ ਮਹਿੰਦੀ,
ਕੌਲਿਆਂ ਨਾਲ ਘਸਾਵਾਂ।
ਵੀਰਾਂ ਦੇ ਹਲ ਵਗਦੇ,
ਰੋਟੀ ਕੋਲ ਦੀ ਜਾਵਾਂ।

ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ
ਮਹਿੰਦੀ ਬਾਗ਼ ਵਿਚ ਰਹਿੰਦੀ।
ਘੋਟ-ਘਾਟ ਕੇ ਲਾਈ ਹੱਥਾਂ ਤੇ
ਬੱਤੀਆਂ ਬਣ-ਬਣ ਲਹਿੰਦੀ।
ਬੋਲ ਸ਼ਰੀਕਾਂ ਦੇ, ਮੈਂ ਨਾ ਬਾਬਲਾ ਸਹਿੰਦੀ।

**ਮੁੰਡੇ ਵਾਲੇ ਘਰ ਮਹਿੰਦੀ:** ਵਿਆਹ ਵਾਲੇ ਮੁੰਡੇ ਦੇ ਹੱਥ ਤੇ ਵੀ ਮਹਿੰਦੀ ਲਗਾਈ ਜਾਂਦੀ ਸੀ। ਇਹ ਮਹਿੰਦੀ ਉਸ ਦੀਆਂ ਭਾਬੀਆਂ ਲਗਾਉਂਦੀਆਂ ਸਨ। ਮੁੰਡੇ ਦੇ ਹੱਥ ਤੇ ਮਹਿੰਦੀ ਸ਼ਗਨ ਵਜੋਂ ਹੀ ਲਗਾਈ ਜਾਂਦੀ ਸੀ। ਅੱਜ ਤੱਕ ਕਦੀ ਕਿਸੇ ਮੁੰਡੇ ਦੇ ਹੱਥ ਤੇ ਛੋਟੇ ਜਿਹੇ ਟਿੱਕੇ ਤੋਂ ਵੱਧ ਮਹਿੰਦੀ ਦਾ ਨਮੂਨਾ ਨਜ਼ਰ ਨਹੀਂ ਆਇਆ। ਅਜੋਕੇ ਸਮੇਂ ਵਿਚ ਵੀ ਮੁੰਡੇ ਦੇ ਹੱਥ ਤੇ ਮਹਿੰਦੀ ਇਸ ਤਰ੍ਹਾਂ ਹੀ ਲੱਗਦੀ ਹੈ।

**ਮੁੰਡੇ ਨੂੰ ਮਹਿੰਦੀ ਲਾਉਂਦੇ ਵਕਤ ਇਹ ਗੀਤ ਗਾਇਆ ਜਾਂਦਾ ਸੀ:**

ਤੂੰ ਮਹਿੰਦੀ ਲਾ ਮਾਈਆਂ ਪਿਆਰਿਆ,
ਮਹਿੰਦੀ ਲਾ ਕੇ ਸਹੁਰੇ ਘਰ ਜਾਹ।
ਤੂੰ ਮਹਿੰਦੀ ਲਾ ਜੀਵਣ ਜੋਗਿਆ,
ਮਹਿੰਦੀ ਲਾ ਕੇ ਸਹੁਰੇ ਘਰ ਜਾਹ।
ਇਹ ਮਹਿੰਦੀ ਤੇਰੀ ਅੰਮਾਂ ਨੇ ਲਾਈ,
ਬਾਬਲ ਦੇ ਮਨ ਚਾਅ।
ਤੂੰ ਮਹਿੰਦੀ ਲਾ ਮਾਈਆਂ ਪਿਆਰਿਆ,
ਮਹਿੰਦੀ ਲਾ ਕੇ ਸਹੁਰੇ ਘਰ ਜਾਹ।
ਤੂੰ ਮਹਿੰਦੀ ਲਾ ਜੀਵਣ ਜੋਗਿਆ
ਮਹਿੰਦੀ ਲਾ ਕੇ ਸਹੁਰੇ ਘਰ ਜਾਹ।
ਇਹ ਮਹਿੰਦੀ ਤੇਰੀਆਂ ਭੈਣਾਂ ਨੇ ਲਾਈ
ਜੀਜਿਆਂ ਦੇ ਮਨ ਚਾਅ।
ਤੂੰ ਮਹਿੰਦੀ ਲਾ ਜੀਵਣ ਜੋਗਿਆ
ਮਹਿੰਦੀ ਲਾ ਕੇ ਸਹੁਰੇ ਘਰ ਜਾਹ।
ਤੂੰ ਮਹਿੰਦੀ ਲਾ ਮਾਈਆਂ ਪਿਆਰਿਆ
ਮਹਿੰਦੀ ਲਾ ਕੇ ਸਹੁਰੇ ਘਰ ਜਾਹ।
ਤੂੰ ਮਹਿੰਦੀ ਲਾ ਜੀਵਣ ਜੋਗਿਆ
ਮਹਿੰਦੀ ਲਾ ਕੇ ਸੌਹਰੇ ਘਰ ਜਾਹ।
ਇਹ ਮਹਿੰਦੀ ਤੇਰੀਆਂ ਭਾਬੀਆਂ ਨੇ ਲਾਈ
ਵੀਰਾਂ ਦੇ ਮਨ ਚਾਅ।
ਤੂੰ ਮਹਿੰਦੀ ਲਾ ਜੀਵਣ ਜੋਗਿਆ
ਮਹਿੰਦੀ ਲਾ ਕੇ ਸੌਹਰੇ ਘਰ ਜਾਹ।
ਤੂੰ ਮਹਿੰਦੀ ਲਾ ਮਾਈਆਂ ਪਿਆਰਿਆ
ਮਹਿੰਦੀ ਲਾ ਕੇ ਸੌਹਰੇ ਘਰ ਜਾਹ।
ਤੂੰ ਮਹਿੰਦੀ ਲਾ ਜੀਵਣ ਜੋਗਿਆ
ਮਹਿੰਦੀ ਲਾ ਕੇ ਸੌਹਰੇ ਘਰ ਜਾਹ।
ਇਹ ਮਹਿੰਦੀ ਤੇਰੀਆਂ ਚਾਚੀਆਂ ਨੇ ਲਾਈ
ਚਾਚਿਆਂ ਦੇ ਮਨ ਚਾਅ।
ਤੂੰ ਮਹਿੰਦੀ ਲਾ ਜੀਵਣ ਜੋਗਿਆ
ਮਹਿੰਦੀ ਲਾ ਕੇ ਸੌਹਰੇ ਘਰ ਜਾਹ।
ਤੂੰ ਮਹਿੰਦੀ ਲਾ ਮਾਈਆਂ ਪਿਆਰਿਆ
ਮਹਿੰਦੀ ਲਾ ਕੇ ਸੌਹਰੇ ਘਰ ਜਾਹ।
ਤੂੰ ਮਹਿੰਦੀ ਲਾ ਜੀਵਣ ਜੋਗਿਆ
ਮਹਿੰਦੀ ਲਾ ਕੇ ਸੌਹਰੇ ਘਰ ਜਾਹ।
ਇਹ ਮਹਿੰਦੀ ਤੇਰੀਆਂ ਮਾਮੀਆਂ ਨੇ ਲਾਈ
ਮਾਮਿਆਂ ਦੇ ਮਨ ਚਾਅ।
ਤੂੰ ਮਹਿੰਦੀ ਲਾ ਜੀਵਣ ਜੋਗਿਆ
ਮਹਿੰਦੀ ਲਾ ਕੇ ਸੌਹਰੇ ਘਰ ਜਾਹ।

ਉਰ੍ਹਾਂ ਕਰ ਵੇ ਰੱਤੜਾ ਹੱਥ
ਤੈਨੂੰ ਮਹਿੰਦੀ ਲਾਵਾਂ।
ਮਹਿੰਦੀ ਲਾਵਾਂ
ਤੇਰੇ ਚਾਚੇ ਕੂ ਸਦਾਵਾਂ।
ਤੈਨੂੰ ਮਹਿੰਦੀ ਲਾਵਾਂ
ਉਰ੍ਹਾਂ ਕਰ ਵੇ ਰੱਤੜਾ ਹੱਥ।
ਤੈਨੂੰ ਮਹਿੰਦੀ ਲਾਵਾਂ, ਮਹਿੰਦੀ ਲਾਵਾਂ ।
ਤੇਰੇ ਮਾਮੇ ਕੂ ਸਦਾਵਾਂ
ਤੈਨੂੰ ਮਹਿੰਦੀ ਲਾਵਾਂ। -0-

# ਮਿੱਠੇ ਪਾਕਿਸਤਾਨੀ ਪੰਜਾਬੀ

ਗੁਰੂ ਨਾਨਕ ਦੇ ਪੁਰਬ ਸਬੰਧੀ ਪਾਕਿਸਤਾਨ ਵਾਲੇ ਪੰਜਾਬ ਜਾਣ ਦਾ ਮੌਕਾ ਮਿਲਿਆ। ਉਥੇ ਗਿਆਰਾਂ ਦਿਨ ਰਹਿ ਕੇ ਹੈਰਾਨੀ ਹੋਈ, ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੇ ਲੋਕਾਂ ਦੇ ਸੁਭਾਅ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਇੰਨੇ ਦਿਨਾਂ ਦੌਰਾਨ ਮੈਂ ਕਿਸੇ ਪਾਕਿਸਤਾਨੀ ਨੂੰ ਗੁੱਸੇ ਹੁੰਦਾ, ਗਾਲ੍ਹਾਂ ਕੱਢਦਾ, ਝਿੜਕਦਾ, ਫਿਟਕਾਰ ਲਗਾਉਂਦਾ ਜਾਂ ਗਰਜਦਾ ਨਹੀਂ ਦੇਖਿਆ। ਨਾ ਕੋਈ ਸੜਕ ਦੁਰਘਟਨਾ, ਨਾ ਉਚੇ ਹਾਰਨ ਅਤੇ ਨਾ ਹੀ ਰਸਤਾ ਦੇਣ, ਗੱਡੀ ਜਾਂ ਬਾਈਕ ਖੜ੍ਹੀ ਕਰਨ ਪਿੱਛੇ ਬੋਲ ਬੁਲਾਰਾ ਹੁੰਦਾ ਦੇਖਿਆ। ਨਨਕਾਣਾ ਸਾਹਿਬ ਨਗਰ ਕੀਰਤਨ ਸਮੇਂ ਥੋੜ੍ਹਾ ਜਾਮ ਲੱਗਣ 'ਤੇ ਮੋਟਰਸਾਈਕਲ ਉਤੇ ਜਾਂਦੇ ਮੌਲਵੀ ਨੇ ਮੈਨੂੰ ਆਖਿਆ, "ਦੇਖੋ ਸਿੱਖਾਂ ਦੇ ਆਉਣ ਕਾਰਨ ਜਾਮ ਲੱਗਿਆ ਹੈ।" ਮੈਂ ਚੁੱਪ ਰਿਹਾ ਤਾਂ ਚਾਰ ਪਾਕਿਸਤਾਨੀ ਮੇਰੇ ਕੋਲ ਆ ਕੇ ਤਹਿ ਦਿਲੋਂ ਮੁਆਫ਼ੀ ਮੰਗਣ ਲੱਗੇ ਕਿ ਮੌਲਵੀ ਜੋ ਬੋਲਿਆ, ਗ਼ਲਤ ਹੈ। ਉਨ੍ਹਾਂ ਚਾਰਾਂ ਵਿਚੋਂ ਇਕ ਇੰਗਲੈਂਡ ਦਾ ਨਾਗਰਿਕ ਸੀ ਜਿਸ ਦੇ ਦਾਅਵੇ ਨੇ ਮੇਰੀ ਤਸੱਲੀ ਕਰਵਾ ਦਿੱਤੀ। ਉਸ ਨੇ ਆਖਿਆ ਕਿ ਜਦੋਂ ਉਹ ਹੱਜ ਲਈ ਸਾਊਦੀ ਅਰਬ ਜਾ ਸਕਦੇ ਹਨ ਤਾਂ ਸਿੱਖ ਇਥੇ ਕਿਉਂ ਨਹੀਂ ਆ ਸਕਦੇ?

ਔਕਾਫ਼ ਬੋਰਡ ਉਧਰਲੇ ਘੱਟ ਗਿਣਤੀ ਲੋਕਾਂ ਅਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਲਈ ਸਰਕਾਰੀ ਅਦਾਰਾ ਹੈ। ਬੋਰਡ ਦੇ ਚਾਰ ਅਧਿਕਾਰੀ ਮੇਰੇ ਦੋਸਤ ਬਣ ਗਏ। ਉਹ ਮੇਰੇ ਖਾਣ ਪੀਣ, ਸੌਣ ਆਦਿ ਦਾ ਖ਼ਾਸ ਖ਼ਿਆਲ ਰੱਖਦੇ। ਉਨ੍ਹਾਂ ਮੈਨੂੰ ਕਮੀਜ਼ ਅਤੇ ਪੈਂਟ ਵੀ ਤੋਹਫ਼ੇ ਵਜੋਂ ਦਿੱਤੇ। ਮੇਰੇ ਬਿਮਾਰ ਹੋਣ 'ਤੇ ਮੇਰੀ ਬੜੀ ਸੇਵਾ ਕੀਤੀ। ਬੱਸਾਂ ਦੇ ਡਰਾਈਵਰ ਕੰਡਕਟਰ ਬੜੇ ਮਿੱਠ ਬੋਲੜੇ ਸਨ।

ਅਖੀਰਲੇ ਦਿਨ ਦੋ ਖ਼ਾਸ ਘਟਨਾਵਾਂ ਵਾਪਰੀਆਂ। ਇਹ ਘਟਨਾਵਾਂ ਮੈਨੂੰ ਸਦਾ ਯਾਦ ਰਹਿਣਗੀਆਂ। ਲਾਹੌਰ ਵਿਚ ਅਸੀਂ ਸਹਿਦ ਮਿੱਠਾ ਨਾਂ ਦੇ ਚੌਕ ਵਿਚ ਸਕੂਲ ਵਿਚ ਠਹਿਰੇ ਹੋਏ ਸੀ। ਸਕੂਲ ਤੋਂ ਕੁਝ ਗਜ਼ ਦੀ ਦੂਰੀ 'ਤੇ ਸਰਕਾਰੀ ਹਸਪਤਾਲ ਕਿੰਗ ਐਡਵਰਡ ਯੂਨੀਵਰਸਿਟੀ ਆਫ ਮੈਡੀਕਲ ਸਾਇੰਸਿਜ਼ ਲਾਹੌਰ ਹੈ ਜਿਥੇ ਸਿਰਫ਼ ਇਕ ਰੁਪਏ ਵਿਚ ਦਵਾਈ ਅਤੇ ਚੈਕਅੱਪ ਹੁੰਦਾ ਹੈ। ਮੇਰੇ ਉਧਰਲੇ ਦੋਸਤ ਮੈਨੂੰ ਲੈਣ ਲਈ ਆਏ ਸਨ ਅਤੇ ਹਸਪਤਾਲ ਮੇਰੇ ਮਗਰ ਹੀ ਆ ਗਏ। ਮੈਂ ਟੀਕੇ ਲਗਵਾਉਣ ਲਈ ਬੈਠਾ ਸੀ ਤਾਂ ਹਸਪਤਾਲ ਦੀ ਮੁਖੀ ਘਬਰਾਈ ਹੋਈ ਮੇਰੇ ਕੋਲ ਆ ਕੇ ਕਹਿਣ ਲੱਗੀ ਕਿ ਬਾਹਰ ਬੈਠੇ ਆਦਮੀਆਂ (ਮੇਰੇ ਦੋਸਤਾਂ) ਤੋਂ ਮੇਰੀ ਜਾਨ ਨੂੰ ਖ਼ਤਰਾ ਹੈ ਅਤੇ ਪੁੱਛਿਆ ਕਿ ਮੇਰੇ ਪਾਸ ਪੈਸੇ ਜਾਂ ਸੋਨਾ ਆਦਿ ਤਾਂ ਨਹੀਂ ਹੈ। ਮੇਰੇ ਨਾਂਹ ਆਖਣ ਉਤੇ ਉਸ ਨੇ ਦੱਸਿਆ, "ਇਹ ਸਾਡੇ ਮੁਲਾਜ਼ਮਾਂ ਨੂੰ ਕਹਿ ਰਹੇ ਸਨ ਕਿ ਇਸ ਨੂੰ ਅੱਛੀ ਤਰ੍ਹਾਂ ਡਿਲੇਅ ਕਰਨਾ।" ਉਸ ਨੇ ਨਰਸਾਂ ਨੂੰ ਆਖਿਆ ਕਿ ਇਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ, ਜਲਦੀ ਟੀਕੇ ਲਗਾਉ। ਦੋਵਾਂ ਨਰਸਾਂ ਨੇ ਮੇਰੀਆਂ ਦੋਵੇਂ ਬਾਹਾਂ ਵਿਚ ਇਕੱਠੇ ਹੀ ਟੀਕੇ ਠੋਕ ਦਿੱਤੇ। ਮੈਂ ਦਵਾਈ ਲੈਣ ਲਈ ਕਾਊਂਟਰ 'ਤੇ ਖੜ੍ਹਾ ਸੀ। ਇੱਕ ਪਠਾਣ ਮੈਨੂੰ ਬਾਹੋਂ ਫੜ ਕੇ ਧੂਹ ਕੇ ਲੈ ਗਿਆ ਅਤੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਕੱਢ ਕੇ ਕੁੰਡਾ ਲਾ ਲਿਆ। ਮੈਨੂੰ ਬਾਹਰ ਖੜ੍ਹੇ ਨੂੰ ਆਪਣੇ ਆਪ 'ਤੇ ਬੜਾ ਗੁੱਸਾ ਆਵੇ ਕਿ ਮੈਨੂੰ ਇਹ ਸਮਝ ਕਿਉਂ ਨਹੀ ਲੱਗੀ ਕਿ ਇਹ ਮੇਰੇ ਦੋਸਤ ਮੇਰੀ ਇੰਨੀ ਸੇਵਾ ਕਿਉਂ ਕਰਦੇ ਹਨ?

ਉਦੋਂ ਹੀ ਮੋਟਰ ਸਾਈਕਲ 'ਤੇ ਸਵਾਰ ਨੌਜਵਾਨ ਨੇ ਮੋਟਰ ਸਾਈਕਲ ਰੋਕ ਕੇ ਆਖਿਆ, "ਅੰਕਲ, ਮੈਂ ਸਰਦਾਰਾਂ ਦਾ ਬਹੁਤ ਵੱਡਾ ਪ੍ਰਸ਼ੰਸਕ ਹਾਂ।" ਮੈਂ ਝੱਟ ਉਸ ਨੂੰ ਆਖਿਆ ਕਿ ਉਹ ਮੈਨੂੰ ਮੇਰੇ ਟਿਕਾਣੇ 'ਤੇ ਛੱਡ ਆਵੇ। ਉਸ ਨੇ ਅਜਿਹਾ ਹੀ ਕੀਤਾ। ਕੁਝ ਸਮੇਂ ਬਾਅਦ ਮੇਰੇ ਦੋਸਤ ਵੀ ਉਥੇ ਆ ਗਏ ਅਤੇ ਮੇਰੀ ਕਾਰਵਾਈ 'ਤੇ ਹੈਰਾਨ ਹੋਣ ਲੱਗੇ। ਮੈਂ ਡਰਦੇ ਡਰਦੇ ਪੁੱਛ ਹੀ ਲਿਆ ਕਿ ਉਨ੍ਹਾਂ ਨੇ ਹਸਪਤਾਲ ਵਾਲਿਆਂ ਨੂੰ ਡਿਲੇਅ ਕਰਨ ਲਈ ਕਿਉਂ ਆਖਿਆ ਸੀ ਤਾਂ ਇਕ ਦੋਸਤ ਨੇ ਮੱਥੇ 'ਤੇ ਹੱਥ ਮਾਰ ਕੇ ਆਖਿਆ, "ਮੈਂ ਤਾਂ ਅੱਛੀ ਤਰ੍ਹਾਂ ਡੀਲ ਕਰਨ ਲਈ ਆਖਿਆ ਸੀ, ਪਰ ਪਠਾਣ ਡਿਲੇਅ ਸਮਝ ਗਿਆ।" ਫਿਰ ਉਹ ਦੋਵੇਂ ਹਸਪਤਾਲ ਜਾ ਕੇ ਮੁਖੀ ਨੂੰ ਮਿਲੇ ਅਤੇ ਮੇਰੀ ਤਸੱਲੀ ਲਈ ਮੁਖੀ ਨਾਲ ਵੀ ਮੇਰੀ ਗੱਲ ਕਰਵਾਈ। ਡਾਕਟਰ ਬੀਬੀ ਨੇ ਪਠਾਣ ਨੂੰ ਬੁਲਾ ਕੇ ਚੰਗੀਆਂ ਝਿੜਕਾਂ ਮਾਰੀਆਂ ਅਤੇ ਮੈਨੂੰ ਸ਼ਾਮ ਨੂੰ ਮਿਲਣ ਲਈ ਵੀ ਸੱਦਿਆ, ਪਰ ਸਾਨੂੰ ਕਿਸੇ ਦੇ ਘਰ ਜਾਣ ਦੀ ਮਨਾਹੀ ਸੀ। ਮੇਰੀ ਦਵਾਈ ਦੀ ਪਰਚੀ ਉਥੇ ਹੀ ਰਹਿ ਗਈ ਸੀ ਜਿਸ ਕਾਰਨ ਦੋਸਤ ਮੇਰੀ ਦਵਾਈ ਲੈ ਕੇ ਆਏ।

ਦੂਜੀ ਘਟਨਾ ਵੀ ਲਾਹੌਰ ਦੀ ਹੀ ਹੈ। ਗੁਰਦੁਆਰਾ ਡੇਹਰਾ ਸਾਹਿਬ ਵਿਚ ਲੱਗੀ ਸਭ ਤੋਂ ਵੱਡੀ ਅਤੇ ਮਹਿੰਗੀ ਸਟਾਲ ਵਾਲੇ ਕਹਿ ਰਹੇ ਸਨ ਕਿ ਉਨ੍ਹਾਂ ਦਾ ਭਾਰਤੀ ਪੁਰਾਣੇ ਨੋਟਾਂ ਦਾ ਅਠੱਤੀ ਹਜ਼ਾਰ ਫਸਿਆ ਪਿਆ ਹੈ। ਉਹ ਸਾਡੇ ਲੋਕਾਂ ਨੂੰ ਨਵੇਂ ਨੋਟਾਂ ਜਾਂ ਸੌ ਸੌ ਦੇ ਨੋਟਾਂ ਨਾਲ ਬਦਲਣ ਲਈ ਬੇਨਤੀ ਕਰ ਰਹੇ ਸਨ। ਜਦੋਂ ਮੈਨੂੰ ਆਖਿਆ ਤਾਂ ਮੈਂ ਕਹਿਣ ਸਾਰ ਆਪਣੇ ਦੋ ਹਜ਼ਾਰ ਦੇ ਦੋ ਨੋਟਾਂ ਵਿਚੋਂ ਇਕ ਬਦਲ ਕੇ ਦੇ ਦਿੱਤਾ ਅਤੇ ਦੂਜਾ ਆਪਣੀ ਵਰਤੋਂ ਲਈ ਰੱਖ ਲਿਆ। ਕੁਝ ਘੰਟਿਆਂ ਬਾਅਦ ਮੈਂ ਉਸੇ ਦੁਕਾਨ 'ਤੇ ਗਿਆ। ਪਰਸ ਦੀ ਕੀਮਤ ਪੁੱਛੀ ਤਾਂ ਦੁਕਾਨ ਮਾਲਕ ਕਹਿਣ ਲੱਗਾ, "ਅਸੀਂ ਤਾਂ ਤੁਹਾਥੋਂ ਪੈਸੇ ਹੀ ਨਹੀਂ ਲੈਣੇ ਜੋ ਮਰਜ਼ੀ ਲੈ ਲਵੋ।" ਸੁਣ ਕੇ ਬੜੀ ਹੈਰਾਨੀ ਹੋਈ। ਕਾਰਨ ਪੁੱਛਿਆ ਤਾਂ ਉਸ ਦੱਸਿਆ, "ਜਥੇ ਵਿਚ ਸਿਰਫ਼ ਤੁਸੀਂ ਹੀ ਅਜਿਹੇ ਇਨਸਾਨ ਹੋ ਜਿਸ ਨੇ ਸਿਰਫ਼ ਇਕ ਵਾਰ ਕਹਿਣ 'ਤੇ ਦੋ ਹਜ਼ਾਰ ਦਾ ਨੋਟ ਦੋ ਹਜ਼ਾਰ ਬਦਲੇ ਹੀ ਦੇ ਦਿੱਤਾ। ਤੁਸੀਂ ਸਾਡੀ ਕਦਰ ਕੀਤੀ ਹੈ। ਅਸੀਂ ਵੀ ਤੁਹਾਡੀ ਕਦਰ ਕਰਾਂਗੇ।" ਇਉਂ ਉਸ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ। ਮੈਂ ਵੀ ਸ਼ਿਸ਼ਟਾਚਾਰ ਵਜੋਂ ਤਿੰਨ ਪਰਸ ਹੋਰ ਖ਼ਰੀਦੇ ਤਾਂ ਜੋ ਮੁਫ਼ਤ ਮਿਲੇ ਪਰਸ ਦੀ ਕੀਮਤ ਦੂਜੇ ਤਿੰਨ ਪਰਸਾਂ ਦੇ ਲਾਭ ਵਿਚੋਂ ਪੂਰੀ ਹੋ ਸਕੇ। ਇਉਂ ਮੈਂ ਪਾਕਿਸਤਾਨੀ ਪੰਜਾਬੀਆਂ ਦੇ ਵਤੀਰੇ ਤੋਂ ਮੁਤਾਸਿਰ ਹੋਏ ਬਿਨਾ ਨਾ ਰਹਿ ਸਕਿਆ।

-ਪ੍ਰਿੰ.ਗੁਰਮੁਖ ਸਿੰਘ ਪੋਹੀੜ

# ਬਾਦਲਾਂ ਵਲੋਂ ਜ਼ਾਬਤੇ ਤੋਂ ਪਹਿਲਾਂ ਲੋਕਾਂ ਦੇ ਗਿਲੇ ਦੂਰ ਕਰਨ ਲਈ ਹੰਭਲਾ

**ਚੰਡੀਗੜ੍ਹ:** ਅਕਾਲੀ ਦਲ-ਭਾਜਪਾ ਗਠਜੋੜ ਨੇ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਸੂਬੇ ਦੇ ਲੋਕਾਂ ਲਈ ਸਹੂਲਤਾਂ ਦੀ ਝੜੀ ਲਾਈ ਹੋਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਮੰਤਰੀ ਮੰਡਲ ਨੇ ਦਸੰਬਰ ਦੇ ਅਖੀਰ ਵਿਚ ਚੋਣ ਜ਼ਾਬਤਾ ਲੱਗਣ ਦੀ ਸੰਭਾਵਨਾ ਨੂੰ ਦੇਖਦਿਆਂ ਵੱਖ-ਵੱਖ ਵਰਗਾਂ ਦੇ ਵੋਟਰਾਂ ਨੂੰ ਭਰਮਾਉਣ ਲਈ ਹੰਗਾਮੀ ਕਦਮ ਚੁੱਕਣ ਉਪਰ ਗੰਭੀਰ ਵਿਚਾਰਾਂ ਕੀਤੀਆਂ। ਮੰਤਰੀ ਮੰਡਲ ਨੇ ਪ੍ਰਧਾਨ ਮੰਤਰੀ ਉਜਵਲ ਯੋਜਨਾ ਤਹਿਤ ਪੰਜਾਬ ਦੇ 5 ਲੱਖ ਬੀ.ਪੀ.ਐਲ. ਪਰਿਵਾਰਾਂ ਨੂੰ ਮੁਫਤ ਐਲ.ਪੀ.ਜੀ. ਕੁਨੈਕਸ਼ਨ ਤੁਰਤ ਦੇਣ ਉਪਰ ਰਣਨੀਤੀ ਬਣਾਈ। ਸੂਤਰਾਂ ਅਨੁਸਾਰ ਇਸ ਮੌਕੇ ਮੰਤਰੀਆਂ ਨੂੰ ਦੱਸਿਆ ਗਿਆ ਕਿ ਸਰਕਾਰ ਨੇ ਪਹਿਲਾਂ ਹੀ ਨੇ ਆਪਣੇ ਹਿੱਸੇ ਦੀ ਰਾਸ਼ੀ ਜਮਾਂ ਕਰਵਾ ਦਿੱਤੀ ਹੈ, ਪਰ ਇਸ 'ਤੇ ਅੰਤਿਮ ਫੈਸਲਾ ਕੇਂਦਰ ਸਰਕਾਰ ਤੇ ਤੇਲ ਮਾਰਕੀਟਿੰਗ ਕੰਪਨੀਆਂ ਨੇ ਲੈਣਾ ਹੈ। ਸਬੰਧਤ ਅਫਸਰਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਇਸ ਸਕੀਮ ਨੂੰ ਲਾਗੂ ਕੀਤਾ ਜਾਵੇ।

ਨੋਟਬੰਦੀ ਕਾਰਨ ਸਮਾਜਿਕ ਸੁਰੱਖਿਆ ਅਧੀਨ 18 ਲੱਖ ਪੈਨਸ਼ਨਰਾਂ ਨੂੰ ਪੈਨਸ਼ਨਾਂ ਮੁਹੱਈਆ ਨਾ ਕਰਨ ਉਤੇ ਚਿੰਤਾ ਪ੍ਰਗਟ ਕੀਤੀ ਗਈ। ਇਸ ਸਬੰਧੀ ਸਬੰਧਤ ਵਿਭਾਗ ਨੇ 92 ਕਰੋੜ ਰੁਪਏ ਜਾਰੀ ਕਰਨੇ ਹਨ। ਮੰਤਰੀ ਮੰਡਲ ਨੇ ਵਿਦਿਆਰਥੀਆਂ ਪਾਸੋਂ ਵਾਧੂ ਫੀਸ ਲੈਣ ਦੇ ਅਮਲ ਰੋਕਣ ਲਈ 'ਦਿ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਣ-ਏਡਿਡ ਐਜੂਕੇਸ਼ਨ ਇੰਸਟੀਚਿਊਸ਼ਨਜ਼ ਆਰਡੀਨੈਂਸ-2016' ਨੂੰ ਸਹਿਮਤੀ ਦਿੱਤੀ ਹੈ।ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਸਬੰਧੀ ਤਖਤ ਸ੍ਰੀ ਪਟਨਾ ਸਾਹਿਬ (ਬਿਹਾਰ) ਦੇ ਮੁਫਤ ਦਰਸ਼ਨ ਕਰਵਾਉਣ ਲਈ 10 ਵਿਸ਼ੇਸ਼ ਰੇਲ ਗੱਡੀਆਂ ਅਤੇ 200 ਬੱਸਾਂ ਚਲਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਆਦਮਪੁਰ ਦੇ ਭਾਰਤੀ ਹਵਾਈ ਫੌਜ ਦੇ ਸਟੇਸ਼ਨ ਵਿਖੇ ਸਿਵਲ ਏਅਰ ਟਰਮੀਨਲ ਦਾ ਨਿਰਮਾਣ ਕਰਨ ਲਈ 16 ਕਰੋੜ ਰੁਪਏ ਦੀ ਲਾਗਤ ਨਾਲ ਜਲੰਧਰ ਜ਼ਿਲ੍ਹੇ ਦੇ ਪਿੰਡ ਕੰਦੋਲਾ ਵਿਚ 40 ਏਕੜ ਪੰਜ ਕਨਾਲ 14 ਮਰਲੇ ਜ਼ਮੀਨ ਪ੍ਰਾਪਤ ਕਰਨ ਅਤੇ ਇਹ ਜ਼ਮੀਨ ਏਅਰਪੋਰਟ ਅਥਾਰਟੀ ਆਫ ਇੰਡੀਆ ਨੂੰ ਤਬਦੀਲ ਕਰਨ ਲਈ ਪ੍ਰਵਾਨਗੀ ਦਿੱਤੀ



ਹੈ। ਮੰਤਰੀ ਮੰਡਲ ਨੇ ਰੀਅਲ ਅਸਟੇਟ ਸੈਕਟਰ ਨੂੰ ਰਿਆਇਤਾਂ ਦੇਣ ਸਬੰਧੀ ਨੀਤੀ ਨੂੰ ਪ੍ਰਵਾਨਗੀ ਦਿੱਤੀ ਹੈ। ਇਸ ਤਹਿਤ ਡਿਵੈਲਪਰਾਂ ਨੂੰ 31 ਦਸੰਬਰ, 2017 ਤੱਕ ਕਰਜ਼ਾ ਚੁਕਾਉਣ ਦੀ ਮਿਆਦ ਲੰਘਣ ਤੋਂ ਬਾਅਦ ਇਕ ਜਨਵਰੀ, 2018 ਤੋਂ ਛੇ ਤਿਮਾਹੀਆਂ ਵਿਚ ਬਕਾਏ ਦੀ ਅਦਾਇਗੀ ਕਰਨ ਦੀ ਇਜਾਜ਼ਤ ਮਿਲੇਗੀ। ਇਸ ਤੋਂ ਇਲਾਵਾ ਵਕਫੇ ਲਈ ਭੌਂ ਵਰਤੋਂ ਤਬਦੀਲੀ (ਸੀ.ਐਲ.ਯੂ.) ਦੀ ਵਸੂਲੀ ਦਾ ਪ੍ਰਾਜੈਕਟ ਦੇ ਸਰਬਪੱਖੀ ਵਿਕਾਸ 'ਤੇ ਅਸਰ ਨਹੀਂ ਹੋਵੇਗਾ।

ਈ.ਡੀ.ਸੀ. ਦੇ ਬਕਾਇਆ ਰਾਸ਼ੀ ਉਤੇ ਵਿਆਜ ਦੀ ਦਰ ਹੁਣ 10 ਫੀਸਦੀ ਦੀ ਥਾਂ 9.5 ਫੀਸਦੀ ਹੋਵੇਗੀ। ਦੰਡ ਵਿਆਜ ਤਿੰਨ ਫੀਸਦੀ ਦੀ ਥਾਂ ਇਕ ਫੀਸਦੀ ਹੋਵੇਗਾ। ਦੋ ਤਿਮਾਹੀਆਂ ਤੋਂ ਜ਼ਿਆਦਾ ਭੁਗਤਾਨ ਨਾ ਕਰ ਸਕਣ ਉਤੇ ਕਰਜ਼ਾ ਚੁਕਾਉਣ ਦੇ ਸਮੇਂ ਲਈ ਦਿੱਤਾ ਲਾਭ ਵਧਾਇਆ ਨਹੀਂ ਜਾਵੇਗਾ ਅਤੇ ਸੀ.ਐਲ.ਯੂ., ਨਕਸ਼ਾ ਅਤੇ ਇਮਾਰਤ ਪਲਾਨ ਆਦਿ ਨੂੰ ਰੋਕ ਦਿੱਤਾ ਜਾਵੇਗਾ। ਤਰਨ ਤਾਰਨ ਜ਼ਿਲ੍ਹੇ ਦੀ ਭਿਖੀਵਿੰਡ ਸਬ-ਤਹਿਸੀਲ ਦਾ ਦਰਜਾ ਵਧਾ ਕੇ ਸਬ-ਡਵੀਜ਼ਨ/ਤਹਿਸੀਲ ਬਣਾਉਣ ਦੀ ਪ੍ਰਵਾਨਗੀ ਦਿੱਤੀ ਹੈ। ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਐਕਟ-2012 ਵਿਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਹੈ ਜਿਸ ਨਾਲ ਕਮਿਸ਼ਨ ਦੇ ਚੇਅਰਮੈਨ ਨੂੰ 70 ਸਾਲ ਦੀ ਉਮਰ ਤੱਕ ਤਿੰਨ ਸਾਲ ਵਾਸਤੇ ਤਿੰਨ ਮਿਆਦਾਂ ਲਈ ਨਿਯੁਕਤ ਕਰਨ ਦਾ ਉਪਬੰਧ ਕੀਤਾ ਹੈ।

ਮੰਤਰੀ ਮੰਡਲ ਨੇ ਸੰਸਥਾਵਾਂ/ਜਨਤਕ ਇਮਾਰਤਾਂ ਤੋਂ ਵਸੂਲੀ ਜਾਣ ਵਾਲੀ ਕੰਪਾਊਂਡਿੰਗ ਫੀਸ ਨੂੰ ਤਰਕਸੰਗਤ ਬਣਾਉਣ ਲਈ ਕੰਪਾਊਂਡਿੰਗ ਨੀਤੀ ਨੂੰ ਸੋਧਣ ਦੀ ਪ੍ਰਵਾਨਗੀ ਦਿੱਤੀ ਹੈ ਜੋ ਪਹਿਲਾਂ 17 ਅਗਸਤ, 2016 ਨੂੰ ਜਾਰੀ ਕੀਤੀ ਗਈ ਸੀ। ਜਨਤਕ ਇਮਾਰਤਾਂ ਤੇ ਸੰਸਥਾਵਾਂ ਉਤੇ 50 ਫੀਸਦੀ ਕੰਪਾਊਂਡਿੰਗ ਫੀਸ ਖਤਮ ਕਰ ਦਿੱਤੀ ਹੈ। ਸਬ-ਡਵੀਜ਼ਨਲ ਭੌਂ ਸੰਭਾਲ ਅਧਿਕਾਰੀਆਂ ਦੇ 25 ਫੀਸਦੀ ਸਿੱਧੇ ਕੋਟੇ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ ਜਿਸ ਨਾਲ ਹੁਣ ਭੌਂ ਸੰਭਾਲ ਅਫਸਰਾਂ ਵਿਚੋਂ 100 ਫੀਸਦੀ ਅਧਿਕਾਰੀ ਪਦ-ਉਨਤ ਹੋਣਗੇ। ਇਸ ਤੋਂ ਇਲਾਵਾ ਯੂ.ਏ.ਈ. ਵਿਚ ਯੂਨਾਈਟਿਡ ਅਰਬ ਅਮੀਰਾਤ (ਯੂ.ਏ.ਈ.) ਵਿਚ ਪੰਜਾਬ ਦੇ 10 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਤੋਂ ਬਚਾਉਣ ਲਈ ਦੋ ਮੰਤਰੀਆਂ ਪਰਮਿੰਦਰ ਸਿੰਘ ਢੀਂਡਸਾ ਅਤੇ ਮਦਨ ਮੋਹਨ ਮਿੱਤਲ ਨੂੰ ਯੂ.ਏ.ਈ. ਸਥਿਤ ਭਾਰਤੀ ਮਿਸ਼ਨ ਵਿਚ ਭੇਜਣ ਦਾ ਫੈਸਲਾ ਕੀਤਾ ਹੈ। ਇਹ ਮੰਤਰੀ ਉਨ੍ਹਾਂ ਦੀ ਰਿਹਾਈ ਲਈ ਸੰਭਾਵਨਾਵਾਂ ਦਾ ਪਤਾ ਲਾ ਕੇ ਪ੍ਰਭਾਵੀ ਕਦਮ ਚੁੱਕਣਗੇ।

## ਸਰਕਾਰ ਡੇਰਿਆਂ ਦਾ ਲਾਹਾ ਲੈਣ ਲਈ ਪੱਬਾਂ ਭਾਰ

**ਫ਼ਾਜ਼ਿਲਕਾ:** ਪੰਜਾਬ ਵਿਚ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਕਾਲੀ-ਭਾਜਪਾ ਸਰਕਾਰ ਪੰਜਾਬ ਵਿਚ ਡੇਰਾ ਮੁਖੀਆਂ ਦੀ ਮਦਦ ਲੈਣ ਲਈ ਅੰਦਰਖਾਤੇ ਵੱਡੇ ਯਤਨ ਕਰ ਰਹੀ ਹੈ। ਕੁਝ ਸਮਾਂ ਪਹਿਲਾਂ ਸਰਕਾਰ ਨੇ ਪੰਜਾਬ 'ਚ ਜਿੰਨੇ ਵੀ ਡੇਰੇ ਹਨ, ਉਨ੍ਹਾਂ ਨੂੰ ਜਾਂਦੀਆਂ ਸੜਕਾਂ ਪੱਕੀਆਂ ਕਰਵਾਉਣ ਦੀ ਪਹਿਲਕਦਮੀ ਕੀਤੀ ਸੀ, ਹੁਣ ਪੰਜਾਬ ਦੇ ਇਕ ਪ੍ਰਮੁੱਖ ਡੇਰਾ ਮੁਖੀ ਦੀ ਮਦਦ ਲੈਣ ਵਿਚ ਅਕਾਲੀ ਭਾਜਪਾ ਸਰਕਾਰ ਕੁਝ ਸਫਲ ਹੁੰਦੀ ਨਜ਼ਰ ਆ ਰਹੀ ਹੈ। ਪੰਜਾਬ ਵਿਚ ਪੁਰਾਤਨ ਸਮੇਂ ਤੋਂ ਚਲੇ ਆ ਰਹੇ ਇਸ ਡੇਰੇ ਦੇ ਭਾਰੀ ਗਿਣਤੀ 'ਚ ਸ਼ਰਧਾਲੂ ਹਨ। ਡੇਰਾ ਮੁਖੀ ਵੱਲੋਂ ਮਾਲਵਾ ਖੇਤਰ 'ਚ ਅਚਨਚੇਤ ਆਪਣੇ ਪ੍ਰੋਗਰਾਮ ਵੀ ਰੱਖੇ ਜਾ ਰਹੇ ਹਨ, ਜਿਥੇ ਡੇਰਾ ਮੁਖੀ ਤੋਂ ਇਲਾਵਾ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂ ਵੀ ਸ਼ਿਰਕਤ ਕਰ ਰਹੇ ਹਨ।

ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਪ੍ਰਮੁੱਖ ਡੇਰੇ ਦੇ ਪ੍ਰਚਾਰਕ ਪਿੰਡਾਂ ਵਿਚ ਜਾ ਕੇ ਨਾਲ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਦੇ ਅਤਿ ਨਜ਼ਦੀਕੀ ਵਿਅਕਤੀਆਂ ਨਾਲ ਡੇਰੇ ਦੇ ਪੈਰੋਕਾਰਾਂ ਨੂੰ ਮਿਲਦੇ ਹਨ, ਜਿਥੇ ਹਾਜ਼ਰ ਮੀਟਿੰਗ 'ਚ ਡੇਰੇ ਦੇ ਪੈਰੋਕਾਰਾਂ ਵੱਲੋਂ ਸੰਗਤਾਂ ਦੇ ਕੰਮ ਪੁੱਛੇ ਜਾਂਦੇ ਹਨ, ਜਿਸ ਨੂੰ ਹਾਜ਼ਰ ਸਿਆਸੀ ਆਗੂ ਮੌਕੇ 'ਤੇ ਹੀ ਨਿਪਟਾਉਣ ਦੇ ਯਤਨ ਕਰਦੇ ਹਨ। ਡੇਰੇ ਦੇ ਆਗੂ ਸੰਗਤਾਂ ਨੂੰ ਸਰਕਾਰ ਨਾਲ ਚੱਲਣ ਦਾ ਇਸ਼ਾਰੇ ਇਸ਼ਾਰੇ 'ਚ ਕਹਿ ਜਾਂਦੇ ਹਨ। ਪਹਿਲਾ ਕੁਝ ਸਮਾਂ ਇਹ ਗੱਲ ਗੁੱਝੀ ਬਣੀ ਹੋਈ ਸੀ, ਪਰ ਹੁਣ ਪਿੰਡ ਪੱਧਰ, ਖਾਸਕਰ, ਬਠਿੰਡਾ, ਲੰਬੀ, ਸ੍ਰੀ ਮੁਕਤਸਰ ਸਾਹਿਬ, ਫ਼ਾਜ਼ਿਲਕਾ ਆਦਿ ਜ਼ਿਲ੍ਹਿਆਂ 'ਚ ਮੀਟਿੰਗਾਂ ਦੀਆਂ ਖਬਰਾਂ ਅਕਸਰ ਹੀ ਮਿਲ ਰਹੀਆਂ ਹਨ।

## ਪੰਜਾਬ ਵਿਧਾਨ ਸਭਾ ਚੋਣਾਂ ਛੇਤੀ ਹੋਣ ਦੀ ਸੰਭਾਵਨਾ

**ਚੰਡੀਗੜ੍ਹ:** ਚੋਣ ਕਮਿਸ਼ਨ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਤੋਂ ਪਹਿਲਾਂ ਕਰਵਾਏ ਜਾਣ ਬਾਰੇ ਗੰਭੀਰ ਹੈ। ਸੂਤਰਾਂ ਮੁਤਾਬਕ ਚੋਣ ਜ਼ਾਬਤਾ ਕਿਸੇ ਵੇਲੇ ਵੀ ਲੱਗ ਸਕਦਾ ਹੈ ਤੇ ਚੋਣਾਂ 20 ਤੋਂ 30 ਜਨਵਰੀ ਦੇ ਦਰਮਿਆਨ ਹੋ ਸਕਦੀਆਂ ਹਨ। ਚੋਣ ਕਮਿਸ਼ਨ ਦੇ ਨੁਮਾਇੰਦਿਆਂ ਨੇ ਸੂਬੇ ਦੀ ਵਿਗੜੀ ਹੋਈ ਕਾਨੂੰਨ ਵਿਵਸਥਾ, ਨਸ਼ਿਆਂ ਦੇ ਪ੍ਰਕੋਪ ਅਤੇ ਘਟੀਆ ਕਾਰਗੁਜ਼ਾਰੀ ਵਾਲੇ ਅਫਸਰਾਂ ਦੀ ਤਾਇਨਾਤੀ ਦੇ ਮੁੱਦੇ 'ਤੇ ਸੂਬਾ ਸਰਕਾਰ ਦੇ ਅਧਿਕਾਰੀਆਂ ਨਾਲ ਨਾਰਾਜ਼ਗੀ ਪ੍ਰਗਟ ਕੀਤੀ ਹੈ ਅਤੇ ਇਨ੍ਹਾਂ ਮੁੱਦਿਆਂ 'ਤੇ ਸਰਕਾਰ ਦੀ ਕਾਰਗੁਜ਼ਾਰੀ ਬਿਹਤਰ ਬਣਾਉਣ ਲਈ ਕਿਹਾ।

ਕਮਿਸ਼ਨ ਨੇ ਚੋਣਾਂ ਦੌਰਾਨ ਨੀਮ ਸੁਰੱਖਿਆ ਬਲਾਂ ਦੀਆਂ 600 ਕੰਪਨੀਆਂ ਤਾਇਨਾਤ ਕਰਨ ਦਾ ਭਰੋਸਾ ਦਿੱਤਾ ਹੈ। ਪੰਜਾਬ, ਉਤਰ ਪ੍ਰਦੇਸ਼, ਉਤਰਾਖੰਡ, ਗੋਆ ਅਤੇ ਮਨੀਪੁਰ ਰਾਜਾਂ ਦੀਆਂ ਚੋਣਾਂ ਇਕੱਠਿਆਂ ਹੋਣੀਆਂ ਹਨ। ਕਮਿਸ਼ਨ ਦੇ ਨੁਮਾਇੰਦਿਆਂ ਨੇ ਸਪੱਸ਼ਟ ਕੀਤਾ ਕਿ ਸਾਰੇ ਰਾਜਾਂ ਦੀਆਂ ਚੋਣਾਂ ਇਕੱਠੀਆਂ ਤਾਂ ਕਰਾਈਆਂ ਨਹੀਂ ਜਾ ਸਕਦੀਆਂ ਕਿਉਂਕਿ ਉਤਰ ਪ੍ਰਦੇਸ਼ ਦੀਆਂ ਚੋਣਾਂ 6 ਗੇੜਾਂ ਵਿਚ ਹੋਣੀਆਂ ਹਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ।

# ਅਕਾਲੀ ਆਗੂਆਂ ਨੂੰ ਚੜ੍ਹਿਆ ਹਕੂਮਤ ਦਾ ਨਸ਼ਾ

### ਸਰਪੰਚ ਦੇ ਮੁੰਡੇ ਨੇ ਹੌਲਦਾਰ ਨੂੰ ਨੰਗਾ ਕਰ ਕੇ ਘੁਮਾਇਆ

**ਬਠਿੰਡਾ:** ਬਠਿੰਡਾ ਜ਼ਿਲ੍ਹੇ ਦੇ ਪਿੰਡ ਵਿਰਕ ਕਲਾਂ ਦੇ ਅਕਾਲੀ ਸਰਪੰਚ ਦੇ ਦੋ ਮੁੰਡਿਆਂ ਨੇ ਸਾਰੀਆਂ ਹੱਦਾਂ ਤੋੜਦਿਆਂ ਮਾਮੂਲੀ ਤਕਰਾਰ ਤੋਂ ਬਾਅਦ ਹੌਲਦਾਰ ਮਲਕੀਤ ਸਿੰਘ ਨੂੰ ਨਿਰਵਸਤਰ ਕਰ ਕੇ ਨਾ ਸਿਰਫ ਪਿੰਡ ਵਿਚ ਘੁਮਾਇਆ, ਸਗੋਂ ਉਸ ਨੂੰ ਜੁੱਤੀ ਚੱਟਣ ਲਈ ਵੀ ਮਜਬੂਰ ਕੀਤਾ।



ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਵਿਰਕ ਕਲਾਂ-ਕੋਟਭਾਈ ਪਿੰਡ ਦੀ ਸੜਕ 'ਤੇ ਮਲਕੀਤ ਦੀ ਨਿੱਜੀ ਕਾਰ ਨਾਲ ਟਰੈਕਟਰ ਟਰਾਲੀ ਖਹਿ ਗਈ ਜਿਸ 'ਚ ਲੱਖੇ ਸਮੇਤ ਚਾਰ ਜਣੇ ਸਵਾਰ ਸਨ।

ਜ਼ਿਕਰਯੋਗ ਹੈ ਕਿ ਵਿਰਕ ਕਲਾਂ ਨੇੜੇ ਬਠਿੰਡਾ ਹਵਾਈ ਅੱਡੇ ਦਾ ਉਦਘਾਟਨ ਹੋਣਾ ਸੀ ਜਿਥੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਅਸ਼ੋਕ ਗਣਪਤੀ ਰਾਜੂ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਕਈ ਹਸਤੀਆਂ ਨੇ ਹਿੱਸਾ ਲੈਣਾ ਸੀ ਅਤੇ ਮਲਕੀਤ ਤੇ ਇਕ ਹੋਰ ਪੁਲਿਸ ਕਰਮੀ ਦੀ ਵੀ.ਆਈ.ਪੀ. ਡਿਊਟੀ ਲੱਗੀ ਹੋਈ ਸੀ। ਹਮਲਾਵਰਾਂ ਉਤੇ ਪਹਿਲਾਂ ਹੀ ਕਈ ਸੰਗੀਨ ਮਾਮਲੇ ਚੱਲ ਰਹੇ ਹਨ ਅਤੇ ਉਨ੍ਹਾਂ ਨਾਲ ਬੈਠਾ ਇਕ ਸੀਰੀ ਟਰੈਕਟਰ ਟਰਾਲੀ ਤੋਂ ਉਤਰ ਕੇ ਕਾਰ ਠੀਕ ਢੰਗ ਨਾਲ ਨਾ ਖੜ੍ਹੀ ਕਰਨ ਨੂੰ ਲੈ ਕੇ ਪੁਲਿਸ ਕਰਮੀਆਂ ਨਾਲ ਤਕਰਾਰ ਕਰਨ ਲੱਗ ਪਿਆ। ਦੋਵੇਂ ਪਾਸਿਆਂ ਤੋਂ ਜਦੋਂ ਤਿੱਖੀ ਤਕਰਾਰ ਸ਼ੁਰੂ ਹੋ ਗਈ ਤਾਂ ਲੱਖੇ ਤੇ ਉਸ ਦੇ ਸਾਥੀਆਂ ਨੇ ਡੰਡੇ ਕੱਢ ਕੇ ਉਨ੍ਹਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਮਲਕੀਤ ਦੇ ਨਾਲ ਵਾਲਾ ਪੁਲਿਸ ਕਰਮੀ ਮੌਕਾ ਦੇਖ ਕੇ ਉਥੋਂ ਭੱਜ ਨਿਕਲਿਆ ਜਦਕਿ ਉਨ੍ਹਾਂ ਮਲਕੀਤ ਸਿੰਘ ਨੂੰ ਢਾਹ ਲਿਆ ਅਤੇ ਬੁਰੀ ਤਰ੍ਹਾਂ ਕੁੱਟਿਆ। ਉਸ ਦੀ ਵਰਦੀ ਲੀਰਾਂ ਕਰ ਦਿੱਤੀ ਅਤੇ ਟਰਾਲੀ 'ਚ ਨਿਰਵਸਤਰ ਕਰ ਕੇ ਮੰਜੇ ਉਤੇ ਬਿਠਾ ਦਿੱਤਾ।

ਪ੍ਰਤੱਖ ਦਰਸ਼ੀ ਮੁਤਾਬਕ ਮੁਲਜ਼ਮਾਂ ਨੇ ਟਰਾਲੀ ਨੂੰ ਫਿਰਨੀ ਉਤੇ ਗੇੜੇ ਦੁਆਏ ਅਤੇ ਫਿਰ ਲੱਖੇ ਨੇ ਉਸ ਨੂੰ ਜੁੱਤੀ ਚੱਟਣ ਲਈ ਆਖਿਆ। ਬਾਅਦ 'ਚ ਹਮਲਾਵਰ ਉਸ ਨੂੰ ਆਪਣੇ ਘਰ ਲੈ ਗਏ। ਬਚ ਕੇ ਨਿਕਲੇ ਪੁਲਿਸ ਕਰਮੀ ਨੇ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਜਿਨ੍ਹਾਂ ਮਲਕੀਤ ਨੂੰ ਬਚਾਇਆ ਅਤੇ ਉਸ ਨੂੰ ਬਠਿੰਡਾ ਦੇ ਸਿਵਲ ਹਸਪਤਾਲ 'ਚ ਦਾਖਲ ਕਰਾਇਆ। ਮਲਕੀਤ ਦੇ 9 ਥਾਵਾਂ ਉਤੇ ਸੱਟਾਂ ਲੱਗੀਆਂ ਹਨ ਅਤੇ ਫਰੈਕਚਰ ਹੋਏ ਹਨ। ਹੌਲਦਾਰ ਨੇ ਦੱਸਿਆ ਕਿ ਬਿਨਾਂ ਕਸੂਰ ਦੇ ਉਸ ਨਾਲ ਕੁੱਟਮਾਰ ਕੀਤੀ ਗਈ ਅਤੇ ਪਰੇਡ ਕਰਾਈ ਗਈ।

ਐਸ.ਐਸ.ਪੀ. ਸਵਪਨ ਸ਼ਰਮਾ ਨੇ ਕਿਹਾ ਕਿ ਲਖਵਿੰਦਰ ਲੱਖਾ ਖਿਲਾਫ ਪਹਿਲਾਂ ਤੋਂ ਹੀ ਅਗਵਾ, ਹੱਤਿਆ ਦੀ ਕੋਸ਼ਿਸ਼, ਕੁੱਟਮਾਰ ਤੇ ਹੋਰ ਗੰਭੀਰ ਕੇਸ ਚੱਲ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਹ ਪਰਿਵਾਰ ਸਮੇਤ ਫਰਾਰ ਹੋ ਗਿਆ ਹੈ।

## ਅਕਾਲੀ ਆਗੂ ਦੇ ਭਰਾ ਵੱਲੋਂ ਗ੍ਰੰਥੀ ਦੀ ਕੁੱਟਮਾਰ

**ਸੰਗਰੂਰ:** ਇਥੋਂ ਦੇ ਇਕ ਅਕਾਲੀ ਆਗੂ ਦੇ ਭਰਾ ਵੱਲੋਂ ਗੁਰਦੁਆਰਾ ਨਾਨਕਪੁਰਾ ਸਾਹਿਬ ਦੇ ਬਜ਼ੁਰਗ ਗ੍ਰੰਥੀ ਦੀ ਕੁੱਟਮਾਰ ਕੀਤੀ। ਕੁੱਟਮਾਰ ਦਾ ਸ਼ਿਕਾਰ ਹੋਏ ਗ੍ਰੰਥੀ ਨੂੰ ਸਥਾਨਕ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਇਸ ਘਟਨਾ ਤੋਂ ਰੋਹ ਵਿਚ ਆਏ ਗ੍ਰੰਥੀਆਂ ਅਤੇ ਪਰਿਵਾਰਕ ਸਮਰਥਕਾਂ ਵੱਲੋਂ ਸ਼ਹਿਰ ਵਿਚ ਅਕਾਲੀ ਆਗੂ ਦੀ ਦੁਕਾਨ ਅੱਗੇ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੱਤਾ ਗਿਆ। ਗ੍ਰੰਥੀ ਦੇ ਪੁੱਤਰ ਹਰਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਦਰਸ਼ਨ ਸਿੰਘ (63 ਸਾਲ), ਜੋ ਗੁਰਦੁਆਰਾ ਨਾਨਕਪੁਰਾ ਸਾਹਿਬ ਵਿਚ ਪਿਛਲੇ ਕਈ ਸਾਲਾਂ ਤੋਂ ਬਤੌਰ ਗ੍ਰੰਥੀ ਸੇਵਾ ਨਿਭਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ (ਸ਼ਹਿਰੀ) ਦੇ ਜ਼ਿਲ੍ਹਾ ਪ੍ਰਧਾਨ ਦਾ ਭਰਾ ਪ੍ਰੇਮਜੀਤ ਸਿੰਘ ਗੁਰਦੁਆਰੇ ਵਿਚ ਪੁੱਜ ਗਿਆ ਅਤੇ ਕਮਰੇ ਵਿਚ ਆ ਕੇ ਉਸ ਦੇ ਪਿਤਾ ਨਾਲ ਝਗੜਾ ਕਰਨ ਲੱਗ ਪਿਆ। ਪ੍ਰੇਮਜੀਤ ਸਿੰਘ ਨੇ ਉਸ ਦੇ ਪਿਤਾ ਦੀ ਕੁੱਟਮਾਰ ਕੀਤੀ।

## ਸੁਖਬੀਰ ਬਾਦਲ ਦੀ ਮਨਮਾਨੀ ਵਿਰੁਧ ਵਕੀਲਾਂ ਦਾ ਰੋਹ

**ਚੰਡੀਗੜ੍ਹ:** ਪੁਲਿਸ ਸਟੇਸ਼ਨ ਅਮੀਰ ਖਾਸ ਨੂੰ ਸਬ-ਡਿਵੀਜ਼ਨ ਗੁਰੂ ਹਰਸਹਾਏ ਦੇ ਅਧਿਕਾਰ ਖੇਤਰ ਤੋਂ ਕੱਢ ਕੇ ਜਲਾਲਾਬਾਦ ਸਬ-ਡਿਵੀਜ਼ਨ 'ਚ ਸ਼ਾਮਲ ਕਰਨ ਦਾ ਵਿਵਾਦਤ ਸਿਆਸੀ ਮਸਲਾ ਬਣ ਗਿਆ ਹੈ। ਇਥੋਂ ਦੇ ਵਕੀਲਾਂ ਦੀ ਸੰਸਥਾ ਨੇ ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਨੂੰ ਦੇ ਨਾਲ ਨਾਲ ਭਾਰਤੀ ਚੋਣ ਕਮਿਸ਼ਨਰ ਨੂੰ ਵੀ ਇਸ ਸਬੰਧੀ ਸ਼ਿਕਾਇਤ ਭੇਜੀ ਹੈ।

ਗੁਰੂ ਹਰਸਹਾਏ ਬਾਰ ਐਸੋਸੀਏਸ਼ਨ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਹੈ ਕਿ ਪੰਜਾਬ ਸਰਕਾਰ ਆਪਣੀ ਸ਼ਕਤੀ ਦੀ ਵਰਤੋਂ ਮਨਮਰਜ਼ੀ ਨਾਲ ਜਨਤਕ ਹਿੱਤਾਂ ਵਿਰੁੱਧ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਪ ਮੁੱਖ ਮੰਤਰੀ ਸੁਖਬੀਰ ਬਾਦਲ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਆਪਣੇ ਸੰਭਾਵੀ ਚੋਣ ਹਲਕੇ ਜਲਾਲਾਬਾਦ ਵਿਚ ਵੋਟਰਾਂ ਦੀ ਗਿਣਤੀ ਵਧਾਉਣ ਲਈ ਅਜਿਹਾ ਕਰ ਰਹੇ ਹਨ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਚੈਨ ਸਿੰਘ ਸੋਢੀ ਨੇ ਕਿਹਾ ਕਿ ਫਿਰੋਜ਼ਪੁਰ ਦੀ ਸਬ-ਡਿਵੀਜ਼ਨ ਗੁਰੂ ਹਰਸਹਾਏ ਦੇ ਅਧਿਕਾਰ ਖੇਤਰ 'ਚ ਆਉਂਦੇ ਅਮੀਰ ਖਾਸ ਪੁਲਿਸ ਸਟੇਸ਼ਨ ਅਤੇ ਮਾਲੀਆ ਤੇ ਸਿਵਲ ਅਦਾਲਤਾਂ ਨੂੰ ਫਾਜ਼ਿਲਕਾ ਦੀ ਸਬ-ਡਿਵੀਜ਼ਨ ਜਲਾਲਾਬਾਦ ਦੇ ਅਧਿਕਾਰ ਖੇਤਰ ਵਿਚ ਸ਼ਾਮਲ ਕਰਨ ਨਾਲ ਸਾਰਾ ਸਿਆਸੀ ਦ੍ਰਿਸ਼ ਬਦਲ ਜਾਵੇਗਾ।

# ਉਦਘਾਟਨ ਦੇ ਅਗਲੇ ਦਿਨ ਹੀ ਸੁਖਬੀਰ ਦੀ ਪਾਣੀ ਵਾਲੀ ਬੱਸ ਨੂੰ ਬਰੇਕ

**ਹਰੀਕੇ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਾਣੀ ਵਾਲੀ ਬੱਸ ਨੂੰ ਉਦਘਾਟਨ ਦੇ ਅਗਲੇ ਦਿਨ ਹੀ ਬਰੇਕ ਲੱਗ ਗਈ। ਤਕਰੀਬਨ 10 ਕਰੋੜ ਰੁਪਏ ਦੀ ਲਾਗਤ ਵਾਲੀ ਇਸ ਬੱਸ ਦੇ ਝੂਟੇ ਲੈਣ ਲਈ ਅਜੇ ਉਡੀਕ ਕਰਨੀ ਪਵੇਗੀ। ਇਸ ਦਾ ਕਾਰਨ ਝੀਲ ਵਿਚ ਪਾਣੀ ਦਾ ਘੱਟ ਪੱਧਰ ਦੱਸਿਆ ਗਿਆ ਹੈ।

ਅਸਲ ਵਿਚ, ਇਨ੍ਹਾਂ ਦਿਨਾਂ ਵਿਚ ਹਰੀਕੇ ਝੀਲ ਵਿਚ ਪਾਣੀ ਦਾ ਪੱਧਰ ਘਟ ਜਾਂਦਾ ਹੈ, ਜੋ ਗਰਮੀਆਂ ਵਿਚ ਪਹਾੜਾਂ ਉਤੇ ਬਰਫ ਪਿਘਲਣ ਪਿਛੋਂ ਵਧਦਾ ਹੈ, ਪਰ ਸੁਖਬੀਰ ਬਾਦਲ ਅਗਲੇ




ਵਰ੍ਹੇ ਹੋ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਸ ਬੱਸ ਦਾ ਉਦਘਾਟਨ ਕਰਨ ਉਤੇ ਅੜੇ ਸਨ। ਇਸ ਮਕਸਦ ਲਈ ਝੀਲ ਵਿਚ ਵਾਧੂ ਪਾਣੀ ਵੀ ਛੱਡਿਆ ਗਿਆ, ਜਿਸ ਕਾਰਨ ਕਿਸਾਨਾਂ ਦੀ 500 ਏਕੜ ਕਣਕ ਦੀ ਫਸਲ ਬਰਬਾਦ ਹੋ ਗਈ, ਪਰ ਸਰਕਾਰ ਦੀ ਇਹ ਕੋਸ਼ਿਸ਼ ਕਿਸੇ ਕੰਮ ਨਾ ਆਈ। ਕਿਸਾਨਾਂ ਵਿਚ ਉਲਟਾ ਸਰਕਾਰ ਵਿਰੁਧ ਰੋਹ ਉਠ ਖਲੋਤਾ ਹੈ। ਅਸਲ ਵਿਚ, ਪਾਣੀ ਦਾ ਪੱਧਰ ਘੱਟ ਹੋਣ ਕਾਰਨ ਬੱਸ ਦਾ ਪਹਿਲਾ ਟਰੈਲ ਫੇਲ੍ਹ ਹੋ ਗਿਆ ਸੀ, ਜਿਸ ਕਾਰਨ ਤਕਨੀਕੀ ਮਾਹਰਾਂ ਨੇ ਬੱਸ ਚਲਾਉਣ ਦਾ ਕਾਰਜ ਟਾਲਣ ਦਾ ਸੁਝਾਅ ਦਿੱਤਾ ਸੀ, ਪਰ ਸੁਖਬੀਰ ਆਪਣੇ ਸੁਪਨਮਈ ਪ੍ਰੋਜੈਕਟ ਨੂੰ ਚੋਣਾਂ ਤੋਂ ਪਹਿਲਾਂ ਸ਼ੁਰੂ ਕਰਨ ਉਤੇ ਅੜੇ ਰਹੇ। ਸਿਆਸੀ ਲਾਭ ਲਈ ਭਾਖੜਾ ਡੈਮ ਦੇ ਗੇਟਾਂ ਨੂੰ ਚੁੱਕ ਦਿੱਤਾ ਗਿਆ। ਪਾਣੀ ਦਾ ਪੱਧਰ ਵਧਣ ਕਾਰਨ ਸੈਂਕੜੇ ਏਕੜ ਫਸਲ ਡੁੱਬ ਗਈ। ਉਦਘਾਟਨ ਤੋਂ ਬਾਅਦ ਜਦ ਗੇਟ ਹੇਠਾਂ ਕੀਤੇ ਤਾਂ ਪਾਣੀ ਦਾ ਪੱਧਰ ਮੁੜ ਘਟ ਗਿਆ ਜਿਸ ਕਾਰਨ 10 ਕਰੋੜ ਦੀ ਲਾਗਤ ਵਾਲੀ ਬੱਸ ਨੂੰ ਇਕ ਦਿਨ ਬਾਅਦ ਰੋਕ ਦਿੱਤਾ ਗਿਆ।

ਉਦਘਾਟਨ ਸਮੇਂ ਸੁਖਬੀਰ ਸਿੰਘ ਬਾਦਲ ਖੁਦ ਬੱਸ ਵਿਚ ਸਵਾਰ ਸਨ। ਉਪ ਮੁੱਖ ਮੰਤਰੀ ਨੇ ਆਖਿਆ ਕਿ ਉਨ੍ਹਾਂ ਦਾ ਇਕ ਹੋਰ ਸੁਪਨਮਈ ਪ੍ਰਾਜੈਕਟ ਪੂਰਾ ਹੋਇਆ ਹੈ, ਜਿਸ ਬਾਰੇ ਵਿਰੋਧੀਆਂ ਤੇ ਹੋਰਾਂ ਨੇ ਵੱਡੀ ਆਲੋਚਨਾ ਕੀਤੀ ਸੀ। ਆਲੋਚਨਾ ਕਰਨ ਵਾਲਿਆਂ ਬਾਰੇ ਉਨ੍ਹਾਂ ਆਖਿਆ ਸੀ ਕਿ ਕਾਂਗਰਸੀ ਅਤੇ 'ਆਪ' ਵਾਲੇ ਹੁਣ ਇਸ ਜਲ ਬੱਸ ਵਿਚ ਸਵਾਰ ਹੋ ਕੇ ਕੁਦਰਤ ਦੇ ਨਜ਼ਾਰੇ ਦਾ ਆਨੰਦ ਲੈ ਸਕਦੇ ਹਨ।

ਹਰੀਕੇ ਤੋਂ ਇਸ ਬੱਸ ਵਿਚ ਸਵਾਰ ਹੋ ਕੇ ਝੀਲ ਦਾ ਆਨੰਦ ਮਾਣਨ ਦੀ ਫੀਸ 800 ਰੁਪਏ ਪ੍ਰਤੀ ਸਵਾਰੀ ਰੱਖੀ ਗਈ ਸੀ, ਜਦੋਂ ਕਿ ਅੰਮ੍ਰਿਤਸਰ ਤੋਂ ਆਉਣ ਵਾਲੇ ਯਾਤਰੀਆਂ ਵਾਸਤੇ ਆਉਣ-ਜਾਣ ਸਮੇਤ 2000 ਰੁਪਏ ਪ੍ਰਤੀ ਸਵਾਰੀ ਫੀਸ ਰੱਖੀ ਸੀ।

# ਢਾਈ ਅਰਬ ਸਾਲ ਪਹਿਲਾਂ ਆਕਸੀਜਨ ਦੇ ਬਿਨਾ ਸੀ ਜੀਵਨ



**ਵਾਸ਼ਿੰਗਟਨ :** ਵਿਗਿਆਨੀਆਂ ਨੂੰ ਮਿਲੇ 2.52 ਅਰਬ ਸਾਲ ਪੁਰਾਣੇ ਬੈਕਟੀਰੀਆ ਜੀਵਾਸ਼ਮ ਨਾਲ ਧਰਤੀ ਉਤੇ ਸ਼ੁਰੂਆਤੀ ਜੀਵਨ ਆਕਸੀਜਨ ਦੇ ਬਗੈਰ ਹੀ ਹੋਂਦ ਵਿਚ ਰਹਿਣ ਦਾ ਪਤਾ ਲੱਗਾ ਹੈ। ਵਿਗਿਆਨੀਆਂ ਦਾ ਦਾਅਵਾ ਹੈ ਕਿ 4.5 ਅਰਬ ਸਾਲ ਪੁਰਾਣੇ ਸਾਡੇ ਗ੍ਰਹਿ ਦੇ ਜੀਵਨ ਦਾ ਪਹਿਲਾ ਅੱਧਾ ਹਿੱਸਾ ਸ਼ੁਰੂਆਤੀ ਬੈਕਟੀਰੀਆ ਦੀ ਉਤਪਤੀ ਅਤੇ ਉਸ ਦੇ ਵਿਕਾਸ ਲਈ ਮਹੱਤਵਪੂਰਣ ਸਮਾਂ ਸੀ। ਜੀਵਨ ਦੇ ਇਨ੍ਹਾਂ ਰੂਪਾਂ ਬਾਰੇ ਕੁਝ ਵੀ ਕਹਿਣ ਲਈ ਸਬੂਤ ਬਹੁਤ ਘੱਟ ਹੀ ਹਨ। ਇਸ ਗੱਲ ਦੇ ਵੀ ਸਬੂਤ ਘੱਟ ਹਨ ਕਿ ਉਸ ਸਥਿਤੀ 'ਚ ਕਿਸ ਤਰ੍ਹਾਂ ਦੀ ਹੋਂਦ ਵਿਚ ਰਹੇ ਸਨ ਜਦੋਂ ਵਾਯੂਮੰਡਲ 'ਚ ਆਕਸੀਜਨ ਬਹੁਤ ਘੱਟ ਸੀ। ਅਮਰੀਕਾ ਦੀ ਯੂਨੀਵਰਸਿਟੀ ਸਿਨਸਿਨਾਟੀ ਦੇ ਵਿਗਿਆਨੀਆਂ ਨੇ ਦੱਖਣੀ ਅਫਰੀਕਾ ਦੇ ਉਤਰੀ ਕੇਪ ਸੂਬੇ 'ਚ ਦੋ ਅਲੱਗ-ਅਲੱਗ ਥਾਵਾਂ 'ਚ ਜੀਵਾਸ਼ਮ ਸਭ ਤੋਂ ਪੁਰਾਣਾ ਹੈ। ਇਸ ਨਾਲ ਜੀਵਨ ਦੀ ਵਿਭਿੰਨਤਾ ਅਤੇ ਤੰਤਰ ਦੀ ਖੋਜ ਕਰਨ 'ਚ ਸਾਨੂੰ ਮਦਦ ਮਿਲੇਗੀ। ਵਾਯੂਮੰਡਲ ਦੇ ਸਭ ਤੋਂ ਵੱਡੇ ਬਦਲਾਅ ਅਰਥਾਤ ਆਕਸੀਕਰਨ ਹੋਣ ਤੋਂ ਪਹਿਲਾਂ ਦੇ ਸਮੇਂ 'ਚ ਜੀਵਨ ਵਿਵਸਥਾ ਬਾਰੇ ਖੋਜ ਹੋ ਸਕੇਗੀ।

## ਬਰਫ 'ਚ ਜਮਾਈਆਂ 5 ਹਜ਼ਾਰ ਮੱਛੀਆਂ

**ਟੋਕੀਓ:** ਜਾਪਾਨ ਦੇ ਐਮਿਊਜ਼ਮੈਂਟ ਪਾਰਕ ਸਪੇਸ ਵਰਲਡ ਨੂੰ ਸਕੇਟਿੰਗ ਰਿੰਗ ਵਿਚ ਦਰਸ਼ਕਾਂ ਨੂੰ ਖਿੱਚ ਪਾਉਣ ਦਾ ਨਵਾਂ ਤਰੀਕਾ ਵਰਤਣਾ ਭਾਰੀ ਪੈ ਗਿਆ। ਸਪੇਸ ਵਰਲਡ ਨੇ ਸਕੇਟਿੰਗ ਰਿੰਗ ਦੀ ਤਹਿ ਦੇ ਹੇਠਾਂ 5 ਹਜ਼ਾਰ ਮਰੀਆਂ ਮੱਛੀਆਂ ਜਮਾ ਦਿੱਤੀਆਂ ਸਨ, ਜਿਸ ਦੀ ਹਰ ਪਾਸੇ ਆਲੋਚਨਾ ਹੋਈ ਹੈ। ਇਸ ਆਲੋਚਨਾ ਪਿੱਛੋਂ ਉਹ ਰਿੰਗ ਬੰਦ ਕਰ ਦਿੱਤਾ ਗਿਆ ਹੈ। ਫਿਰ ਰਿੰਗ ਨੂੰ ਪਿਘਲਾਇਆ ਗਿਆ ਤੇ ਇਸ ਕੰਮ ਲਈ ਇਕ ਹਫਤੇ ਦਾ ਸਮਾਂ ਲੱਗਾ। ਇਸ ਪਿੱਛੋਂ ਮੱਛੀਆਂ ਦੀ ਯਾਦ ਵਿਚ ਇਕ ਸਮਾਗਮ ਕਰਵਾਇਆ ਜਾਵੇਗਾ।



ਇਹ ਰਿੰਗ ਦੱਖਣ-ਪੱਛਮੀ ਜਾਪਾਨ ਦੇ ਕਿਟਾਕਿਊਸ਼ੂ ਸ਼ਹਿਰ ਵਿਚ ਹੈ। ਇਸ ਨੂੰ ਇਸੇ ਪਿਛਲੇ ਮਹੀਨੇ 12 ਤਰੀਕ ਨੂੰ ਖੋਲ੍ਹਿਆ ਗਿਆ ਸੀ। ਰਿੰਗ ਦੀ ਤਹਿ ਹੇਠਾਂ ਸਜਾਵਟ ਲਈ 5 ਹਜ਼ਾਰ ਮੱਛੀਆਂ ਨੂੰ ਜਮਾ ਦਿੱਤਾ ਗਿਆ ਸੀ। ਲੋਕ ਇਸ ਉਤੇ ਸਕੇਟਿੰਗ ਕਰਦੇ ਸੀ। ਸਪੇਸ ਵਰਲਡ ਦੇ ਬੁਲਾਰੇ ਨੇ ਕਿਹਾ ਕਿ ਇਸ ਦੀ ਸੋਸ਼ਲ ਮੀਡੀਆ ਉਤੇ ਆਲੋਚਨਾ ਹੋਈ ਤੇ ਇਸ ਕਦਮ ਨੂੰ ਅਨੈਤਿਕ ਕਰਾਰ ਦਿੱਤਾ ਗਿਆ, ਜਿਸ ਕਰ ਕੇ ਇਸ ਨੂੰ ਬੰਦ ਕਰਨਾ ਪਿਆ।

## ਦੀਪਿਕਾ ਬਣੀ ਏਸ਼ੀਆ ਦੀ ਸਭ ਤੋਂ ਸੁਨੱਖੀ ਔਰਤ



**ਮੁੰਬਈ:** ਹਾਲੀਵੁੱਡ ਵਿਚ ਛਾਈ ਪ੍ਰਿਅੰਕਾ ਚੋਪੜਾ ਤੋਂ ਤਾਜ ਖੋਹ ਕੇ ਅਦਾਕਾਰ ਦੀਪਿਕਾ ਪਾਦੂਕੋਨ ਸਾਲ 2016 ਦੀ ਏਸ਼ੀਆ ਦੀ ਸਭ ਤੋਂ ਸੋਹਣੀ (ਆਕਰਸ਼ਕ) ਮਹਿਲਾ ਬਣ ਗਈ ਹੈ। ਬਰਤਾਨੀਆ ਅਧਾਰਤ ਈਸਟਰਨ ਆਈ ਰੋਜ਼ਨਾਮਚੇ ਵੱਲੋਂ ਸਾਲਾਨਾ ਛਾਪੀ ਜਾਂਦੀ ਮਕਬੂਲ ਸੂਚੀ ਵਿਚ ਦੀਪਿਕਾ ਨੇ ਪਹਿਲੀ ਵਾਰ ਇਹ ਖ਼ਿਤਾਬ ਜਿੱਤਿਆ ਹੈ। ਪ੍ਰਿਅੰਕਾ, ਜਿਸ ਨੇ ਇਸ ਮਕਬੂਲ ਸੂਚੀ ਵਿਚ ਚਾਰ ਵਾਰ ਖਿਤਾਬ ਜਿੱਤਿਆ ਹੈ, ਐਤਕੀਂ ਦੀਪਿਕਾ ਦੇ ਸਿਖਰ 'ਤੇ ਜਾਣ ਨਾਲ ਦੂਜੀ ਥਾਵੇਂ ਧੱਕੀ ਗਈ ਹੈ। ਆਲੀਆ ਭੱਟ ਜਿਸ ਨੂੰ ਪਹਿਲੀ ਵਾਰ ਇਸ ਸੂਚੀ ਵਿਚ ਥਾਂ ਮਿਲੀ ਹੈ, ਪੰਜਵੇਂ ਸਥਾਨ ਉਤੇ ਹੈ। ਅਦਾਕਾਰ ਨੀਆ ਸ਼ਰਮਾ ਤੀਜੇ ਸਥਾਨ 'ਤੇ ਹੈ ਅਤੇ ਉਸ ਨੇ ਸਭ ਤੋਂ ਸੋਹਣੀ ਟੀ.ਵੀ. ਸਟਾਰ ਦੇ ਖਿਤਾਬ ਲਈ ਮੁੜ ਦਾਅਵਾ ਕੀਤਾ ਹੈ। ਟੀ.ਵੀ. ਅਦਾਕਾਰ ਦ੍ਰਸ਼ਟੀ ਧਾਮੀ ਚੌਥੇ ਸਥਾਨ 'ਤੇ ਰਹੀ।

ਸੂਚੀ ਵਿਚ ਪਹਿਲੇ ਦਸ ਸਥਾਨਾਂ 'ਤੇ ਆਉਣ ਵਾਲੀਆਂ ਔਰਤਾਂ ਵਿਚ ਸਾਨਿਆ ਇਰਾਨੀ (6ਵੇਂ), ਕੈਟਰੀਨਾ ਕੈਫ (7ਵੇਂ), ਸੋਨਮ ਕਪੂਰ (8ਵੇਂ), ਪਾਕਿਸਤਾਨੀ ਅਦਾਕਾਰ ਮਹੀਰਾ ਖਾਨ (ਨੌਵੇਂ) ਅਤੇ ਗੌਹਰ ਖਾਨ (10ਵੇਂ) ਸ਼ਾਮਲ ਹਨ। ਉਂਜ ਇਸ ਮਕਬੂਲ ਸੂਚੀ ਦਾ ਫੈਸਲਾ ਸਾਲਾਨਾ ਵੋਟਿੰਗ ਰਾਹੀਂ ਕੀਤਾ ਗਿਆ ਜਿਸ ਵਿਚ ਪੂਰੇ ਵਿਸ਼ਵ 'ਚੋਂ ਲੱਖਾਂ ਲੋਕਾਂ ਨੇ ਹਿੱਸਾ ਲਿਆ।

# ਪੜ੍ਹੋ 118 ਸਾਲ ਤੋਂ ਗ੍ਰਿਫਤਾਰ ਇਸ ਦਰਖਤ ਦੀ ਕਹਾਣੀ

**ਚੰਡੀਗੜ੍ਹ:** ਅਪਰਾਧੀਆਂ ਦੀ ਗ੍ਰਿਫਤਾਰੀ ਤਾਂ ਤੁਸੀਂ ਸੁਣੀ ਹੋਵੇਗੀ, ਪਰ ਤੁਸੀਂ ਕਦੇ ਕਿਸੇ ਦਰੱਖਤ ਦੀ ਗ੍ਰਿਫਤਾਰੀ ਬਾਰੇ ਸੁਣਿਆ ਹੈ? ਪਾਕਿਸਤਾਨ ਵਿਚ ਇਕ ਅਜਿਹਾ ਦਰੱਖਤ ਹੈ, ਜਿਸ ਨੂੰ 118 ਸਾਲਾਂ ਤੋਂ ਗ੍ਰਿਫਤਾਰ ਕਰ ਕੇ ਰੱਖਿਆ ਗਿਆ ਹੈ। ਇਸ ਦਰਖਤ ਨੂੰ 1898 ਤੋਂ ਜ਼ੰਜੀਰਾਂ ਵਿਚ ਜਕੜ ਕੇ ਰੱਖਿਆ ਗਿਆ ਹੈ।

ਇਹ ਦਰੱਖਤ ਪਾਕਿਸਤਾਨ ਦੇ ਲਾਂਡੀ ਕੋਟਲ ਆਰਮੀ ਵਿਚ ਲੱਗਾ ਹੈ। ਇਸ ਦੀ ਗ੍ਰਿਫਤਾਰੀ ਦੇ ਪਿੱਛੇ ਬਹੁਤ ਹੀ ਦਿਲਚਸਪ ਕਹਾਣੀ ਹੈ। ਪਾਕਿਸਤਾਨੀ ਅਖਬਾਰ ਡਾਨ ਦੇ ਅਨੁਸਾਰ ਇਕ ਦਿਨ ਬ੍ਰਿਟਿਸ਼ ਅਫਸਰ ਜੇਮਸ ਸਕਵੇਡ ਟਹਿਲ ਰਹੇ ਸਨ। ਜੇਮਸ ਨੇ ਸ਼ਰਾਬ ਪੀਤੀ ਸੀ। ਜਦੋਂ ਜੇਮਸ ਉਥੇ ਲੱਗੇ ਇਕ ਬੋਹੜ ਦੇ ਦਰੱਖਤ ਦੇ ਕੋਲੋਂ ਲੰਘੇ ਤਾਂ ਉਨ੍ਹਾਂ ਨੂੰ ਲੱਗਾ ਕਿ ਉਹ ਬੋਹੜ ਦਾ ਦਰੱਖਤ ਉਨ੍ਹਾਂ ਵੱਲ ਆ ਰਿਹਾ ਹੈ। ਬੋਹੜ ਦੇ ਵਿਸ਼ਾਲ ਦਰੱਖਤ ਨੂੰ ਆਪਣੇ ਵੱਲ ਆਉਂਦੇ ਦੇਖ ਜੇਮਸ ਘਬਰਾ ਗਏ। ਉਨ੍ਹਾਂ ਨੇ ਤੁਰਤ ਸੈਨਿਕਾਂ ਨੂੰ ਹੁਕਮ ਦਿੱਤਾ ਕਿ ਇਸ ਦਰੱਖਤ ਨੂੰ



ਗ੍ਰਿਫਤਾਰ ਕਰ ਲਿਆ ਜਾਵੇ। ਇਸ ਤੋਂ ਬਾਅਦ ਸੈਨਿਕਾਂ ਨੇ ਉਸ ਦਰਖਤ ਨੂੰ ਜ਼ੰਜੀਰਾਂ ਵਿਚ ਜਕੜ ਕੇ ਗ੍ਰਿਫਤਾਰ ਕਰ ਲਿਆ। ਉਦੋਂ ਤੋਂ ਇਹ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ। ਇਸ ਉਤੇ ਭਾਰੀਆਂ-ਭਾਰੀਆਂ ਜ਼ੰਜੀਰਾਂ ਲਮਕੀਆਂ ਹੋਈਆਂ ਹਨ ਅਤੇ ਨਾਲ ਹੀ 'ਆਈ.ਐਮ. ਅੰਡਰ ਅਰੈਸਟ' ਦੀ ਤਖ਼ਤੀ ਵੀ ਲਮਕੀ ਹੋਈ ਹੈ। ਅੱਜ ਤੱਕ ਜ਼ੰਜੀਰਾਂ ਇਸ ਲਈ ਨਹੀਂ ਹਟਾਈਆਂ ਗਈਆਂ ਤਾਂ ਕਿ ਅੰਗਰੇਜ਼ੀ ਸ਼ਾਸਨ ਦੀ ਬੇਰਹਿਮੀ ਨੂੰ ਵਿਖਾਇਆ ਜਾ ਸਕੇ। ਹੁਣ ਇਹ ਇਕ ਸੈਰ-ਸਪਾਟੇ ਵਾਲੀ ਥਾਂ ਹੈ।

# ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਤੋਂ ਖੋਹਿਆ ਗਿਆ ਸੀ ਕੋਹਿਨੂਰ

**ਚੰਡੀਗੜ੍ਹ:** ਅੰਗਰੇਜ਼ਾਂ ਨੇ ਕੋਹਿਨੂਰ ਹੀਰਾ ਸਿੱਖਾਂ ਤੋਂ ਲੁੱਟਿਆ ਸੀ। ਇਹ ਗੱਲ ਦਾ ਖੁਲਾਸਾ ਕਿਤਾਬ 'ਕੋਹਿਨੂਰ: ਦ ਸਟੋਰੀ ਆਫ ਦ ਵਰਲਡਜ਼ ਇਨਫੇਮਸ ਡਾਇਮੰਡ' ਵਿਚ ਹੋਇਆ ਹੈ। ਇਹ ਕਿਤਾਬ ਸਕਾਟਲੈਂਡ ਦੇ ਇਤਿਹਾਸਕਾਰ ਤੇ ਲੇਖਕ ਵਿਲੀਅਮ ਡੈਲਰਿੰਪਲ ਨੇ ਪੱਤਰਕਾਰ ਅਨੀਤਾ ਆਨੰਦ ਨਾਲ ਰਲ ਕੇ ਲਿਖੀ ਗਈ ਹੈ।

ਡੈਲਰਿੰਪਲ ਨੇ ਕਿਹਾ ਕਿ ਇਸ ਵੇਲੇ ਲੰਡਨ ਟਾਵਰ ਵਿਚ ਪਿਆ ਇਹ ਹੀਰਾ ਅਸਲ ਵਿਚ ਬਸਤੀਵਾਦੀ ਦੌਰ ਦੀ ਲੁੱਟ ਦਾ ਚਿੰਨ੍ਹ ਹੈ। ਬਰਤਾਨਵੀ ਰੇਡੀਓ ਤੇ ਟੀ.ਵੀ. ਪੱਤਰਕਾਰ ਅਨੀਤਾ ਆਨੰਦ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਹੀ ਨਹੀਂ ਹੈ ਕਿ



ਇਹ ਹੀਰਾ ਕਿਵੇਂ ਲਿਆ ਗਿਆ। ਇਹ ਗੱਲ ਆਖਣੀ ਸਰਾਸਰ ਬੇਵਕੂਫੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਨੂੰ ਇਹ ਹੀਰਾ ਤੋਹਫੇ ਵਜੋਂ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਦੋਂ ਅੰਗਰੇਜ਼ਾਂ ਨੇ ਇਹ ਹੀਰਾ ਲਿਆ, ਉਦੋਂ ਰਣਜੀਤ ਸਿੰਘ ਦੀ ਮੌਤ ਹੋ ਚੁੱਕੀ ਸੀ।

ਅਸਲ ਵਿਚ ਇਹ ਹੀਰਾ ਰਣਜੀਤ ਸਿੰਘ ਦੇ 10 ਸਾਲਾ ਪੁੱਤਰ ਦਲੀਪ ਸਿੰਘ ਦੇ ਕਬਜ਼ੇ ਵਿਚੋਂ ਅੰਗਰੇਜ਼ਾਂ ਨੇ 29 ਮਾਰਚ, 1849 ਨੂੰ ਹਾਸਲ ਕੀਤਾ ਸੀ। ਦਲੀਪ ਸਿੰਘ ਉਸ ਵੇਲੇ ਡਰਿਆ ਹੋਇਆ ਸੀ ਤੇ ਉਸ ਨੇ ਅੰਗਰੇਜ਼ਾਂ ਦਾ ਦਬਾਅ ਕਬੂਲਿਆ। ਅੰਗਰੇਜ਼ਾਂ ਨੇ ਨਾ ਤਾਂ ਇਸ ਨੂੰ ਚੋਰੀ ਕੀਤਾ ਤੇ ਨਾ ਹੀ ਇਸ ਨੂੰ ਧੱਕੇ ਨਾਲ ਹਾਸਲ ਕੀਤਾ।

## 80 ਸਾਲ ਦੀ ਬੇਬੇ ਦੀ ਚਮਕੀ ਕਿਸਮਤ...

**ਐਲਬਰਟਾ:** ਕੈਨੇਡਾ ਦੇ ਐਲਬਰਟਾ ਦੀ 80 ਸਾਲਾ ਬੇਬੇ ਦੀਆਂ ਉਸ ਸਮੇਂ ਪੌਂ ਬਾਰਾਂ ਹੋ ਗਈਆਂ ਜਦੋਂ ਉਸ ਦੀ 50 ਮਿਲੀਅਨ ਡਾਲਰ ਯਾਨੀ ਕਿ ਢਾਈ ਅਰਬ ਰੁਪਿਆ ਦੀ ਲਾਟਰੀ ਲੱਗ ਗਈ। ਲਾਟਰੀ ਵਿਚ ਇੰਨੀ ਵੱਡੀ ਰਕਮ ਜਿੱਤਣ ਤੋਂ ਬਾਅਦ ਲੋਇਸ ਓਲਸਨ ਨਾਮੀ ਇਸ ਔਰਤ ਨੇ ਕਿਹਾ ਕਿ ਉਮਰ ਦੇ ਇਸ ਪੜਾਅ ਵਿਚ ਉਸ ਨੂੰ ਇੰਨੀ ਵੱਡੀ ਰਕਮ ਦੀ ਕੀ ਲੋੜ ਹੈ? ਉਸ ਨੇ ਕਿਹਾ ਕਿ ਰੱਬ ਨੇ ਜੇ ਦਿਆਲਤਾ ਦਿਖਾਉਣੀ ਸੀ ਤਾਂ 20-30 ਸਾਲ ਪਹਿਲਾਂ ਦਿਖਾਉਂਦਾ ਤਾਂ ਜੋ ਉਹ ਆਪਣੀ ਉਮਰ ਐਸ਼ ਵਿਚ ਗੁਜ਼ਾਰ ਸਕਦੀ।

ਜ਼ਿਕਰਯੋਗ ਹੈ ਕਿ 12 ਨਵੰਬਰ ਨੂੰ ਲੋਇਸ ਨੇ ਆਪਣੇ ਸਥਾਨਕ ਸਟੋਰ ਤੋਂ ਲਾਟਰੀ ਦੀ ਟਿਕਟ ਚੈੱਕ ਕੀਤੀ। ਪਹਿਲਾਂ ਤਾਂ ਉਸ ਨੂੰ ਲੱਗਾ ਕਿ ਉਸ ਦੀ 15 ਡਾਲਰ ਦੀ ਲਾਟਰੀ ਨਿਕਲੀ ਹੈ। ਫਿਰ ਉਸ ਨੇ ਇਸ ਨੂੰ 500 ਡਾਲਰ ਪੜ੍ਹਿਆ। ਦੁਚਿੱਤੀ ਵਿਚ ਉਸ ਨੇ ਚੈੱਕਆਊਟ ਕਾਊਂਟਰ ਉਤੇ ਖੜ੍ਹੀ ਕੁੜੀ ਨੂੰ ਬੁਲਾਇਆ ਤਾਂ ਉਸ ਨੇ ਦੱਸਿਆ ਕਿ ਉਸ ਦੀ 50 ਮਿਲੀਅਨ ਡਾਲਰ ਯਾਨੀ ਕਿ ਢਾਈ ਅਰਬ ਰੁਪਏ ਦੀ ਲਾਟਰੀ ਲੱਗੀ ਹੈ ਤਾਂ ਓਲਸਨ ਦੇ ਹੋਸ਼ ਉਡ ਗਏ। ਓਲਸਨ ਐਡਮਿੰਟਨ ਤੋਂ 180 ਕਿਲੋਮੀਟਰ ਦੂਰ ਇਰਮਾ ਪਿੰਡ ਦੀ ਰਹਿਣ ਵਾਲੀ ਹੈ। ਉਸ ਨੇ ਲਾਟਰੀ ਦਾ ਚੈੱਕ ਪ੍ਰਾਪਤ ਕਰ ਲਿਆ ਹੈ। ਉਸ ਨੇ ਕਿਹਾ ਕਿ ਉਹ ਇਸ ਰਕਮ ਦੀ ਵਰਤੋਂ ਆਪਣੇ ਪੂਰੇ ਪਰਿਵਾਰ ਲਈ ਕਰੇਗੀ। ਉਸ ਨੇ ਕਿਹਾ ਕਿ ਇਸ ਰਕਮ ਦਾ ਆਨੰਦ ਮਾਣਨ ਦੀ ਉਸ ਦੀ ਉਮਰ ਨਹੀਂ ਰਹੀ, ਇਸ ਲਈ ਉਹ ਰਕਮ ਦੂਜਿਆਂ 'ਤੇ ਖਰਚ ਕਰੇਗੀ।ਹਾਲਾਂਕਿ ਉਸ ਨੇ ਕਿਹਾ ਕਿ ਉਸ ਦੇ ਕੁਝ ਸੁਪਨੇ ਅਜੇ ਵੀ ਅਧੂਰੇ ਹਨ ਅਤੇ ਮੌਕਾ ਮਿਲਿਆ ਤਾਂ ਉਹ ਇਹ ਸੁਪਨੇ ਜ਼ਰੂਰ ਪੂਰੇ ਕਰੇਗੀ। ਇਸ ਲਾਟਰੀ ਨਾਲ ਉਸ ਦੇ ਜੀਵਨ ਵਿਚ ਜ਼ਿਆਦਾ ਬਦਲਾਅ ਨਹੀਂ ਆਏਗਾ। ਉਸ ਨੇ ਬੜੇ ਔਖੇ ਦਿਨ ਦੇਖੇ ਹਨ ਅਤੇ ਹੁਣ ਉਸ ਕੋਲ ਜ਼ਿਆਦਾ ਦਿਨ ਬਚੇ ਹੀ ਨਹੀਂ ਹਨ, ਜਿਨ੍ਹਾਂ ਨੂੰ ਉਹ ਸੰਵਾਰ ਸਕੇ।

## ਟਾਈਮ ਨੇ ਟਰੰਪ ਨੂੰ 'ਸਾਲ ਦੀ ਸ਼ਖ਼ਸੀਅਤ' ਐਲਾਨਿਆ

**ਨਿਊ ਯਾਰਕ:** ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਟਾਈਮ ਮੈਗਜ਼ੀਨ ਨੇ 'ਸਾਲ 2016 ਦੀ ਸ਼ਖ਼ਸੀਅਤ' ਐਲਾਨਦਿਆਂ



'ਵੰਡੇ ਸੂਬਿਆਂ ਵਾਲੇ ਅਮਰੀਕਾ ਦਾ ਰਾਸ਼ਟਰਪਤੀ' ਦਾ ਖਿਤਾਬ ਦਿੱਤਾ ਹੈ।

ਟਾਈਮ ਮੈਗਜ਼ੀਨ ਦੇ ਸੰਪਾਦਕਾਂ ਨੇ ਟਰੰਪ ਨੂੰ ਆਲਮੀ ਆਗੂਆਂ, ਕਲਾਕਾਰਾਂ, ਸਨਅਤੀ ਸ਼ਖ਼ਸੀਅਤਾਂ ਵਿਚੋਂ ਚੁਣਿਆ ਹੈ।

# ਦਾਦੇ ਵੱਲੋਂ 130 ਸਾਲ ਪਹਿਲਾਂ ਲਈ ਕਿਤਾਬ ਪੋਤੀ ਨੇ ਮੋੜੀ

**ਲੰਡਨ:** ਦਾਦੇ ਵੱਲੋਂ ਤਕਰੀਬਨ 130 ਸਾਲਾਂ ਪਹਿਲਾਂ ਆਪਣੇ ਸਕੂਲ ਦੀ ਲਾਇਬ੍ਰੇਰੀ ਵਿਚੋਂ ਲਈ ਇਕ ਕਿਤਾਬ ਪੋਤੀ ਨੇ ਮੁਆਫੀ ਵਾਲੀ ਚਿੱਠੀ ਸਮੇਤ ਵਾਪਸ ਕੀਤੀ ਹੈ। ਇਸ ਔਰਤ ਨੇ ਚਿੱਠੀ ਵਿਚ ਲਿਖਿਆ ਕਿ 'ਲਗਦਾ ਹੈ ਕਿ ਤੁਹਾਡੇ ਸਾਬਕਾ ਵਿਦਿਆਰਥੀ ਨੇ ਇਹ ਕਿਤਾਬ ਚੋਰੀ ਕਰ ਲਈ ਸੀ।'

ਐਲਿਸ ਗਿਲੇਟ (77) ਨੂੰ ਇੰਗਲੈਂਡ ਦੇ ਟੌਂਟਨ, ਸੋਮਰਸੈਟ ਵਿਚ ਆਪਣੇ ਮਰਹੂਮ ਪਤੀ ਦੀਆਂ ਨਿਸ਼ਾਨੀਆਂ ਹਟਾਉਂਦਿਆਂ ਡਾ. ਵਿਲੀਅਮ ਬੀ ਕਾਰਪੈਂਟਰ ਵੱਲੋਂ ਲਿਖੀ 'ਦਿ ਮਾਈਕਰੋਸਕੋਪ ਐਂਡ ਇਟਸ ਰੈਵਲੇਸ਼ਨਜ਼' ਪੁਸਤਕ ਲੱਭੀ। ਹਜ਼ਾਰ ਸਫਿਆਂ ਦੀ ਇਸ ਪੁਸਤਕ ਦੇ ਪੰਨੇ ਪਲਟਦਿਆਂ ਉਸ ਉਤੇ ਤਰੀਕ



ਵਾਲੀ ਮੋਹਰ ਲੱਗੀ ਮਿਲੀ, ਜਿਸ ਉਤੇ ਦਰਸਾਇਆ ਗਿਆ ਸੀ ਕਿ ਇਹ ਪੁਸਤਕ ਹੇਅਰਫੋਰਡ ਕੈਥੇਡਰਲ ਸਕੂਲ ਤੋਂ 1886 ਵਿਚ ਉਧਾਰੀ ਲਈ ਗਈ ਸੀ। ਮੈਟਰੋ.ਕੋ. ਯੂ.ਕੇ. ਦੀ ਰਿਪੋਰਟ ਮੁਤਾਬਕ ਇਹ ਪੁਸਤਕ ਐਲਿਸ ਦੇ ਦਾਦਾ ਪ੍ਰੋ. ਆਰਥਰ ਬਾਇਕਾਟ, ਜਿਨ੍ਹਾਂ 1886 ਤੋਂ 1894 ਵਿਚਾਲੇ ਸਕੂਲੀ ਪੜ੍ਹਾਈ ਕੀਤੀ, ਨੇ ਉਧਾਰੀ ਲਈ ਸੀ। ਪ੍ਰੋ. ਆਰਥਰ ਵਿਲੱਖਣ ਪ੍ਰਕਿਰਤੀ ਤੇ ਰੋਗ ਵਿਗਿਆਨੀ ਸਨ।

ਗਿਲੇਟ ਨੇ ਚਿੱਠੀ ਵਿਚ ਲਿਖਿਆ ਕਿ ਉਸ ਲਈ ਇਹ ਮੰਨਣਾ ਕਾਫੀ ਮੁਸ਼ਕਲ ਹੈ ਕਿ ਇਸ ਪੁਸਤਕ ਤੋਂ ਬਿਨਾਂ ਸਕੂਲ ਨੇ ਕਿਵੇਂ ਕੰਮ ਸਾਰਿਆ ਹੋਵੇਗਾ। ਇਹ ਸਕੂਲ ਕਿਤਾਬਾਂ ਵੱਧ ਸਮੇਂ ਤੱਕ ਰੱਖਣ ਦਾ ਕੋਈ ਖਰਚਾ ਨਹੀਂ ਲੈਂਦਾ, ਪਰ ਜੇ ਗਿਲੇਟ ਨੂੰ ਅਦਾਇਗੀ ਕਰਨੀ ਪਈ ਤਾਂ ਜ਼ਿਆਦਾਤਰ ਲਾਇਬ੍ਰੇਰੀਆਂ ਦੇ 17 ਪੈਨੀ ਪ੍ਰਤੀ ਦਿਨ ਲੈਣ ਦੇ ਆਧਾਰ ਉਤੇ ਉਸ ਨੂੰ 7446 ਪੌਂਡ ਦਾ ਬਿਲ ਦੇਣਾ ਪੈ ਸਕਦਾ ਹੈ।

# ਕਰੰਸੀ ਦਾ ਕਜੀਆ ਅਤੇ ਇਸ ਨਾਲ ਜੁੜੇ ਸਵਾਲ

ਅੱਠ ਨਵੰਬਰ ਨੂੰ ਪੰਜ ਸੌ ਅਤੇ ਇਕ ਹਜ਼ਾਰ ਦੇ ਨੋਟਾਂ ਉਤੇ ਪਾਬੰਦੀ ਨੇ ਦੇਸ਼ ਵਾਸੀਆਂ ਨੂੰ ਭੰਬਲਭੂਸੇ ਵਿਚ ਪਾ ਦਿਤਾ ਹੈ। ਪਹਿਲੀ ਨਜ਼ਰੇ ਤਾਂ ਇੰਜ ਹੀ ਜਾਪਦਾ ਸੀ ਕਿ ਹੁਣ ਕਾਲਾ ਧਨ ਮੁੱਕ ਜਾਵੇਗਾ ਅਤੇ ਕਰੰਸੀ ਦੀ ਵਰਤੋਂ ਸਪਸ਼ਟ ਤੌਰ ਉਤੇ ਸ਼ੁਰੂ ਹੋ ਜਾਵੇਗੀ। ਪੁਰਾਣੀ ਕਰੰਸੀ ਨੂੰ ਨਵੀਂ ਵਿਚ ਵਟਾਉਣ ਦੀ ਲੋਕਾਂ ਨੂੰ ਕਾਫ਼ੀ ਤੰਗੀ ਆ ਰਹੀ ਹੈ ਜਿਸ ਤੋਂ ਵਿਰੋਧੀ ਪਾਰਟੀਆਂ ਨੇ ਸਿਆਸੀ ਲਾਭ ਉਠਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵੱਡੇ ਨੋਟਾਂ ਉਤੇ ਪਾਬੰਦੀ ਲਾਉਣੀ ਵੱਡੇ ਦਿਲ ਗੁਰਦੇ ਵਾਲਾ ਹੀ ਕਰ ਸਕਦਾ ਸੀ। ਕੁਲ ਦੁਨੀਆ ਭਾਰਤ ਅੰਦਰ ਹੋ ਰਹੇ ਇਸ ਤਜਰਬੇ ਨੂੰ ਗਹੁ ਨਾਲ ਵੇਖ ਰਹੀ ਹੈ। ਕੁਝ ਸਮਾਂ

ਡਾ. ਦਲਜੀਤ ਸਿੰਘ
ਫੋਨ: 91-98150-00207

ਬੀਤ ਜਾਣ ਉਤੇ ਹੀ ਇਸ ਦੇਸ਼ ਹਿਲਾਊ ਵੱਡੇ ਕਦਮ/ਕਈਆਂ ਅਨੁਸਾਰ ਇਨਕਲਾਬ ਦਾ ਲੇਖਾ-ਜੋਖਾ ਕੀਤਾ ਜਾਵੇਗਾ ਅਤੇ ਸਹੀ ਸਬਕ/ਨਤੀਜੇ ਕੱਢੇ ਜਾਣਗੇ। ਜੋ ਕਦਮ ਚੁੱਕਿਆ ਹੈ, ਉਹ ਵਾਪਸ ਨਹੀਂ ਕੀਤਾ ਜਾ ਸਕਦਾ। ਉਸ ਦੇ ਨਤੀਜੇ ਤਾਂ ਆਉਂਦੇ ਕੁਝ ਸਮੇਂ ਲਈ ਸਹਿਣੇ ਹੀ ਪੈਣਗੇ। ਨੋਟਬੰਦੀ ਦੀ ਪਾਲਣਾ ਵਿਚ ਵੀ ਕਈ ਤਰੁੱਟੀਆਂ ਵੇਖਣ ਨੂੰ ਆਈਆਂ ਹਨ ਜਿਨ੍ਹਾਂ ਅੰਦਰ ਹਰ ਵਰਗ ਦੇ ਸ਼ਕਤੀਵਰ ਲੋਕਾਂ ਨੇ ਬੈਂਕਾਂ ਦੇ ਪਿਛਲਿਆਂ ਦਰਵਾਜ਼ਿਆਂ ਵੱਲੋਂ ਪੁਰਾਣੇ ਨੋਟਾਂ ਦੇ ਕਾਲੇ ਧਨ ਨੂੰ ਨਵੇਂ ਨੋਟਾਂ ਦੇ ਕਾਲੇ ਧਨ ਵਿਚ ਬਦਲ ਲਿਆ ਹੈ। ਅਜਿਹੇ ਸਮਿਆਂ ਅੰਦਰ ਇੰਜ ਹੋਣਾ ਕੋਈ ਅਚੰਭੇ ਵਾਲੀ ਗੱਲ ਨਹੀਂ ਸੀ। ਹਾਲ ਦੀ ਘੜੀ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਨੋਟਬੰਦੀ ਕਾਮਯਾਬ ਹੋਵੇ ਤਾਂ ਜੋ ਕੁੱਲ ਵਰਗਾਂ ਦੇ ਦੇਸ਼ ਵਾਸੀਆਂ ਨੂੰ ਵਧੇਰੇ ਮਾਇਕ ਤੰਗੀ ਨਾ ਆਵੇ।

**ਕਰੰਸੀ ਪੈਦਾ ਕੌਣ ਕਰਦਾ ਹੈ:** ਭਾਰਤ ਸਰਕਾਰ ਕੇਵਲ ਇਕ ਰੁਪਏ ਦਾ ਨੋਟ ਛਾਪਦੀ ਸੀ ਜੋ ਅਜੇ ਵੀ ਚੱਲ ਰਹੇ ਹਨ, ਪਰ ਹੋਰ ਨਹੀਂ ਛਪ ਰਹੇ। ਇਸ ਤੋਂ ਉਪਰਲੇ ਮੁੱਲ ਦੇ ਸਾਰੇ ਨੋਟ ਰਿਜ਼ਰਵ ਬੈਂਕ ਆਫ਼ ਇੰਡੀਆ ਛਾਪਦਾ ਹੈ। ਹਾਂ, ਸਿੱਕੇ ਵਾਲੀ ਕਰੰਸੀ ਵੀ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੈ; ਭਾਵ ਵਧੀਕ ਖਰਚੇ ਵਾਲੇ ਸਿੱਕਿਆਂ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਦੀ ਅਤੇ ਕਾਗਜ਼ ਛਾਪਣ ਦੀ ਆਜ਼ਾਦੀ ਕੇਵਲ ਰਿਜ਼ਰਵ ਬੈਂਕ ਦੀ ਹੈ। 'ਭਾਰਤੀ ਸਰਕਾਰੀ ਕਰੰਸੀ' ਦਾ ਕੁਲ ਮੁੱਲ 'ਕੱਖ' ਘੁੰਮ ਰਹੀ ਕਰੰਸੀ ਅੰਦਰ ਤਿਲ ਮਾਤਰ ਵੀ ਨਹੀਂ। ਰਿਜ਼ਰਵ ਬੈਂਕ ਨੇ ਤਾਂ ਮੰਗਿਆ ਸੀ ਕਿ ਇਕ ਦਾ ਨੋਟ ਵੀ ਉਹੀ ਛਾਪੇ, ਪਰ ਕਾਨੂੰਨ ਮੰਤਰਾਲੇ ਨੇ ਇਹ ਮੰਗ ਠੁਕਰਾ ਦਿੱਤੀ।

**ਕਰੰਸੀ ਪੈਦਾ ਕਰਨ ਦੀ ਜ਼ਿੰਮੇਵਾਰੀ ਕਿਸ ਦੀ ਹੈ:** ਇਸ ਸੁਆਲ ਉਤੇ ਚਿਰਾਂ ਤੋਂ ਸਿਰ ਖਪਾਈ ਕਰ ਰਿਹਾ ਹਾਂ ਅਤੇ ਬੜੇ ਅਰਥ ਸ਼ਾਸਤਰੀਆਂ ਦਾ ਸਿਰ ਖਾਧਾ ਹੈ। ਇੰਜ ਲੱਗਦਾ ਹੈ ਕਿ ਸੰਵਿਧਾਨ ਚੁੱਪ ਹੈ। ਜੇ ਕੋਈ ਸੱਜਣ ਇਸ ਤੋਂ ਬਿਹਤਰ ਖ਼ਬਰ ਦੇ ਸਕੇ ਤਾਂ ਸਭ ਉਸ ਦੇ ਰਿਣੀ ਹੋਣਗੇ। ਅਮਰੀਕਾ ਅੰਦਰ 1913 ਤੱਕ ਕਰੰਸੀ ਦੀ ਪੈਦਾਵਾਰ ਸੰਵਿਧਾਨ ਅਨੁਸਾਰ ਸਰਕਾਰ ਦੀ ਜ਼ਿੰਮੇਵਾਰੀ ਸੀ। ਦਸੰਬਰ 1913 ਨੂੰ ਪ੍ਰਾਈਵੇਟ ਬੈਂਕਰਾਂ ਨੇ ਰਾਸ਼ਟਰਪਤੀ ਵੁੱਡਰੋ ਵਿਲਸਨ ਨੂੰ ਭੌਂਚਲਾ ਕੇ ਸੈਨੇਟ ਵਿਚ ਪਾਸ ਕਰਵਾ ਦਿੱਤਾ ਕਿ ਸਰਕਾਰ ਨਹੀਂ, ਬਲਕਿ ਪ੍ਰਾਈਵੇਟ ਬੈਂਕਰ ਨੋਟ ਛਾਪਣਗੇ। ਅੱਜ ਤੱਕ ਇੰਜ ਹੀ ਚੱਲ ਰਿਹਾ ਹੈ। ਪ੍ਰਾਈਵੇਟ 'ਫੈਡਰਲ ਰਿਜ਼ਰਵ' ਬਾਂਡ ਭਰਵਾਉਣ ਪਿੱਛੋਂ ਸੂਦ ਦਰ ਸੂਦ ਦੇ ਉਤੇ ਕਰਜ਼ਾ ਦਿੰਦੀ ਹੈ। ਉਦੋਂ ਤੋਂ ਹੁਣ ਤੀਕ ਅਮਰੀਕੀ ਸਰਕਾਰ ਦੇ ਉਤੇ 18 ਟ੍ਰਿਲੀਅਨ ਡਾਲਰਾਂ ਦਾ ਕਰਜ਼ਾ ਹੈ। ਭਾਵ ਜੀਅ ਪ੍ਰਤੀ 55000 ਡਾਲਰ।

ਇੰਟਰਨੈਟ ਫੋਲੀਏ ਤਾਂ ਕੁੱਲ ਦੁਨੀਆ ਦੇ ਕੇਂਦਰੀ ਬੈਂਕ ਰੌਠਚਾਈਲਡ ਬੈਂਕਰ ਦੀ ਮਲਕੀਅਤ ਵਿਖਾਏ ਹੋਏ ਹਨ, ਸਮੇਤ ਰੂਸੀ, ਚੀਨੀ ਅਤੇ ਭਾਰਤੀ ਕੇਂਦਰੀ ਬੈਂਕਾਂ ਦੇ। ਭਾਰਤੀ ਰਿਜ਼ਰਵ ਬੈਂਕ ਰੌਠਚਾਈਲਡ ਦੀ ਮਲਕੀਅਤ ਹੋਵੇ? ਕਦੇ ਹੋ ਨਹੀਂ ਸਕਦਾ, ਮਨ ਮੰਨਣ ਨੂੰ ਤਿਆਰ ਨਹੀਂ, ਪਰ ਸੋਚ ਨੂੰ ਇੰਜ ਪ੍ਰੇਸ਼ਾਨ ਕੀਤਾ ਹੈ ਕਿ ਜੇ ਕਰੰਸੀ ਭਾਰਤ ਸਰਕਾਰ ਦੀ ਹੈ ਤਾਂ ਅਮਰੀਕਾ ਦੇ 'ਫੈਡਰਲ ਰਿਜ਼ਰਵ' ਡਾਲਰਾਂ ਉਤੇ ਛਪੇ ਹੋਣ ਵਾਂਗ ਸਾਡੇ ਨੋਟਾਂ ਉਤੇ ਸਾਡੀ ਸਰਕਾਰ ਦੀ ਮੋਹਰ ਦੀ ਥਾਂ ਰਿਜ਼ਰਵ ਬੈਂਕ ਦੀ ਮੋਹਰ ਕਿਉਂ ਹੈ? ਕੋਈ ਪੁੱਜਿਆ ਹੋਇਆ ਅਰਥ ਸ਼ਾਸਤਰੀ ਸਾਡੇ ਕਪਾਟ ਖੋਲ੍ਹ ਸਕੇ ਤਾਂ ਰਿਣੀ ਹੋਵਾਂਗੇ। ਪਿਛਲੇ ਕੁਝ ਸਾਲਾਂ ਵਿਚ ਡਾਲਰ ਦੀ ਖਰੀਦ ਸ਼ਕਤੀ ਇਕ ਤਿਹਾਈ ਰਹਿ ਗਈ ਹੈ। ਅਮਰੀਕਾ ਦੇ ਡਾਲਰ ਦੇ ਨਾਲ, ਭਾਰਤੀ ਰੁਪਏ ਦੀ ਗਿਰਾਵਟ ਕਿਹੜੀ ਸ਼ਕਤੀ ਜਾਂ ਦਬਾਅ ਹੇਠ ਹੋ ਰਹੀ ਹੈ?

ਦੁਨੀਆ ਅੰਦਰ ਇਨਸਾਨ ਲਈ ਦੋ ਗੱਲਾਂ ਸਭ ਤੋਂ ਜ਼ਰੂਰੀ ਹਨ- ਪਿਆਰ ਅਤੇ ਪੈਸਾ। ਪਹਿਲੇ ਵਿਸ਼ੇ ਉਤੇ ਤਾਂ ਲਿਖਤਾਂ ਦਾ ਅੰਤ ਹੀ ਕੋਈ ਨਹੀਂ, ਪਰ ਜਦੋਂ ਮਾਇਆ/ਧਨ/ਪੈਸੇ ਦੀ ਗੱਲ ਆਉਂਦੀ ਹੈ ਤਾਂ ਪੜ੍ਹੇ-ਲਿਖੇ ਵਰਗ ਵਿਚ ਇੰਜ ਹੀ ਕਿਹਾ ਜਾਂਦਾ ਹੈ ਕਿ ਇਹ ਵਿਸ਼ਾ ਬਹੁਤ ਗੁੰਝਲਦਾਰ ਅਤੇ ਸਮਝ ਤੋਂ ਉਪਰ ਹੈ। ਜੇ ਸੱਚਮੁੱਚ ਇੰਜ ਹੀ ਹੈ ਤਾਂ ਕਰੰਸੀ ਨਾਲ ਘੋਲ ਕਰਨ ਦੇ ਨਤੀਜੇ ਉਤੇ ਕਾਫ਼ੀ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

ਅਮਰੀਕਾ ਅੰਦਰ ਫੈਡਰਲ ਰਿਜ਼ਰਵ ਦਾ ਪ੍ਰਧਾਨ ਬਰਨੈਨਕੇ ਹੈ। ਉਹੀ ਕਲਮ-ਕੱਲਾ ਧਨ ਸਪਲਾਈ ਦਾ ਯੋਜਨਾਕਾਰ ਹੈ। ਸਰਕਾਰ ਦੇ ਬਜਟ



ਅੰਦਰ, ਟੈਕਸਾਂ ਰਾਹੀਂ ਆਏ ਪੈਸੇ ਕਾਫ਼ੀ ਨਹੀਂ ਹੁੰਦੇ। ਸਾਰਾ ਉਪਰਲਾ ਖਰਚਾ ਬਾਂਡ ਭਰ ਕੇ, ਫੈਡਰਲ ਰਿਜ਼ਰਵ ਕੋਲੋਂ ਸੂਦ-ਦਰ-ਸੂਦ ਉਤੇ ਕਰਜ਼ਾ ਲਿਆ ਜਾਂਦਾ ਹੈ- ਮਾਰਕੀਟ ਵਿਚ ਨੋਟ ਵਧਦੇ ਜਾਂਦੇ ਹਨ ਅਤੇ ਡਾਲਰ ਦੀ ਕੀਮਤ ਖੁਰਦੀ ਜਾਂਦੀ ਹੈ। ਜਿਨ੍ਹਾਂ ਲੋਕਾਂ ਦੀ ਬੱਝੀ ਆਮਦਨ ਹੁੰਦੀ ਹੈ ਜਾਂ ਪੈਨਸ਼ਨ ਉਤੇ ਹਨ, ਉਨ੍ਹਾਂ ਨੂੰ ਤਾਂ ਸਜ਼ਾ ਮਿਲ ਜਾਂਦੀ ਹੈ। ਫੈਡਰਲ ਰਿਜ਼ਰਵ ਦਾ ਮਾਤਰਾ ਵਿਚ ਵਧਾਇਆ ਧਨ, ਸਮਾਜ ਵਿਚ ਨਾਬਰਾਬਰੀ ਪੈਦਾ ਕਰਦਾ ਹੈ। ਕਾਰਨ ਇਹ ਹੈ ਉਪਰਲੇ ਵਰਗ ਦੇ, ਬਹੁਤਾ ਪੈਸਾ ਲੈਣ ਅਤੇ ਲਾਉਣ ਵਾਲੇ ਧਨੀਆਂ ਨੂੰ, ਸਭ ਤੋਂ ਪਹਿਲਾਂ ਨਵਾਂ ਪੈਦਾ ਕੀਤਾ ਧਨ ਮਿਲਦਾ ਹੈ। ਉਹ ਆਪਣੀ ਵਧੀ ਹੋਈ ਖਰੀਦ ਸ਼ਕਤੀ ਤੋਂ ਲਾਭ ਉਠਾਉਂਦੇ ਹਨ। ਜਦੋਂ ਇਹ ਧਨ ਰਿਸਦਾ-ਰਿਸਦਾ ਹੇਠਲੇ ਲੋਕਾਂ ਤਕ ਪਹੁੰਚਦਾ ਹੈ ਤਾਂ ਇਸ ਦੀ ਖਰੀਦ ਸ਼ਕਤੀ ਘੱਟ ਚੁੱਕੀ ਹੁੰਦੀ ਹੈ। ਧਨ ਸਪਲਾਈ ਦੇ ਵਾਧੇ ਲਈ ਇਕ ਜ਼ਿੰਮੇਵਾਰ ਤਾਂ ਹੋਇਆ 'ਘਾਟੇ ਦਾ ਬਜਟ' ਜਿਸ ਅੰਦਰ ਅਮਰੀਕੀ ਸਰਕਾਰ ਫੈਡਰਲ ਰਿਜ਼ਰਵ ਤੋਂ ਬਾਂਡ ਭਰ ਕੇ ਕਰਜ਼ਾ ਲੈ ਕੇ ਧਨ ਵਰਤਦੀ ਹੈ ਅਤੇ ਦੇਸ਼ ਅੰਦਰ ਖਿਲਾਰਦੀ ਹੈ। ਕਰੰਸੀ ਦੇ ਖਿਲਾਰ ਦਾ ਦੂਜਾ ਸੋਮਾ ਹੈ ਪਬਲਿਕ ਵੱਲੋਂ ਬੈਂਕਾਂ ਤੋਂ ਉਧਾਰ ਲੈਣਾ। ਲੋਕ ਬੈਂਕ ਕੋਲੋਂ ਉਧਾਰ ਲੈਂਦੇ ਹਨ, ਆਪਣੀ ਜਾਇਦਾਦ/ਮਾਲ ਨੂੰ ਗਿਰਵੀ ਰੱਖ ਕੇ। ਬੈਂਕਾਂ ਕੋਲ ਪੈਸਾ ਕਿਥੋਂ ਆਉਂਦਾ ਹੈ, ਉਨ੍ਹਾਂ ਦੀਆਂ ਤਿਜੋਰੀਆਂ ਅੰਦਰ ਜ਼ਿਆਦਾ ਧਨ ਨਹੀਂ ਹੁੰਦਾ, ਉਹ ਤਾਂ 'ਪਤਲੀ ਹਵਾ' ਅੰਦਰੋਂ ਜਾਦੂ ਨਾਲ ਨਵਾਂ ਧਨ ਪੈਦਾ ਕਰਦੇ ਹਨ ਜੋ ਸੂਦ-ਦਰ-ਸੂਦ ਉਤੇ ਕਰਜ਼ੇ ਦੇ ਰੂਪ ਵਿਚ ਦਿੱਤਾ ਜਾਂਦਾ ਹੈ- ਗਿਰਵੀ ਰੱਖੋ, ਚੈਕ ਫੜੋ। ਮਾਰਕੀਟ ਵਿਚ ਕਾਲਾ ਧਨ 'ਕਰਜ਼ਾ ਧਨ' ਹੈ ਸੂਦ-ਦਰ-ਸੂਦ ਉਤੇ। ਕੁੱਲ ਕਰਜ਼ਾਈ ਆਪਣਾ ਅਸਲ ਅਤੇ ਸੂਦ ਦਾ ਪੈਸਾ ਇਕੱਠਾ ਕਰਨ ਲਈ ਪੂਰੀ ਵਾਹ ਲਾਉਂਦੇ ਹਨ- ਦੌੜ ਲੱਗੀ ਹੋਈ ਹੈ, ਕਾਮਯਾਬ ਸਾਧਨਾਂ ਵਾਲੇ ਸਫਲ ਹੁੰਦੇ ਹਨ। ਕਮਜ਼ੋਰ ਉਦਯੋਗਾਂ ਦਾ ਦੀਵਾਲੀਆ ਨਿਕਲਦਾ ਹੈ, ਜਦੋਂ ਉਹ ਕਿਸ਼ਤਾਂ ਦਾ ਭੁਗਤਾਨ ਨਹੀਂ ਕਰ ਸਕਦੇ। ਸਥਾਨਕ ਬੈਂਕਾਂ ਨੂੰ ਨਵਾਂ ਧਨ ਪੈਦਾ ਕਰਨ ਦੀ ਆਗਿਆ ਕਿਥੋਂ ਮਿਲਦੀ ਹੈ? ਕੇਂਦਰੀ/ਫੈਡਰਲ ਰਿਜ਼ਰਵ ਕੋਲੋਂ। ਉਹ ਵੀ ਆਪਣੇ ਕੋਲੋਂ ਪੈਦਾ ਕੀਤੇ ਧਨ ਉਤੇ, ਸੂਦ ਦਾ ਭੁਗਤਾਨ ਫੈਡਰਲ ਰਿਜ਼ਰਵ ਨੂੰ ਦਿੰਦੇ ਹਨ, ਉਹ ਤਾਂ ਵੱਡੇ ਫੈਡਰਲ ਰਿਜ਼ਰਵ ਦੇ ਛੋਟੇ ਏਜੰਟ ਹਨ। 1913 ਤੋਂ ਲੈ ਕੇ (ਜਦੋਂ ਫੈਡਰਲ ਰਿਜ਼ਰਵ ਨੇ ਨੋਟ ਛਾਪਣ ਦੀ ਮਸ਼ੀਨ ਸਰਕਾਰ ਤੋਂ ਖੋਹ ਲਈ) ਹੁਣ ਤੱਕ ਡਾਲਰ ਦਾ ਮੁੱਲ 100 ਸੈਂਟ ਤੋਂ ਘਟ ਕੇ 3 ਸੈਂਟ ਰਹਿ ਗਿਆ ਹੈ (ਭਾਰਤ ਦੀ 1947 ਦੀ ਦੇਸ਼ ਵੰਡ ਸਮੇਂ ਤੋਂ ਹੁਣ ਤਕ 47 ਦਾ ਇਕ ਰੁਪਿਆ ਅੱਜ ਦੇ 466 ਰੁਪਿਆਂ ਬਰਾਬਰ ਹੈ)।

ਵੱਡੇ ਨੋਟਾਂ ਦੀ ਮਾਨਤਾ ਹਟਾਇਆਂ ਮਹੀਨੇ ਤੋਂ ਉਪਰ ਹੋ ਗਿਆ ਹੈ। ਹਰ ਵਰਗ ਦੇ ਕੰਮ-ਕਾਰ/ਕਮਾਈ ਉਤੇ ਮੋਟਾ ਅਸਰ ਪਿਆ ਹੈ। ਕੁੱਲ ਕਾਮਾ ਵਰਗ/ਵਰਕਿੰਗ ਕਲਾਸ ਮਿੱਧੀ ਗਈ ਹੈ। ਛੋਟੇ ਕੰਮ-ਕਾਰ ਲਗਪਗ ਬੰਦ ਹਨ। ਪਰਚੂਨ ਵਪਾਰ ਘਾਟੇ ਉੱਤੇ ਹੈ, ਗਾਹਕਾਂ ਕੋਲ ਕਰੰਸੀ ਨਹੀਂ। ਰੋਗੀਆਂ ਨੂੰ, ਹਸਪਤਾਲਾਂ ਨੂੰ, ਸਭ ਨੂੰ ਤੰਗੀ ਹੈ। ਦਿਹਾੜੀਦਾਰ ਕੰਮ ਨਾ ਮਿਲਣ ਕਾਰਨ ਘਰ ਬੈਠ ਗਏ ਹਨ। ਛੋਟੇ ਕਾਰਖਾਨੇ ਲਗਪਗ ਬੰਦ ਹਨ। ਕੀ ਆਉਂਦੇ 17 ਦਿਨਾਂ (ਸਰਕਾਰ ਦੀ ਉਮੀਦ) ਵਿਚ ਸਭ ਕੁਝ ਸੁਧਰ ਜਾਵੇਗਾ? ਸਭਨਾਂ ਦੇ ਬੈਂਕ ਖਾਤੇ ਚਾਲੂ ਹੋ ਜਾਣਗੇ? ਐਸ ਵੇਲੇ ਵਿੱਤੀ ਐਮਰਜੈਂਸੀ ਲੱਗੀ ਹੋਈ ਹੈ ਜਿਸ ਦਾ ਬਹੁਤਾ ਅਸਰ ਉਸ ਵਰਗ ਉਤੇ ਪਿਆ ਹੈ ਜਿਸ ਦਾ ਰਿਸ਼ਵਤਾਂ ਨਾਲ ਕੋਈ ਸਬੰਧ ਨਹੀਂ। ਕੁੱਲ ਸਮਾਜ ਦੀਆਂ ਚੂਲਾਂ ਹਿੱਲ ਗਈਆਂ ਹਨ। ਇਕ ਵੱਡਾ ਸਵਾਲ ਉਠ ਪਿਆ ਹੈ- 'ਸਭ ਅੱਛਾ' ਕਦੋਂ ਹੋਵੇਗਾ?

**ਜਾਂਦੇ ਜਾਂਦੇ:** ਕਿਊਬਾ ਦੇ ਨੇਤਾ ਫੀਦਲ ਕਾਸਤਰੋ 90 ਸਾਲ ਦੀ ਉਮਰੇ ਗੁਜ਼ਰ ਗਏ। ਪਿਛਲੇ 60 ਸਾਲਾਂ ਵਿਚ ਸੀ.ਆਈ.ਏ. ਵੱਲੋਂ ਉਸ ਨੂੰ ਸੈਂਕੜੇ ਵਾਰ ਕਤਲ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਫਿਲਪੀਨਜ਼ ਦੇਸ਼ ਸੈਂਕੜੇ ਸਾਲ ਵਿਦੇਸ਼ੀ ਮੁਲਕਾਂ ਦਾ ਗੁਲਾਮ ਰਿਹਾ ਹੈ। ਪਹਿਲਾਂ ਸਪੇਨ ਦਾ, ਫਿਰ ਅਮਰੀਕਾ ਦਾ ਆਖਰੀ ਜਿੰਨ ਜੱਫਾ ਹੈ ਫਿਲਪੀਨ ਦੀ ਅਮਰੀਕਾ ਨਾਲ ਫ਼ੌਜੀ ਸੰਧੀ। ਨਵੇਂ ਰਾਸ਼ਟਰਪਤੀ ਰੋਡ੍ਰਿਗੋ ਡੁਆਰਟੇ। ਉਸ ਨੇ ਪਿਛਲੇ ਕਈ ਮਹੀਨਿਆਂ ਤੋਂ ਫਿਲੀਪੀਨਜ਼ ਦੀ ਆਜ਼ਾਦ ਹਸਤੀ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਦਿਨ ਪਹਿਲਾਂ ਉਸ ਨੂੰ ਮੁਕਾਉਣ ਦੀ ਕੋਸ਼ਿਸ਼ (ਸੀ.ਆਈ.ਏ. ਵੱਲੋਂ ਹੋਰ ਕੌਣ?) ਕੀਤੀ ਗਈ, ਪਰ ਇਸ ਵਾਰ ਉਹ ਬਚ ਗਿਆ। ਦੁਨੀਆ ਵਿਚ ਕੀ ਕੁਝ ਕਿਵੇਂ ਵਾਪਰ ਰਿਹਾ ਹੈ, ਇਸ ਨੂੰ ਨਿੱਠ ਕੇ ਸਮਝਣ ਦੀ ਲੋੜ ਹੈ।

# ਨੋਟਬੰਦੀ: ਮਰਜ਼ ਬੜ੍ਹਤਾ ਹੀ ਗਇਆ...

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਦੋਂ 8 ਨਵੰਬਰ ਨੂੰ 1000 ਅਤੇ 500 ਰੁਪਏ ਦੇ ਪੁਰਾਣੇ ਨੋਟਾਂ ਨੂੰ ਰੱਦ ਕਰਨ ਦਾ ਫੈਸਲਾ ਲਿਆ ਤਾਂ ਦੇਸ਼ ਦੀ ਜਨਤਾ ਨੇ ਉਸ ਦੀ ਪੂਰੀ ਹਮਾਇਤ ਕੀਤੀ ਸੀ। ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਇਸ ਫੈਸਲੇ ਨਾਲ ਲੋਕਾਂ ਨੂੰ ਸ਼ੁਰੂਆਤੀ ਕੁਝ ਦਿਨਾਂ 'ਚ ਪ੍ਰੇਸ਼ਾਨੀ

ਉਪਿੰਦਰ ਪ੍ਰਸਾਦ

ਹੋਵੇਗੀ ਅਤੇ ਉਸ ਤੋਂ ਬਾਅਦ ਸਭ ਕੁਝ ਠੀਕ ਹੋ ਜਾਵੇਗਾ। ਲੋਕਾਂ ਨੂੰ ਲੱਗਿਆ ਸੀ ਕਿ ਪ੍ਰਧਾਨ ਮੰਤਰੀ ਦੋ-ਤਿੰਨ ਦਿਨਾਂ ਦੀ ਪਰੇਸ਼ਾਨੀ ਦੀ ਗੱਲ ਕਰ ਰਹੇ ਹਨ, ਪਰ ਵਿੱਤ ਮੰਤਰੀ ਨੇ ਕਿਹਾ ਕਿ ਏ.ਟੀ.ਐਮ. ਮਸ਼ੀਨਾਂ ਵਿਚ ਨਵੇਂ ਨੋਟਾਂ ਦੀ ਵੰਡ ਤਿੰਨ ਮਹੀਨੇ ਤੱਕ ਨਹੀਂ ਹੋ ਸਕੇਗੀ, ਕਿਉਂਕਿ ਨਵੇਂ ਨੋਟ ਉਨ੍ਹਾਂ ਦੇ ਆਕਾਰ ਮੁਤਾਬਿਕ ਨਹੀਂ ਹਨ। ਹੁਣ ਉਨ੍ਹਾਂ ਮਸ਼ੀਨਾਂ ਨੂੰ ਦੋ ਜਾਂ ਤਿੰਨ ਹਫਤਿਆਂ ਵਿਚ ਨਵੇਂ ਨੋਟਾਂ ਦੇ ਆਕਾਰ ਅਨੁਸਾਰ ਬਣਾ ਦਿੱਤਾ ਜਾਵੇਗਾ, ਫਿਰ ਸਾਰੀ ਸਮੱਸਿਆ ਖਤਮ ਹੋ ਜਾਵੇਗੀ।

ਨੋਟਬੰਦੀ ਦੇ ਸ਼ੁਰੂਆਤੀ ਦਿਨ ਬੀਤ ਗਏ। ਦੋ ਜਾਂ ਤਿੰਨ ਕੀ, ਚਾਰ ਹਫ਼ਤੇ ਬੀਤ ਗਏ। ਸਰਕਾਰੀ ਐਲਾਨਾਂ ਨੂੰ ਸੱਚ ਮੰਨੀਏ ਤਾਂ ਏ.ਟੀ.ਐਮ. ਮਸ਼ੀਨਾਂ ਵਿਚੋਂ 90 ਫੀਸਦੀ ਨੂੰ ਨਵੇਂ ਨੋਟਾਂ ਦੇ ਅਨੁਕੂਲ ਵੀ ਬਣਾ ਦਿੱਤਾ ਗਿਆ, ਪਰ ਇਸ ਦੇ ਬਾਵਜੂਦ ਕੈਸ਼ ਦੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਖ਼ਬਰਾਂ ਆਉਂਦੀਆਂ ਹਨ ਕਿ 90 ਫੀਸਦੀ ਏ.ਟੀ.ਐਮ. ਮਸ਼ੀਨਾਂ ਨਵੇਂ ਨੋਟਾਂ ਮੁਤਾਬਿਕ ਬਣਾ ਦਿੱਤੀਆਂ ਗਈਆਂ ਹਨ, ਪਰ ਸੱਚਾਈ ਇਹ ਹੈ ਕਿ 10 ਫੀਸਦੀ ਏ.ਟੀ.ਐਮ. ਮਸ਼ੀਨਾਂ ਤੋਂ ਵੀ ਰੁਪਏ ਨਹੀਂ ਨਿਕਲ ਰਹੇ ਹਨ। ਮਸ਼ੀਨਾਂ ਨਾ ਹੋਣ ਤਾਂ ਲੋਕ ਬੈਂਕ ਦੀਆਂ ਬਰਾਂਚਾਂ ਤੋਂ ਵੀ ਕੰਮ ਚਲਾ ਸਕਦੇ ਹਨ, ਪਰ ਲੋਕਾਂ ਨੂੰ ਬੈਂਕਾਂ ਤੋਂ ਵੀ ਪੈਸੇ ਨਹੀਂ ਮਿਲ ਰਹੇ। ਐਲਾਨ ਕੀਤਾ ਜਾਂਦਾ ਹੈ ਕਿ ਇਕ ਵਾਰ ਵਿਚ ਕੋਈ ਵੀ ਬੰਦਾ 24 ਹਜ਼ਾਰ ਰੁਪਏ ਕਢਾ ਸਕਦਾ ਹੈ ਅਤੇ ਉਹ ਚਾਹੇ ਤਾਂ ਇਕ ਹਫਤੇ ਤੋਂ ਬਾਅਦ ਵੀ 24 ਹਜ਼ਾਰ ਰੁਪਏ ਕਢਾ ਸਕਦਾ ਹੈ, ਪਰ ਸੱਚਾਈ ਇਹ ਹੈ ਕਿ ਜ਼ਿਆਦਾਤਰ ਬੈਂਕ ਉਸ ਐਲਾਨ ਦਾ ਵੀ ਪਾਲਣ ਨਹੀਂ ਕਰ ਰਹੇ ਹਨ।

ਜਿਸ ਨੋਟਬੰਦੀ ਨੂੰ ਸ਼ੁਰੂਆਤ ਵਿਚ ਲੋਕ ਕਾਲੇ ਧਨ ਦੇ ਖਿਲਾਫ਼ ਬਹੁਤ ਵੱਡਾ ਹਮਲਾ ਸਮਝ ਰਹੇ ਸਨ, ਹੁਣ ਉਹ ਨੋਟਬੰਦੀ ਲੋਕਾਂ ਦੀ ਤਬਾਹੀ ਅਤੇ ਬਰਬਾਦੀ ਦਾ ਸਬੱਬ ਬਣ ਗਈ ਹੈ। ਇਸ ਦਾ ਇਕਮਾਤਰ ਕਾਰਨ ਹੈ ਕਿ ਪੁਰਾਣੇ ਨੋਟਾਂ ਨੂੰ ਬੰਦ ਕਰਨ ਤੋਂ ਪਹਿਲਾਂ ਸਰਕਾਰ ਨੇ ਉਨ੍ਹਾਂ ਨੂੰ ਬਦਲਣ ਲਈ ਨਵੇਂ ਨੋਟ ਛਪਾ ਕੇ ਹੀ ਨਹੀਂ ਰੱਖੇ ਸਨ। ਜੇ ਇਕ ਹਫਤੇ ਜਾਂ 10 ਦਿਨ ਵਿਚ ਸਹੀ ਮਾਤਰਾ ਵਿਚ ਰੁਪਈਆ ਬਜ਼ਾਰ ਵਿਚ ਆ ਜਾਂਦਾ ਅਤੇ ਬੈਂਕਾਂ ਅਤੇ ਏ.ਟੀ.ਐਮ. ਤੋਂ ਰੁਪਏ ਕੱਢਣ ਦੀ ਹੱਦ ਹਟਾ ਦਿੱਤੀ ਜਾਂਦੀ ਅਤੇ ਬੈਂਕ ਮੰਗ ਅਨੁਸਾਰ ਰੁਪਏ ਦੀ ਪੂਰਤੀ ਕਰਦੇ ਤਾਂ ਕੋਈ ਸਮੱਸਿਆ ਨਾ ਪੈਦਾ ਹੁੰਦੀ। 10 ਦਿਨਾਂ ਦਾ ਇਹ ਝਟਕਾ ਲੋਕ ਵੀ ਬਰਦਾਸ਼ਤ ਕਰ ਲੈਂਦੇ ਅਤੇ ਬਾਜ਼ਾਰ ਵੀ ਇਸ ਨੂੰ ਬਰਦਾਸ਼ਤ ਕਰ ਜਾਂਦਾ, ਪਰ ਇਹ ਝਟਕਾ ਲੰਮਾ ਖਿੱਚਦਾ ਜਾ ਰਿਹਾ ਹੈ ਅਤੇ ਬਰਬਾਦੀ ਤੇ ਤਬਾਹੀ ਦਾ ਮੰਜ਼ਰ ਚਾਰੇ ਪਾਸੇ ਦੇਖਿਆ ਜਾ ਸਕਦਾ ਹੈ।

ਹੁਣ ਸਰਕਾਰ ਕੈਸ਼ਲੈਸ ਭੁਗਤਾਨ ਦੀ ਗੱਲ ਕਰ ਰਹੀ ਹੈ। ਉਹ ਕੈਸ਼ਲੈਸ ਤੋਂ ਪਹਿਲਾਂ ਲੈੱਸ ਕੈਸ਼ ਵਾਲੀ ਅਰਥ ਵਿਵਸਥਾ ਬਣਾਉਣ ਦੀ ਗੱਲ ਕਰ ਰਹੀ ਹੈ, ਪਰ ਇਸ ਤਰ੍ਹਾਂ ਹੋਣ ਵਿਚ ਸਮਾਂ ਲਗਦਾ ਹੈ ਅਤੇ ਸਮੇਂ ਦਾ ਇੰਤਜ਼ਾਰ ਨਾ ਤਾਂ ਬਾਜ਼ਾਰ ਕਰ ਸਕਦਾ ਹੈ ਅਤੇ ਨਾ ਹੀ ਅਰਥ ਵਿਵਸਥਾ। ਕੈਸ਼ ਹੋਣ ਦੀ ਗੱਲ ਸਰਕਾਰ ਇਸ ਤਰ੍ਹਾਂ ਕਰ ਰਹੀ ਹੈ ਜਿਵੇਂ ਲੱਗੀ ਹੋਈ ਅੱਗ ਨੂੰ ਬੁਝਾਉਣ ਲਈ ਉਹ ਲੋਕਾਂ ਨੂੰ ਖੂਹ ਪੁੱਟਣ ਨੂੰ ਕਹਿ ਰਹੀ ਹੋਵੇ। ਖੂਹ ਪੁੱਟਣ ਲਈ ਵੀ ਕਹੀ ਅਤੇ ਟੋਕਰੀ ਦੀ ਜ਼ਰੂਰਤ ਪੈਂਦੀ ਹੈ, ਪਰ ਜਦੋਂ ਲੋਕਾਂ ਦੇ ਕੋਲ ਇਹ ਵੀ ਨਾ ਹੋਵੇ ਤਾਂ ਕੀ ਉਹ ਆਪਣੇ ਨਹੁੰਆਂ ਨਾਲ ਖੂਹ ਪੁੱਟਣਗੇ? ਕੈਸ਼ਲੈਸ ਹੋਣ ਦੀ ਸਰਕਾਰ ਦੀ ਪੁਕਾਰ ਬਿਲਕੁਲ ਇਸ ਤਰ੍ਹਾਂ ਦੀ ਹੀ ਹੈ ਕਿ ਅੱਗ ਨਾਲ ਨਿਪਟਣ ਲਈ ਲੋਕਾਂ ਨੂੰ ਖੂਹ ਪੁੱਟਣ ਲਈ ਕਿਹਾ ਜਾਵੇ ਤੇ ਉਹ ਵੀ ਆਪਣੇ ਨਹੁੰਆਂ ਨਾਲ।

ਨੋਟਬੰਦੀ ਨੂੰ ਭਾਰਤੀ ਜਨਤਾ ਪਾਰਟੀ ਦੇ ਨੇਤਾ ਕਾਲੇ ਧਨ ਦਾ ਸਰਜੀਕਲ ਸਟ੍ਰਾਈਕ ਕਹਿ ਰਹੇ ਸਨ, ਪਰ ਇਹ ਤਾਂ ਦੇਸ਼ ਦੇ ਬਾਜ਼ਾਰ ਅਤੇ ਉਸ ਦੀ ਅਰਥ ਵਿਵਸਥਾ 'ਤੇ ਕਾਰਪੋਰੇਟ ਬੰਬਾਰੀ ਸਾਬਤ ਹੋਈ ਹੈ ਜਿਸ ਕਾਰਨ ਚਾਰੇ ਪਾਸੇ ਲੋਕ ਬੇਹਾਲ ਹੋਏ ਪਏ ਹਨ। ਇਸ ਤਰ੍ਹਾਂ ਦਾ ਕੋਈ ਬਾਜ਼ਾਰ ਨਹੀਂ ਹੈ ਜੋ ਇਸ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਨਾ ਹੋਇਆ ਹੋਵੇ। ਕਿਸਾਨਾਂ ਦੀਆਂ ਫਸਲਾਂ ਨਹੀਂ ਵਿਕ ਰਹੀਆਂ ਹਨ। ਸਬਜ਼ੀਆਂ ਜਾਂ ਤਾਂ ਖੇਤਾਂ ਵਿਚ ਸੜ ਰਹੀਆਂ ਹਨ ਜਾਂ ਖੇਤਾਂ ਦੀ ਮਿੱਟੀ ਨਾਲੋਂ ਵੀ ਘੱਟ ਕੀਮਤ 'ਤੇ ਵੇਚਣ ਲਈ ਕਿਸਾਨ ਮਜਬੂਰ ਹੋ ਰਹੇ ਹਨ। ਕਿਸਾਨਾਂ ਨੂੰ ਅਗਲੀ ਫਸਲ ਲਗਾਉਣ ਲਈ ਬੀਜ ਅਤੇ ਖਾਦ ਤੱਕ ਨਹੀਂ ਮਿਲ ਰਹੀ ਹੈ। ਵਪਾਰੀ ਵੀ ਬਾਂ-ਬਾਂ ਕਰ ਰਹੇ ਹਨ, ਕਿਉਂਕਿ ਉਨ੍ਹਾਂ ਦੇ ਕੋਲ ਨੋਟ ਨਹੀਂ ਹਨ, ਜਿਸ ਨਾਲ ਉਹ ਕਿਸਾਨਾਂ ਦਾ ਮਾਲ ਖਰੀਦ ਸਕਣ। ਛੋਟੇ-ਛੋਟੇ ਉਦਯੋਗ ਚਲਾਉਣ ਵਾਲੇ ਲੋਕ ਬਰਬਾਦ ਹੋ ਗਏ ਹਨ, ਕਿਉਂਕਿ ਉਹ ਉਦਯੋਗਾਂ ਵਿਚ ਵਰਤੇ ਜਾਣ ਵਾਲੇ ਮਾਲ ਦੀ ਖਰੀਦ ਨਹੀਂ ਕਰ ਸਕਦੇ ਅਤੇ ਮਜ਼ਦੂਰਾਂ ਨੂੰ ਮਜ਼ਦੂਰੀ ਜਾਂ ਤਨਖਾਹ ਨਹੀਂ ਦੇ ਸਕਦੇ। ਕੰਮ ਦੀ ਘਾਟ ਵਿਚ ਮਜ਼ਦੂਰ ਬੇਰੁਜ਼ਗਾਰ ਹੋ ਗਏ ਹਨ।

ਦੇਸ਼ ਵਿਚ ਅਨੋਖੀ ਕਿਸਮ ਦਾ ਅਕਾਲ ਪੈ ਗਿਆ ਹੈ। ਇਹ ਅਕਾਲ ਨਾ ਤਾਂ ਸੋਕੇ ਕਾਰਨ ਹੈ ਅਤੇ ਨਾ ਮੀਂਹ ਕਾਰਨ ਅਤੇ ਨਾ ਹੀ ਕਿਸੇ ਕੁਦਰਤੀ ਸੰਕਟ ਕਾਰਨ। ਸਾਡੀ ਸਰਕਾਰ ਦੇ ਨਾਸਮਝੀ ਭਰੇ ਇਕ ਫੈਸਲੇ ਦਾ ਖਮਿਆਜ਼ਾ ਦੇਸ਼ ਦੀ ਜਨਤਾ ਭੁਗਤ ਰਹੀ ਹੈ। ਸਰਕਾਰ ਨੇ ਇਹ ਫੈਸਲਾ ਇਹ ਕਹਿੰਦੇ ਹੋਏ ਕੀਤਾ ਸੀ ਕਿ ਇਸ ਨਾਲ ਭ੍ਰਿਸ਼ਟਾਚਾਰ ਅਤੇ ਕਾਲਾ ਧਨ ਖ਼ਤਮ ਹੋਵੇਗਾ। ਇਸ ਨਾਲ ਭ੍ਰਿਸ਼ਟਾਚਾਰ ਖਤਮ ਹੋਵੇਗਾ, ਇਸ ਤਰ੍ਹਾਂ ਤਾਂ ਕਿਸੇ ਨੂੰ ਲੱਗਿਆ ਨਹੀਂ ਸੀ, ਪਰ ਇਹ ਜ਼ਰੂਰ ਲੱਗ ਰਿਹਾ ਸੀ ਕਿ ਜਿਨ੍ਹਾਂ ਲੋਕਾਂ ਨੇ ਬਹੁਤ ਸਾਰਾ ਪੈਸਾ ਕਾਲੀ ਕਮਾਈ ਕਰ ਕੇ ਆਪਣੇ ਕੋਲ ਰੱਖਿਆ ਹੋਇਆ ਹੈ, ਉਨ੍ਹਾਂ ਦਾ ਇਹ ਪੈਸਾ ਬਰਬਾਦ ਹੋ ਜਾਵੇਗਾ, ਪਰ ਇਸ ਤਰ੍ਹਾਂ ਵੀ ਨਹੀਂ ਹੋਇਆ। 14 ਲੱਖ ਕਰੋੜ ਰੁਪਏ ਦੇ ਨੋਟਾਂ ਨੂੰ ਸਰਕਾਰ ਨੇ ਰੱਦ ਕੀਤਾ ਸੀ। ਉਨ੍ਹਾਂ ਵਿਚੋਂ 12 ਲੱਖ ਕਰੋੜ ਰੁਪਏ ਤੋਂ ਵੀ ਜ਼ਿਆਦਾ ਬੈਂਕਾਂ ਵਿਚ ਵਾਪਸ ਆ ਚੁੱਕੇ ਹਨ। 30 ਦਸੰਬਰ ਤੱਕ ਹੋਰ ਵਾਪਸ ਆਉਣਗੇ।

ਭਾਵ ਸਾਰੀ ਰਕਮ ਸਫੈਦ ਹੋ ਕੇ ਬੈਂਕਾਂ ਵਿਚ ਆ ਜਾਵੇਗੀ ਅਤੇ ਇਸ ਪੂਰੀ ਕਸਰਤ ਵਿਚ ਕੇਂਦਰ ਸਰਕਾਰ ਨੇ ਆਪਣੇ ਵੱਲੋਂ ਇਕ ਲੱਖ ਕਰੋੜ ਰੁਪਿਆ ਖਰਚ ਕਰ ਦਿੱਤਾ ਹੈ; ਭਾਵ ਜਿਸ ਉਦੇਸ਼ ਲਈ ਨੋਟਬੰਦੀ ਕੀਤੀ ਗਈ, ਉਹ ਪੂਰੀ ਤਰ੍ਹਾਂ ਹਾਰ ਚੁੱਕੀ ਦਿਖਾਈ ਦੇ ਰਹੀ ਹੈ ਅਤੇ ਇਸ ਲਈ ਵੀ ਕੇਂਦਰ ਸਰਕਾਰ ਦੀ ਨਾਸਮਝੀ ਹੀ ਜ਼ਿੰਮੇਦਾਰ ਹੈ। ਭਾਜਪਾ ਦੇ ਨੇਤਾ ਤੇ ਖੁਦ ਪ੍ਰਧਾਨ ਮੰਤਰੀ ਹੀ ਲੋਕਾਂ ਨੂੰ ਕਾਲੇ ਧਨ ਨੂੰ ਸਫੈਦ ਕਰਨ ਦੀ ਕਲਾ ਇਹ ਕਹਿੰਦੇ ਹੋਏ ਸਿਖਾ ਰਹੇ ਸਨ ਕਿ ਢਾਈ ਲੱਖ ਰੁਪਏ ਤੱਕ ਦੀ ਰਕਮ ਜੇ ਕਿਸੇ ਖਾਤੇ ਵਿਚ ਜਮ੍ਹਾਂ ਹੁੰਦੀ ਹੈ, ਤਾਂ ਸਰਕਾਰ ਖਾਤਾਧਾਰਕ ਤੋਂ ਪੁੱਛਗਿੱਛ ਨਹੀਂ ਕਰੇਗੀ। ਇਸ ਐਲਾਨ ਦਾ ਲਾਭ ਚੁੱਕ ਕੇ ਕਾਲੇ ਧਨ ਦੇ ਸਵਾਮੀਆਂ ਨੇ ਆਪਣੇ ਪੈਸੇ ਉਨ੍ਹਾਂ ਲੋਕਾਂ ਦੇ ਖਾਤਿਆਂ ਵਿਚ ਜਮ੍ਹਾਂ ਕਰਵਾ ਦਿੱਤਾ ਜਿਨ੍ਹਾਂ ਦੇ ਖਾਤਿਆਂ 'ਚ ਘੱਟ ਪੈਸਾ ਹੁੰਦਾ ਹੈ।

ਹਮਲਾ ਕਾਲੇ ਧਨ 'ਤੇ ਸੀ, ਪਰ ਨਵੇਂ ਨੋਟਾਂ ਦੀ ਘਾਟ ਅਤੇ ਸੰਕਟ ਦੇ ਲੰਬਾ ਖਿੱਚਣ ਦਾ ਨਤੀਜਾ ਇਹ ਹੋਇਆ ਕਿ ਨੋਟਬੰਦੀ ਦੀ ਇਹ ਸਕੀਮ ਖੁਦ ਕਾਲਾ ਧਨ ਪੈਦਾ ਕਰ ਰਹੀ ਹੈ। ਬੈਂਕ ਦੇ ਮੈਨੇਜਰਾਂ 'ਤੇ ਦੋਸ਼ ਲੱਗ ਰਿਹਾ ਹੈ ਕਿ ਉਹ ਕਮਿਸ਼ਨ ਖਾ ਕੇ ਨਵੇਂ ਨੋਟਾਂ ਨਾਲ ਪੁਰਾਣੇ ਨੋਟ ਬਦਲ ਰਹੇ ਹਨ ਅਤੇ ਨਵੇਂ ਨਵੇਂ ਅਕਾਊਂਟ ਖੁਲ੍ਹਵਾ ਕੇ ਵੀ ਕਾਲੇ ਧਨ ਨੂੰ ਸਫੈਦ ਕਰਨ ਦਾ ਧੰਦਾ ਕਰ ਰਹੇ ਹਨ। ਇਹ ਸੱਚ ਹੈ ਕਿ ਜ਼ਿਆਦਾਤਰ ਬੈਂਕ ਸਟਾਫ ਤਾਂ ਖੁਦ ਇਸ ਨੋਟਬੰਦੀ ਦੀ ਮਾਰ ਤੋਂ ਪੀੜਤ ਹੈ ਅਤੇ ਅਨੇਕਾਂ ਤਾਂ ਇਸ ਦੇ ਤਣਾਅ ਕਾਰਨ ਆਪਣੀ ਜਾਨ ਤੱਕ ਗਵਾ ਬੈਠੇ ਹਨ, ਪਰ ਕੁਝ ਮੈਨੇਜਰਾਂ ਦੀ ਚਾਂਦੀ ਹੋ ਰਹੀ ਹੈ ਅਤੇ ਕਾਲਾ ਧਨ ਖਤਮ ਕਰਨ ਵਾਲਾ ਇਹ ਫੈਸਲਾ ਖੁਦ ਕਾਲਾ ਧਨ ਪੈਦਾ ਕਰਨ ਦਾ ਕਾਰਨ ਬਣ ਰਿਹਾ ਹੈ।

***ਜਿਸ ਨੋਟਬੰਦੀ ਨੂੰ ਸ਼ੁਰੂਆਤ ਵਿਚ ਲੋਕ ਕਾਲੇ ਧਨ ਦੇ ਖਿਲਾਫ਼ ਬਹੁਤ ਵੱਡਾ ਹਮਲਾ ਸਮਝ ਰਹੇ ਸਨ, ਹੁਣ ਉਹ ਨੋਟਬੰਦੀ ਲੋਕਾਂ ਦੀ ਤਬਾਹੀ ਅਤੇ ਬਰਬਾਦੀ ਦਾ ਸਬੱਬ ਬਣ ਗਈ ਹੈ। ਇਸ ਦਾ ਇਕਮਾਤਰ ਕਾਰਨ ਹੈ ਕਿ ਪੁਰਾਣੇ ਨੋਟਾਂ ਨੂੰ ਬੰਦ ਕਰਨ ਤੋਂ ਪਹਿਲਾਂ ਸਰਕਾਰ ਨੇ ਉਨ੍ਹਾਂ ਨੂੰ ਬਦਲਣ ਲਈ ਨਵੇਂ ਨੋਟ ਛਪਾ ਕੇ ਹੀ ਨਹੀਂ ਰੱਖੇ ਸਨ। ਜੇ ਇਕ ਹਫਤੇ ਜਾਂ 10 ਦਿਨ ਵਿਚ ਸਹੀ ਮਾਤਰਾ ਵਿਚ ਰੁਪਈਆ ਬਜ਼ਾਰ ਵਿਚ ਆ ਜਾਂਦਾ ਅਤੇ ਬੈਂਕਾਂ ਅਤੇ ਏ.ਟੀ.ਐਮ. ਤੋਂ ਰੁਪਏ ਕੱਢਣ ਦੀ ਹੱਦ ਹਟਾ ਦਿੱਤੀ ਜਾਂਦੀ ਅਤੇ ਬੈਂਕ ਮੰਗ ਅਨੁਸਾਰ ਰੁਪਏ ਦੀ ਪੂਰਤੀ ਕਰਦੇ ਤਾਂ ਕੋਈ ਸਮੱਸਿਆ ਨਾ ਪੈਦਾ ਹੁੰਦੀ।***

# ਅਹਿਸਾਸ-ਆਗੋਸ਼

## ਜ਼ਿੰਦਗੀ ਦਾ ਨਾਦ

*ਡਾ. ਗੁਰਬਖਸ਼ ਸਿੰਘ ਭੰਡਾਲ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਨ੍ਹਾਂ ਸਰੀਰ ਦੇ ਵੱਖ ਵੱਖ ਅੰਗਾਂ ਦਾ ਨਾਦ ਪੇਸ਼ ਕੀਤਾ ਹੈ। ਉਹ ਨੈਣਾਂ, ਮੂੰਹ, ਜ਼ੁਬਾਨ ਦੇ ਰਸ ਅਤੇ ਜ਼ੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰ ਚੁਕੇ ਹਨ; ਹੱਥਾਂ ਦੀ ਦਾਸਤਾਨ ਦੱਸ ਚੁਕੇ ਹਨ ਕਿ ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। ਲੱਤਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਬਾਬਾ ਫਰੀਦ ਦੇ ਸਲੋਕ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮ॥" ਦਾ ਹਵਾਲਾ ਦਿੱਤਾ ਸੀ। ਡਾ. ਭੰਡਾਲ ਬੰਦੇ ਦੇ ਪੈਰਾਂ, ਮੁੱਖੜੇ, ਹਿੱਕ ਤੇ ਮਨ ਦੀ ਬਾਤ ਪਾ ਚੁਕੇ ਹਨ; ਗਰਦਨ ਤੇ ਬੁੱਲੀਆਂ ਦਾ ਵਿਖਿਆਨ ਵੀ ਕਰ ਚੁਕੇ ਹਨ; ਵਾਤਾਵਰਣ ਸੰਭਾਲ ਦੀ ਗੱਲ ਕਰਦਿਆਂ ਉਨ੍ਹਾਂ ਨਸੀਹਤ ਕੀਤੀ ਹੈ ਕਿ ਸਾਹ ਆਉਂਦੇ-ਜਾਂਦੇ ਰਹਿਣ, ਇਸ ਲਈ ਜਰੂਰੀ ਹੈ ਕਿ ਅਸੀਂ ਵਾਤਾਵਰਣੀ, ਕੁਦਰਤੀ, ਸਮਾਜਿਕ ਅਤੇ ਪਰਿਵਾਰਕ ਸਰੋਕਾਰਾਂ ਵਿਚੋਂ ਹੀ ਖੁਦ ਨੂੰ ਵਿਸਥਾਰਈਏ। ਉਨ੍ਹਾਂ ਨੱਕ ਦੀ ਵਾਰਤਾ ਸੁਣਾਉਂਦਿਆਂ ਦੱਸਿਆ ਕਿ ਕਈ ਵਾਰ ਮਨੁੱਖ ਨੱਕ ਨੂੰ ਉਚਾ ਕਰਨ ਖਾਤਰ ਕਰਜ਼ੇ ਵਿਚ ਡੁੱਬ, ਖੁਦਕੁਸ਼ੀਆਂ ਦੇ ਰਾਹ ਵੀ ਤੁਰ ਪੈਂਦਾ। ਬਾਹਾਂ ਦੀ ਤਸ਼ਬੀਹ ਵਿਚ ਉਨ੍ਹਾਂ ਕਿਹਾ ਸੀ ਕਿ ਬਾਂਹਾਂ ਦੀ ਬਾਂਹਾਂ ਸੰਗ ਯਾਰੀ, ਮਨ-ਵਿਹੜੇ ਮੌਲੇ ਸਰਦਾਰੀ। ਉਂਗਲਾਂ ਦੀ ਵਾਰਤਾ ਕਹਿੰਦਿਆਂ ਡਾ. ਭੰਡਾਲ ਨੇ ਕਿਹਾ ਸੀ, "ਕਦੇ ਵੀ ਕਿਸੇ ਵੱਲ ਬੇਲੋੜੀ ਉਂਗਲ ਨਾ ਕਰੋ। ਉਸ ਦੀਆਂ ਕਮੀਆਂ, ਊਣਤਾਈਆਂ ਤੇ ਕਮਜ਼ੋਰੀਆਂ 'ਤੇ ਉਂਗਲ ਨਾ ਧਰੋ।" ਉਨ੍ਹਾਂ ਹਿਰਦੇ ਦੀ ਗੱਲ ਕੀਤੀ ਸੀ ਕਿ ਹਿਰਦੇ ਵਿਚ ਉਠੀ ਵੇਦਨਾ ਹੀ ਹੂੰਦੀ ਜੋ ਕੂਕਦੀ ਏ, 'ਸੱਜਣਾਂ ਨੇ ਫੁੱਲ ਮਾਰਿਆ, ਸਾਡੀ ਰੂਹ ਅੰਬਰਾਂ ਤੱਕ ਰੋਈ।' ਉਨ੍ਹਾਂ ਸਿਰ ਬਾਰੇ ਦੱਸਿਆ ਸੀ ਕਿ ਜਦ ਤਲੀ 'ਤੇ ਸਿਰ ਰੱਖ ਕੇ ਕੋਈ ਯੋਧਾ ਪ੍ਰਣ-ਪੂਰਤੀ ਲਈ, ਖੁਦ ਨੂੰ ਗੁਰੂ ਦੀ ਸ਼ਰਨ ਵਿਚ ਅਰਪਿਤ ਕਰਦਾ ਤਾਂ ਬਾਬਾ ਦੀਪ ਸਿੰਘ ਦੀ ਸ਼ਹਾਦਤ ਦੇ ਨਵੇਂ ਅਰਥ ਇਤਿਹਾਸ ਦੇ ਵਰਕੇ 'ਤੇ ਧਰੇ ਜਾਂਦੇ; ਮਨੁੱਖੀ ਸ਼ਖਸੀਅਤ ਦੀਆਂ ਪਰਤਾਂ ਫੋਲਦਿਆਂ ਸਵਾਲ ਉਠਾਇਆ ਸੀ ਕਿ ਕਿਰਤ ਕਰਨ ਦਾ ਹੋਕਾ ਦੇਣ ਵਾਲੇ ਅਤੇ ਕਿਰਤੀਆਂ ਦੀ ਲੁੱਟ ਵਿਚੋਂ ਅਤਿ-ਆਧੁਨਿਕ ਦੁਨਿਆਵੀ ਸਹੂਲਤਾਂ ਮਾਣਦੇ ਤੇ ਐਸ਼ ਉਡਾਉਂਦੇ ਅਧਰਮੀ ਬਾਬੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸਰੀਰ ਦੀ ਗਾਥਾ ਸੁਣਾਈ ਸੀ ਕਿ ਸਰੀਰ ਸਫਾਈ ਦਾ ਮੱਦਾਹ, ਸੁਥਰੇਪਣ ਦਾ ਆਸ਼ੀਆਨਾ। ਹਵਾ, ਪਾਣੀ, ਧਰਤ ਅਤੇ ਖਾਧ ਪਦਾਰਥਾਂ ਵਿਚਲੀ ਮਲੀਨਤਾ ਨੇ ਇਸ ਦੀਆਂ ਚੂਲਾਂ ਹਿਲਾ ਛੱਡੀਆਂ ਨੇ। ਹਥਲੇ ਲੇਖ ਵਿਚ ਉਨ੍ਹਾਂ ਕਿਹਾ ਹੈ ਕਿ ਮਕਾਨਕੀ ਜ਼ਿੰਦਗੀ ਨੇ ਮਨੁੱਖ ਵਿਚੋਂ ਅਹਿਸਾਸਾਂ ਨੂੰ ਜਿਊਣ ਦੀ ਤਰਤੀਬ, ਤਦਬੀਰ ਅਤੇ ਤਕਦੀਰ ਹੀ ਚੂਸ ਲਈ ਏ। ਅਸੀਂ ਤਾਂ ਸਿਰਫ ਮਖੌਟਿਆਂ ਦਾ ਭਰਮ ਹੀ ਪਾਲ ਰਹੇ ਹਾਂ। -ਸੰਪਾਦਕ*

ਦੇਰ ਬਾਅਦ ਮਿੱਤਰ ਨੂੰ ਮਿਲਿਆ ਹਾਂ। ਚਿਰਾਂ ਬਾਅਦ ਨਿੱਘ ਦਾ ਨਿਉਂਦਾ ਮਨ-ਵਿਹੜੀਂ ਉਤਰਿਆ ਏ। ਅਹਿਸਾਸਾਂ ਵਿਚ ਭਿੱਜੇ ਬੋਲਾਂ ਨੂੰ ਰੂਹ 'ਚ ਸਮੋਂਦਿਆਂ, ਜਿੰਦ ਜਿਉਣ-ਜੋਗੀ ਹੋ ਗਈ ਏ।

ਚਿਰ-ਵਿਛੁੰਨੀਆਂ ਰੂਹਾਂ ਜਦ ਆਪਸ ਵਿਚ ਮਿਲਦੀਆਂ ਨੇ ਤਾਂ ਜੀਵਨ ਨੂੰ ਸਾਰਥਿਕਤਾ, ਜਿਊਣ-ਰਾਹ ਅਤੇ ਰਾਂਗਲੀ ਭਾਅ ਦਿੰਦੀਆਂ।

ਸਿਰਫ ਕੁਝ ਲੋਕ ਹੀ ਬਚੇ ਨੇ ਜਿਨ੍ਹਾਂ ਦੇ ਅਹਿਸਾਸ ਜਿਉਂਦੇ ਨੇ ਅਤੇ ਉਹ ਲੋਕ ਅਹਿਸਾਸ-ਵਿਹੂਣੇ ਲੋਕਾਂ ਦੇ ਚੇਤਿਆਂ ਵਿਚ ਜਿਉਂਦੇ ਅਤੇ ਮਨ 'ਚ ਕੋਮਲ ਅਹਿਸਾਸਾਂ ਦਾ ਵਰਦਾਨ ਧਰ ਜਾਂਦੇ। ਅਜਿਹੇ ਕਰਮ ਹੀ ਮਨੁੱਖ ਨੂੰ ਸੁੱਚਮਤਾ ਦਾ ਦਰਜਾ ਦਿੰਦੇ।

ਮਾਇਆ ਦੀ ਦੌੜ ਵਿਚ ਗਵਾਚੇ ਮਨੁੱਖ ਦੀ ਵੇਦਨਾ, ਜਦ ਮਨੁੱਖ ਹੀ ਸੁਣਨ ਤੋਂ ਇਨਕਾਰੀ ਹੋ ਜਾਵੇ ਤਾਂ ਉਸ ਦੇ ਸਾਹ ਨਾ-ਸ਼ੁਕਰੀ ਦਾ ਰਾਗ ਬਣ ਜਾਂਦੇ। ਅਜਿਹੇ ਸਮਿਆਂ ਵਿਚ ਆਪਣੇ ਹੱਥੀਂ ਤੋਰੇ ਸਾਹਾਂ ਨੂੰ ਵਾਪਸ ਪਰਤ ਆਉਣ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 1-216-556-2080**

ਦਾ ਹੋਕਰਾ ਦੇਣਾ, ਨਾ-ਮੁਮਕਿਨ। ਕਦੇ ਹੱਥੀਂ ਤੋਰੇ ਸੱਜਣ ਵੀ ਵਾਪਸ ਪਰਤਦੇ ਨੇ!

ਜਦ ਘਰ, ਨਿੱਕੇ ਨਿੱਕੇ ਘੁਰਨਿਆਂ ਵਿਚ ਤਬਦੀਲ ਹੋ ਜਾਵੇ, ਕਮਰੇ ਵਿਚ ਕੰਧਾਂ ਉਗ ਆਉਣ, ਵਿਹੜੇ ਦੀ ਹਰ ਨੁੱਕਰ ਵਿਚ ਨਿਜੀ ਮੁਫਾਦ ਦਾ ਜੰਗਲ ਫੈਲ ਜਾਵੇ ਜਾਂ ਦਰ-ਦਸਤਕ, ਤ੍ਰਾਸਦੀ ਦੀ ਜੂਨ ਹੰਢਾਉਣ ਲਈ ਮਜਬੂਰ ਹੋ ਜਾਵੇ ਤਾਂ ਸਮਝੋ ਮਨੁੱਖੀ-ਰੋਬੋਟ ਆਪਣੀਆਂ ਕਿਰਿਆਵਾਂ ਪੂਰਾ ਕਰਨ ਦਾ ਭਰਮ ਪਾਲਦਾ ਏ।

ਜਦ ਬੋਲਾਂ ਵਿਚ ਹਿਚਕਚਾਹਟ ਉਗ ਆਵੇ, ਸ਼ਬਦਾਂ ਨੂੰ ਨਜ਼ਰ ਲੱਗ ਜਾਵੇ ਅਤੇ ਹੁੰਗਾਰੇ ਨੂੰ ਜੰਗਾਲਿਆ ਜੰਦਰਾ ਲੱਗਾ ਹੋਵੇ ਤਾਂ ਸੁੱਸਰੀ ਵਾਂਗ ਸੌਂ ਗਏ ਬੋਲਾਂ ਨੂੰ ਜਗਾਉਣਾ ਅਸੰਭਵ ਹੁੰਦਾ।

ਜ਼ਿੰਦਗੀ ਦੀ ਸੁੱਚਮਤਾ ਦੀ ਇਬਾਦਤ ਕਰਨ ਵਾਲੇ ਲੋਕ ਜਦ ਤੁਹਾਡੀ ਤਲੀ 'ਤੇ ਸੂਖਮ ਅਤੇ ਕੋਮਲ ਅਹਿਸਾਸਾਂ ਦੀ ਮਹਿੰਦੀ ਲਾਉਂਦੇ ਨੇ ਤਾਂ ਇਸ ਦੀ ਰੰਗਤ, ਜੀਵਨ ਨੂੰ ਸੁਹੱਪਣ ਅਤੇ ਸੁਹੰਢਤਾ ਬਖਸ਼ਦੀ, ਜਿਸ ਨਾਲ ਆਉਂਦਾ ਤੁਹਾਡੇ ਮਨ ਤੇ ਤਨ ਦੇ ਮੁਹਾਂਦਰੇ 'ਚ ਨਿਖਾਰ।

ਕੁਝ ਲੋਕ ਜੀਵਨ ਦਾ ਸੁੱਚਾ ਹਰਫ ਹੁੰਦੇ ਜਿਨ੍ਹਾਂ ਦੇ ਅਰਥਾਂ ਵਿਚ ਜੀਵਨ-ਜਾਚ ਧੜਕਦੀ, ਇਨ੍ਹਾਂ ਦੀ ਤਾਸੀਰ ਵਿਚ ਜੀਵਨ-ਸ਼ੈਲੀ ਤੈਰਦੀ ਅਤੇ ਇਸ ਦਾ ਮੁਹਾਂਦਰਾ ਜੀਵਨ ਨੂੰ ਸਕੂਨ ਸੰਗ ਲਬਰੇਜ਼ ਕਰਦਾ।

ਕੁਝ ਅਹਿਸਾਸ ਸੂਖਮ ਅਤੇ ਸਹਿਜ ਹੁੰਦੇ ਜੋ ਤੁਹਾਡੀ ਜੀਵਨ-ਪ੍ਰਾਪਤੀ ਬਣ ਜਾਂਦੇ ਹਨ। ਤੁਹਾਡੇ ਲਈ ਸੁਖਨ ਦੀ ਧਰਾਤਲ ਸਿਰਜਣ ਵਾਲੇ ਅਹਿਸਾਸਾਂ ਤੋਂ ਬਲਿਹਾਰੇ ਜਾਣ ਨੂੰ ਜੀ ਕਰਦਾ ਹੈ।

ਮਕਾਨਕੀ ਜ਼ਿੰਦਗੀ ਨੇ ਮਨੁੱਖ ਵਿਚੋਂ ਅਹਿਸਾਸਾਂ ਨੂੰ ਜਿਊਣ ਦੀ ਤਰਤੀਬ, ਤਦਬੀਰ ਅਤੇ ਤਕਦੀਰ ਹੀ ਚੂਸ ਲਈ ਏ। ਅਸੀਂ ਤਾਂ ਸਿਰਫ ਮਖੌਟਿਆਂ ਦਾ ਭਰਮ ਹੀ ਪਾਲ ਰਹੇ ਹਾਂ।

ਕਈ ਵਾਰ ਅਹਿਸਾਸ ਭਕੁੰਨੇ ਪਲਾਂ ਨੂੰ ਜਿਉਂਦਿਆਂ, ਵਕਤ ਨੂੰ ਨਮਸਕਾਰਨ ਨੂੰ ਜੀਅ ਕਰਦਾ। ਅਜਿਹਾ ਵਕਤ ਤੁਹਾਡੀਆਂ ਕਰਮ-ਰੇਖਾਵਾਂ ਵਿਚ ਸੁਖਨ ਦਾ ਜਾਗ ਲਾਉਂਦਾ ਜਿਸ ਦੀ ਅਸੀਂ ਲੰਮੇ ਸਮੇਂ ਤੋਂ ਉਡੀਕ ਕਰ ਰਹੇ ਹੁੰਦੇ ਹਾਂ।

ਜਦ ਰਿਸ਼ਤੇ ਧਨ ਦੀ ਤੱਕੜੀ ਵਿਚ ਤੁਲਦੇ ਹੋਣ, ਸਬੰਧਾਂ ਦੀ ਬੋਲੀ ਲੱਗਦੀ ਹੋਵੇ ਅਤੇ ਅਪਣੱਤ ਦੇ ਮੁਹਾਂਦਰੇ ਵਿਚ ਵਿਗਾੜ ਪੈਦਾ ਹੋ ਰਿਹਾ ਹੋਵੇ ਤਾਂ ਭਲਾ ਸੁਹਜ ਤੇ ਸਕੂਨ ਦਾ ਹੋਕਰਾ ਕਿਸ ਨੂੰ ਸੁਣੇਗਾ?

ਮਿੱਠੇ-ਮਿੱਠੇ ਕੋਮਲ ਬੋਲ ਜਦ ਤੁਹਾਡੀ ਤਰਬੀਅਤ ਦਾ ਹਿੱਸਾ ਬਣ ਜਾਣ, ਖਰਵਾ ਬੋਲ ਤੁਹਾਡੇ ਹੋਠਾਂ 'ਤੇ ਆਉਣ ਤੋਂ ਇਨਕਾਰੀ ਹੋ ਜਾਵੇ ਅਤੇ ਦੁਖਦੀ ਅੱਖ ਦਾ ਹੰਝੂ ਤੁਹਾਡੇ ਨੈਣਾਂ ਦੀ ਨੀਂਦਰ ਉਡਾਏ ਤਾਂ ਸਮਝੋ, ਜ਼ਿੰਦਗੀ ਦੀ ਅਮੀਰੀ ਨੂੰ ਅੰਤਰੀਵ 'ਚ ਉਤਾਰ ਲਿਆ ਏ ਜਿਹੜਾ ਬਹੁਤ ਹੀ ਵਿਰਲਿਆਂ ਦਾ ਨਸੀਬ ਹੁੰਦਾ।

ਸੂਖਮ ਕਲਾ-ਬਿਰਤੀ ਅਤੇ ਕਿਤਾਬਾਂ ਤੋਂ ਦੂਰ ਹੋ ਰਹੇ ਮਨੁੱਖ ਕੋਲੋਂ ਅਹਿਸਾਸਾਂ ਸੰਗ ਜਿਉਣ ਦੀ ਆਸ ਰੱਖਣਾ, ਬੇਅਰਥਾ। ਪਰ ਆਸ ਰੱਖਣ ਵਿਚ ਹਰਜ਼ ਵੀ ਕੀ ਏ?

ਕਲਾ ਮਨੁੱਖ ਨੂੰ ਆਪਣੇ-ਆਪ ਨਾਲ ਜੋੜਦੀ ਏ। ਮਨੁੱਖ ਆਪਣੇ ਅੰਤਰੀਵ ਨਾਲ ਸੰਵਾਦ ਰਚਾਉਂਦਾ, ਆਪਣੇ ਆਪ ਨੂੰ ਸਵਾਲਾਂ ਅਤੇ ਜਵਾਬਾਂ ਦੇ ਮੂਹਰੇ ਖਲਿਆਰ, ਸੋਚ-ਰਿੜਕਣੀ 'ਚੋਂ ਕੁਝ ਮਾਣਕ ਮੋਤੀ ਨਿਤਾਰਦਾ, ਜਿਹੜੇ ਤੁਹਾਡੇ ਸਮੁੱਚ ਨੂੰ ਨਿਖਾਰਦੇ ਤੇ ਨਿਹਾਰਦੇ।

ਵਿਗਿਆਨ ਤੇ ਕਲਾ ਵਿਚ ਸੰਤੁਲਨ ਕਾਇਮ ਰੱਖਣ ਵਾਲੇ ਵਿਅਕਤੀ ਕੁਦਰਤ ਦੀ ਅਸੀਮਤਾ ਦਾ ਅਨਮੋਲ ਖਜ਼ਾਨਾ। ਉਹ ਮਨੁੱਖ ਨੂੰ ਵਿਸਥਾਰਨ ਤੇ ਵਿਚਾਰਨ ਦੀ ਕਰਮ-ਸਾਧਨਾ 'ਚੋਂ ਹੀ ਆਪਣੇ ਨੂੰ ਪਰਿਭਾਸ਼ਤ ਕਰਦੇ। ਅਜਿਹੇ ਕਰਮਯੋਗੀ ਬਹੁਤ



ਵਿਰਲੇ। ਪਰ ਅਜਿਹਿਆਂ ਦੀ ਸਾਧਨਾ, ਸੰਦਲੀ ਰੰਗ, ਜੀਵਨ-ਬਨੇਰਿਆਂ 'ਤੇ ਤਰੌਂਕਦੀ।

ਨਿੱਕੇ ਪਰ ਧੀਮੇ ਬੋਲਾਂ ਵਾਲੇ ਲੋਕ ਆਤਮਾ 'ਚੋਂ ਕਸ਼ੀਦ ਕੀਤੇ ਹਰਫਾਂ ਨਾਲ ਚੌਗਿਰਦੇ ਨੂੰ ਮਹਿਕਾਉਂਦੇ ਅਤੇ ਉਨ੍ਹਾਂ ਦੀਆਂ ਬਰੂਹਾਂ 'ਤੇ ਕੁਦਰਤ ਵੀ ਅਕੀਦਤ ਕਰਦੀ।

ਅਹਿਸਾਸ ਜਿਉਂਦੇ ਹੋਣ ਤਾਂ ਵਿਅਕਤੀ ਜਿਉਂਦਾ। ਦੋਸਤੀਆਂ ਦੇ ਦਰਿਆਵਾਂ ਨੂੰ ਰਵਾਨਗੀ। ਸਾਂਝਾਂ ਦੇ ਪੁਲ ਉਸਾਰਦੇ ਅਤੇ ਅਪਣੱਤ ਦੀਆਂ ਸਰਦਲਾਂ 'ਤੇ ਤੇਲ ਚੋਂਦਾ। ਧਿਆਨ ਮਾਰਿਓ! ਕਿੰਨੇ ਕੁ ਵਿਅਕਤੀ ਅਜਿਹੀ ਸੰਵੇਦਨਾ ਨੂੰ ਹਰ ਪਲ ਜਿਉਂਦੇ ਨੇ!

ਅਹਿਸਾਸ ਕਦੇ ਖੁਦ ਮਰਿਆ ਨਹੀਂ ਕਰਦੇ। ਅਸੀਂ ਹੀ ਇਨ੍ਹਾਂ ਨੂੰ ਦਫਨ ਕਰਕੇ, ਇਸ ਦਾ ਮਰਸੀਆ ਖੁਦ ਪੜ੍ਹਦੇ ਅਤੇ ਫਿਰ ਇਨ੍ਹਾਂ ਦੇ ਜਿਉਂਦੇ ਹੋਣ ਦਾ ਢੋਂਗ ਰਚਾਉਂਦੇ।

ਜਦ ਘਰਦਿਆਂ ਦਰਾਂ 'ਤੇ ਜੀ ਆਇਆਂ ਉਕਰਿਆ ਜਾਂਦਾ, ਕੰਧਾਂ ਤੁਹਾਡਾ ਹੁੰਗਾਰਾ ਭਰਦੀਆਂ, ਵਿਹੜਾ ਤੁਹਾਨੂੰ ਗਲਵਕੜੀ ਵਿਚ ਲੈਂਦਾ ਅਤੇ ਫਿਜ਼ਾ ਤੁਹਾਡੇ ਗੱਲ ਲੱਗ ਕੇ ਸਕੂਨ ਤੁਹਾਡੇ ਅੰਦਰ ਉਤਾਰਦੀ ਏ ਤਾਂ ਘਰ ਦੀ ਮਿੱਟੀ ਵੀ ਮਸਤਕ ਦਾ ਧੰਨਭਾਗ ਹੁੰਦੀ।

ਜਦ ਕਮਰੇ ਦੀਆਂ ਦੀਵਾਰਾਂ ਗੁਣਗੁਣਾਉਣ ਲੱਗ ਪੈਣ, ਇਸ ਦੀ ਹਵਾ ਵਿਚ ਨੀਮ-ਪਿਆਜ਼ੀ ਹਾਸੇ ਅੰਗੜਾਈਆਂ ਭਰਨ, ਆਲਾ-ਦੁਆਲਾ ਜੀਵਨ-ਸੁਰਾਂ ਨਾਲ ਓਤਪੋਤ ਹੋਵੇ ਜਾਂ ਫਰਸ਼ ਨੂੰ ਤਾਲ 'ਚ ਰਹਿੰਦੇ ਪੈਰਾਂ ਦਾ ਸਪਰਸ਼ ਨਸੀਬ ਹੋਵੇ ਤਾਂ ਕਮਰਾ ਆਪਣੇ ਧੰਨਭਾਗ ਦਾ ਸਦੀਵੀ ਸ਼ੁਕਰ-ਗੁਜਾਰ ਹੁੰਦਾ।

ਘਰ ਦੀਆਂ ਦੀਵਾਰਾਂ ਕਮਰਿਆਂ ਅਤੇ ਵਿਹੜੇ ਦੇ ਅਹਿਸਾਸ ਪਲੋਸੇ ਜਾਂਦੇ ਤਾਂ ਜੀਵਨ-ਰਾਗ ਦੀਆਂ ਸੱਤੇ-ਸੁਰਾਂ ਜੀਵਨੀ-ਨਮਾਜ਼ ਅਦਾ ਕਰਦੀਆਂ। ਹਰ ਸੁਪਨਾ ਤੇ ਆਦਰਸ਼, ਸੰਪੂਰਨਤਾ ਦੀ ਜੂਹ ਬਣਦਾ। ਅਸੀਸ ਤੇ ਅਰਦਾਸ, ਜ਼ਿੰਦਗੀ ਦੇ ਰਾਹਾਂ 'ਚ ਚਾਨਣ ਤਰੌਂਕਦੀਆਂ ਅਤੇ ਤੁਹਾਡੀ ਝੋਲੀ ਸਭੇ ਖੈਰਾਂ ਨਾਲ ਭਰੀਂਦੀ।

ਜੀਵਨ ਦਾ ਸੁੱਚਮ, ਜਾਗਦੇ ਅਹਿਸਾਸਾਂ ਤੇ ਹੁੰਗਾਰੇ ਭਰਦੇ ਚਾਵਾਂ ਦੀ ਅਮਾਨਤ। ਇਸ ਅਮਾਨਤ ਦੇ ਹੱਕਦਾਰ ਕਿਵੇਂ ਬਣਨਾ ਏ, ਇਹ ਸਾਡੇ ਨਜ਼ਰੀਏ ਨੇ ਨਿਰਧਾਰਤ ਕਰਨਾ ਏ। ਜੀਵਨ ਪ੍ਰਤੀ ਉਸਾਰੂ ਨਜ਼ਰੀਏ ਵਿਚੋਂ ਹੀ ਉਸਾਰੂ ਸੋਚ ਤੇ ਪਰਉਪਕਾਰੀ ਬਿਰਤੀ ਪਨਪਦੀ ਏ। ਸਿਰੜ ਤੇ ਸੁਘੜਤਾ ਦੀ ਸਰਦਾਰੀ ਕਰਨ ਵਾਲੇ ਲੋਕ ਸੁਪਨਿਆਂ ਦੇ ਸ਼ਾਹ-ਅਸਵਾਰ।

ਅਹਿਸਾਸ ਨੂੰ ਜਿਉਂਦਾ ਰੱਖਣਾ, ਜੀਵਨ ਨਾਲ ਜੁੜਨ ਦੀ ਪਰੰਪਰਾ। ਸਭੇ ਸਿਆਣਪਾਂ ਵਾਲੇ ਹੀ ਇਸ ਤੋਂ ਕਿਉਂ ਵਿਰਵੇ? ਊਣੇ ਲੋਕ ਕਦੇ ਵੀ ਭਰੀ-ਭਕੁੰਨਤਾ ਦਾ ਅਹਿਸਾਸ ਪੈਦਾ ਨਹੀਂ ਕਰ ਸਕਦੇ।

ਸੂਖਨ, ਸਕੂਨ, ਸਹਿਜ ਤੇ ਸਮਰਪਣ ਨਾਲ ਭਰੇ ਅਹਿਸਾਸ ਜਦ ਕੋਈ ਅੰਗੀਕਾਰ ਕਰਦਾ ਤਾਂ ਉਹ ਸੁੱਚੇ ਮਾਰਗ ਵੰਨੀਂ ਕਦਮ ਪੁੱਟਦਾ। ਅਜਿਹੇ ਅਹਿਸਾਸਾਂ ਨੇ ਜੀਵਨ-ਜਾਚ ਦਾ ਸਬਕ ਬਣ, ਸਾਡੀਆਂ ਸੁੱਤੀਆਂ ਕਲਾਂ ਨੂੰ ਜਗਾਉਣਾ ਹੁੰਦਾ। ਯਾਦ ਰਹੇ, ਕਲਾਕਾਰ ਦੀ ਕਲਾ ਦਰਅਸਲ ਉਨ੍ਹਾਂ ਦੇ ਅਹਿਸਾਸਾਂ ਦਾ ਜਾਗਣਾ ਅਤੇ ਇਨ੍ਹਾਂ ਅਹਿਸਾਸਾਂ ਨੂੰ ਕੈਨਵੈਸ 'ਤੇ ਉਲੀਕਣਾ, ਬੋਲਾਂ 'ਚ ਢਾਲਣਾ, ਹਰਫਾਂ 'ਚ ਉਲਥਾਉਣਾ ਜਾਂ ਤਹਿਜ਼ੀਬ ਦੇ ਪਿੰਡੇ 'ਤੇ ਉਤਾਰਨਾ ਹੁੰਦਾ। ਆਪਣੀਆਂ ਕਲਾ-ਕ੍ਰਿਤਾਂ ਵਿਚ ਜਿਉਂਦੇ ਲੋਕਾਂ ਨੂੰ ਸਮਕਾਲੀ ਸਮੇਂ ਵਿਚ ਦੁਰਕਾਰਿਆ ਜਾਂਦਾ। ਪਰ ਮਰਿਆਂ ਬਾਅਦ ਉਨ੍ਹਾਂ ਦੀਆਂ ਬਰਸੀਆਂ ਅਕਸਰ ਹੀ ਮਨਾਈਆਂ ਜਾਂਦੀਆਂ।

ਜੀਵਨ-ਰਾਗਨੀ ਵਿਚੋਂ ਸੁਰਾਂ ਦੀ ਆਬਸ਼ਾਰ ਝਰਦੀ ਰਹੇ, ਇਸ ਦੀ ਰਹਿਬਰੀ ਵਿਚ ਜੀਵਨ-ਰਾਗ ਨੂੰ ਉਚਮਤਾ ਤੇ ਸੁੱਚਮਤਾ ਮਿਲਦੀ ਰਹੇ ਅਤੇ ਇਸ ਦੇ ਸੂਹੇ ਅਰਥਾਂ ਵਿਚੋਂ ਜੀਵਨ ਨੂੰ ਵਿਸਮਾਦੀ ਹੁਲਾਸ ਤੇ ਸੁਚੱਜ ਮਿਲਦਾ ਰਹੇ।

ਜੀਵਨ-ਮੁੱਲਾਂ ਨਾਲ ਭਰਪੂਰ ਅਹਿਸਾਸ, ਮਨ-ਬੀਹੀ ਵਿਚ ਦਸਤਕ ਦੇਣ ਅਤੇ ਅੰਤਰੀਵ ਨਾਲ ਸੰਵਾਦ ਰਚਾਉਣ। ਇਹ ਕਾਮਨਾ ਇਨ੍ਹਾਂ ਹਰਫਾਂ ਦੀ ਏ।

ਆਮੀਨ।

---

# ਕਾਵਿ-ਜਗਤ

## ਗੀਤ

ਪੀਂਘਾਂ ਝੂਟਦੀਏ ਮੁਟਿਆਰੇ ਨੀ
ਜ਼ਰਾ ਮੁੱਖ ਨੂੰ ਏਧਰ ਮੋੜ ਪੀਂਘਾਂ ਝੂਟਦੀਏ।
ਚੁੰਨੀ ਵਿਚ ਚਮਕਣ ਤਾਰੇ ਨੀ
ਤੇਰਾ ਹੋਰ ਨਾ ਕੋਈ ਜੋੜ ਪੀਂਘਾਂ ਝੂਟਦੀਏ।

ਕਾਲੇ ਕਾਲੇ ਬੱਦਲਾਂ ਵਿਚ
ਤੇਰੀ ਪੀਂਘ ਚੜ੍ਹੀ ਅਸਮਾਨੀ।
ਅੰਬਰਾਂ ਨੂੰ ਹੱਥ ਲਾਉਂਦੀ ਤੇਰੀ
ਅੱਲ੍ਹੜ ਸ਼ੋਖ ਜਵਾਨੀ।
ਤੇਰੇ ਨਖਰੇ ਲੱਗਣ ਪਿਆਰੇ ਨੀ
ਸਾਨੂੰ ਪਲ ਪਲ ਤੇਰੀ ਲੋੜ ਪੀਂਘਾਂ ਝੂਟਦੀਏ।

ਪੈਰਾਂ ਦੇ ਵਿਚ ਝਾਂਜਰ ਨੱਚਦੀ
ਬਾਹਵਾਂ ਦੇ ਵਿਚ ਚੂੜਾ।
ਹੱਥਾਂ ਉਤੇ ਚੜ੍ਹ ਕੇ ਨੱਚਦਾ
ਰੰਗ ਮਹਿੰਦੀ ਦਾ ਗੂੜ੍ਹਾ।
ਜਦੋਂ ਚੜ੍ਹਦੀ ਪੀਂਘ ਹੁਲਾਰੇ ਨੀ
ਤੇਰਾ ਲੱਕ ਖਾਵੇ ਲੱਚਕੋੜ ਪੀਂਘਾਂ ਝੂਟਦੀਏ।

ਕਿਣ ਮਿਣ ਕਿਣ ਮਿਣ ਕਣੀਆਂ ਦੇ ਵਿਚ
ਕੁੜਤੀ ਭਿੱਜ ਗਈ ਤੇਰੀ।
ਗਿੱਧੇ ਦੇ ਵਿਚ ਪਾਏਂ ਧਮਾਲਾਂ
ਬਣ ਕੇ ਲਾਲ ਹਨੇਰੀ।
ਤੈਨੂੰ ਸਖੀਆਂ ਕਰਨ ਇਸ਼ਾਰੇ ਨੀ
ਕਿਤੇ ਚੁਭ ਨਾ ਜਾਵੇ ਰੋੜ ਪੀਂਘਾਂ ਝੂਟਦੀਏ।

ਸਾਉਣ ਮਹੀਨਾ ਚੜ੍ਹ ਚੜ੍ਹ ਆਈਆਂ
ਕਾਲੀਆਂ ਘੋਰ ਘਟਾਵਾਂ।
ਮੋਰ ਭੁੱਲ ਗਏ ਪੈਲਾਂ ਨੂੰ
ਤੱਕ ਤੇਰੀਆਂ ਮਸਤ ਅਦਾਵਾਂ।
ਅਸੀਂ ਦਿਲ ਤੇਰੇ ਕੋਲ ਹਾਰੇ ਨੀ
ਇਹਦਾ ਹੋਰ ਨਾ ਕੋਈ ਤੋੜ,
ਪੀਂਘਾਂ ਝੂਟਦੀਏ।

ਬਾਗਾਂ ਦੇ ਵਿਚ ਅੰਬੀਆਂ ਪੱਕੀਆਂ
ਕੋਇਲ ਕੂ ਕੂ ਗਾਵੇ।
ਜਿਸ ਕਾਮਣ ਦਾ ਕੰਤ ਕੋਲ ਹੈ
ਸਾਵਣ ਉਸੇ ਨੂੰ ਭਾਵੇ।
'ਸੁਰਜੀਤ' ਜਾਂਵਦੀ ਵਾਰੇ ਨੀ
ਸਾਨੂੰ ਪਵੇ ਨਾ ਤੇਰੀ ਥੋੜ, ਪੀਂਘਾਂ ਝੂਟਦੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਅੱਖਾਂ 'ਚ ਪਾਣੀ

ਹਰ ਘਰ ਤੇ ਹਰ ਇਨਸਾਨ ਦੀ
ਇਥੇ ਵੱਖਰੀ ਹੀ ਕਹਾਣੀ ਹੈ।
ਕਈਆਂ ਦੇ ਬੁੱਲ੍ਹਾਂ 'ਤੇ ਹਾਸੇ ਨੇ
ਕਈਆਂ ਦੀਆਂ ਅੱਖਾਂ 'ਚ ਪਾਣੀ ਹੈ।

ਕਈ ਘੁੰਮਦੇ ਬੱਸਾਂ-ਕਾਰਾਂ ਵਿਚ
ਕਈ ਰੁਲਦੇ ਨੇ ਬਜ਼ਾਰਾਂ ਵਿਚ।
ਕਈ ਜਿੱਤ ਕੇ ਵੀ ਇਥੇ ਰੋਂਦੇ ਨੇ
ਕਈ ਖੁਸ਼ ਨੇ ਇਥੇ ਹਾਰਾਂ ਵਿਚ।
ਖੌਫ ਫੈਲਿਆ ਚਾਰੇ ਪਾਸੇ ਕਿਉਂ?
ਇਹ ਗੱਲ ਕਿਸੇ ਨਾ ਜਾਣੀ ਹੈ...।

ਕਈ ਦੇਸ਼ ਤੋਂ ਜਿੰਦਗੀ ਵਾਰ ਦਿੰਦੇ
ਕਈ ਦੇਸ਼ ਨੂੰ ਹੀ ਉਜਾੜ ਦਿੰਦੇ।
ਕਈ ਮਾਰਦੇ ਧੱਕੇ ਮਾਪਿਆਂ ਨੂੰ
ਕਈ ਰੱਜ ਰੱਜ ਕੇ ਨੇ ਪਿਆਰ ਦਿੰਦੇ।
ਜੋ ਦੂਜਿਆਂ ਦਾ ਦਰਦ ਵੰਡਾਉਂਦਾ ਹੈ
ਸੱਚੀਂ ਓਹੀ ਸੱਚਾ ਹਾਣੀ ਹੈ...।

ਕਈ ਦਿਲ ਵਿਚ ਸੱਧਰਾਂ ਰੱਖਦੇ ਨੇ
ਕਈ ਭੇਦ ਦਿਲਾਂ ਦੇ ਖੋਲ੍ਹ ਦਿੰਦੇ।
ਕਈ ਜਾਣਨ ਇਸ਼ਕ ਦੇ ਰੁਤਬੇ ਨੂੰ
ਕਈ ਮਿੱਟੀ ਦੇ ਵਿਚ ਰੋਲ ਦਿੰਦੇ।
ਉਹਨੂੰ ਸੌ ਸੌ ਸਜਦੇ ਹੁੰਦੇ ਨੇ
ਜਿਨ੍ਹੇ ਰਮਜ ਇਸ਼ਕ ਦੀ ਪਛਾਣੀ ਹੈ...।

ਕਈ ਆਪਣੇ ਫਾਇਦੇ ਦੀ ਖਾਤਰ
ਬੜੇ ਹੀ ਭਰਮ ਫੈਲਾਉਂਦੇ ਨੇ।
ਉਹ ਰੱਬ ਹੀ ਬਣ ਕੇ ਬਹਿ ਜਾਂਦੇ
ਜਿਹੜੇ ਭਗਵੇਂ ਕੱਪੜੇ ਪਾਉਂਦੇ ਨੇ।
ਇਹੋ ਜਿਹੇ ਲੋਕਾਂ ਨੇ ਸੁਣ 'ਭੱਟੀ'
ਕਦੇ ਕੋਈ ਖੁਸ਼ੀ ਨਾ ਮਾਣੀ ਹੈ।
ਕਈਆਂ ਦੇ ਬੁੱਲ੍ਹਾਂ 'ਤੇ ਹਾਸੇ ਨੇ
ਕਈਆਂ ਦੀਆਂ ਅੱਖਾਂ 'ਚ ਪਾਣੀ ਹੈ।

*-ਸਵਿੰਦਰ ਸਿੰਘ ਭੱਟੀ*
*ਫੋਨ: 91-98729-89193*

---

## ਟੁੱਟ-ਭੱਜ

ਨਾਂ ਨਾ ਲੱਭੇ ਥਾਂ ਨਾ ਲੱਭੇ
ਕੀ ਕਹਾਵਾਂ ਕਿੱਧਰ ਜਾਵਾਂ?

ਵਾਂਗ ਅਮੀਬੇ ਟੁੱਟ-ਟੁੱਟ ਕੇ
ਬਣ ਚੁਕੇ ਨੇ ਬਹੁਤ ਅਮੀਬੇ।

ਟੁੱਟ-ਭੱਜ ਦੇ ਇਸ ਦੌਰ ਵਿਚ
ਘਰ ਵੀ ਟੁੱਟੇ ਦਰ ਵੀ ਟੁੱਟੇ
ਅੰਦਰੋਂ ਟੁੱਟੇ ਬਾਹਰੋਂ ਟੁੱਟੇ।

ਧੜੇ ਬਣੇ, ਧੜਿਆਂ ਦੇ ਫਿਰ ਧੜੇ ਬਣੇ
ਅੱਗੋਂ ਫੇਰ ਧੜੇ ਬਣੇ।

ਟੁੱਟ ਅਜੇ ਵੀ ਜਾਰੀ ਹੈ
ਫੁੱਟ ਅਜੇ ਵੀ ਜਾਰੀ ਹੈ।

ਗਿਰਗਿਟ ਨੇ ਵੀ ਨੀਵੀਂ ਪਾਈ
ਲੂੰਬੜੀ ਦਿੰਦੀ ਫਿਰੇ ਦੁਹਾਈ।

ਨਾ ਕੋਈ ਭਾਈ ਨਾ ਕੋਈ ਮਾਈ
ਸਭ ਨੇ ਝੂਠੀ ਪ੍ਰੀਤ ਹੈ ਲਾਈ।

ਨਿੱਤ ਨਵਾਂ ਚਿਪਕਾਇਆ ਸਭ ਨੇ
ਆਪਣੇ ਮੂੰਹ 'ਤੇ ਨਵਾਂ ਹੀ ਨਾਂ।

ਨਾਂਵਾਂ ਦੇ ਇਸ ਹੜ੍ਹ ਦੇ ਅੰਦਰ
ਨਾਂ ਨਾ ਲੱਭੇ ਥਾਂ ਨਾ ਲੱਭੇ
ਕੀ ਕਹਾਵਾਂ ਕਿੱਧਰ ਜਾਵਾਂ?

*-ਸੁਖਦੇਵ ਸਿੰਘ ਸ਼ਾਂਤ*
*ਫੋਨ: 317-406-0002*

ਗੁਰਮਤਿ ਵਿਚਾਰ

# ਗੁਰਮੁਖਿ ਦਰ ਦਰਵੇਸੁ ਸਚੁ ਸੁਹਾਣਿਆ



ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਦੀ ਤੀਸਰੀ ਵਾਰ ਦੀ ਪਹਿਲੀ ਪਉੜੀ ਦੀ ਆਖਰੀ ਤੁਕ ਵਿਚ ਭਾਈ ਸਾਹਿਬ ਇੱਕ ਤਰ੍ਹਾਂ ਨਾਲ ਉਸ ਪਉੜੀ ਦਾ ਸਿੱਟਾ ਕੱਢਦੇ ਹਨ। ਇਹ ਪਹਿਲੀ ਪਉੜੀ ਮੰਗਲਾਚਰਣ ਹੈ ਜਿਸ ਵਿਚ ਅਕਾਲ ਪੁਰਖ ਦਾ ਧਿਆਨ ਧਰਿਆ ਗਿਆ ਹੈ ਅਤੇ ਉਸ ਨੂੰ ਨਮਸਕਾਰ ਕੀਤੀ ਗਈ ਹੈ। ਇਸ ਵਿਚ ਉਸ ਅਕਾਲ ਪੁਰਖ ਨੂੰ ਨਮੋ ਕੀਤੀ ਗਈ ਹੈ ਜੋ ਇਸ ਸਾਰੀ ਰਚਨਾ ਦਾ ਆਦਿ ਹੈ, ਜੋ ਮੁੱਢ ਕਦੀਮੀ ਹੈ ਅਤੇ ਕਾਰਨਾਂ ਦਾ ਕਾਰਨ ਹੈ ਅਰਥਾਤ ਸਾਰੀ ਬ੍ਰਹਿਮੰਡਕ ਹੋਂਦ ਦਾ ਕਾਰਨ ਹੈ ਕਿਉਂਕਿ ਉਸ ਨੇ ਆਪਣੇ ਆਪ ਤੋਂ ਇਸ ਸ੍ਰਿਸ਼ਟੀ ਨੂੰ ਰਚਿਆ ਹੈ।

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਸਤਿਗੁਰ ਸੱਚ ਦਾ ਪ੍ਰਕਾਸ਼ਨ ਹੈ, ਪ੍ਰਗਟਾਵਾ ਹੈ ਅਤੇ ਉਸ ਨੂੰ ਸ਼ਬਦ ਰਾਹੀਂ ਅਨੁਭਵ ਕੀਤਾ ਜਾਂਦਾ ਹੈ। ਸ਼ਬਦ ਰਾਹੀਂ ਇਹ ਅਨੁਭਵ ਉਹ ਕਰਦੇ ਹਨ ਜਿਨ੍ਹਾਂ ਨੇ ਸ਼ਬਦ ਦੇ ਉਪਦੇਸ਼ ਨੂੰ ਮੰਨਿਆ ਹੈ ਅਤੇ ਆਪਣੀ ਸੁਰਤਿ, ਆਪਣੀ ਚੇਤਨਾ ਨੂੰ ਸ਼ਬਦ ਨਾਲ ਇੱਕਸੁਰ ਕੀਤਾ ਹੈ, ਜੋੜਿਆ ਹੈ ਅਤੇ ਸੁਰਤਿ ਨੂੰ ਇਕਸੁਰ ਕਰਕੇ ਉਹ ਸਤਿ ਵਿਚ ਸਮਾ ਗਏ ਹਨ, ਸਤਿ ਨਾਲ ਉਨ੍ਹਾਂ ਦੀ ਸੁਰਤਿ ਅਭੇਦ ਹੋ ਗਈ ਹੈ। ਗੁਰਮਤਿ ਅਨੁਸਾਰ ਸਤਿ ਦਾ ਅਨੁਭਵ ਕਿੱਥੇ ਕੀਤਾ ਜਾ ਸਕਦਾ ਹੈ? ਇਸ ਦਾ ਖੁਲਾਸਾ ਭਾਈ ਗੁਰਦਾਸ ਕਰਦੇ ਹਨ ਕਿ ਸਤਿਸੰਗਤਿ ਐਸੀ ਥਾਂ ਹੈ ਜੋ ਸਤਿ ਦਾ ਅਸਲੀ ਘਰ ਹੈ, ਜਿੱਥੇ ਸਤਿ ਦਾ ਨਿਵਾਸ ਹੁੰਦਾ ਹੈ ਅਤੇ ਉਥੇ ਜਾ ਕੇ ਸਤਿ ਦਾ ਅਨੁਭਵ ਕੀਤਾ ਜਾ ਸਕਦਾ ਹੈ। ਸਤਿਸੰਗਤਿ ਵਿਚ ਜਾ ਕੇ ਵਿਅਕਤੀ ਕੀ ਕਰਦਾ ਹੈ? ਉਹ ਉਥੇ ਜਾ ਕੇ ਅਕਾਲ ਪੁਰਖ ਪ੍ਰਤੀ ਪ੍ਰੇਮ ਨਾਲ ਸਮਰਪਣ ਕਰਦਾ ਹੈ, ਅਕਾਲ ਪੁਰਖ ਦੀ ਪ੍ਰੇਮਾ ਭਗਤੀ ਦੇ ਅਸਰ ਨਾਲ ਅਨੰਦ ਪ੍ਰਾਪਤ ਕਰਦਾ ਹੈ। ਅਕਾਲ ਪੁਰਖ ਦਇਆਲੂ ਹੈ, ਕ੍ਰਿਪਾਲੂ ਹੈ, ਆਪਣੇ ਭਗਤਾਂ ਨੂੰ, ਗਰੀਬਾਂ ਨੂੰ ਖੁਸ਼ੀ ਬਖਸ਼ਿਸ਼ ਕਰਦਾ ਹੈ, ਨਿਮਾਣਿਆਂ ਦਾ ਮਾਣ ਹੈ ਅਤੇ ਸਤਿਸੰਗਤ ਵਿਚ ਆਪ ਸਮਾਇਆ ਹੁੰਦਾ ਹੈ।

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਜਿਨ੍ਹਾਂ ਨੂੰ ਰੱਬ ਦੇ ਅਵਤਾਰ ਕਿਹਾ ਜਾਂਦਾ ਹੈ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ (ਹਿੰਦੂ ਮਿਥਿਹਾਸ ਅਨੁਸਾਰ ਬ੍ਰਹਮਾ ਪੈਦਾ ਕਰਨ ਵਾਲਾ ਹੈ, ਵਿਸ਼ਨੂੰ ਪਾਲਣ ਵਾਲਾ ਅਤੇ ਮਹੇਸ਼ ਜਾਂ ਸ਼ਿਵ ਸੰਘਾਰ ਕਰਤਾ ਹੈ) ਇਹ ਤਿੰਨੋਂ ਉਸ ਅਕਾਲ ਪੁਰਖ ਦਾ ਅੰਤ ਨਹੀਂ ਪਾ ਸਕੇ। ਉਹ ਸ਼ੇਸ਼ ਨਾਗ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੇ ਹਜ਼ਾਰਾਂ ਫਣਾਂ ਨਾਲ ਅਕਾਲ ਪੁਰਖ ਦੀ ਭਗਤੀ ਕਰਦਾ ਹੈ, ਅਕਾਲ ਪੁਰਖ ਨੂੰ ਇੱਕ ਤਿਲ ਮਾਤਰ ਵੀ ਸਮਝ ਜਾਂ ਪਛਾਣ ਨਹੀਂ ਸਕਿਆ। ਉਹ ਵਿਅਕਤੀ ਜਿਹੜੇ ਗੁਰੂ ਦੀ ਸਿੱਖਿਆ 'ਤੇ ਚਲਦੇ ਹਨ ਅਰਥਾਤ ਜਿਹੜੇ ਗੁਰਮੁਖਿ ਹੁੰਦੇ ਹਨ, ਉਹ ਸਤਿਸੰਗਤਿ ਦੇ ਦਰਵਾਜ਼ੇ 'ਤੇ ਦਰਵੇਸ਼ ਬਣ ਕੇ ਜਾਂਦੇ ਹਨ, ਉਸ ਅਕਾਲ ਪੁਰਖ ਦਾ ਧਿਆਨ ਕਰਦੇ ਹਨ, ਉਹ ਸਤਿ ਦਾ ਅਨੁਭਵ ਕਰਦੇ ਹਨ ਅਤੇ ਸਤਿ ਦਾ ਅਨੰਦ ਮਾਣਦੇ ਹਨ:

ਆਦਿ ਪੁਰਖ ਆਦੇਸੁ, ਆਦਿ ਵਖਾਣਿਆ।
ਸੋ ਸਤਿਗੁਰੁ ਸਚਾ ਵੇਸੁ, ਸਬਦਿ ਸਿਵਾਣਿਆ।
ਸਬਦਿ ਸੁਰਤਿ ਉਪਦੇਸੁ, ਸਚਿ ਸਮਾਣਿਆ।
ਸਾਧਸੰਗਤਿ ਸਚੁ ਦੇਸੁ, ਘਰੁ ਪਰਵਾਣਿਆ।
ਪ੍ਰੇਮ ਭਗਤਿ ਆਵੇਸੁ, ਸਹਜਿ ਸੁਖਾਣਿਆ।
ਭਗਤਿ ਵਛਲੁ ਪਰਵੇਸੁ ਮਾਣੁ ਨਿਮਾਣਿਆ।
ਬ੍ਰਹਮਾ ਬਿਸਨੁ ਮਹੇਸੁ ਅੰਤੁ ਨ ਜਾਣਿਆ।
ਸਿਮਰਿ ਸਹਸਿ ਫਣ ਸੇਸੁ ਤਿਲੁ ਨ ਪਛਾਣਿਆ।
ਗੁਰਮੁਖਿ ਦਰ ਦਰਵੇਸੁ ਸਚੁ ਸੁਹਾਣਿਆ॥੧॥

ਇਸ ਪਹਿਲੀ ਪਉੜੀ ਤੋਂ ਜੋ ਗੱਲ ਭਾਈ ਸਾਹਿਬ ਨੇ ਦ੍ਰਿਸਟੀਗੋਚਰ ਕਰਾਈ ਹੈ, ਉਹ ਇਹ ਹੈ ਕਿ ਸਿੱਖ ਧਰਮ ਚਿੰਤਨ ਵਿਚ ਸਤਿਸੰਗਤਿ ਦਾ ਬਹੁਤ ਅਹਿਮ ਸਥਾਨ ਹੈ। ਗੁਰੂ ਸਾਹਿਬ ਨੇ ਭਗਤੀ ਅਤੇ ਧਰਮ ਨੂੰ ਇਕਾਂਤ ਵਿਚੋਂ ਕੱਢ ਕੇ ਸਤਿਸੰਗਤਿ ਨਾਲ, ਸਮਾਜ ਨਾਲ ਜੋੜਿਆ ਹੈ ਅਤੇ ਮਨੁੱਖ ਨੂੰ ਨਿਜ ਵਿਚੋਂ ਬਾਹਰ ਕੱਢ ਕੇ ਮਨੁੱਖਤਾ ਨਾਲ, ਸਮਾਜ ਨਾਲ ਸਬੰਧਤ ਕੀਤਾ ਹੈ। ਨਿਮਰਤਾ, ਹਲੀਮੀ, ਪਰਉਪਕਾਰ ਅਤੇ ਸਰਬੱਤ ਦਾ ਭਲਾ ਆਦਿ ਨੈਤਿਕ ਗੁਣ ਮਨੁੱਖ ਸਤਿਸੰਗਤਿ ਵਿਚ ਹੀ ਸਿੱਖਦਾ ਹੈ, ਜਦੋਂ ਉਹ ਆਪਣੇ ਆਪ ਨੂੰ ਸਤਿਸੰਗਤਿ ਨਾਲ ਜੋੜਦਾ ਹੈ। ਦੂਸਰੀ ਗੱਲ ਜੋ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਇਹ ਹੈ ਕਿ ਜਿਨ੍ਹਾਂ ਨੂੰ ਰੱਬ ਦੇ ਅਵਤਾਰ ਸਮਝ ਕੇ ਪੂਜਾ ਕੀਤੀ ਜਾਂਦੀ ਹੈ, ਗੁਰਮਤਿ ਅਨੁਸਾਰ ਉਹ ਅਕਾਲ ਪੁਰਖ ਨੂੰ ਇੱਕ ਤਿਲ ਮਾਤਰ ਵੀ ਪਛਾਣ ਜਾਂ ਸਮਝ ਨਹੀਂ ਸਕੇ।

ਅਗਲੀ ਪਉੜੀ ਵਿਚ ਭਾਈ ਗੁਰਦਾਸ ਦੱਸਦੇ ਹਨ ਕਿ ਗੁਰੂ ਅਤੇ ਚੇਲੇ ਦਾ ਰਸਤਾ ਰਹੱਸਾਤਮਕ ਅਤੇ ਅਦ੍ਰਿਸ਼ਟ ਹੈ ਭਾਵ ਇਸ ਨੂੰ ਸਮਝਣਾ ਔਖਾ ਹੈ (ਇੱਥੇ ਇਸ਼ਾਰਾ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਸਾਹਿਬ ਵੱਲ ਹੈ)। ਗੁਰੂ (ਗੁਰੂ ਨਾਨਕ) ਅਤੇ ਚੇਲਾ (ਭਾਈ ਲਹਿਣਾ ਜੀ-ਗੁਰੂ ਅੰਗਦ ਦੇਵ) ਦੋਵੇਂ ਉਤਮ ਹਸਤੀਆਂ ਹਨ ਕਿਉਂਕਿ ਦੋਵੇਂ ਇੱਕ ਦੂਸਰੇ ਵਿਚ ਅਭੇਦ ਹੋ ਗਏ ਹਨ (ਗੁਰੂ ਨਾਨਕ ਦੀ ਜੋਤਿ ਗੁਰੂ ਅੰਗਦ ਵਿਚ ਨਿਵਾਸ ਕਰ ਗਈ ਹੈ)। ਉਨ੍ਹਾਂ ਦਾ ਨਿਵਾਸ ਸਥਾਨ ਕੀ ਹੈ? ਉਨ੍ਹਾਂ ਦਾ ਨਿਵਾਸ ਸਥਾਨ ਗੁਰੂ ਦੀ ਸਹਿਜ ਸਿਆਣਪ ਹੈ ਅਤੇ ਦੋਵੇਂ ਉਸ ਅਕਾਲ ਪੁਰਖ ਦੀ ਮਹਿਮਾ ਵਿਚ ਸਮਾਏ ਹੋਏ ਹਨ, ਉਨ੍ਹਾਂ ਦੀ ਸੁਰਤਿ ਅਕਾਲ ਪੁਰਖ ਦੀ ਸੁਰਤਿ ਨਾਲ ਇੱਕਸੁਰ ਹੈ। ਸ਼ਬਦ ਰਾਹੀਂ ਰੌਸ਼ਨ ਹੋ ਕੇ ਉਨ੍ਹਾਂ ਦੀ ਸੁਰਤਿ ਅਸੀਮ ਅਤੇ ਨਿਰਵਿਕਾਰ ਅਤੇ ਨਿਹਚਲ ਹੋ ਗਈ ਹੈ। ਗੁਰੂ ਦੇ ਸਨਮੁਖ ਹੋ ਕੇ ਸਾਰੇ ਦੁੱਖਾਂ ਅਤੇ ਸੁੱਖਾਂ ਤੋਂ ਪਾਰ ਹੋ ਕੇ ਉਨ੍ਹਾਂ ਦੀ ਮਤਿ ਅਤੇ ਬੁੱਧਿ ਸੂਖਮ ਅਤੇ ਸਹਿਜ ਹੋ ਗਈ ਹੈ ਅਰਥਾਤ ਬਹੁਤ ਉਤਮ ਬੁੱਧੀ ਹੋ ਗਈ ਹੈ। ਕਾਮ, ਕ੍ਰੋਧ ਆਦਿ ਦਾ ਵਿਨਾਸ਼ ਕਰਕੇ ਸੁਰਤਿ ਅਕਾਲ ਪੁਰਖ ਦੀ ਸਿਫਤਿ-ਸਾਲਾਹ ਵਿਚ ਸਮਾ ਗਈ ਹੈ। ਉਨ੍ਹਾਂ ਦੀ ਸੁਰਤਿ ਸ਼ਿਵ ਅਤੇ ਸ਼ਕਤੀ ਤੋਂ ਉਤੇ ਉਠ ਕੇ ਹੁਣ ਸਤਿ, ਸੰਤੋਖ ਅਤੇ ਅਨੰਦ ਦੀ ਅਵਸਥਾ ਵਿਚ ਪਹੁੰਚ ਗਈ ਹੈ ਅਰਥਾਤ ਉਚੇ ਅਰਸ਼-ਮੰਡਲਾਂ ਦੀ ਵਸਨੀਕ ਹੋ ਗਈ ਹੈ। ਅੱਗੇ ਭਾਈ ਗੁਰਦਾਸ ਗੁਰਮਤਿ ਦੇ ਸਿਧਾਂਤ 'ਘਰਿ ਹੀ ਮਾਹਿ ਉਦਾਸਾ' ਦਾ ਹਵਾਲਾ ਦਿੰਦੇ ਹਨ। ਗੁਰਮਤਿ ਅਨੁਸਾਰ ਮਨੁੱਖ ਨੂੰ ਅਧਿਆਤਮਕ ਬੁਲੰਦੀਆਂ ਦੀ ਪ੍ਰਾਪਤੀ ਵਾਸਤੇ ਘਰ-ਪਰਿਵਾਰ ਦਾ ਤਿਆਗ ਕਰਕੇ ਏਕਾਂਤ ਵਿਚ ਜਾ ਕੇ ਤਪੱਸਿਆ ਕਰਨ ਦੀ ਜ਼ਰੂਰਤ ਨਹੀਂ ਹੈ। ਮਨੁੱਖ ਆਪਣੇ ਦੁਨਿਆਵੀ ਫਰਜ਼ ਨਿਭਾਉਂਦਿਆਂ ਹੀ ਪਰਿਵਾਰਕ ਜੀਵਨ ਵਿਚ ਹੀ ਸੰਜਮੀ ਰਹਿਣੀ ਅਤੇ ਨਾਮ ਸਿਮਰਨ ਰਾਹੀਂ ਅਧਿਆਤਮਕ ਅਨੁਭਵ ਕਰ ਸਕਦਾ ਹੈ ਜਿਸ ਨੂੰ ਗੁਰਮਤਿ ਵਿਚ 'ਘਰਿ ਹੀ ਮਾਹਿ ਉਦਾਸਾ' ਕਿਹਾ ਹੈ।

ਭਾਈ ਗੁਰਦਾਸ ਕਹਿੰਦੇ ਹਨ ਕਿ ਪਰਿਵਾਰਕ ਅਨੰਦ ਅਤੇ ਖੁਸ਼ੀਆਂ ਤੋਂ ਨਿਰਲੇਪ ਹੋ ਕੇ, ਦੁੱਖ-ਸੁੱਖ ਦੇ ਅਨੁਭਵ ਤੋਂ ਪਾਰ ਜਾ ਕੇ ਉਨ੍ਹਾਂ ਦਾ ਧਿਆਨ ਸਤਿ ਵਿਚ ਜੁੜ ਗਿਆ ਹੈ। ਗੁਰੂ ਅਤੇ ਚੇਲੇ ਨੇ ਵੀਹ ਅਤੇ ਇੱਕੀ ਦਾ ਅਨੁਪਾਤ ਪ੍ਰਾਪਤ ਕਰ ਲਿਆ ਹੈ ਅਰਥਾਤ ਚੇਲਾ ਭਾਈ ਲਹਿਣਾ ਇੱਕੀ ਹੋ ਕੇ ਅੱਗੇ ਲੰਘ ਗਿਆ ਹੈ; ਭਾਈ ਸਾਹਿਬ ਦਾ ਸੰਕੇਤ ਭਾਈ ਲਹਿਣਾ ਤੋਂ ਗੁਰੂ ਅੰਗਦ ਬਣ ਜਾਣ ਵੱਲ ਹੈ:

ਗੁਰੁ ਚੇਲੇ ਰਹਰਾਸਿ ਅਲਖੁ ਅਭੇਉ ਹੈ।
ਗੁਰੁ ਚੇਲੇ ਸਾਬਾਸਿ ਨਾਨਕ ਦੇਉ ਹੈ।
ਗੁਰਮਤਿ ਸਹਜਿ ਨਿਵਾਸੁ ਸਿਫਤਿ ਸਮੇਉ ਹੈ।
ਸਬਦਿ ਸੁਰਤਿ ਪਰਗਾਸ ਅਛਲ ਅਛੇਉ ਹੈ।
ਗੁਰਮੁਖਿ ਆਸ ਨਿਰਾਸ ਮਤਿ ਅਰਖੇਉ ਹੈ।
ਕਾਮ ਕਰੋਧ ਵਿਣਾਸੁ ਸਿਫਤਿ ਸਮੇਉ ਹੈ।
ਸਤਿ ਸੰਤੋਖ ਉਲਾਸ ਸਕਤਿ ਨ ਸੇਉ ਹੈ।
ਘਰ ਹੀ ਵਿਚਿ ਉਦਾਸੁ ਸਚੁ ਸੁਚੇਉ ਹੈ।
ਵੀਹ ਇਕੀਹ ਅਭਿਆਸੁ
ਗੁਰ ਸਿਖ ਦੇਉ ਹੈ॥੨॥

ਤੀਸਰੀ ਪਉੜੀ ਵਿਚ ਭਾਈ ਗੁਰਦਾਸ ਗੁਰਮੁਖਿ ਦੀ ਵਿਆਖਿਆ ਕਰਦੇ ਹਨ ਕਿ ਗੁਰਮੁਖਿ ਕਿਸ ਨੂੰ ਕਿਹਾ ਜਾਂਦਾ ਹੈ? ਉਹ ਦੱਸਦੇ ਹਨ ਕਿ ਗੁਰਮੁਖਿ ਉਹ ਹੈ ਜੋ ਗੁਰੂ ਦੇ ਹੁਕਮ ਨੂੰ ਮੰਨਦਾ ਹੈ, ਗੁਰੂ ਦੇ ਉਪਦੇਸ਼ਾਂ ਅਨੁਸਾਰ ਚਲਦਾ ਹੈ। ਗੁਰਮੁਖਿ ਦੇ ਚੋਜ ਅਦਭੁੱਤ ਹੁੰਦੇ ਹਨ, ਉਸ ਦੇ ਕਾਰਜ ਅਸਚਰਜ ਵਿਚ ਪਾਉਣ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਦੀ ਸ਼ੋਭਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਇਹ ਚੋਜ ਕੀ ਹਨ? ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰਮੁਖਿ ਇਸ ਤੱਥ ਨੂੰ ਜਾਣਦਾ ਹੈ ਕਿ ਕਰਤਾ ਪੁਰਖ ਨੇ ਇਹ ਸ੍ਰਿਸ਼ਟੀ ਸਿਰਜੀ ਹੈ ਅਤੇ ਸ੍ਰਿਸ਼ਟੀ ਕਾਦਰ ਦਾ ਹੀ ਰੂਪ ਹੈ। ਇਸ ਗਿਆਨ ਦੇ ਅਹਿਸਾਸ ਨਾਲ ਉਹ ਕਾਦਰ ਤੋਂ ਬਲਿਹਾਰ ਜਾਂਦਾ ਹੈ। ਗੁਰਮੁਖਿ ਇਸ ਤੱਥ ਤੋਂ ਭਲੀਭਾਂਤ ਜਾਣੂੰ ਹੈ ਕਿ ਉਹ ਇਸ ਸੰਸਾਰ 'ਤੇ ਮਹਿਮਾਨ ਦੀ ਤਰ੍ਹਾਂ ਹੈ ਭਾਵ ਉਸ ਦਾ ਇਹ ਜੀਵਨ ਇਥੇ ਸਦਾ ਨਹੀਂ ਰਹਿਣਾ ਅਤੇ ਇਹ ਸੰਸਾਰ ਇੱਕ ਮਹਿਮਾਨ ਘਰ ਹੈ ਜੋ ਉਸ ਨੂੰ ਰੈਣ-ਬਸੇਰਾ ਕਰਨ ਲਈ ਮਿਲਿਆ ਹੈ। ਇਸ ਤੱਥ ਨੂੰ ਧਿਆਨ ਵਿਚ ਰੱਖ ਕੇ ਉਹ ਇਸ ਅਨੁਸਾਰ ਹੀ ਕਾਰਜ ਕਰਦਾ ਹੈ ਅਤੇ ਨਿਰਲੇਪ ਹੋ ਕੇ ਜੀਵਨ ਬਸਰ ਕਰਦਾ ਹੈ। ਸਤਿ ਹੀ ਉਸ ਦਾ ਅਸਲੀ ਗੁਰੂ ਹੈ ਜਿਸ ਨੂੰ ਉਹ ਸੁਣਦਾ ਹੈ ਅਤੇ ਜਿਸ ਦੇ ਅਨੁਸਾਸ਼ਨ ਅਨੁਸਾਰ ਉਹ ਚਲਦਾ ਅਤੇ ਕਾਰਜ ਕਰਦਾ ਹੈ। ਭਾਵ ਗੁਰਮੁਖਿ ਆਪਣਾ ਜੀਵਨ ਸਤਿ ਅਨੁਸਾਰ ਜਿਉਂਦਾ ਹੈ। ਇੱਕ ਢਾਢੀ ਦੀ ਤਰ੍ਹਾਂ ਉਹ ਸਤਿਸੰਗਤਿ ਦੇ ਦਰਵਾਜ਼ੇ 'ਤੇ ਜਾਂਦਾ ਹੈ ਅਤੇ ਗੁਰਬਾਣੀ ਦਾ ਗਾਇਨ ਕਰਦਾ ਹੈ, ਗੁਰਬਾਣੀ ਗਾਉਂਦਾ ਤੇ ਸੁਣਦਾ ਹੈ। ਸਤਿਸੰਗਤਿ ਉਸ ਲਈ ਆਧਾਰ ਹੈ ਜਿਸ ਰਾਹੀਂ ਉਹ ਅਕਾਲ ਪੁਰਖ ਨਾਲ ਪਛਾਣ ਬਣਾਉਂਦਾ ਹੈ ਅਤੇ ਉਸ ਨਾਲ ਪ੍ਰੇਮ ਪੈਦਾ ਕਰਦਾ ਹੈ। ਉਸ ਦੀ ਸੁਰਤਿ ਸਦਾ ਹੀ ਸੱਚੇ ਸ਼ਬਦ ਵਿਚ ਲੱਗੀ ਰਹਿੰਦੀ ਹੈ, ਉਸ ਦੀ ਚੇਤਨਾ ਸਦਾ ਸ਼ਬਦ ਨਾਲ ਜੁੜੀ ਰਹਿੰਦੀ ਹੈ, ਸ਼ਬਦ ਰਾਹੀਂ ਉਸ ਦੀ ਸੁਰਤਿ ਅਕਾਲ ਪੁਰਖ ਵਿਚ ਸਮਾਈ ਰਹਿੰਦੀ ਹੈ। ਉਸ ਲਈ ਸੱਚਾ ਦਰਬਾਰ ਸਤਿਸੰਗਤਿ ਹੈ ਅਤੇ ਸ਼ਬਦ ਰਾਹੀਂ ਉਹ ਇਸ ਦੀ ਪਛਾਣ ਆਪਣੇ ਅੰਦਰ ਵਸਾਉਂਦਾ ਹੈ:

ਗੁਰ ਚੇਲਾ ਪਰਵਾਣੁ ਗੁਰਮੁਖਿ ਜਾਣੀਐ।
ਗੁਰਮੁਖਿ ਚੋਜਿ ਵਿਡਾਣੁ ਅਕੱਥ ਕਥਾਣੀਐ।
ਕੁਦਰਤਿ ਨੋ ਕੁਰਬਾਣੁ ਕਾਦਰੁ ਜਾਣੀਐ।
ਗੁਰਮੁਖਿ ਜਗਿ ਮਿਹਮਾਣੁ
ਜਗੁ ਮਿਹਮਾਣੀਐ।
ਸਤਿਗੁਰ ਸਤਿ ਸੁਹਾਣੁ ਆਖਿ ਵਖਾਣੀਐ।
ਦਰਿ ਢਾਢੀ ਦਰਵਾਣੁ ਚਵੈ ਗੁਰਬਾਣੀਐ।
ਸਚੁ ਸਬਦੁ ਨੀਸਾਣੁ ਸੁਰਤਿ ਸਮਾਣੀਐ।
ਇਕੋ ਦਰਿ ਦੀਬਾਣੁ
ਸਬਦਿ ਸਿਵਾਣੀਐ॥੩॥

ਭਾਈ ਗੁਰਦਾਸ ਤੀਸਰੀ ਪਉੜੀ ਵਿਚ ਗੁਰੂ, ਗੁਰਮੁਖਿ, ਸਤਿਸੰਗਤਿ ਅਤੇ ਸ਼ਬਦ ਦੀ ਸਿੱਖ ਧਰਮ ਵਿਚ ਮਹੱਤਤਾ 'ਤੇ ਚਾਨਣਾ ਪਾਉਂਦੇ ਹਨ। ਗੁਰਮੁਖਿ ਉਹ ਹੈ ਜੋ ਗੁਰੂ ਦੇ ਆਦੇਸ਼ਾਂ ਅਨੁਸਾਰ ਚਲਦਾ ਹੈ, ਉਸ ਨੇ ਸਿੱਖਣਾ ਸਤਿਸੰਗਤਿ ਵਿਚ ਜਾ ਕੇ ਹੈ ਅਤੇ ਆਪਣੀ ਸੁਰਤਿ ਨੂੰ ਸਤਿਸੰਗਤਿ ਰਾਹੀਂ ਸ਼ਬਦ ਨਾਲ ਜੋੜਨਾ ਹੈ। ਸੁਰਤਿ ਦਾ ਸ਼ਬਦ ਵਿਚ ਜੁੜਨਾ ਹੀ ਅਸਲੀ ਪਛਾਣ ਹੈ ਜਿਸ ਰਾਹੀਂ ਉਸ ਨੂੰ ਸੰਸਾਰ, ਕਾਦਰ ਅਤੇ ਕੁਦਰਤਿ ਸਭ ਦੀ ਸਮਝ ਲੱਗਦੀ ਹੈ।

ਅਗਲੀ ਪਉੜੀ ਵਿਚ ਵੀ ਗੁਰੂ ਅਤੇ ਚੇਲੇ ਦੇ ਸਬੰਧ ਦਾ ਹੀ ਜ਼ਿਕਰ ਕੀਤਾ ਮਿਲਦਾ ਹੈ ਅਰਥਾਤ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਦੇਵ ਦੇ ਹਵਾਲੇ ਨਾਲ ਲਿਖਿਆ ਹੈ। ਭਾਈ ਗੁਰਦਾਸ ਅਨੁਸਾਰ ਗੁਰੂ ਦਾ ਸ਼ਬਦ ਹੀ ਗੁਰੂ ਹੈ ਜਿਸ ਨੂੰ ਗੁਰਮੁਖਿ ਜਾਂ ਸਿੱਖ ਪਾਸੋਂ ਇਸ ਵਿਸਮਾਦ ਸ਼ਬਦ ਨੂੰ ਪਾਉਂਦਾ ਹੈ ਅਤੇ ਉਹ ਧੰਨ ਹੈ। ਚੇਲੇ ਅਰਥਾਤ ਗੁਰੂ ਅੰਗਦ ਨੇ ਆਪਣੀ ਸੁਰਤਿ ਸ਼ਬਦ ਵਿਚ ਵਿਲੀਨ ਕਰਕੇ ਉਸ ਅਲੱਖ ਅਕਾਲ ਪੁਰਖ ਦੇ ਦਰਸ਼ਨ ਕੀਤੇ ਹਨ ਅਤੇ ਉਸ ਅਲੱਖ ਅਕਾਲ ਪੁਰਖ ਨੂੰ ਹੋਰਨਾਂ ਨੂੰ ਵੀ ਲਖਾਇਆ ਹੈ। ਗੁਰੂ ਨੂੰ ਮਿਲ ਕੇ ਅਰਥਾਤ ਗੁਰੂ ਨਾਨਕ ਦੇ ਮਿਲਾਪ ਰਾਹੀਂ ਚੇਲੇ ਗੁਰੂ ਅੰਗਦ ਨੇ ਤੁਰੀਆ ਪਦ ਪ੍ਰਾਪਤ ਕੀਦਾ ਹੈ ਜੋ ਕਿ ਅਧਿਆਤਮਕ ਪ੍ਰਾਪਤੀ ਦੀ ਚੌਥੀ ਤੇ ਆਖਰੀ ਮੰਜ਼ਿਲ ਹੈ ਅਤੇ ਉਸ ਵਿਚ ਆਪਣੇ ਆਪ ਨੂੰ ਟਿਕਾ ਲਿਆ ਹੈ। ਇਸ ਦਾ ਫਲ ਇਹ ਹੋਇਆ ਹੈ ਕਿ ਉਸ ਨੇ ਆਪਣੇ ਅੰਦਰ ਉਸ ਡੂੰਘੇ, ਗੰਭੀਰ ਤੇ ਬੇਅੰਤ ਅਕਾਲ ਪੁਰਖ ਨੂੰ ਟਿਕਾ ਲਿਆ ਹੈ ਅਤੇ ਜੋ ਅਜਰ ਹੈ, ਉਸ ਨੂੰ ਵੀ ਜਰ ਲਿਆ ਹੈ। ਉਹ ਸੱਚਾ ਹੋਰ ਦੁਨਿਆਵੀ ਪ੍ਰਾਪਤੀਆਂ ਤੋਂ ਬੇਪਰਵਾਹ ਹੋ ਕੇ, ਬੇਨਿਆਜ਼ ਹੋ ਕੇ ਉਸ ਸੱਚ ਵਿਚ ਲੀਨ ਹੋ ਗਿਆ ਹੈ, ਸੱਚ ਵਿਚ ਸਮਾ ਗਿਆ ਹੈ। ਇਸ ਤਰ੍ਹਾਂ ਇਸ ਪ੍ਰਾਪਤੀ ਨਾਲ ਉਸ ਪਾਤਸ਼ਾਹਾਂ ਦੇ ਪਾਤਸ਼ਾਹ ਦਾ ਹੁਕਮ ਚਲਣ ਲੱਗ ਪਿਆ ਹੈ। ਉਸ ਨੇ ਉਸ ਅਕਾਲ ਪੁਰਖ ਦੀ ਸੱਚੀ ਸਿਫਤਿ-ਸਾਲਾਹ ਦਾ ਅੰਮ੍ਰਿਤ ਆਪ ਵੀ ਪੀਤਾ ਹੈ ਅਤੇ ਹੋਰਨਾਂ ਨੂੰ ਵੀ ਪਿਲਾਇਆ ਹੈ। ਇਸ ਸ਼ਬਦ ਦੀ ਬਦੌਲਤ, ਸ਼ਬਦ ਵਿਚ ਸੁਰਤਿ ਨੂੰ ਟਿਕਾ ਕੇ ਉਸ ਅਸਗਾਹ ਅਥਾਹ ਅਕਾਲ ਪੁਰਖ ਨੂੰ ਪਾ ਲਿਆ ਹੈ ਅਤੇ ਉਸ ਦੀ ਮਿਹਰ ਨਾਲ ਕਈ ਮੂਰਖਾਂ ਨੂੰ ਵੀ ਸਿੱਧੇ ਰਸਤੇ 'ਤੇ ਪਾ ਦਿੱਤਾ ਹੈ:

ਸਬਦੁ ਗੁਰੂ ਗੁਰੁ ਵਾਹੁ ਗੁਰਮੁਖਿ ਪਾਇਆ।
ਚੇਲਾ ਸੁਰਤਿ ਸਮਾਹੁ ਅਲਖੁ ਲਖਾਇਆ।
ਗੁਰ ਚੇਲੇ ਵੀਵਾਹੁ ਤੁਰੀ ਚੜ੍ਹਾਇਆ।
ਗਹਿਰ ਗੰਭੀਰ ਅਥਾਹੁ ਅਜਰੁ ਜਰਾਇਆ।
ਸਚਾ ਬੇਪਰਵਾਹੁ ਸਚਿ ਸਮਾਇਆ।
ਪਾਤਿਸਾਹਾ ਪਾਤਿਸਾਹੁ ਹੁਕਮੁ ਚਲਾਇਆ।
ਲਉਬਾਲੀ ਦਰਗਾਹੁ ਭਾਣਾ ਭਾਇਆ।
ਸਚੀ ਸਿਫਤਿ ਸਲਾਹੁ ਅਪਿਉ ਪੀਆਇਆ।
ਸਬਦੁ ਸੁਰਤਿ ਅਸਗਾਹੁ
ਅਘੜ ਘੜਾਇਆ॥੪॥

ਅੱਗੇ ਪੰਜਵੀਂ ਪਉੜੀ ਵਿਚ ਭਾਈ ਗੁਰਦਾਸ ਨੇ ਗੁਰਮੁਖ ਅਤੇ ਗੁਰਮੁਖ ਦੇ ਪੰਥ ਦੀ ਵਿਆਖਿਆ ਕੀਤੀ ਹੈ। ਭਾਈ ਗੁਰਦਾਸ ਨੇ ਬਾਬਾ ਨਾਨਕ ਵੱਲੋਂ ਸਥਾਪਤ ਕੀਤੇ ਮਾਰਗ ਨੂੰ 'ਨਿਰਮਲ ਪੰਥ' ਜਾਂ 'ਗੁਰਮੁਖ ਪੰਥ' ਦੀ ਸੰਗਿਆ ਦਿੱਤੀ ਹੈ। ਭਾਈ ਗੁਰਦਾਸ ਗੁਰਮੁਖ ਪੰਥ ਦੀ ਵਿਆਖਿਆ ਕਰਦੇ ਹਨ ਕਿ ਇਹ ਪੰਥ ਅਨਮੋਲ ਹੈ, ਬੇਸ਼ਕੀਮਤੀ ਹੈ ਜਿਸ ਦੀ ਕੀਮਤ ਨਹੀਂ ਪਾਈ ਜਾ ਸਕਦੀ। ਇਹ ਅਤੋਲਵਾਂ ਮਾਰਗ ਹੈ, ਜੇ ਤਰਾਜੂ ਵਿਚ ਪਾ ਕੇ ਇਸ ਨੂੰ ਤੋਲਣਾ ਚਾਹੀਏ ਤਾਂ ਤੋਲ ਨਹੀਂ ਸਕਦੇ। ਗੁਰਮੁਖ ਆਪਣੇ ਸਵੈ ਵਿਚ ਅਡੋਲ ਪੱਕਾ ਹੋ ਜਾਂਦਾ ਹੈ, ਦੁਨਿਆਵੀ ਚੀਜ਼ਾਂ ਜਾਂ ਸ਼ਕਤੀਆਂ ਉਸ ਨੂੰ ਆਪਣੇ ਮਾਰਗ ਤੋਂ ਡੁਲਾ ਨਹੀਂ ਸਕਦੀਆਂ। ਇਹ ਰਸਤਾ ਬਹੁਤ ਵਿਲੱਖਣ ਤੇ ਨਿਰਾਲਾ ਹੈ ਅਤੇ ਜੇ ਇਸ ਮਾਰਗ ਨੂੰ ਕਿਸੇ ਹੋਰ ਨਾਲ ਰਲਾਈਏ ਵੀ ਤਾਂ ਰਲ ਨਹੀਂ ਸਕਦਾ। ਇਸ ਦੀ ਕਥਾ ਅਕੱਥ ਹੈ ਭਾਵ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਬੋਲਿਆ ਨਹੀਂ ਜਾ ਸਕਦਾ। ਇਹ ਮਾਰਗ ਅਭੁੱਲ ਹੈ, ਸਾਰੀਆਂ ਭੁੱਲਾਂ ਤੋਂ ਉਤੇ ਉਠ ਜਾਂਦਾ ਹੈ, ਕੋਈ ਇਸ ਨੂੰ ਭੁੱਲ ਵਿਚ ਨਹੀਂ ਪਾ ਸਕਦਾ, ਗਲਤੀ ਨਾਲ ਵੀ ਗਲਤੀ ਨਹੀਂ ਕਰਦਾ। ਇਹ ਸਹਿਜ ਮਾਰਗ ਹੈ, ਸਹਿਜ ਵਿਚ ਟਿਕਿਆ ਹੋਇਆ ਇਹ ਜੀਵਨ ਵਿਚ ਸੰਤੁਲਨ ਪੈਦਾ ਕਰਦਾ ਹੈ। ਗੁਰਮੁਖ ਅੰਮ੍ਰਿਤ ਦੇ ਸਰੋਵਰ ਵਿਚੋਂ ਅੰਮ੍ਰਿਤ ਚੱਖਦਾ ਹੈ ਅਤੇ ਸਹਿਜ ਦੀ ਦਾਤ ਪ੍ਰਾਪਤ ਕਰਦਾ ਹੈ। ਗੁਰਮੁਖਤਾ ਦਾ ਜਾਂ ਗੁਰਮੁਖ ਮਾਰਗ 'ਤੇ ਚੱਲਣ ਦਾ ਫਲ ਇਹ ਹੈ ਕਿ ਗੁਰਮੁਖ ਕਦੇ ਵੀ ਆਪਣੀ ਹਉਮੈ ਵਿਚ ਨਹੀਂ ਆਉਂਦਾ ਅਤੇ ਨਾ ਹੀ ਹਉਮੈ ਦਾ ਪ੍ਰਗਟਾਵਾ ਕਰਦਾ ਹੈ:

ਮੁਲਿ ਨ ਮਿਲੈ ਅਮੋਲੁ,
ਨ ਕੀਮਤਿ ਪਾਈਐ।
ਪਾਇ ਤਰਾਜੂ ਤੋਲੁ, ਨ ਅਤੁਲੁ ਤੁਲਾਈਐ।
ਨਿਜ ਘਰਿ ਤਖਤੁ ਅਡੋਲੁ, ਨ ਡੋਲਿ ਡੋਲਾਈਐ।
ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ।
ਕਥਾ ਅਕਥ ਅਬੋਲੁ ਨ ਬੋਲ ਬੁਲਾਈਐ।
ਸਦਾ ਅਭੁਲੁ ਅਭੋਲੁ, ਨ ਭੋਲਿ ਭੁਲਾਈਐ।
ਗੁਰਮੁਖਿ ਪੰਥੁ ਅਲੋਲੁ, ਸਹਜਿ ਸਮਾਈਐ।
ਅਮਿਉ ਸਰੋਵਰ ਝੋਲੁ ਗੁਰਮੁਖਿ ਪਾਈਐ।
ਲਖ ਟੋਲੀ ਇਕ ਟੋਲੁ
ਨ ਆਪੁ ਗਣਾਈਐ॥੫॥

*-0-*

## ਸਦਾ ਧਨੁ ਅੰਤਰਿ ਨਾਮੁ ਸਮਾਲੇ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੩**

ਸਦਾ ਧਨੁ ਅੰਤਰਿ ਨਾਮੁ ਸਮਾਲੇ॥
ਜੀਅ ਜੰਤ ਜਿਨਹਿ ਪ੍ਰਤਿਪਾਲੇ॥
ਮੁਕਤਿ ਪਦਾਰਥੁ ਤਿਨ ਕਉ ਪਾਏ॥
ਹਰਿ ਕੈ ਨਾਮਿ ਰਤੇ ਲਿਵ ਲਾਏ॥੧॥
ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ॥
ਅੰਤਰਿ ਪਰਗਾਸੁ
ਹਰਿ ਨਾਮੁ ਧਿਆਵੈ॥ਰਹਾਉ॥
ਇਹੁ ਹਰਿ ਰੰਗੁ ਗੂੜਾ ਧਨ ਪਿਰ ਹੋਇ॥
ਸਾਂਤਿ ਸੀਗਾਰੁ ਰਾਵੇ ਪ੍ਰਭੁ ਸੋਇ॥
ਹਉਮੈ ਵਿਚਿ ਪ੍ਰਭੁ ਕੋਇ ਨ ਪਾਏ॥
ਮੂਲਹੁ ਭੁਲਾ ਜਨਮੁ ਗਵਾਏ॥੨॥
ਗੁਰ ਤੇ ਸਾਤਿ ਸਹਜ ਸੁਖੁ ਬਾਣੀ॥
ਸੇਵਾ ਸਾਚੀ ਨਾਮਿ ਸਮਾਣੀ॥
ਸਬਦਿ ਮਿਲੈ ਪ੍ਰੀਤਮੁ ਸਦਾ ਧਿਆਏ॥
ਸਾਚ ਨਾਮਿ ਵਡਿਆਈ ਪਾਏ॥੩॥
ਆਪੇ ਕਰਤਾ ਜੁਗਿ ਜੁਗਿ ਸੋਇ॥
ਨਦਰਿ ਕਰੇ ਮੇਲਾਵਾ ਹੋਇ॥
ਗੁਰਬਾਣੀ ਤੇ ਹਰਿ ਮੰਨਿ ਵਸਾਏ॥
ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ॥੪॥

ਸਤਿਗੁਰੂ ਜੀ ਆਖਦੇ ਹਨ- ਹੇ ਭਾਈ! ਜਿਸ ਮਿਹਰਬਾਨ ਪ੍ਰਭੂ ਨੇ ਜਗਤ ਦੇ ਸਾਰੇ ਜੀਵਾਂ ਦੀ ਪ੍ਰਤਿਪਾਲਣਾ ਕਰਨ ਦੀ ਜ਼ਿੰਮੇਵਾਰੀ ਲਈ ਹੋਈ ਹੈ, ਉਸ ਦਾ ਨਾਮ ਐਸਾ ਧਨ ਹੈ ਜੋ ਸਦਾ ਹੀ ਜੀਵ ਦਾ ਸਾਥ ਨਿਭਾਉਂਦਾ ਹੈ, ਤੂੰ ਇਸ ਧਨ ਨੂੰ ਆਪਣੇ ਅੰਦਰ ਸੰਭਾਲ ਕੇ ਰੱਖ; ਹੇ ਭਾਈ! ਵਿਕਾਰਾਂ ਤੋਂ ਮੁਕਤੀ ਦਿਵਾਉਣ ਵਾਲਾ ਨਾਮ ਧਨ ਉਨ੍ਹਾਂ ਜੀਵਾਂ ਨੂੰ ਮਿਲਦਾ ਹੈ ਜਿਹੜੇ ਸੁਰਤ ਜੋੜ ਕੇ ਹਰੀ ਨਾਮ ਰੰਗ ਵਿਚ ਰੰਗੇ ਰਹਿੰਦੇ ਹਨ।

ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ॥
ਅੰਤਰਿ ਪਰਗਾਸੁ
ਹਰਿ ਨਾਮੁ ਧਿਆਵੈ॥ਰਹਾਉ॥

ਗੁਰੂ ਅਮਰਦਾਸ 'ਰਹਾਉ' ਵਾਲੀ ਪੰਕਤੀ ਵਿਚ ਜੀਵਾਂ ਨੂੰ ਉਪਦੇਸ਼ ਕਰਦੇ ਆਖਦੇ ਹਨ, ਹੇ ਭਾਈ! ਗੁਰੂ ਦੀ ਦੱਸੀ ਹੋਈ ਸੇਵਾ ਕਰਨ ਨਾਲ ਮਨੁੱਖ ਪਰਮਾਤਮਾ ਪ੍ਰਭੂ ਦਾ ਨਾਮ ਧਨ ਪਾ ਲੈਂਦਾ ਹੈ, ਹਾਸਲ ਕਰ ਲੈਂਦਾ ਹੈ। ਜਿਹੜਾ ਮਨੁੱਖ ਉਸ ਮਾਲਕ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ, ਉਸ ਅੰਦਰ ਗਿਆਨ ਦਾ ਪ੍ਰਕਾਸ਼, ਭਾਵ ਆਤਮਿਕ ਜੀਵਨ ਦੀ ਸੂਝ-ਬੂਝ ਆ ਜਾਂਦੀ ਹੈ।

ਇਹੁ ਹਰਿ ਰੰਗੁ ਗੂੜਾ ਧਨ ਪਿਰ ਹੋਇ॥
ਸਾਂਤਿ ਸੀਗਾਰੁ ਰਾਵੇ ਪ੍ਰਭੁ ਸੋਇ॥
ਹਉਮੈ ਵਿਚਿ ਪ੍ਰਭੁ ਕੋਇ ਨ ਪਾਏ॥
ਮੂਲਹੁ ਭੁਲਾ ਜਨਮੁ ਗਵਾਏ॥੨॥

ਗੁਰਦੇਵ ਜੀ ਆਖਦੇ ਹਨ- ਧਨ ਪਤਨੀ, ਪਿਰ ਪਤੀ, ਹੇ ਭਾਈ! ਪ੍ਰਭੂ ਪਤੀ ਦੇ ਪ੍ਰੇਮ ਵਿਚ ਇਹ ਗੂੜ੍ਹਾ ਰੰਗ ਉਸ ਜੀਵ ਰੂਪੀ ਇਸਤਰੀ ਨੂੰ ਚੜ੍ਹਦਾ ਹੈ ਜੋ ਆਤਮਿਕ ਸ਼ਾਂਤੀ ਨੂੰ ਆਪਣੇ ਜੀਵਨ ਦਾ ਗਹਿਣਾ ਬਣਾ ਲੈਂਦੀ ਹੈ। ਉਹ ਜੀਵ ਰੂਪੀ ਇਸਤਰੀ ਆਪਣੇ ਮਾਲਕ ਪ੍ਰਭੂ ਨੂੰ ਹਰ ਵੇਲੇ ਆਪਣੇ ਹਿਰਦੇ ਵਿਚ ਵਸਾਈ ਰੱਖਦੀ ਹੈ; ਪਰ ਹਉਮੈ 'ਚ ਰਹਿ ਕੇ ਕੋਈ ਵੀ ਜੀਵ ਪ੍ਰਭੂ ਨੂੰ ਨਹੀਂ ਪਾ ਸਕਦਾ। ਆਪਣੇ ਮੂਲ ਨੂੰ ਭੁੱਲਿਆ ਜੀਵ ਆਪਣਾ ਜਨਮ ਵਿਅਰਥ ਹੀ ਗਵਾ ਲੈਂਦਾ ਹੈ।

ਗੁਰ ਤੇ ਸਾਤਿ ਸਹਜ ਸੁਖੁ ਬਾਣੀ॥
ਸੇਵਾ ਸਾਚੀ ਨਾਮਿ ਸਮਾਣੀ॥
ਸਬਦਿ ਮਿਲੈ ਪ੍ਰੀਤਮੁ ਸਦਾ ਧਿਆਏ॥
ਸਾਚ ਨਾਮਿ ਵਡਿਆਈ ਪਾਏ ॥੩॥

ਹੇ ਭਾਈ! ਗੁਰੂ ਪਾਸੋਂ ਮਿਲੀ ਬਾਣੀ ਦੀ ਬਰਕਤ ਨਾਲ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਆਤਮਿਕ ਅਡੋਲਤਾ ਦਾ ਅਨੰਦ ਮਿਲਦਾ ਹੈ। ਗੁਰੂ ਦੀ ਦੱਸੀ ਹੋਈ ਸੇਵਾ ਸਦਾ ਨਾਲ ਨਿਭਣ ਵਾਲੀ ਚੀਜ਼ ਹੈ। ਇਸ ਦੀ ਬਰਕਤ ਨਾਲ ਪਰਮਾਤਮਾ ਦੇ ਨਾਮ ਵਿਚ ਲੀਨਤਾ ਹੋ ਜਾਂਦੀ ਹੈ; ਜਿਹੜਾ ਮਨੁੱਖ ਗੁਰੂ ਸ਼ਬਦ ਵਿਚ ਜੁੜ ਜਾਂਦਾ ਹੈ, ਉਹ ਆਪਣੇ ਪ੍ਰੀਤਮ ਨੂੰ ਸਦਾ ਧਿਆਉਂਦਾ ਹੈ ਅਤੇ ਪ੍ਰਭੂ ਨਾਮ ਵਿਚ ਲੀਨ ਹੋ ਕੇ ਪਰਲੋਕ ਵਿਚ ਵਡਿਆਈ ਪਾਉਂਦਾ ਹੈ।

ਆਪੇ ਕਰਤਾ ਜੁਗਿ ਜੁਗਿ ਸੋਇ॥
ਨਦਰਿ ਕਰੇ ਮੇਲਾਵਾ ਹੋਇ॥
ਗੁਰਬਾਣੀ ਤੇ ਹਰਿ ਮੰਨਿ ਵਸਾਏ॥
ਨਾਨਕ ਸਾਚਿ ਰਤੇ
ਪ੍ਰਭਿ ਆਪਿ ਮਿਲਾਏ॥੪॥

ਹੇ ਭਾਈ! ਜਗਤ ਦਾ ਰਚਨਹਾਰ ਕਰਤਾਰ ਹਰ ਇਕ ਜੁਗ ਵਿਚ ਆਪ ਹੀ ਮੌਜੂਦ ਚਲਿਆ ਆ ਰਿਹਾ ਹੈ, ਉਹ ਜਿਸ ਮਨੁੱਖ ਉਤੇ ਆਪਣੀ ਮਿਹਰ ਦੀ ਨਜ਼ਰ ਕਰ ਦਿੰਦਾ ਹੈ, ਉਸ ਦਾ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ ਤੇ ਉਹ ਮਨੁੱਖ ਗੁਰਬਾਣੀ ਦੀ ਬਰਕਤ ਨਾਲ ਉਸ ਮਿਹਰਬਾਨ ਪ੍ਰਭੂ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ। ਹੇ ਨਾਨਕ! ਜਿਨ੍ਹਾਂ ਮਨੁੱਖਾਂ ਨੂੰ ਪ੍ਰਭੂ ਨੇ ਆਪ ਆਪਣੇ ਚਰਨਾਂ ਨਾਲ ਮਿਲਾ ਲਿਆ ਹੈ, ਉਹ ਉਸ ਮਾਲਕ ਦੇ ਰੰਗ ਵਿਚ ਰੰਗੇ ਰਹਿੰਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਗੁਲਾਮੀ ਦੇ ਨੈਣ-ਨਕਸ਼ ਅਤੇ ਨੋਟ



*ਗੁਲਾਮੀ ਦੀਆਂ ਜ਼ੰਜੀਰਾਂ ਖਿਲਾਫ ਮੁਹਿੰਮ ਵਿੱਢਣ ਵਾਲੀ ਸਿਆਹਫਾਮ ਔਰਤ ਹੈਰੀਅਟ ਟਬਮੈਨ (1822-10 ਮਾਰਚ 1913) ਦਾ ਬਚਪਨ ਦਾ ਨਾਂ ਅਰਾਮਿੰਟਾ ਰੌਸ ਸੀ। ਉਹ ਮਸਾਂ ਪੰਜ ਵਰ੍ਹਿਆਂ ਦੀ ਸੀ ਜਦੋਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਗਈ, ਪਰ 1849 ਵਿਚ ਉਹ ਇਹ ਜ਼ੰਜੀਰਾਂ ਤੋੜ ਕੇ ਫਿਲਾਡੈਲਫੀਆ ਚਲੀ ਗਈ। ਫਿਰ ਆਪਣੇ ਪਰਿਵਾਰ ਦੇ ਹੋਰ ਜੀਆਂ ਨੂੰ ਗੁਲਾਮੀ ਤੋਂ ਬਚਾਉਣ ਦਾ ਹੀਲਾ ਕੀਤਾ। ਇਉਂ ਉਹ ਅਜਿਹੇ ਗਰੁਪ ਨਾਲ ਜੁੜ ਗਈ ਜੋ ਗੁਲਾਮੀ ਖਿਲਾਫ ਜੱਦੋਜਹਿਦ ਕਰ ਰਿਹਾ ਸੀ। ਅਮਰੀਕਾ ਦੀ ਘਰੋਗੀ ਜੰਗ ਦੌਰਾਨ ਉਸ ਨੇ ਯੂਨੀਅਨ ਆਰਮੀ ਲਈ ਕੰਮ ਕੀਤਾ। 20 ਅਪਰੈਲ 2016 ਨੂੰ ਖਜ਼ਾਨਾ ਮੰਤਰੀ ਜੈਕ ਲਿਊ ਨੇ ਐਲਾਨ ਕੀਤਾ ਕਿ 20 ਡਾਲਰ ਦੇ ਨੋਟ ਉਤੇ ਹੈਰੀਅਟ ਟਬਮੈਨ ਦੀ ਤਸਵੀਰ ਛਪੇਗੀ। ਅਵਤਾਰ ਸਿੰਘ ਧਾਲੀਵਾਲ ਨੇ ਆਪਣੇ ਇਸ ਲੇਖ ਵਿਚ ਹੈਰੀਅਟ ਟਬਮੈਨ ਦੇ ਜੀਵਨ ਦੇ ਕੁਝ ਪੱਖਾਂ ਬਾਰੇ ਚਾਨਣਾ ਪਾਇਆ ਹੈ। -ਸੰਪਾਦਕ*

**ਅਵਤਾਰ ਸਿੰਘ ਧਾਲੀਵਾਲ**
ਫੋਨ: +91-98722-14428

ਵੀਹ ਅਪਰੈਲ ਨੂੰ ਐਲਾਨ ਕੀਤਾ ਗਿਆ ਕਿ ਵੀਹ ਡਾਲਰ ਦੇ ਬਿਲ (ਨੋਟ) ਉਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਐਂਡਰਿਊ ਜੈਕਸਨ ਦੀ ਥਾਂ ਇਕ ਔਰਤ ਦਾ ਚਿਹਰਾ ਛਾਪਿਆ ਜਾਵੇਗਾ। ਕੌਣ ਸੀ ਉਹ ਔਰਤ? ਦਰਅਸਲ, ਉਹ ਸਿਆਹਫਾਮ ਮਹਿਲਾ ਸੀ। ਨਾਂ ਸੀ ਹੈਰੀਅਟ ਟਬਮੈਨ। ਉਹ ਗੁਲਾਮ ਮਾਪਿਆਂ ਦੀ ਧੀ ਸੀ ਜਿਸ ਨੂੰ ਪੰਜ ਕੁ ਸਾਲ ਦੀ ਹੋਣ 'ਤੇ ਹੀ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜ ਲਿਆ ਗਿਆ। ਉਹ 1820-22 ਵਿਚ ਪੈਦਾ ਹੋਈ ਹੋਵੇਗੀ ਕਿਉਂ ਜੋ ਗੁਲਾਮ ਬਣਾਏ ਗਏ ਲੋਕਾਂ ਦੇ ਜਨਮ ਦੀਆਂ ਤਾਰੀਖਾਂ ਬਾਰੇ ਕੌਣ ਗੌਰ ਕਰਦਾ ਸੀ?

ਕਿਹਾ ਜਾਂਦਾ ਹੈ ਕਿ ਯੂਰਪ ਦੇ ਕਈ ਸ਼ਾਹੀ ਘਰਾਣਿਆਂ ਅਤੇ ਵੱਡੇ ਵਪਾਰੀਆਂ ਦੀ ਸ਼ਹਿ ਉਤੇ ਵਪਾਰਕ ਕੰਪਨੀਆਂ ਵਲੋਂ ਵਧੇਰੇ ਧਨ ਕਮਾਉਣ ਲਈ ਅਫਰੀਕੀ ਲੋਕਾਂ ਨੂੰ ਗੁਲਾਮ ਬਣਾ ਕੇ ਅਮਰੀਕਾ ਵਿਚ ਵੇਚਣ ਦਾ ਧੰਦਾ ਅਪਨਾਇਆ ਗਿਆ ਸੀ। ਯੂਰਪ ਦੇ ਸਮੁੰਦਰੀ ਜਹਾਜ਼ਾਂ ਵਿਚ ਉਹ ਵਪਾਰੀ ਅਫਰੀਕਾ ਜਾਂਦੇ। ਉਥੇ ਜੰਗਲਾਂ ਵਿਚ ਰਹਿੰਦੇ ਸਿਆਹਫਾਮ ਲੋਕਾਂ ਨੂੰ ਘੇਰ ਕੇ ਫੜ ਲੈਂਦੇ। ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ ਜ਼ਬਰਦਸਤੀ ਜਹਾਜ਼ਾਂ ਵਿਚ ਲੱਦਿਆ ਜਾਂਦਾ। ਉਹ ਅਮਰੀਕਾ ਲਿਆ ਕੇ ਵੇਚ ਦਿੱਤੇ ਜਾਂਦੇ। ਇਕ ਅਨੁਮਾਨ ਮੁਤਾਬਿਕ 1619 ਤਕ ਦਸ ਲੱਖ ਕਾਲੇ ਗੁਲਾਮ ਵੇਚੇ ਜਾ ਚੁੱਕੇ ਸਨ। ਵਿਰੋਧ ਕਰਨ ਵਾਲੇ ਗੁਲਾਮਾਂ ਨੂੰ ਲੋਹੇ ਦੀਆਂ ਸਲਾਖਾਂ ਨਾਲ ਕੁੱਟਿਆ ਜਾਂਦਾ। ਸਫਰ ਦੌਰਾਨ ਗੰਦਗੀ ਭਰੇ ਹਾਲਾਤ ਕਾਰਨ ਵਧੇਰੇ ਬਿਮਾਰ ਹੋਣ ਜਾਂ ਦਮ ਤੋੜ ਜਾਣ ਵਾਲਿਆਂ ਨੂੰ ਸਮੁੰਦਰ ਵਿਚ ਹੀ ਸੁੱਟ ਦਿੱਤਾ ਜਾਂਦਾ।

ਅਮਰੀਕਾ ਵਿਚ ਯੂਰਪ ਤੋਂ ਆ ਕੇ ਵਸੇ ਲੋਕਾਂ ਨੇ ਵੱਡੇ ਵੱਡੇ ਫਾਰਮ ਖਰੀਦ ਲਏ ਸਨ। ਉਨ੍ਹਾਂ ਨੂੰ ਸਸਤੇ ਮਜ਼ਦੂਰਾਂ ਦੀ ਲੋੜ ਸੀ। ਖੇਤਾਂ ਅਤੇ ਘਰਾਂ ਵਿਚ ਕੰਮ ਕਰਵਾਉਣ ਸਮੇਂ ਮਾਲਕ ਇਨ੍ਹਾਂ ਗੁਲਾਮਾਂ ਨਾਲ ਅਣਮਨੁੱਖੀ ਵਰਤਾਉ ਕਰਦੇ ਸਨ। ਉਦੋਂ ਅਮਰੀਕਾ ਦੀਆਂ ਦੱਖਣੀ ਸਟੇਟਾਂ ਵਿਚ ਇਸ ਪ੍ਰਥਾ ਦਾ ਬੋਲਬਾਲਾ ਵਧੇਰੇ ਸੀ। ਗੁਲਾਮਾਂ ਦੇ ਕੋਈ ਅਧਿਕਾਰ ਨਹੀਂ ਸਨ ਹੁੰਦੇ। ਉਨ੍ਹਾਂ ਨੂੰ ਮਨੁੱਖ ਸਮਝਿਆ ਹੀ ਨਹੀਂ ਸੀ ਜਾਂਦਾ। ਜੇ ਕੋਈ ਇਸ ਪ੍ਰਥਾ ਖਿਲਾਫ ਆਵਾਜ਼ ਉਠਾਉਂਦਾ ਤਾਂ ਉਹ ਆਪਣੇ ਲਈ ਤਸੀਹੇ ਸਹੇੜਦਾ ਸੀ। ਅਣਗਿਣਤ ਸਿਆਹਫਾਮ ਲੋਕਾਂ ਨਾਲ ਹੈਰੀਅਟ ਟਬਮੈਨ ਦੇ ਵਡੇਰਿਆਂ ਨੂੰ ਵੀ ਅਫਰੀਕਾ ਤੋਂ ਫੜ ਕੇ ਅਮਰੀਕਾ ਲਿਆਂਦਾ ਗਿਆ ਸੀ। ਆਪਣੇ ਖੇਤਾਂ ਵਿਚ ਕੰਮ ਕਰਵਾਉਣ ਲਈ ਜ਼ਿਮੀਂਦਾਰ ਮਾਲਕਾਂ ਨੇ ਉਨ੍ਹਾਂ ਨੂੰ ਖਰੀਦ ਲਿਆ ਸੀ। ਉਨ੍ਹਾਂ ਤੋਂ ਪਸ਼ੂਆਂ ਵਾਂਗ ਕੰਮ ਲਿਆ ਜਾਂਦਾ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਬਰਾਹਮ ਲਿੰਕਨ ਅਤੇ ਹੋਰ ਬਹੁਤ ਸਾਰੇ ਲੋਕਾਂ ਨੇ ਗੁਲਾਮੀ ਪ੍ਰਥਾ ਖਿਲਾਫ ਸੰਘਰਸ਼ ਕਰਕੇ ਅਣਗਿਣਤ ਲੋਕਾਂ ਨੂੰ ਮੁਕਤੀ ਦਿਵਾਈ। ਲਿੰਕਨ ਨੂੰ ਇਸ ਸੰਘਰਸ਼ ਵਿਚ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ ਸਨ।

ਅਮਰੀਕਾ ਵਿਚ ਗੁਲਾਮੀ ਪ੍ਰਥਾ ਦਾ ਵਿਰੋਧ ਕਾਫੀ ਸਮਾਂ ਪਹਿਲਾਂ ਸ਼ੁਰੂ ਹੋ ਗਿਆ ਸੀ। ਇਸ ਦੇ ਵਿਰੋਧ ਵਿਚ ਬੈਂਜਾਮਿਨ ਫਰੈਂਕਲਿਨ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ 1775 ਵਿਚ ਫਿਲਾਡੈਲਫੀਆ ਵਿਚ ਗੁਲਾਮੀ ਤੋਂ ਮੁਕਤੀ ਲਈ ਪੈਨਸਿਲਵੇਨੀਆ ਸੁਸਾਇਟੀ ਬਣਾਈ। ਕੁਝ ਹੋਰ ਸੁਸਾਇਟੀਆਂ ਵੀ ਇਸ ਨਾਲ ਆ ਜੁੜੀਆਂ ਸਨ। ਉਨ੍ਹਾਂ ਦੇ ਮੁੱਖ ਉਦੇਸ਼ ਸਨ:

ਸਿਆਹਫਾਮ ਜਨ-ਸਮੂਹ ਦੇ ਜੀਵਨ ਦੀਆਂ ਹਾਲਤਾਂ ਵਿਚ ਸੁਧਾਰ ਲਿਆਉਣਾ।

ਗੁਲਾਮਾਂ ਦੇ ਮਾਲਕਾਂ ਅਤੇ ਉਨ੍ਹਾਂ ਦੇ ਝੂਠੇ ਦਾਅਵਿਆਂ ਨੂੰ ਚੁਣੌਤੀ ਦੇਣਾ।

ਆਪਣੇ ਇਲਾਕਿਆਂ ਵਿਚ ਗੁਲਾਮਾਂ ਨੂੰ ਆਜ਼ਾਦ ਕਰਵਾਉਣ ਲਈ ਚਾਰਾਜੋਈ ਕਰਨੀ।

ਇਨ੍ਹਾਂ ਸੱਜਣਾਂ ਦੇ ਯਤਨਾਂ ਨੂੰ ਬੜੀ ਸਫਲਤਾ ਮਿਲੀ। ਕਈ ਸਟੇਟਾਂ ਵਿਚੋਂ 1804 ਤਕ ਗੁਲਾਮੀ ਪ੍ਰਥਾ ਖਤਮ ਕਰ ਦਿੱਤੀ ਗਈ ਸੀ। ਹੈਰੀਅਟ ਟਬਮੈਨ ਆਪਣੇ ਬਚਪਨ ਤੋਂ ਹੀ ਅੱਤਿਆਚਾਰਾਂ ਦਾ ਸ਼ਿਕਾਰ ਹੁੰਦੀ ਰਹੀ। ਉਸ ਦੇ ਮਾਪੇ ਮੈਰੀਲੈਂਡ ਸਟੇਟ ਦੀ ਡੌਰਚੈਸਟਰ ਕਾਉਂਟੀ ਵਿਚ ਇਕ ਮਾਲਕ ਦੇ ਗੁਲਾਮ ਸਨ। ਉਹ ਆਪਣੇ ਮਾਪਿਆਂ ਦੇ ਗਿਆਰਾਂ ਬੱਚਿਆਂ ਵਿਚੋਂ ਇੱਕ ਸੀ। ਉਸ ਦਾ ਨਾਂ ਰੱਖਿਆ ਗਿਆ ਸੀ, ਅਰਾਮਿੰਟਾ ਰੌਸ। ਉਸ ਦੀ ਮਾਂ ਨੂੰ ਕਿਸੇ ਵੱਡੇ ਘਰ ਵਿਚ ਸਾਰਾ ਸਾਰਾ ਦਿਨ ਇੰਨਾ ਕੰਮ ਕਰਨਾ ਪੈਂਦਾ ਕਿ ਉਹ ਆਪਣੇ ਬੱਚਿਆਂ ਵੱਲ ਧਿਆਨ ਨਹੀਂ ਸੀ ਦੇ ਸਕਦੀ। ਅਰਾਮਿੰਟਾ ਉਰਫ ਮਿੰਟੀ ਨੂੰ ਆਪਣੇ ਤੋਂ ਛੋਟਿਆਂ ਨੂੰ ਸੰਭਾਲਣਾ ਪੈਂਦਾ। ਅਜੇ ਉਹ ਪੰਜ-ਛੇ ਸਾਲ ਦੀ ਹੀ ਸੀ ਕਿ ਉਸ ਨੂੰ ਇੱਕ ਮਾਲਕ ਨੇ ਆਪਣਾ ਛੋਟਾ ਬੱਚਾ ਸੰਭਾਲਣ ਲਈ ਖਰੀਦ ਲਿਆ। ਉਸ ਲਈ ਇਹ ਵੀ ਹੁਕਮ ਸੀ ਕਿ ਉਹ ਸੁੱਤੇ ਹੋਏ ਬੱਚੇ ਦਾ ਸਾਰੀ ਰਾਤ ਜਾਗਦੀ ਰਹਿ ਕੇ ਧਿਆਨ ਰੱਖੇ। ਜਦੋਂ ਕਦੇ ਉਹ ਬੱਚਾ ਉੱਠ ਖੜੋਂਦਾ ਤੇ ਰੋ ਕੇ ਮਾਂ ਦੀ ਨੀਂਦ ਖਰਾਬ ਕਰਦਾ ਤਾਂ ਮਿੰਟੀ ਨੂੰ ਕੁੱਟਿਆ ਜਾਂਦਾ। ਜੇ ਕਦੇ ਉਹ ਆਪ ਸੌਂ ਜਾਂਦੀ ਤਾਂ ਉਸ ਨੂੰ ਕੋਰੜੇ ਮਾਰ ਕੇ ਜਗਾਇਆ ਜਾਂਦਾ। ਕੋਰੜਿਆਂ ਦੇ ਇਹ ਨਿਸ਼ਾਨ ਵੱਡੀ ਹੋ ਜਾਣ ਤਕ ਵੀ ਉਸ ਦੇ ਸਰੀਰ ਤੋਂ ਨਹੀਂ ਮਿਟੇ। ਉਸ ਦੇ ਮਨ 'ਤੇ ਤਾਂ ਇਹ ਨਿਸ਼ਾਨ ਸਾਰੀ ਉਮਰ ਪਏ ਰਹੇ। ਇੱਕ ਦਿਨ ਦਾ ਜ਼ਿਕਰ ਕਰਦਿਆਂ ਉਸ ਨੇ ਕਿਹਾ ਕਿ ਇੱਕ ਸਵੇਰ ਨਾਸ਼ਤੇ ਤੋਂ ਪਹਿਲਾਂ ਉਸ ਨੂੰ ਪੰਜ ਵਾਰ ਕੋਰੜੇ ਮਾਰੇ ਗਏ।

ਇੱਕ ਦਿਨ ਉਥੋਂ ਭੱਜਣ ਦੀ ਕੋਸ਼ਿਸ਼ ਵਿਚ ਉਸ ਨੇ ਆਪਣੇ ਸਰੀਰ 'ਤੇ ਬਹੁਤ ਸਾਰੇ ਕੱਪੜੇ ਪਹਿਨ ਲਏ ਤਾਂ ਕਿ ਸਰੀਰ ਉਤੇ ਕੋਰੜਿਆਂ ਦਾ ਘੱਟ ਅਸਰ ਹੋਵੇ। ਇੱਕ ਵਾਰ ਉਸ ਨੂੰ ਖਸਰਾ ਨਿਕਲਿਆ ਹੋਇਆ ਸੀ ਤਾਂ ਵੀ ਉਸ ਨੂੰ ਚੂਹਿਆਂ ਬਾਰੇ ਸਾਵਧਾਨ ਰਹਿਣ ਦਾ ਹੁਕਮ ਦਿੱਤਾ ਗਿਆ। ਉਸ ਨੇ ਲਗਾਤਾਰ ਚੂਹਿਆਂ ਦੇ ਪਿੰਜਰੇ 'ਤੇ ਨਜ਼ਰ ਰੱਖਣੀ ਸੀ। ਉਹ ਇੰਨੀ ਬਿਮਾਰ ਹੋ ਗਈ ਕਿ ਕੁਝ ਵੀ ਕਰਨ ਤੋਂ ਅਸਮਰੱਥ ਹੋ ਗਈ ਤਾਂ ਉਸ ਨੂੰ ਮੁੜ ਪੁਰਾਣੇ ਮਾਲਕ ਕੋਲ ਛੱਡ ਦਿੱਤਾ ਗਿਆ। ਬਿਮਾਰੀ ਦੌਰਾਨ ਉਸ ਦੀ ਮਾਂ ਨੇ ਉਸ ਨੂੰ ਸੰਭਾਲਿਆ। ਜਦੋਂ ਉਹ ਠੀਕ ਹੋ ਗਈ ਤਾਂ ਕਿਸੇ ਹੋਰ ਮਾਲਕ ਨੇ ਖਰੀਦ ਲਈ। ਜਿਉਂ ਜਿਉਂ ਉਹ ਵੱਡੀ ਹੁੰਦੀ ਗਈ, ਉਸ ਨੂੰ ਹੋਰ ਔਖੇ ਤੇ ਭਾਰੇ ਕੰਮ ਦਿੱਤੇ ਜਾਣ ਲੱਗੇ। ਉਹ ਖੇਤਾਂ ਵਿਚ ਹਲ ਵਾਹੁੰਦੀ। ਜੰਗਲ ਵਿਚੋਂ ਲੱਕੜ ਦੀਆਂ ਭਾਰੀ ਗੇਲੀਆਂ ਚੁੱਕ ਕੇ ਲਿਆਉਂਦੀ।

ਇਕ ਵਾਰ ਉਸ ਨੂੰ ਸਟੋਰ ਵਿਚ ਕਿਸੇ ਕੰਮ ਲਈ ਭੇਜਿਆ ਗਿਆ। ਉਥੇ ਇੱਕ ਹੋਰ ਗੁਲਾਮ ਮੁੰਡਾ ਖੜ੍ਹਾ ਸੀ ਜੋ ਖੇਤਾਂ ਵਿਚੋਂ ਭੱਜ ਕੇ ਆਇਆ ਸੀ। ਮੁੰਡੇ ਨੂੰ ਫੜਨ ਆਏ ਬੰਦੇ ਨੇ ਮਿੰਟੀ ਨੂੰ ਸਹਾਇਤਾ ਕਰਨ ਲਈ ਆਵਾਜ਼ ਮਾਰੀ। ਮਿੰਟੀ ਨੇ ਅਣਸੁਣੀ ਕਰ ਦਿੱਤੀ ਤੇ ਉਹ ਗੁਲਾਮ ਮੁੰਡਾ ਦੌੜ ਗਿਆ। ਫੜਨ ਆਏ ਆਦਮੀ ਨੇ ਭੱਜੇ ਜਾਂਦੇ ਮੁੰਡੇ ਵੱਲ ਪੱਥਰ ਵਗਾਹ ਮਾਰਿਆ। ਉਹ ਪੱਥਰ ਮੁੰਡੇ ਦੀ ਥਾਂ ਮਿੰਟੀ ਦੇ ਸਿਰ ਵਿਚ ਆ ਲੱਗਾ ਤੇ ਉਹ ਘੁਮੇਰ ਖਾ ਕੇ ਡਿੱਗ ਪਈ। ਉਸ ਦੇ ਸਿਰ ਵਿਚ ਡੂੰਘਾ ਟੋਆ ਪੈ ਗਿਆ। ਲਹੂ-ਲੁਹਾਣ ਹੋਈ ਮਿੰਟੀ ਨੂੰ ਉਸ ਦੇ ਪਹਿਲੇ ਮਾਲਕ ਕੋਲ ਭੇਜ ਦਿੱਤਾ ਗਿਆ ਜਿਥੇ ਉਹ ਦੋ ਦਿਨ ਬੇਸੁਰਤ ਪਈ ਰਹੀ। ਉਸ ਦੇ ਮਾਲਕ ਦੇ ਬੋਲ ਸਨ, "ਹੁਣ ਤਾਂ ਇਹ ਛੇ ਪੈਂਸ ਦੀ ਵੀ ਨਹੀਂ ਰਹੀ।"

ਜਦ ਉਹ ਫਿਰ ਬਿਮਾਰ ਹੋਈ ਤਾਂ ਉਸ ਦੀ ਕੀਮਤ ਹੋਰ ਵੀ ਘੱਟ ਰੱਖੀ ਗਈ। ਇਸ ਦੇ ਬਾਵਜੂਦ ਉਸ ਦੇ ਮਾਲਕ ਨੂੰ ਕੋਈ ਖਰੀਦਦਾਰ ਨਾ ਮਿਲਿਆ। ਉਹ ਅਰਦਾਸਾਂ ਕਰਦੀ ਰਹਿੰਦੀ ਕਿ ਉਸ ਦੇ ਮਾਲਕ ਦਾ ਵਤੀਰਾ ਬਦਲ ਜਾਵੇ, ਪਰ ਉਸ ਦਾ ਮਾਲਕ ਨਿੱਤ ਨਵੇਂ ਗਾਹਕ ਲੈ ਆਉਂਦਾ। ਇੱਕ ਦਿਨ ਉਸ ਦੀ ਅਰਦਾਸ ਦੇ ਬੋਲ ਸਨ, "ਹੇ ਰੱਬਾ! ਜੇ ਤੂੰ ਇਸ ਆਦਮੀ ਦੇ ਸੁਭਾਅ ਨੂੰ ਨਹੀਂ ਬਦਲ ਸਕਦਾ ਤਾਂ ਇਸ ਨੂੰ ਚੁੱਕ ਲੈ।" ਹਫਤੇ ਕੁ ਪਿੱਛੋਂ ਅਚਾਨਕ ਉਹ ਮਾਲਕ ਮਰ ਗਿਆ ਤਾਂ ਉਸ ਨੂੰ ਆਪਣੀਆਂ ਅਰਦਾਸਾਂ 'ਤੇ ਪਛਤਾਵਾ ਹੋਣ ਲੱਗਾ। ਸਤਾਈ ਕੁ ਸਾਲ ਦੀ ਉਮਰ ਵਿਚ ਉਹ ਗੁਲਾਮੀ ਦੇ ਚੁੰਗਲ ਤੋਂ ਭੱਜ ਨਿਕਲੀ। ਇਨ੍ਹੀਂ ਦਿਨੀਂ ਉਸ ਦੇ ਦੋ ਭਰਾ ਵੀ ਗੁਲਾਮੀ ਤੋਂ ਖਹਿੜਾ ਛੁਡਾ ਕੇ ਦੌੜ ਗਏ। ਉਨ੍ਹਾਂ ਦੇ ਮਾਲਕ ਨੇ ਇਸ਼ਤਿਹਾਰ ਛਪਵਾ ਦਿੱਤਾ ਕਿ ਉਹ ਸਟੇਟ ਵਿਚੋਂ ਫੜੇ ਗਏ ਤਾਂ 50 ਡਾਲਰ, ਜੇ ਸਟੇਟ ਤੋਂ ਬਾਹਰ ਫੜੇ ਗਏ ਤਾਂ ਫੜਨ ਵਾਲੇ ਨੂੰ ਸੌ ਡਾਲਰ ਇਨਾਮ ਦਿੱਤਾ ਜਾਵੇਗਾ। ਭਰਾਵਾਂ ਲਈ ਹਾਲਾਤ ਕੁਝ ਅਜਿਹੇ ਬਣ ਗਏ ਕਿ ਉਨ੍ਹਾਂ ਨੂੰ ਪੇਸ਼ ਹੋਣਾ ਪਿਆ।

ਉਨ੍ਹਾਂ ਵੱਲੋਂ ਮਜਬੂਰ ਕਰਨ 'ਤੇ ਮਿੰਟੀ ਨੂੰ ਵੀ ਉਨ੍ਹਾਂ ਨਾਲ ਜਾ ਕੇ ਪੇਸ਼ ਹੋਣਾ ਪਿਆ। ਉਹ ਫਿਰ ਦੌੜ ਗਈ। ਖੁਫੀਆ ਪ੍ਰਬੰਧ ਸਹਾਰੇ ਉਹ ਨੇੜੇ ਦੀ ਸਟੇਟ ਪੈਨਸਿਲਵੇਨੀਆ ਦੇ ਸ਼ਹਿਰ ਫਿਲਾਡੈਲਫੀਆ ਜਾ ਪੁੱਜੀ। ਨੱਬੇ ਮੀਲ ਦਾ ਪੰਧ ਉਸ ਨੇ ਪੈਦਲ ਚੱਲ ਕੇ ਤਿੰਨ ਹਫਤੇ ਅਤੇ ਪੰਜ ਦਿਨਾਂ ਵਿਚ ਤੈਅ ਕੀਤਾ। ਰਾਤ ਵੇਲੇ ਉਹ ਧਰੂ ਤਾਰੇ ਤੋਂ ਦਿਸ਼ਾ ਲੈ ਕੇ ਅੱਗੇ ਟੁਰਦੀ ਸੀ। ਉਸ ਨੂੰ ਡਰ ਸੀ ਕਿ ਮਾਲਕਾਂ ਵੱਲੋਂ ਗੁਲਾਮਾਂ ਨੂੰ ਫੜਨ ਲਈ ਛੱਡੇ ਹੋਏ ਬੰਦਿਆਂ ਦੇ ਹੱਥ ਨਾ ਆ ਜਾਵੇ। ਪੈਨਸਿਲਵੇਨੀਆ ਪੁੱਜ ਕੇ ਉਸ ਨੇ ਸੁਖ ਦਾ ਸਾਹ ਲਿਆ। ਉਹ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰਨ ਲੱਗੀ।

ਮਿੰਟੀ ਨੇ ਆਪਣੀ ਇਸ ਹੱਡਬੀਤੀ ਨੂੰ ਇਉਂ ਬਿਆਨ ਕੀਤਾ ਹੈ, "ਜਦ ਮੈਨੂੰ ਪਤਾ ਲੱਗਾ ਕਿ ਮੈਂ ਉਹ ਰੇਖਾ ਪਾਰ ਕਰ ਲਈ ਹੈ, ਮੈਂ ਆਪਣੇ ਹੱਥਾਂ ਨੂੰ ਤੱਕਿਆ, 'ਕੀ ਮੈਂ ਉਹੀ ਹਾਂ?' ਮੈਨੂੰ ਸੂਰਜ ਸੋਨੇ ਵਾਂਗ ਦਮਕਾਂ ਮਾਰਦਾ ਜਾਪਿਆ। ਮੈਨੂੰ ਲੱਗਾ ਜਿਵੇਂ ਮੈਂ ਕਿਸੇ ਸਵਰਗ ਵਿਚ ਹੋਵਾਂ। ਮੈਂ ਆਜ਼ਾਦ ਸਾਂ, ਪਰ ਉਸ ਆਜ਼ਾਦ ਧਰਤ 'ਤੇ ਮੇਰਾ ਸੁਆਗਤ ਕਰਨ ਵਾਲਾ ਕੋਈ ਨਹੀਂ ਸੀ।" ਉਸ ਨੇ ਆਜ਼ਾਦ ਨੀਗਰੋ ਨਾਲ ਵਿਆਹ ਕਰਵਾ ਲਿਆ ਤੇ ਆਪਣਾ ਨਾਂ ਬਦਲ ਕੇ ਹੈਰੀਅਟ ਟਬਮੈਨ ਰੱਖ ਲਿਆ। ਹੁਣ ਹੈਰੀਅਟ ਨੇ ਹੋਰ ਗੁਲਾਮਾਂ ਨੂੰ ਆਜ਼ਾਦ ਕਰਵਾਉਣ ਦਾ ਬੀੜਾ ਚੁੱਕ ਲਿਆ। ਉਹ ਆਪਣੇ ਕੋਲ ਰਿਵਾਲਵਰ ਰੱਖਣ ਲੱਗੀ। ਛੁਡਾਏ ਗਏ ਗੁਲਾਮਾਂ ਵਿਚੋਂ ਡਰ ਦਾ ਮਾਰਿਆ ਕੋਈ ਵਾਪਸ ਜਾਣ ਲੱਗਦਾ ਤਾਂ ਉਹ ਉਸ ਵੱਲ ਰਿਵਾਲਵਰ ਤਾਣ ਕੇ ਕਹਿੰਦੀ, "ਜਾਂ ਸਾਡੇ ਨਾਲ ਚੱਲ ਜਾਂ ਮਰਨ ਲਈ ਤਿਆਰ ਹੋ ਜਾ।" ਉਹ 'ਅੰਡਰਗਰਾਊਂਡ ਰੇਲਰੋਡ' ਨਾਂ ਦੀ ਖੁਫੀਆ ਪ੍ਰਣਾਲੀ ਵਿਚ ਲਗਾਤਾਰ ਅੱਠ ਸਾਲ ਕੰਮ ਕਰਦੀ ਰਹੀ। ਇਸ ਪ੍ਰਣਾਲੀ ਰਾਹੀਂ ਬਹੁਤ ਸਾਰੇ ਗੁਲਾਮਾਂ ਨੂੰ ਦੱਖਣੀ ਰਾਜਾਂ ਵਿਚੋਂ ਕੱਢ ਕੇ ਉਤਰੀ ਰਾਜਾਂ ਵਿਚ ਲਿਆਂਦਾ ਗਿਆ।




*ਹੈਰੀਅਟ ਟਬਮੈਨ ਨੂੰ ਫੜਨ ਲਈ ਲਾਏ ਇਸ਼ਤਿਹਾਰ ਦੀ ਇਬਾਰਤ।*

***ਹੈਰੀਅਟ ਟਬਮੈਨ ਨੂੰ ਫੜਨ ਲਈ ਛਪੇ ਇਸ਼ਤਿਹਾਰ ਦੀ ਇਬਾਰਤ ਇਉਂ ਸੀ:***
***ਤਲਾਸ਼ ਹੈ- ਜਿਉਂਦੀ ਜਾਂ ਮੋਈ***
***ਗੁਲਾਮਾਂ ਨੂੰ ਚੋਰੀ ਕਰਨ ਦੇ ਦੋਸ਼ ਵਿਚ ਹੈਰੀਅਟ ਟਬਮੈਨ***
***40,000 ਡਾਲਰ ਇਨਾਮ***
***ਨੀਗਰੋ ਗੁਲਾਮ ਜਿਸ ਦਾ ਕੱਦ ਪੰਜ ਫੁੱਟ, ਗਰਦਨ 'ਤੇ ਨਿਸ਼ਾਨ, ਮੱਥੇ 'ਤੇ ਡੂੰਘਾ ਚਟਾਕ ਹੈ।***
***ਛੋਟੇ ਕੱਦ ਦੀ ਸਾਦੀ ਔਰਤ, ਉਸ ਦੇ ਉਪਰਲੇ ਦੰਦ ਨਹੀਂ ਹਨ, ਬੜੀ ਛੇਤੀ ਸੌਂ ਜਾਣ ਦੀ ਆਦਤ ਵਾਲੀ, ਦੇਖਣ ਨੂੰ ਖ਼ਤਰਨਾਕ ਨਹੀਂ ਲੱਗਦੀ, ਪਰ ਆਪਣੇ ਕੋਲ ਪਿਸਤੌਲ ਰੱਖਦੀ ਹੈ।***

ਅੰਡਰਗਰਾਊਂਡ ਰੇਲਰੋਡ ਕੋਈ ਰੇਲ ਗੱਡੀ ਨਹੀਂ ਸੀ। ਦਰਅਸਲ, ਇਹ ਉਸ ਖੁਫੀਆ ਪ੍ਰਬੰਧ ਨੂੰ ਦਿੱਤਾ ਗਿਆ ਨਾਂ ਸੀ ਜਿਹੜਾ ਭੱਜੇ ਹੋਏ ਗੁਲਾਮਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਉਣ ਲਈ ਕੰਮ ਕਰਦਾ ਸੀ। ਸਾਲ 1820 ਵਿਚ ਸ਼ੁਰੂ ਹੋਏ ਇਸ ਪ੍ਰਬੰਧ ਵੱਲੋਂ 40 ਸਾਲਾਂ ਵਿਚ ਤਕਰੀਬਨ 40,000 ਗੁਲਾਮਾਂ ਦੀ ਸਹਾਇਤਾ ਕੀਤੀ ਗਈ ਸੀ। ਹੈਰੀਅਟ ਟਬਮੈਨ ਇਸੇ ਪ੍ਰਬੰਧ ਰਾਹੀਂ ਬਚ ਕੇ ਨਿਕਲੀ ਸੀ। ਬਹੁਤ ਸਾਰਿਆਂ ਨੂੰ ਮਿਸ਼ੀਗਨ ਸਟੇਟ ਦੇ ਵੱਡੇ ਸ਼ਹਿਰ ਡਿਟਰਾਇਟ ਰਾਹੀਂ ਸਰਹੱਦ ਪਾਰ ਕਰਵਾ ਕੇ ਅੱਗੇ ਕੈਨੇਡਾ ਵਿਚ ਛੱਡ ਦਿੱਤਾ ਗਿਆ। ਉਨ੍ਹਾਂ ਵਿਚੋਂ ਬਹੁਤ ਸਾਰੇ ਕੈਨੇਡਾ ਦੇ ਸ਼ਹਿਰ ਸੇਂਟ ਕੈਥਰਿਨ ਵਿਚ ਜਾ ਟਿਕੇ ਅਤੇ ਬਹੁਤ ਸਾਰੇ ਵੈਲੈਂਡ ਨਹਿਰ ਦੀ ਉਸਾਰੀ ਦੇ ਕੰਮ ਵਿਚ ਜਾ ਲੱਗੇ ਤੇ ਸੁਤੰਤਰ ਤੌਰ 'ਤੇ ਆਪਣਾ ਜੀਵਨ ਬਸਰ ਕਰਨ ਲੱਗੇ।

ਹੈਰੀਅਟ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੀ ਰਹੀ। ਉਸ ਦੀ ਕੋਸ਼ਿਸ਼ ਰਹੀ ਕਿ ਕੋਈ ਵੀ ਬੰਦਾ ਮੁੜ ਗੁਲਾਮੀ ਦੇ ਚੁੰਗਲ ਵਿਚ ਨਾ ਫਸ ਜਾਵੇ। ਉਸ ਨੂੰ ਫੜਨ ਲਈ ਪੂਰੀ ਵਾਹ ਲਾਈ ਗਈ, ਪਰ ਉਹ ਕਿਸੇ ਦੇ ਹੱਥ ਨਾ ਆਈ। ਉਸ ਨੂੰ ਫੜਨ ਲਈ ਛਪੇ ਇਸ਼ਤਿਹਾਰ ਦੀ ਇਬਾਰਤ ਇਉਂ ਸੀ:

ਤਲਾਸ਼ ਹੈ- ਜਿਉਂਦੀ ਜਾਂ ਮੋਈ

ਗੁਲਾਮਾਂ ਨੂੰ ਚੋਰੀ ਕਰਨ ਦੇ ਦੋਸ਼ ਵਿਚ ਹੈਰੀਅਟ ਟਬਮੈਨ

40,000 ਡਾਲਰ ਇਨਾਮ

ਨੀਗਰੋ ਗੁਲਾਮ ਜਿਸ ਦਾ ਕੱਦ ਪੰਜ ਫੁੱਟ, ਗਰਦਨ 'ਤੇ ਨਿਸ਼ਾਨ, ਮੱਥੇ 'ਤੇ ਡੂੰਘਾ ਚਟਾਕ ਹੈ।

ਛੋਟੇ ਕੱਦ ਦੀ ਸਾਦੀ ਔਰਤ, ਉਸ ਦੇ ਉਪਰਲੇ ਦੰਦ ਨਹੀਂ ਹਨ, ਬੜੀ ਛੇਤੀ ਸੌਂ ਜਾਣ ਦੀ ਆਦਤ ਵਾਲੀ, ਦੇਖਣ ਨੂੰ ਖਤਰਨਾਕ ਨਹੀਂ ਲੱਗਦੀ, ਪਰ ਆਪਣੇ ਕੋਲ ਪਿਸਤੌਲ ਰੱਖਦੀ ਹੈ।

1859 ਵਿਚ ਗੁਲਾਮੀ ਖਿਲਾਫ ਲੜਨ ਵਾਲੇ ਵਿਲੀਅਮ ਸ਼ੇਵਾਰਡ ਨੇ ਟਬਮੈਨ ਨੂੰ ਨਿਊ ਯਾਰਕ ਨੇੜੇ ਕੁਝ ਥਾਂ ਵੇਚ ਦਿੱਤੀ। ਉਹ ਉਥੇ ਜਾ ਕੇ ਰਹਿਣ ਲੱਗੀ। ਉਥੇ ਉਸ ਨੇ ਅਨੇਕਾਂ ਗੁਲਾਮਾਂ ਨੂੰ ਸ਼ਰਨ ਦਿੱਤੀ। 1861 ਵਿਚ ਅਮਰੀਕਾ ਵਿਚ ਗ੍ਰਹਿ ਯੁੱਧ ਸ਼ੁਰੂ ਹੋ ਗਿਆ। ਇਸ ਜੰਗ ਵਿਚ ਉਸ ਨੇ ਅਬਰਾਹਮ ਲਿੰਕਨ ਨੂੰ ਸਹਿਯੋਗ ਦਿੱਤਾ। ਉਸ ਦੇ ਜਨਰਲ ਡੇਵਿਡ ਹੰਟਰ ਨੂੰ ਮਿਲੀ। ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਜਾਸੂਸ ਵਜੋਂ ਸੇਵਾ ਵੀ ਨਿਭਾਈ। ਹੰਟਰ ਨੇ ਛੁਡਾਏ ਗਏ ਗੁਲਾਮਾਂ ਦੀ ਰੈਜੀਮੈਂਟ ਬਣਾਈ। ਹੈਰੀਅਟ ਟਬਮੈਨ ਉਮਰ ਭਰ ਗੁਲਾਮੀ ਪ੍ਰਥਾ ਦੇ ਖਾਤਮੇ ਲਈ ਸੰਘਰਸ਼ ਕਰਦੀ ਰਹੀ। ਅਪਰੈਲ 1865 ਵਿਚ ਅਮਰੀਕਾ ਦੇ ਗੁਲਾਮ ਲੋਕ ਆਜ਼ਾਦ ਹੋ ਗਏ।

ਟਬਮੈਨ ਨੇ ਆਪਣੀ ਉਮਰ ਦੇ ਅੰਤਲੇ ਵਰ੍ਹੇ ਨਿਊ ਯਾਰਕ ਕੋਲ ਔਬਰਨ ਵਿਚ ਬਿਤਾਏ ਅਤੇ ਔਰਤਾਂ ਦੀ ਭਲਾਈ ਲਈ ਕੰਮ ਕੀਤਾ। ਸਾਲ 1913 'ਚ ਉਹ ਆਪਣੇ ਪਰਿਵਾਰ ਤੇ ਸਨੇਹੀਆਂ ਦੀ ਹਾਜ਼ਰੀ ਵਿਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। ਉਸ ਦੀ ਯਾਦ ਵਿਚ ਉਤਰੀ ਅਮਰੀਕਾ ਵਿਚ ਕਈ ਸੰਸਥਾਵਾਂ ਚੱਲ ਰਹੀਆਂ ਹਨ। ਉਸ ਦੇ ਕਈ ਕਥਨ ਲੋਕਾਂ ਦੀ ਜ਼ੁਬਾਨ 'ਤੇ ਰਹੇ ਹਨ:

-ਮੈਂ ਹਜ਼ਾਰਾਂ ਗੁਲਾਮ ਆਜ਼ਾਦ ਕਰਵਾਏ। ਹਜ਼ਾਰਾਂ ਹੋਰਾਂ ਨੂੰ ਆਜ਼ਾਦ ਕਰਵਾ ਸਕਦੀ ਸੀ, ਜੇ ਉਹ ਇਹ ਸਮਝਦੇ ਹੁੰਦੇ ਕਿ ਉਹ ਗੁਲਾਮ ਹਨ।


-ਮੈਂ ਜੰਗਲੀ ਬੂਟੀ ਵਾਂਗ ਵੱਡੀ ਹੋਈ, ਅਣਚਾਹੀ; ਜਿਸ ਨੂੰ ਆਜ਼ਾਦੀ ਦਾ ਕੋਈ ਪਤਾ ਹੀ ਨਹੀਂ ਹੁੰਦਾ।

-ਮੈਨੂੰ ਇਨ੍ਹਾਂ ਦੋਵਾਂ ਵਿਚੋਂ ਇੱਕ 'ਤੇ ਪੂਰਾ ਹੱਕ ਹੈ- ਆਜ਼ਾਦੀ ਜਾਂ ਮੌਤ। ਜੇ ਮੈਂ ਇੱਕ ਹਾਸਲ ਨਹੀਂ ਕਰ ਸਕਦੀ ਤਾਂ ਮੈਂ ਦੂਜੀ ਲੈ ਲਵਾਂਗੀ। ਮੈਨੂੰ ਕੋਈ ਜਿਉਂਦਿਆਂ ਫੜ ਨਹੀਂ ਸਕੇਗਾ। ਮੈਂ ਆਜ਼ਾਦੀ ਲਈ ਉਦੋਂ ਤਕ ਲੜਦੀ ਰਹਾਂਗੀ, ਜਦ ਤਕ ਮੇਰੇ ਵਿਚ ਸਾਹ-ਸਤ ਹੈ।



***1859 ਵਿਚ ਗੁਲਾਮੀ ਖਿਲਾਫ ਲੜਨ ਵਾਲੇ ਵਿਲੀਅਮ ਸ਼ੇਵਾਰਡ ਨੇ ਟਬਮੈਨ ਨੂੰ ਨਿਊਯਾਰਕ ਨੇੜੇ ਕੁਝ ਥਾਂ ਵੇਚ ਦਿੱਤੀ। ਉਹ ਉਥੇ ਜਾ ਕੇ ਰਹਿਣ ਲੱਗੀ।... ਉਸ ਨੇ ਉਮਰ ਦੇ ਅੰਤਲੇ ਵਰ੍ਹੇ ਨਿਊਯਾਰਕ ਕੋਲ ਔਬਰਨ ਵਿਚ ਬਿਤਾਏ ਅਤੇ ਔਰਤਾਂ ਦੀ ਭਲਾਈ ਲਈ ਕੰਮ ਕੀਤੇ। ਸਾਲ 1913 ਵਿਚ ਉਹ ਆਪਣੇ ਪਰਿਵਾਰ ਅਤੇ ਸਨੇਹੀਆਂ ਦੀ ਹਾਜ਼ਰੀ ਵਿਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ।***

*(ਸੱਜੇ ਅਤੇ ਖੱਬੇ) ਵਾਸ਼ਿੰਗਟਨ ਦੇ ਅਜਾਇਬਘਰ ਵਿਚ ਹੈਰੀਅਟ ਟਬਮੈਨ ਦੇ ਬਣਾਏ ਮੋਮ ਦੇ ਬੁੱਤ ਦੀਆਂ ਦੋ ਤਸਵੀਰਾਂ।*




# ਸ਼ਹਿਣੇ ਵਾਲੀ ਕੋਠੀ ਬਨਾਮ ਕਾਸ਼ਨੀ ਵਿਹੜਾ

*ਪੰਜਾਬੀ ਵਿਚ ਨੁੱਕਦਾਰ ਰਚਨਾਵਾਂ ਦੇਣ ਵਾਲੇ ਲਿਖਾਰੀ ਬਲਵੰਤ ਗਾਰਗੀ (4 ਦਸੰਬਰ 1916-22 ਅਪਰੈਲ 2003) ਦਾ ਰੰਗ ਸੱਚਮੁੱਚ ਨਿਵੇਕਲਾ ਸੀ। ਉਸ ਦੀ ਮੁੱਖ ਪਛਾਣ ਭਾਵੇਂ ਨਾਟਕਕਾਰ ਵਜੋਂ ਬਣੀ, ਪਰ ਕਹਾਣੀ, ਵਾਰਤਕ ਆਦਿ ਲਿਖਣ ਵਿਚ ਵੀ ਉਹ ਚੋਟੀ ਦੇ ਲੇਖਕਾਂ ਦੇ ਬਰਾਬਰ ਤੁਲਦਾ ਸੀ। ਮੰਨਿਆ ਜਾਂਦਾ ਹੈ ਕਿ ਪੰਜਾਬੀ ਵਿਚ ਉਸ ਵਰਗਾ ਕੋਈ ਹੋਰ ਨਾਟਕਕਾਰ ਨਹੀਂ। ਪੰਜਾਬੀ ਵਿਚ ਰੇਖਾ-ਚਿੱਤਰ ਉਸ ਦੀ ਬਦੌਲਤ ਹੀ ਪ੍ਰਵਾਨ ਚੜ੍ਹੇ। ਇਨ੍ਹਾਂ ਰਚਨਾਵਾਂ ਲਈ ਭਾਵੇਂ ਉਸ ਨੇ ਮਹਾਨ ਉਰਦੂ ਲਿਖਾਰੀ ਸਆਦਤ ਹਸਨ ਮੰਟੋ ਤੋਂ ਪ੍ਰੇਰਨਾ ਲਈ, ਪਰ ਉਸ ਦੇ ਲਿਖੇ ਰੇਖਾ-ਚਿੱਤਰਾਂ ਵਿਚ ਬਹੁਤ ਕੁਝ ਉਸ ਦਾ ਆਪਣਾ ਸੀ ਜਿਸ ਕਾਰਨ ਤੁਰੰਤ ਉਸ ਦੀ ਪੈਂਠ ਬਣ ਗਈ। ਇਹ ਵੱਖਰੀ ਗੱਲ ਹੈ ਕਿ ਉਸ ਦੇ ਰੇਖਾ-ਚਿੱਤਰਾਂ ਨੇ ਵਿਵਾਦ ਵੀ ਬਥੇਰੇ ਪੈਦਾ ਕੀਤੇ। ਜਿਵੇਂ ਉਸ ਨੇ ਬਹੁਤ ਸਾਰੀਆਂ ਸ਼ਖਸੀਅਤਾਂ ਦੇ ਰੇਖਾ-ਚਿਤਰ ਲਿਖੇ, ਇਵੇਂ ਹੋਰ ਲਿਖਾਰੀਆਂ ਨੇ ਵੀ ਉਸ ਦੀ ਸ਼ਖਸੀਅਤ ਦੇ ਵੱਖ-ਵੱਖ ਪੱਖਾਂ ਨੂੰ ਉਭਾਰਦੇ ਰੇਖਾ-ਚਿੱਤਰ ਲਿਖੇ। ਗਾਰਗੀ ਦਾ 1962 ਵਿਚ ਸਾਹਿਤ ਅਕਾਦਮੀ ਪੁਰਸਕਾਰ ਅਤੇ 1972 ਵਿਚ ਪਦਮਸ੍ਰੀ ਅਵਾਰਡ ਨਾਲ ਸਨਮਾਨ ਕੀਤਾ ਗਿਆ। ਗਾਰਗੀ ਦੀ ਜਨਮ ਸ਼ਤਾਬਦੀ ਮੌਕੇ ਉਘੇ ਲਿਖਾਰੀ ਪ੍ਰਿੰ. ਸਰਵਣ ਸਿੰਘ ਨੇ ਗਾਰਗੀ ਬਾਰੇ ਲੰਮਾ ਲੇਖ 'ਬਲਵੰਤ ਗਾਰਗੀ ਦੀ ਬਾਤ ਪਾਉਂਦਿਆਂ' ਪੰਜਾਬ ਟਾਈਮਜ਼ ਲਈ ਭੇਜਿਆ ਹੈ। ਐਤਕੀਂ ਇਸ ਲੇਖ ਦੀ ਦੂਜੀ ਕਿਸ਼ਤ ਵਿਚ ਉਸ ਦੇ ਬਸੇਰਿਆਂ ਦੀ ਬਾਤ ਪਾਈ ਗਈ ਹੈ। -ਸੰਪਾਦਕ*

**ਜਨਮ ਸ਼ਤਾਬਦੀ 'ਤੇ**

**ਬਲਵੰਤ ਗਾਰਗੀ ਦੀ ਬਾਤ ਪਾਉਂਦਿਆਂ-2**



ਬਲਵੰਤ ਦਾ ਜਨਮ ਪਹਿਲੀ ਆਲਮੀ ਜੰਗ ਦੌਰਾਨ ਪਿੰਡ ਸ਼ਹਿਣੇ ਦੀ ਨਹਿਰੀ ਕੋਠੀ ਦੇ ਕੁਆਟਰ ਵਿਚ ਨਹਿਰੀ ਕਰਮਚਾਰੀ ਸ਼ਿਵ ਚੰਦ ਦੇ ਘਰ ਮਾਤਾ ਪੂੰਨੀ ਦੀ ਕੁੱਖੋਂ ਹੋਇਆ ਸੀ। ਉਨ੍ਹੀਂ ਦਿਨੀਂ ਸ਼ਿਵ ਚੰਦ ਉਥੇ ਤਾਰ ਬਾਬੂ ਸੀ ਜਿਸ ਕਰ ਕੇ ਆਪਣੇ ਪਰਿਵਾਰ ਨੂੰ ਬਠਿੰਡੇ ਤੋਂ ਸ਼ਹਿਣੇ ਕੋਠੀ ਲੈ ਆਇਆ ਸੀ। ਇਹ ਕੋਠੀ ਸ਼ਹਿਣੇ ਤੋਂ ਇਕ ਕਿਲੋਮੀਟਰ ਦੂਰ ਵਧਾਤਿਆਂ ਵਾਲੇ ਪੁਲ ਕੋਲ ਹੈ। ਸ਼ਹਿਣਾ ਦਵਿੰਦਰ ਸਤਿਆਰਥੀ ਦੇ ਪਿੰਡ ਭਦੌੜ ਤੋਂ ਛੇ ਕੁ ਕਿਲੋਮੀਟਰ ਹੀ ਹੈ ਜੋ ਬਰਨਾਲਾ ਕੋਟਕਪੂਰਾ ਸੜਕ ਉਤੇ ਪੈਂਦੈ। ਗਾਰਗੀ ਦੇ ਜਨਮ ਵਾਲਾ ਕੁਆਟਰ ਅਜੇ ਵੀ ਡਿੱਗੀ ਢੱਠੀ ਹਾਲਤ ਵਿਚ ਮੌਜੂਦ ਹੈ। ਕੀ ਪਤਾ ਕਦੇ ਸਰਕਾਰ ਨੂੰ ਚੇਤਾ ਆ ਜਾਵੇ ਤੇ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਉਹ ਨਹਿਰੀ ਕੋਠੀ ਬਲਵੰਤ ਗਾਰਗੀ ਦੀ ਯਾਦਗਾਰ ਬਣਾ ਦਿੱਤੀ ਜਾਵੇ।

ਬਲਵੰਤ ਦਾ ਬਚਪਨ ਸ਼ਹਿਣੇ ਦੀ ਨਹਿਰ ਅਤੇ ਆਲੇ ਦੁਆਲੇ ਖੇਤਾਂ ਵਿਚ ਖੇਡਦਿਆਂ ਬੀਤਿਆ। ਜਿਥੋਂ ਦੀ ਉਹ ਨਹਿਰ ਲੰਘਦੀ ਹੈ, ਉਹਦਾ ਨਾਂ ਬਦਲਦਾ ਜਾਂਦਾ ਹੈ। ਰੋਪੜ ਤੋਂ ਸਰਹਿੰਦ ਨਹਿਰ, ਫਿਰ ਦੋਰਾਹੇ ਵਾਲੀ, ਦੱਧਾਹੂਰ ਵਾਲੀ, ਮੂੰਮਾਂ ਗਹਿਲਾਂ, ਸ਼ਹਿਣਾ ਤੇ ਫਿਰ ਬਠਿੰਡੇ ਵਾਲੀ। ਸ਼ਹਿਣੇ ਵਾਲੀ ਨਹਿਰ ਕੰਢੇ ਗਾਰਗੀ ਦਾ ਜਨਮ ਹੋਇਆ ਤੇ ਬਠਿੰਡੇ ਵਾਲੀ ਨਹਿਰ ਵਿਚ ਉਹਦੇ ਫੁੱਲ ਤਾਰੇ ਗਏ। ਨਾਂ ਵੱਖਰੇ ਹਨ, ਪਰ ਨਹਿਰ ਇਕੋ ਹੈ। ਗਾਰਗੀ ਨੇ ਆਪਣੀ ਵਸੀਅਤ ਵਿਚ ਲਿਖਿਆ ਸੀ ਕਿ ਉਸ ਦੇ ਫੁੱਲ ਉਸ ਨਹਿਰ ਵਿਚ ਪਾਏ ਜਾਣ ਜਿਥੇ ਉਹ ਬਚਪਨ ਵਿਚ ਖੇਡਦਾ ਰਿਹਾ।

ਬਲਵੰਤ ਹੋਰੀਂ ਚਾਰ ਭਰਾ ਸਨ। ਚਾਰ ਭਰਾਵਾਂ ਵਿਚ ਸਿਰਫ ਗਾਰਗੀ ਹੀ ਪੜ੍ਹਿਆ ਸੀ। ਜਿਵੇਂ ਜੱਟਾਂ ਦੇ ਟੱਬਰ ਵਿਚੋਂ ਇਕ ਮੁੰਡੇ ਨੂੰ ਫੌਜ ਵਿਚ ਭਰਤੀ ਕਰਵਾ ਦਿੱਤਾ ਜਾਂਦਾ ਹੈ, ਉਵੇਂ ਗਾਰਗੀ ਨੂੰ ਪੜ੍ਹਾਈ ਲਈ ਚੁਣ ਲਿਆ ਗਿਆ। ਇਹ ਚੋਣ ਵੀ ਬੜੇ ਨਾਟਕੀ ਢੰਗ ਨਾਲ ਹੋਈ। ਉਸ ਦੀ ਮਾਂ ਨੇ ਚਾਰਾਂ ਪੁੱਤਾਂ ਨੂੰ ਡੇਰੇ ਵਾਲੇ ਸਾਧ ਆਤਮਾ ਨੰਦ ਸਾਹਮਣੇ ਖੜ੍ਹਾਅ ਕੇ ਪੁੱਛਿਆ, "ਮਹਾਰਾਜ, ਇਨ੍ਹਾਂ ਵਿਚੋਂ ਕਿਸ ਦੇ ਢਿੱਡ ਵਿਚ ਅੱਖਰ ਪੈਣਗੇ?" ਜਟਾਧਾਰੀ ਸਾਧ ਨੇ ਚਾਰਾਂ ਮੁੰਡਿਆਂ ਵੱਲ ਨੀਝ ਨਾਲ ਤੱਕ ਕੇ ਇਕ ਵੱਲ ਉਂਗਲ ਕੀਤੀ, "ਇਸ ਦੇ।" ਤੇ ਉਹ ਬਲਵੰਤ ਸੀ ਜਿਸ ਨੂੰ ਉਸ ਦੀ ਬੇਬੇ ਸਾਰੀ ਉਮਰ ਬਲੰਤ ਕਹਿ ਕੇ ਹੀ ਬੁਲਾਉਂਦੀ ਰਹੀ। ਗਾਰਗੀ ਲਿਖਦੈ, "ਜੇ ਸਾਧ ਦੀ ਉਂਗਲ ਕਿਸੇ ਦੂਜੇ ਉਤੇ ਟਿਕ ਜਾਂਦੀ ਤਾਂ ਬਲਵੰਤ ਗਾਰਗੀ ਹੁਣ ਲਾਲਾ ਬਲਵੰਤ ਰਾਏ ਐਂਡ ਸਨਜ਼ ਬਣ ਕੇ ਬਠਿੰਡੇ ਦੀ ਮੰਡੀ ਵਿਚ ਬੈਠਾ ਹੁੰਦਾ!"

ਗੁਰਬਚਨ ਸਿੰਘ ਭੁੱਲਰ ਗਾਰਗੀ ਦੀ ਲਿਖਤ ਦੇ ਹਵਾਲੇ ਨਾਲ ਲਿਖਦੈ ਕਿ ਉਹਦੀ ਬੇਬੇ ਨੇ ਬਲੰਤ ਨੂੰ ਨਿਹੰਗ ਸਿੰਘਾਂ ਦੇ ਡੇਰੇ ਗੁਰਮੁਖੀ ਸਿੱਖਣ ਭੇਜਿਆ। ਨਿਹੰਗ ਨੇ ਰੇਤੇ ਉਤੇ ਬਰਛੇ ਨਾਲ ਊੜਾ ਪਾ ਕੇ ਇਹਨੂੰ ਯਾਦ ਕਰਨ ਲਈ ਕਿਹਾ। ਭੁੰਜੇ ਬੈਠੇ ਬਲੰਤ ਨੇ ਸਿਰ ਚੁੱਕ ਕੇ ਉਚੇ ਲੰਮੇ ਨਿਹੰਗ ਸਿੰਘ ਨੂੰ ਦੇਖਿਆ ਤਾਂ ਇਹਨੂੰ ਉਹਦੀ ਦਾੜ੍ਹੀ ਤੇ ਉਚਾ ਦੁਮਾਲਾ ਬਹੁਤ ਵੱਡਾ 'ੳ' ਜਾਪਿਆ। ਅਗਲੇ ਪਾਠ ਵਜੋਂ ਨਿਹੰਗ ਸਿੰਘ ਨੇ ਬਲੰਤ ਦੀ ਉਂਗਲ ਫੜ ਕੇ ਰੇਤੇ ਉਤੇ ਘਸਾਈ ਅਤੇ ਏਕਾ 'ਤੇ ਊੜਾ 'ਇਕਓਂਕਾਰ' ਪਾ ਕੇ ਆਖਿਆ, "ਸਾਰੇ ਅੱਖਰ ਇਸ ਵਿਚੋਂ ਹੀ ਨਿਕਲੇ ਹਨ। ਇਸ ਨੂੰ ਯਾਦ ਕਰ ਲੈ, ਸਾਰਾ ਕੁਛ ਯਾਦ ਹੋ ਜੂ। ਸਾਡੇ ਬਚਨ ਬਲਾਸ ਯਾਦ ਰੱਖੀਂ। ਗੁਰੂ ਭਲੀ ਕਰੂ।"

ਗਾਰਗੀ ਨੇ ਆਪਣੀ ਮੌਤ ਤੋਂ ਪੰਜ ਛੇ ਸਾਲ ਪਹਿਲਾਂ 17 ਸਤੰਬਰ 1997 ਨੂੰ ਮਨੂੰ ਨੂੰ ਆਪਣੀ ਇੱਛਾ ਦੱਸੀ ਸੀ। ਅੰਗਰੇਜ਼ੀ ਵਿਚ ਟਾਈਪ ਕੀਤੀਆਂ ਚਾਰ ਸਤਰਾਂ ਦੇ ਰੂਪ ਵਿਚ ਲਿਖੀ 'ਵਸੀਅਤ' ਅਨੁਸਾਰ, ਉਹ ਆਪਣੀ ਅੰਤਿਮ ਠਾਹਰ ਬਠਿੰਡੇ ਦੇ ਕੱਕੇ ਰੇਤੇ ਨੂੰ ਥਾਪਦਾ ਹੈ: "ਮੇਰੀ ਮੌਤ ਮਗਰੋਂ ਕੋਈ ਰੋਣਾ-ਪਿਟਣਾ ਨਹੀਂ ਹੋਣਾ ਚਾਹੀਦਾ। ਉਸ ਮੌਕੇ ਸਕੇ ਸਨੇਹੀ ਡਿਨਰ ਵਾਸਤੇ ਮਿਲ ਬੈਠਣ। ਮੇਰੀ ਰਾਖ ਮੇਰੀ ਜਨਮ ਭੂਮੀ ਬਠਿੰਡੇ ਦੀ ਨਹਿਰ ਵਿਚ ਪਾਈ ਜਾਵੇ, ਜਿਥੇ ਮੈਂ ਬਚਪਨ ਵਿਚ ਸੁਨਹਿਰੀ ਰੇਤੇ 'ਚ ਖੇਡਿਆ।"

ਨਿਹੰਗ ਦੇ ਬਰਛੇ ਨਾਲ ਰੇਤੇ ਉਤੇ ਪਾਏ 'ੳ' ਤਕ ਗੁਰਮੁਖੀ ਪੜ੍ਹੇ ਗਾਰਗੀ ਦਾ ਬਠਿੰਡੇ ਦੇ ਇਲਾਕੇ ਵਾਲਾ ਸ਼ਬਦ ਭੰਡਾਰ ਪਾਠਕਾਂ ਨੂੰ ਦੰਗ ਕਰ ਦਿੰਦਾ ਹੈ। ਭੁੱਲਰ ਅਨੁਸਾਰ, "ਬਹੁਤੇ ਲੋਕਾਂ ਨੂੰ ਇਹ ਪਤਾ ਨਹੀਂ ਕਿ ਗਾਰਗੀ ਏਨੀ ਖੂਬਸੂਰਤ ਪੰਜਾਬੀ, ਗੁਰਮੁਖੀ ਵਿਚ ਨਹੀਂ, ਫਾਰਸੀ ਅੱਖਰਾਂ ਵਿਚ ਲਿਖਦਾ ਸੀ ਤੇ ਫਿਰ ਉਰਦੂ ਤੇ ਪੰਜਾਬੀ, ਦੋਵੇਂ ਭਾਸ਼ਾਵਾਂ ਪੜ੍ਹੇ ਆਪਣੇ ਕਿਸੇ ਚੇਲੇ ਚਾਂਟੇ ਤੋਂ ਗੁਰਮੁਖੀ ਵਿਚ ਉਤਾਰਾ ਕਰਵਾ ਲੈਂਦਾ ਸੀ।"

ਗਾਰਗੀ ਬਚਪਨ ਦੇ ਕੁਝ ਸਾਲ ਸ਼ਹਿਣੇ ਦੇ ਨਹਿਰੀ ਘਰ ਵਿਚ ਰਿਹਾ। ਫਿਰ ਉਹ ਬਠਿੰਡੇ ਆਪਣੇ ਜੱਦੀ ਘਰ ਚਲਾ ਗਿਆ ਜਿਥੇ ਦਸਵੀਂ ਪਾਸ ਕੀਤੀ। ਉਸ ਪਿੱਛੋਂ ਉਹ ਲਾਹੌਰ ਦੇ ਗੌਰਮਿੰਟ ਕਾਲਜ ਤੇ ਐਫ.ਸੀ. ਕਾਲਜ ਵਿਚ ਪੜ੍ਹਿਆ। ਉਹ ਅੰਗਰੇਜ਼ੀ ਤੇ ਪੁਲੀਟੀਕਲ ਸਾਇੰਸ ਦੀ ਐਮ.ਏ. ਕੀਤੀ। ਉਹ ਬਠਿੰਡੇ ਤੋਂ ਰੇਲ ਗੱਡੀ 'ਤੇ ਲਾਹੌਰ ਜਾਂਦਾ ਆਉਂਦਾ। ਕਦੇ ਕਦੇ ਲਾਹੌਰ ਦੇ ਰੇਡੀਓ ਸਟੇਸ਼ਨ ਤੋਂ ਨਾਟਕ ਪੇਸ਼ ਕਰਦਾ। ਦੇਸ਼ ਵੰਡ ਪਿੱਛੋਂ ਉਹ ਦਿੱਲੀ ਆ ਗਿਆ ਜਿਥੋਂ ਦੇਸ਼ ਬਦੇਸ਼ ਗਾਹੁੰਦਾ ਫਿਰਿਆ। ਉਹਨਾਂ ਦਾ ਜੱਦੀ ਘਰ ਬਠਿੰਡੇ ਦੇ ਇਤਿਹਾਸਕ ਕਿਲੇ ਕੋਲ ਹੈ ਜਿਸ ਵਿਚ ਸਦੀਆਂ ਪਹਿਲਾਂ ਸੁਲਤਾਨ ਰਜ਼ੀਆ ਬੰਦੀ ਬਣਾਈ ਗਈ ਸੀ। ਬਾਅਦ ਵਿਚ ਗਾਰਗੀ ਨੇ 'ਸੁਲਤਾਨ ਰਜ਼ੀਆ' ਨਾਂ ਦਾ ਨਾਟਕ ਵੀ ਲਿਖਿਆ। ਕੱਚੀ ਉਮਰ ਦੇ ਗਿਣਵੇਂ ਸਾਲਾਂ ਵਿਚ ਉਸ ਨੇ ਕੰਜੂਸ ਬਾਣੀਏਂ ਵਾਂਗ ਪੰਜਾਬੀ ਸ਼ਬਦਾਂ ਦੀ ਜਿੰਨੀ ਵੱਡੀ ਪੂੰਜੀ ਜੋੜੀ, ਉਹਦੀ ਖੱਟੀ ਉਹਨੇ ਸਾਰੀ ਉਮਰ ਖਾਧੀ।

ਉਹਦੀ ਬੇਬੇ ਪੂੰਨੀ ਕੋਰੀ ਅਨਪੜ੍ਹ ਸੀ, ਪਰ ਉਹਨੂੰ ਏਨੀ ਪੰਜਾਬੀ ਆਉਂਦੀ ਸੀ ਕਿ ਗਾਰਗੀ ਉਹਤੋਂ ਹੀ ਬੋਲੀ ਦੀਆਂ ਬਰੀਕੀਆਂ ਸਿੱਖ ਕੇ ਪੰਜਾਬੀ ਦਾ ਉਸਤਾਦ ਲਿਖਾਰੀ ਬਣਿਆ। ਜੇ ਉਹਦੀ ਬੇਬੇ ਜਿਉਂਦੀ ਹੁੰਦੀ ਤੇ ਦੇਖਦੀ ਕਿ ਉਹਦਾ ਪੁੱਤ ਅਨਪੜ੍ਹ ਮਾਂ ਤੋਂ ਪੰਜਾਬੀ ਸਿੱਖ ਕੇ ਕਿੰਨੀ ਚਤੁਰਾਈ ਤੇ ਚਲਾਕੀ ਨਾਲ ਚਲਦਾ ਕਿਥੋਂ ਦਾ ਕਿਥੇ ਪਹੁੰਚ ਗਿਆ ਤਾਂ ਸ਼ਾਇਦ, ਉਹ 'ਬਲੰਤ' ਨੂੰ 'ਚਲੰਤ' ਕਹਿਣ ਵਿਚ ਮਾਣ ਮਹਿਸੂਸ ਕਰਦੀ!

ਪੰਜਾਬੀ ਬੋਲੀ ਬਲਵੰਤ ਦੇ ਬੋਲਾਂ ਵਿਚ ਹੀ ਨਹੀਂ, ਮਾਂ ਨੇ ਉਹਦੇ ਹੱਡਾਂ 'ਚ ਰਚਾਈ ਸੀ।

ਤਪਾ ਵੀ ਸ਼ਹਿਣੇ ਦੇ ਕੋਲ ਹੀ ਹੈ। ਉਥੇ ਉਹਦੇ ਨਾਨਕੇ ਸਨ ਜਿਸ ਕਰ ਕੇ ਬਲਵੰਤ ਸਕੂਲੀ ਛੁਟੀਆਂ ਤਪੇ ਕੱਟਦਾ। ਉਹਦਾ ਨਾਵਲ 'ਕੱਕਾ ਰੇਤਾ' ਉਥੇ ਉਗਮਿਆ। ਗੁਲਜ਼ਾਰ ਸੰਧੂ ਅਨੁਸਾਰ ਕੱਕੇ ਰੇਤੇ ਦੀ ਸ਼ੈਲੀ ਕੁਆਰੀ ਸੀ ਤੇ ਸ਼ਬਦ ਮਖਮਲੀ... ਚਰਾਂਦਾਂ ਵਿਚ ਚਰਦੇ ਡੰਗਰ, ਟੋਭਿਆਂ 'ਚ ਵੜੀਆਂ ਮੱਝਾਂ, ਹੌਂਕਦੇ ਬਲਦਾਂ ਦੀਆਂ ਟੱਲੀਆਂ। ਸਿਆਲੇ ਦੀਆਂ ਧੂਣੀਆਂ, ਖੁੱਲ੍ਹੇ ਮੌਸਮਾਂ ਦੀਆਂ ਛਿੰਝਾਂ, ਤੀਆਂ ਦੀਆਂ ਪੀਂਘਾਂ, ਡੰਗਰਾਂ ਦੀਆਂ ਮੰਡੀਆਂ। ਉਠ, ਮੋਰ, ਕਬੂਤਰ, ਕਾਂ, ਘੁੱਗੀਆਂ ਤੇ ਚੱਕੀਰਾਹੇ। ਲਾਲੋ-ਲਾਲ ਵੀਰ-ਵਹੁਟੀਆਂ ਤੇ ਬੀਂਡੇ। ਕੁੱਕੜੀਆਂ ਦੀ ਕੁੜ-ਕੁੜ, ਹਾਰੇ ਵਿਚ ਕੜ੍ਹਦੇ ਦੁੱਧ ਦੀ ਮਹਿਕ, ਖੁਰਲੀ ਕੋਲ ਪਏ ਅਣਪੱਥੇ ਗੋਹੇ-ਕੂੜੇ ਦੀ ਬਾਸ ਤੇ ਦੂਰ ਇੱਖ ਦੇ ਖੇਤੋਂ ਮੇਲ੍ਹਦੀ ਆਉਂਦੀ ਸਿੱਲ੍ਹੀ ਹਵਾ। ਮਨੁੱਖੀ ਪੈੜਾਂ ਦਾ ਖੜਾਕ ਸੁਣ ਕੇ ਪਾਣੀ ਵਿਚ ਚੁੱਭੀਆਂ ਮਾਰਦੇ ਡੱਡੂ, ਹਲ ਵਾਹੁੰਦੇ ਜੱਟ। ਡੰਗਰ ਚਾਰਦੇ ਚਰਵਾਹੇ। ਸ਼ੀਸ਼ੀਆਂ ਵਿਚ ਦਵਾਈ ਦੇਣ ਵਾਲੇ ਹਕੀਮ, ਹੱਥ ਹੌਲਾ ਕਰਨ ਵਾਲੇ ਮਰਾਸੀ। ਕੱਕੇ ਰੇਤੇ ਦੀ ਸ਼ਾਮ ਦਾ ਸੂਰਜ ਸਦੀਆਂ ਤੋਂ ਸ਼ਿਵਾਲੇ ਦੀਆਂ ਬੁਰਜੀਆਂ, ਬੋਹੜਾਂ ਤੇ ਪਿੱਪਲਾਂ ਦੇ ਪੱਤਿਆਂ 'ਤੇ ਚੜ੍ਹ ਕੇ ਝਾਕਦਾ ਆ ਰਿਹਾ ਸੀ। 'ਕੱਕਾ ਰੇਤਾ' ਦੀ ਸ਼ੈਲੀ ਕਮਾਲ ਦੀ ਸੀ। ਸਰਲ, ਮੌਲਿਕ ਤੇ ਧੂਹ ਪਾਉਣ ਵਾਲੀ। ਮਾਲ ਮੰਡੀ ਦਾ ਨਜ਼ਾਰਾ ਵੇਖੋ:

"ਡੰਗਰਾਂ ਦੀ ਮੰਡੀ ਦੇ ਨੇੜੇ ਛੋਟੇ ਜਿਹੇ ਤੰਬੂ ਵਿਚ ਦੋ ਮੁਨਸ਼ੀ ਬੈਠੇ ਰਹਿੰਦੇ ਤੇ ਬਾਹਰ ਢੋਲੀ ਢੋਲ ਕੁੱਟੀ ਜਾਂਦਾ। ਜੱਟੀਆਂ ਆਪਣੀਆਂ ਜੁੱਤੀਆਂ ਨੂੰ ਇਕ ਦੂਜੀ ਵਿਚ ਫਸਾ ਕੇ ਆਪਣੇ ਸਿਰਾਂ ਉਤੇ ਰੱਖ ਲੈਂਦੀਆਂ ਜਿਵੇਂ ਰੋਟੀਆਂ ਦੀ ਥਈ ਹੁੰਦੀ ਹੈ। ਜੱਟ ਮੋਢੇ ਉਤੇ ਪਰਨਾ ਸੁੱਟੀ, ਪੈਰਾਂ ਦੇ ਜੋੜੇ ਡਾਂਗ ਉਤੇ ਟੰਗੀ, ਸਾਰਾ ਪੈਂਡਾ ਨੰਗੇ ਪੈਰੀਂ ਤੁਰ ਕੇ ਆਉਂਦੇ ਤੇ ਨੇੜਲੇ ਟੋਭੇ 'ਚ ਪੈਰ ਧੋ ਕੇ, ਤੇਲ ਨਾਲ ਲਿਸ਼ਕਾਈ ਜੁੱਤੀ ਪਹਿਨੇ ਨਾਲ ਝਾੜ ਕੇ ਪੈਰੀਂ ਪਾ ਲੈਂਦੇ। ਮੱਝ ਨੂੰ ਘੇਰ ਕੇ ਛੱਪੜ ਵਿਚ ਨਵ੍ਹਾਉਂਦੇ, ਉਸ ਦੇ ਸਿੰਗਾਂ ਨੂੰ ਤੇਲ ਨਾਲ ਚੋਪੜਦੇ ਤੇ ਮੇਲੇ 'ਚ ਆ ਵੜਦੇ।"

ਆਲੋਚਨਾ ਦਾ ਸਿਕੰਦਰ ਗੁਰਬਚਨ, ਬਲਵੰਤ ਗਾਰਗੀ ਨੂੰ 'ਕਮਾਲ ਦਾ ਬੰਦਾ' ਕਹਿੰਦਾ ਹੈ: ਗਾਰਗੀ 'ਚ ਅਨੇਕਾਂ 'ਕਮਾਲ' ਹਨ। ਬਿਨਾਂ 'ਕਮਾਲਾਂ' ਦੇ ਉਹ ਗਾਰਗੀ ਨਹੀਂ ਰਹੇਗਾ। ਅਸੀਂ ਉਸ ਦੇ 'ਕਮਾਲਾਂ' ਨੂੰ ਪੇਸ਼ ਕਰ ਕੇ ਲੇਖਾ-ਜੋਖਾ ਕਰਨਾ ਹੈ। ਗਾਰਗੀ ਦੇ ਅਸਲ ਨੂੰ ਸਮਝਣਾ ਹੈ। ਸਮਝਣਾ ਤਾਂ ਹੈ, ਪਰ ਗਾਰਗੀ ਦਾ ਮੁਢਲਾ ਕਮਾਲ ਇਹ ਹੈ ਕਿ ਉਹ ਸਮਝਣ-ਸਮਝਾਣ ਤੋਂ ਬਰੀ ਹੈ... ਉਹ ਪੰਜਾਬੀ ਮੰਚ ਦਾ ਲਫਟੈਣ ਹੈ। ਮਾਲਵੇ ਦੇ ਪਿੰਡਾਂ ਦੀ ਬੋਲੀ ਬਲਵੰਤ ਗਾਰਗੀ ਦੇ ਅਚੇਤ 'ਚ ਛਿਲਤਰ ਵਾਂਗ ਖੁੱਭੀ ਹੋਈ ਹੈ। ਉਸ ਦੇ ਪਹਿਲੇ ਨਾਟਕਾਂ 'ਚ ਇਸ ਬੋਲੀ ਦੀ ਸ਼ਕਤੀ ਨੇ ਉਸ ਦਾ ਬੜਾ ਸਾਥ ਦਿੱਤਾ। ਇਨ੍ਹਾਂ ਨਾਟਕਾਂ ਰਾਹੀਂ ਗਾਰਗੀ ਸਥਾਪਤ ਹੋਇਆ। ਉਸ ਨੇ ਅੰਗਰੇਜ਼ੀ ਦੇ ਨਾਟਕ ਪੜ੍ਹ ਕੇ ਉਨ੍ਹਾਂ ਦਾ ਸਿੱਧਾ ਪ੍ਰਭਾਵ ਕਬੂਲ ਕੀਤਾ। ਵਾਰਤਕ ਨਾਲ ਗਾਰਗੀ ਨੇ ਆਪਣੇ ਸਾਹਿਤਕ ਜੀਵਨ 'ਚ ਨਵਾਂ ਮੋੜ ਲਿਆਂਦਾ। ਬਾਅਦ ਦਾ ਗਾਰਗੀ ਵੱਖਰਾ ਹੈ। ਗੌਸਪ ਮਸਾਲੇ ਨੂੰ ਸੁੰਦਰ ਵਾਕਾਂ 'ਚ ਬੰਨ੍ਹਣ ਵਾਲਾ। ਚੁਸਤ ਨਸਰ ਦਾ ਨਾਢੂ ਖਾਨ। ਕਾਮ ਦੇ ਜਜ਼ਬਿਆਂ ਦਾ ਨਾਟਕਕਾਰ। ਯਾਦਾਂ ਨੂੰ ਸਵੈਜੀਵਨੀ ਤੇ ਸਵੈਜੀਵਨੀ ਨੂੰ ਨਾਵਲ ਕਹਿਣ ਵਾਲਾ ਕਲਮ-ਵਾਹਕ। ਰੋਟੀ-ਰੋਜ਼ੀ ਦੀ ਖਾਤਰ ਟੀ.ਵੀ. ਫਿਲਮਾਂ ਲਈ ਲਿਖਣ ਵਾਲਾ ਕਲਮ-ਝਰੀਟ। ਤਫਰੀਹ ਦੇ ਅਰਥਾਂ ਨੂੰ ਸਮਝਣ ਵਾਲਾ। ਲੁਤਫ ਦੇਣ ਵਾਲਾ। ਲੁਤਫ ਲੈਣ ਵਾਲਾ। ਰਸਭਰੀਆਂ ਦਾ ਸੇਲਜ਼ਮੈਨ।"

ਗਾਰਗੀ ਸੱਚਮੁੱਚ ਕਮਾਲ ਦਾ ਲੇਖਕ ਸੀ। ਉਹਦੀਆਂ ਧੁੰਮਾਂ ਦੇਸ ਪਰਦੇਸ ਦੂਰ-ਦੂਰ ਤਕ ਪਈਆਂ ਰਹੀਆਂ। ਉਸ ਦੇ ਲਿਖੇ ਰੇਖਾ-ਚਿੱਤਰ, ਨਾਟਕ, ਨਾਵਲ, ਕਹਾਣੀਆਂ, ਸਵੈਜੀਵਨੀ, ਸਫਰਨਾਮਾ ਅਤੇ ਰੰਗ ਮੰਚ ਦੇ ਖੋਜ ਪ੍ਰਬੰਧ ਸਭ ਚਰਚਿਤ ਰਹੇ। ਉਹ ਕਲਮ ਦੇ ਜ਼ੋਰ ਨਾਲ ਜੀਵਿਆ ਅਤੇ ਅਨੇਕਾਂ ਦੇਸਾਂ ਵਿਚ ਘੁੰਮਿਆ। ਉਹਦੇ ਨਾਟਕ ਭਾਰਤ ਦੇ ਸ਼ਹਿਰਾਂ ਅਤੇ ਜਰਮਨੀ, ਪੋਲੈਂਡ, ਮਾਸਕੋ, ਲੰਡਨ, ਗਲਾਸਗੋ ਤੇ ਨਿਊ ਯਾਰਕ ਵਿਚ ਖੇਡੇ ਗਏ। ਉਹਦਾ ਜੀਵਨ ਵੀ ਨਾਟਕੀ ਸੀ ਤੇ ਲਿਖਤਾਂ ਵੀ ਨਾਟਕੀ। ਨਾਟਕਾਂ ਤੇ ਸਾਹਿਤ ਦਾ ਸੇਲਜ਼ਮੈਨ ਵੀ। ਉਹ ਹੋਰਨਾਂ ਨੂੰ ਤਾਂ ਪਲੇਥਣ ਲਾਉਂਦਾ ਹੀ ਸੀ, ਆਪਣੇ ਆਪ ਨੂੰ ਵੀ ਨਹੀਂ ਸੀ ਬਖ਼ਸ਼ਦਾ। ਉਸ ਨੇ ਪੰਜਾਬੀ ਵਿਚ ਕਮਾਲ ਦੀ ਵਾਰਤਕ ਸ਼ੈਲੀ ਸਿਰਜੀ ਜਿਸ ਨੇ ਅਨੇਕਾਂ ਨਵੇਂ ਲੇਖਕਾਂ ਨੂੰ ਨਾਟਕੀ ਵਾਰਤਕ ਲਿਖਣ ਦੇ ਰਾਹ ਪਾਇਆ। ਪੰਜਾਬੀ ਵਾਰਤਕ ਨੂੰ ਸੰਵਾਰਨ ਤੇ ਸ਼ਿੰਗਾਰਨ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੋਂ ਬਾਅਦ ਬਲਵੰਤ ਗਾਰਗੀ ਦਾ ਵਿਸ਼ੇਸ਼ ਯੋਗਦਾਨ ਹੈ। ਪ੍ਰੀਤਲੜੀ ਨੇ ਕੰਘੀ ਪੱਟੀ ਕੀਤੀ ਜਿਸ ਨੂੰ ਗਾਰਗੀ ਨੇ ਸੁਰਖੀ ਬਿੰਦੀ ਲਾਈ। ਗਾਰਗੀ ਪੰਜਾਬੀ ਵਾਰਤਕ ਦਾ ਸ਼ਿੰਗਾਰ ਸੀ।

ਗਾਰਗੀ ਨੂੰ ਡਰਾਮਾ ਰਚਣਾ ਹੀ ਨਹੀਂ, ਕਰਨਾ ਵੀ ਆਉਂਦਾ ਸੀ। ਸੁਰਮਾ ਪਾਉਣਾ ਵੀ ਤੇ ਮਟਕਾਉਣਾ ਵੀ। ਉਹਦੇ ਕੋਲ ਖੰਭਾਂ ਦੀਆਂ ਡਾਰਾਂ ਬਣਾਉਣ ਦਾ ਹੁਨਰ ਸੀ ਤੇ ਸ਼ੀਸ਼ਿਆਂ ਵਿਚ ਦੀ ਦਿਸਦੇ ਲੁਕਵੇਂ ਨਜ਼ਾਰੇ ਵਿਖਾਉਣ ਦੀ ਕਾਰਸਤਾਨੀ। ਉਹ ਕਿਸੇ ਨੂੰ ਵਡਿਆਉਂਦਾ ਹੋਇਆ ਨਾਲ ਦੀ ਨਾਲ ਉਹਨੂੰ ਨਿੰਦੀ ਵੀ ਜਾਂਦਾ ਸੀ ਤੇ ਬਖ਼ਸ਼ਦਾ ਆਪਣੇ ਆਪ ਨੂੰ ਵੀ ਨਹੀਂ ਸੀ। ਉਸ ਨੇ ਆਪਣੇ ਬਾਰੇ ਲਿਖਿਆ, "ਮੈਂ ਗਾਰਗੀ ਨੂੰ ਬਹੁਤ ਨੇੜਿਓਂ ਜਾਣਦਾ ਹਾਂ। ਉਸ ਦੀਆਂ ਲਿਖਤਾਂ, ਉਸ ਦੇ ਝੂਠੇ ਵਾਅਦਿਆਂ ਤੇ ਉਸ ਦੀਆਂ ਕਮਜ਼ੋਰੀਆਂ ਨੂੰ ਖੁਰਦਬੀਨ ਨਾਲ ਤੱਕਿਆ ਹੈ। ਉਹ ਬਹੁਤ ਸਾਰੇ ਭੁਲੇਖਿਆਂ ਦਾ ਮਰਕਜ਼ ਹੈ। ਉਸ ਦੇ ਨਾਂ ਨੂੰ ਹੀ ਲਓ: ਗਾਰਗੀ! ਕਿਤਨਾ ਬੋਗਸ ਨਾਂ ਹੈ? ਕਿਸੇ ਕੁੜੀ ਦੀ ਨਕਲ ਜਾਪਦਾ ਹੈ।... ਉਸ ਦਾ ਪਹਿਲਾ ਇਸ਼ਕ ਸੰਗੀਤ ਸੀ। ਸਾਹਿਤ ਵੱਲ ਤਾਂ ਉਹ ਐਵੇਂ ਹੀ ਆ ਗਿਆ, ਜਿਵੇਂ ਕੋਈ ਆਦਮੀ ਦੂਜੇ ਥਾਂ ਵਿਆਹਿਆ ਜਾਵੇ। ਨਾਟਕਕਾਰ ਵੀ ਉਸ ਨੂੰ ਹਾਲਾਤ ਨੇ ਹੀ ਬਣਾਇਆ।"

ਬਹੁਤ ਘੱਟ ਪਾਠਕਾਂ ਨੂੰ ਪਤਾ ਹੈ ਕਿ ਕਾਲਜ ਦੇ ਦਿਨੀਂ ਉਹ ਕਵਿਤਾ ਵੀ ਲਿਖਦਾ ਸੀ। ਉਸ ਨੇ ਲਗਭਗ ਤਿੰਨ ਸੌ ਕਵਿਤਾਵਾਂ ਲਿਖੀਆਂ ਸਨ। ਉਹਨਾਂ 'ਚੋਂ ਪੰਜਾਹ ਚੁਣ ਕੇ ਉਹ ਰਾਬਿੰਦਰ ਨਾਥ ਠਾਕਰ ਕੋਲ ਲੈ ਗਿਆ ਸੀ। ਬਹੁਤ ਚਿਰ ਤੀਕ ਉਹ ਇਸ ਗੱਲ ਦਾ ਫੈਸਲਾ ਨਾ ਕਰ ਸਕਿਆ ਕਿ ਉਰਦੂ ਵਿਚ ਲਿਖੇ ਜਾਂ ਅੰਗਰੇਜ਼ੀ ਵਿਚ। ਆਖਰ ਉਸ ਨੇ ਪੰਜਾਬੀ ਵਿਚ ਲਿਖਣ ਦਾ ਫੈਸਲਾ ਕੀਤਾ, ਕਿਉਂਕਿ ਇਸ ਬੋਲੀ ਵਿਚ ਉਸ ਨੇ ਆਪਣਾ ਬਚਪਨ ਜੀਵਿਆ ਸੀ ਤੇ ਗਲੀਆਂ ਦੀ ਧੂੜ, ਰੁਤੀਆਂ ਦੀ ਸ਼ੋਅ ਅਤੇ ਚਰ੍ਹੀਆਂ ਤੇ ਪਿੱਪਲਾਂ ਦੀ ਸੁਗੰਧ ਮਾਣੀ ਸੀ।

ਲਗਭਗ ਪੰਜਾਹ ਸਾਲਾਂ ਦੇ ਰਚਨਾ ਕਾਲ ਦੌਰਾਨ ਉਸ ਨੇ ਚਾਲੀ ਕੁ ਕਿਤਾਬਾਂ ਰਚੀਆਂ। 1962 ਵਿਚ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਅਤੇ 1998 ਵਿਚ ਸੰਗੀਤ ਨਾਟਕ ਅਕਾਦਮੀ ਦੇ ਐਵਾਰਡ ਮਿਲੇ। 1972 ਵਿਚ ਪਦਮਸ੍ਰੀ ਪੁਰਸਕਾਰ ਮਿਲਿਆ। ਉਹ 4 ਦਸੰਬਰ 1916 ਤੋਂ 22 ਅਪਰੈਲ 2003 ਤਕ 86 ਸਾਲ 4 ਮਹੀਨੇ 18 ਦਿਨ ਜੀਵਿਆ। ਜੀਵਨ ਦਾ ਬਹੁਤਾ ਸਮਾਂ ਉਸ ਨੇ ਦਿੱਲੀ ਵਿਚ ਗੁਜ਼ਾਰਿਆ।

ਗੁਰਬਚਨ ਦੇ ਸ਼ਬਦਾਂ ਵਿਚ, "ਬਲਵੰਤ ਗਾਰਗੀ ਮਹਾਂਨਗਰੀ ਤਹਿਜ਼ੀਬ ਦਾ ਸ਼ਾਨਦਾਰ ਲੇਖਕ ਸੀ। ਸ਼ੋਖ਼, ਸਲੀਕੇਬੱਧ, ਕਨਾਟ ਪਲੇਸ ਦੇ

(ਬਾਕੀ ਅਗਲੇ ਸਫੇ 'ਤੇ)




*'ਕਾਸ਼ਨੀ ਵਿਹੜਾ' ਅਤੇ 'ਨੰਗੀ ਧੁੱਪ' ਦਾ ਟਾਈਟਲ।*



***ਬਲਵੰਤ ਗਾਰਗੀ ਨੇ ਆਪਣੀ ਮੌਤ ਤੋਂ ਪੰਜ ਛੇ ਸਾਲ ਪਹਿਲਾਂ 17 ਸਤੰਬਰ 1997 ਨੂੰ ਮਨੂੰ ਨੂੰ ਆਪਣੀ ਇੱਛਾ ਦੱਸੀ ਸੀ। ਅੰਗਰੇਜ਼ੀ ਵਿਚ ਟਾਈਪ ਕੀਤੀਆਂ ਚਾਰ ਸਤਰਾਂ ਦੇ ਰੂਪ ਵਿਚ ਲਿਖੀ 'ਵਸੀਅਤ' ਅਨੁਸਾਰ, ਉਹ ਆਪਣੀ ਅੰਤਿਮ ਠਾਹਰ ਬਠਿੰਡੇ ਦੇ ਕੱਕੇ ਰੇਤੇ ਨੂੰ ਥਾਪਦਾ ਹੈ: "ਮੇਰੀ ਮੌਤ ਮਗਰੋਂ ਕੋਈ ਰੋਣਾ-ਪਿਟਣਾ ਨਹੀਂ ਹੋਣਾ ਚਾਹੀਦਾ। ਉਸ ਮੌਕੇ ਸਕੇ ਸਨੇਹੀ ਡਿਨਰ ਵਾਸਤੇ ਮਿਲ ਬੈਠਣ। ਮੇਰੀ ਰਾਖ ਮੇਰੀ ਜਨਮ ਭੂਮੀ ਬਠਿੰਡੇ ਦੀ ਨਹਿਰ ਵਿਚ ਪਾਈ ਜਾਵੇ, ਜਿਥੇ ਮੈਂ ਬਚਪਨ ਵਿਚ ਸੁਨਹਿਰੀ ਰੇਤੇ 'ਚ ਖੇਡਿਆ।"***

*ਬਲਵੰਤ ਗਾਰਗੀ ਦਾ ਪੁੱਤਰ ਮਨੂੰ ਅਤੇ ਧੀ ਜੰਨਤ ਸ਼ਹਿਣੇ ਵਾਲੀ ਨਹਿਰ ਵਿਚ ਉਸ ਦੇ ਫੁੱਲ ਤਾਰਦੇ ਹੋਏ।*

ਸ਼ੋਅਰੂਮਾਂ ਦੀ ਖਿੱਚ ਵਰਗਾ। ਜ਼ਿੰਦਗੀ ਭਰ ਉਹ ਕਨਾਟ ਪਲੇਸ ਨਾਲ ਲੱਗਦੇ ਕਰਜ਼ਨ ਰੋਡ ਵਾਲੇ ਨਿੱਕੇ ਜਿਹੇ, ਆਪਣੇ ਵਾਂਗ ਮਧਰੇ, ਮੁਖ਼ਤਸਰ, ਦੋ ਕਮਰਿਆਂ ਵਾਲੇ ਘਰ 'ਚ ਰਿਹਾ। ਜਾਂ ਕਾਹਵਾ ਘਰਾਂ 'ਚ ਜਾਂ ਬਦੇਸ਼। ਜਾਂ ਕਿਤੇ ਵੀ ਨਹੀਂ। ਸ਼ਾਇਦ ਸੜਕਾਂ 'ਤੇ ਜਾਂ ਹਵਾਈ ਜਹਾਜ਼ਾਂ 'ਚ। ਉਹ ਹਰ ਥਾਂ ਮਹਿਮਾਨ ਸੀ, ਆਪਣੇ ਘਰ ਵਿਚ ਵੀ। ਉਸ ਲਈ ਇਹ ਦੁਨੀਆ ਹੋਟਲ ਸੀ। ਰਹੋ, ਮੌਜ ਕਰੋ। ਖਾਓ ਪੀਓ, ਦੋਸਤੀਆਂ ਪਾਲੋ। ਸੁਆਦਲੀਆਂ ਗੱਲਾਂ ਕਰੋ। ਇਨ੍ਹਾਂ ਸਭਨਾਂ ਬਾਰੇ ਲਿਖੋ... ਲੁਤਫ਼ ਦੇਣ ਵਾਲੀਆਂ ਗੱਲਾਂ ਦੀ ਉਸ ਨੂੰ ਤੀਵੀਆਂ ਵਾਂਗ ਹੀ ਅਮੁੱਕ ਤਲਾਸ਼ ਸੀ। ਉਹ ਅਕਲ ਤੇ ਨਫ਼ਾਸਤ ਦੇ ਸੁਮੇਲ 'ਚੋਂ ਲੁਤਫ਼ ਪੈਦਾ ਨਹੀਂ ਸੀ ਕਰਦਾ। ਕਾਮਕ ਜੁਗਤਾਂ ਦਾ ਸਹਾਰਾ ਲੈਂਦਾ ਸੀ। ਇਨ੍ਹਾਂ ਜੁਗਤਾਂ ਨੂੰ ਵਰਤ ਕੇ ਉਸ ਨੇ ਅਜੀਤ ਕੌਰ ਲਈ ਰਾਹ ਪੱਧਰਾ ਕੀਤਾ।"

ਉਹ 27, ਕਸਤੂਰਬਾ ਗਾਂਧੀ ਮਾਰਗ, ਦਿੱਲੀ ਦੀ ਕੋਠੀ ਦੇ ਕੁਆਟਰ ਵਿਚ ਰਹਿੰਦਾ ਸੀ। ਨੌਕਰਾਂ ਵਾਲਾ ਉਹ ਕੁਆਟਰ ਉਸ ਨੇ ਦੇਸ ਵੰਡ ਤੋਂ ਬਾਅਦ 16 ਰੁਪਏ ਕਿਰਾਏ 'ਤੇ ਲੈ ਕੇ ਉਸ ਉਤੇ ਸਾਰੀ ਉਮਰ ਕਬਜ਼ਾ ਜਮਾਈ ਰੱਖਿਆ। ਮੁਕੱਦਮੇਬਾਜ਼ੀ ਹੋਈ, ਪਰ ਉਸ ਨੇ ਕੁਆਟਰ ਨਾ ਛੱਡਿਆ। ਉਸ ਵਿਚ ਸੈਂਕੜੇ ਕਲਾਕਾਰ ਆਏ ਤੇ ਗਏ ਜਿਨ੍ਹਾਂ ਦਾ ਜ਼ਿਕਰ ਗਾਰਗੀ ਦੀਆਂ ਲਿਖਤਾਂ ਵਿਚ ਹੁੰਦਾ ਰਿਹਾ। ਉਹ ਟਿਕਾਣਾ ਉਸ ਨੇ ਉਦੋਂ ਛੱਡਿਆ ਜਦੋਂ ਉਹ ਬੁੱਢਾ ਹੋ ਗਿਆ। ਉਸ ਦੀ ਧੀ ਜੰਨਤ ਆਪਣੀ ਮਾਂ ਨਾਲ ਅਮਰੀਕਾ ਚਲੀ ਗਈ ਸੀ ਤੇ ਪੁੱਤ ਮਨੂੰ ਮੁੰਬਈ ਪਹੁੰਚ ਗਿਆ ਸੀ।

ਉਸ ਦਾ ਘਰ ਸੱਚਮੁੱਚ ਨਿੱਕਾ ਸੀ, ਪਰ ਇਸ ਵਿਚ ਸਭ ਕੁਝ ਮੌਜੂਦ ਸੀ। ਦਲਾਨ, ਵਰਾਂਡਾ, ਕਿਚਨ, ਸਟੋਰ ਤੇ ਗੁਸਲਖਾਨਾ। ਨੌਕਰ ਲਈ ਨਿੱਕਾ ਸਰਵੈਂਟ ਰੂਮ। ਸੰਤ ਸਿੰਘ ਸੇਖੋਂ ਇਸ ਨੂੰ ਛੋਟੀ ਰਿਆਸਤ ਦਾ ਨਾਂ ਦਿੰਦਾ ਸੀ। ਕਾਲੀ ਚੁਗਾਠ ਵਿਚ ਜੜਿਆ ਪੀਲਾ ਦਰਵਾਜ਼ਾ। ਕੰਧ 'ਤੇ ਲੱਗੀ ਨੇਮ ਪਲੇਟ। ਕਾਲੇ ਰੰਗ ਨਾਲ ਅੰਗਰੇਜ਼ੀ 'ਚ ਮੋਟਾ ਸਾਰਾ ਲਿਖਿਆ 'ਗਾਰਗੀ'।

ਉਹਦੇ ਘਰ ਦਾ ਨਕਸ਼ਾ ਗਾਰਗੀ ਦੀ ਲਿਖਤ



ਵਿਚ ਇੰਜ ਹੈ, "ਕਰਜ਼ਨ ਰੋਡ ਦੀ ਇਕ ਕੋਠੀ ਦੀ ਗੁੱਠ ਵਿਚ ਉਸ ਦਾ ਘਰ ਹੈ ਜਿਸ ਦੇ ਪਿਛੇ ਧੋਬੀਆਂ, ਖ਼ਾਨਸਾਮਿਆਂ ਤੇ ਨਾਈਆਂ ਦੀਆਂ ਖੋਲੀਆਂ ਹਨ। ਉਨ੍ਹਾਂ ਵਿਚ ਉਸ ਦੇ ਘਰ ਦਾ ਪੀਲਾ ਦਰਵਾਜ਼ਾ ਚਮਕਦਾ ਹੈ। ਅੰਦਰ ਜਾਓ ਤਾਂ ਸਾਹਮਣੇ ਹੀ ਫੁੱਲਾਂ ਨਾਲ ਸ਼ਿੰਗਾਰਿਆ ਖੂਬਸੂਰਤ ਕਮਰਾ ਹੈ। ਫਰਾਂਸੀਸੀ ਸਟਾਈਲ ਦਾ ਬੂਹਾ ਤੇ ਰੰਗਦਾਰ ਪਰਦਿਆਂ ਵਾਲੇ ਸ਼ੀਸ਼ੇ ਹਨ। ਇਹ ਕਮਰਾ ਉਸ ਦੇ ਨੌਕਰ ਦਾ ਹੈ। ਉਸ ਦਾ ਆਪਣਾ ਕਮਰਾ ਇਸ ਨਾਲੋਂ ਬਹੁਤ ਘਟੀਆ ਹੈ।"

ਇਕ ਲੇਖਕ ਨੇ ਤਾਂ ਇਥੋਂ ਤਕ ਲਿਖ ਦਿੱਤਾ ਕਿ ਦਿੱਲੀ ਦੇ ਰਾਸ਼ਟਰਪਤੀ ਭਵਨ ਤੋਂ ਬਾਅਦ ਗਾਰਗੀ ਦਾ ਕੁਆਟਰ ਵੇਖਣ ਵਾਲੀ ਜਗ੍ਹਾ ਸੀ। ਉਹ ਕੁਆਟਰ ਕਾਹਦਾ, ਕਾਸ਼ਨੀ ਵਿਹੜਾ ਸੀ ਜਿਸ ਉਤੇ 'ਕਾਸ਼ਨੀ ਵਿਹੜਾ' ਨਾਵਲ ਉਸਾਰਿਆ ਗਿਆ। ਉਹਦੇ ਉਤੇ ਗਾਰਗੀ ਦਾ ਰਿਹਾਇਸ਼ੀ ਕਬਜ਼ਾ ਸੀ। ਬਾਅਦ ਵਿਚ ਫਲੈਟ ਬਣਨ ਲੱਗੇ ਤਾਂ ਕਬਜ਼ਾ ਛੱਡਣ ਬਦਲੇ ਗਾਰਗੀ ਬਣਨ ਵਾਲੀ ਬਿਲਡਿੰਗ 'ਚੋਂ ਫਲੈਟ ਮੰਗਦਾ ਸੀ। ਫਲੈਟ ਦੀ ਥਾਂ ਉਸ ਨੂੰ ਚੋਖੇ ਪੈਸੇ ਮਿਲੇ। ਆਖ਼ਰ ਮਹਾਜਨ ਪੁੱਤ ਸੀ, ਸੇਲਜ਼ਮੈਨ।

ਗੁਲਜ਼ਾਰ ਸੰਧੂ 'ਕਾਸ਼ਨੀ ਵਿਹੜੇ ਵਾਲਾ ਗਾਰਗੀ' ਲੇਖ ਵਿਚ ਲਿਖਦਾ ਹੈ, "ਮਾਲਕਾਂ ਨੇ ਇਹ ਥਾਂ ਵੀਡੀਓਕਾਨ ਵਾਲਿਆਂ ਨੂੰ ਬਹੁਮੰਜ਼ਲੀ ਇਮਾਰਤ ਬਣਾਉਣ ਲਈ ਵੇਚ ਦਿੱਤੀ ਸੀ। ਬਲਵੰਤ ਗਾਰਗੀ ਨੂੰ ਖਾਲੀ ਕਰਨੀ ਪਈ ਤਾਂ ਪੈਸੇ ਵਾਲਿਆਂ ਨੇ ਮੂੰਹ ਮੰਗੀ ਪਗੜੀ ਗਾਰਗੀ ਨੂੰ ਦਿੱਤੀ। ਕਈ ਲੱਖ ਰੁਪਏ। ਗਾਰਗੀ ਇਹ ਸਾਰੇ ਦੇ ਸਾਰੇ ਪੈਸੇ ਆਪਣੇ ਬੋਝੇ ਵਿਚ ਪਾ ਸਕਦਾ ਸੀ, ਪਰ ਨਹੀਂ। ਉਸ ਨੇ ਸਭ ਤੋਂ ਪਹਿਲਾਂ ਲੰਮੇ ਸਮੇਂ ਦੇ ਸੇਵਾਦਾਰ ਕਿਸ਼ੋਰੀ ਨੂੰ ਬੁਲਾ ਕੇ ਮਾਇਆ ਨਾਲ ਉਸ ਦਾ ਪੱਲਾ ਭਰ ਦਿੱਤਾ। ਕਿੰਨੇ ਲੱਖ? ਇਹ ਅੰਕੜੇ ਹੈਰਾਨ ਕਰਨ ਵਾਲੇ ਵੀ ਹਨ। ਕਾਸ਼ਨੀ ਵਿਹੜੇ ਵਾਲਾ ਗਾਰਗੀ ਲੱਖਦਾਤਾ ਵੀ ਸੀ। ਇਸ ਸੁੱਚੀ ਸੋਚ ਦੀ ਕਣੀ ਉਸ ਨੂੰ ਪੇਂਡੂ ਵਿਰਸੇ ਤੋਂ ਮਿਲੀ ਸੀ ਜਿਸ ਨੂੰ ਉਸ ਨੇ ਦਿੱਲੀ ਦੇਖਣ ਤਾਂ ਕੀ ਦੇਸ-ਦੇਸਾਂਤਰਾਂ ਤਕ ਆਪਣੀ ਹਿੱਕ ਨਾਲ ਲਾਈ ਰੱਖਿਆ। ਮੌਤ ਤੋਂ ਬਾਅਦ ਆਪਣੇ ਫੁੱਲਾਂ ਦਾ ਪਰਵਾਹ ਬਠਿੰਡੇ ਵਾਲੀ ਨਹਿਰ ਦੇ ਲੇਖੇ ਲਾਉਣ ਦੀ ਵਸੀਅਤ ਕਰਨਾ ਵੀ ਇਸੇ ਸੋਚ ਦੀ ਉਪਜ ਸੀ।

1958 ਤੋਂ 1985 ਤਕ ਸੰਧੂ ਨੇ ਕਾਸ਼ਨੀ ਵਿਹੜੇ ਦੇ ਅਨੇਕਾਂ ਰੰਗ ਵੇਖੇ। ਅਣਗਿਣਤ ਸਵੇਰਾਂ, ਦੁਪਹਿਰਾਂ ਤੇ ਸ਼ਾਮਾਂ ਉਥੇ ਗੁਜ਼ਾਰੀਆਂ। ਉਥੇ ਆਸ਼ਕਾਂ ਨੂੰ ਇਸ਼ਕ ਫਰਮਾਉਂਦਿਆਂ ਤੇ ਚੋਰਾਂ ਨੂੰ ਚੋਰੀ ਕਰਦਿਆਂ ਫੜਿਆ। ਜੀਨੀ ਦਾ ਡੋਲਾ ਉਥੇ ਹੀ ਉਤਰਿਆ ਸੀ। ਉਥੇ ਦਿੱਲੀ ਦੀ ਮਾਰ ਧਾੜ ਦੇ ਸ਼ਿਕਾਰ ਤਾਰਾ ਸਿੰਘ ਦੇ ਪਰਿਵਾਰ ਨੂੰ ਪਨਾਹ ਮਿਲੀ ਤੇ ਸੰਧੂ ਵਰਗਿਆਂ ਨੂੰ ਪੱਕੀ ਠਾਹਰ। ਗਾਰਗੀ ਦੀ ਗੈਰਹਾਜ਼ਰੀ ਵਿਚ ਉਹ ਉਸ ਘਰ ਦੇ ਪੂਰੇ ਮਾਲਕ ਹੁੰਦੇ। ਮੁਰਗੇ ਭੁੰਨਦੇ ਤੇ ਡੱਟ ਖੁੱਲ੍ਹਦੇ; ਪਰ ਜੋ ਮਜ਼ਾ ਬਲਵੰਤ ਦੀ ਹਾਜ਼ਰੀ ਵਿਚ ਆਉਂਦਾ, ਉਹ ਗੈਰਹਾਜ਼ਰੀ ਵਿਚ ਨਾ ਆਉਂਦਾ। ਗਾਰਗੀ ਦੇ ਹੱਥਾਂ ਦੀ ਬਣੀ ਮਾਹਾਂ ਦੀ ਦਾਲ ਤੇ ਸੂਜੀ ਦੇ ਕੜਾਹ ਵਰਗਾ ਮਜ਼ਾ ਹੋਰ ਕਿਸੇ ਦੇ ਬਣਾਏ ਪਕਵਾਨ ਵਿਚ ਨਹੀਂ ਸੀ ਹੁੰਦਾ; ਉਸ ਦੇ ਸੇਵਾਦਾਰ ਕਿਸ਼ੋਰੀ ਦੇ ਪਕਵਾਨ ਵਿਚ ਵੀ ਨਹੀਂ।"

ਕਾਸ਼ਨੀ ਵਿਹੜੇ ਬਾਰੇ ਗਾਰਗੀ ਦਾ ਕਥਨ ਹੈ, "ਕਾਸ਼ਨੀ ਵਿਹੜਾ ਪ੍ਰੰਪਰਾਗਤ ਤੌਰ 'ਤੇ ਨਾ ਨਾਵਲ ਹੈ, ਨਾ ਸਵੈਜੀਵਨੀ। ਇਹ ਮੇਰੀ ਸਵੈਜੀਵਨੀ 'ਤੇ ਆਧਾਰਿਤ ਨਾਵਲ ਹੈ ਜਿਸ ਨੂੰ ਨਿਵੇਕਲੀ ਸਾਹਿਤਕ ਵਿਧੀ ਦਾ ਨਾਂ ਦਿੱਤਾ ਜਾ ਸਕਦਾ ਹੈ।"

ਕਾਸ਼ਨੀ ਵਿਹੜੇ ਦਾ ਦ੍ਰਿਸ਼, "ਹਨੇਰਾ ਸੰਘਣਾ ਹੋ ਗਿਆ, ਪੀਲਾ ਚੰਦ ਨਿਕਲ ਆਇਆ ਅਤੇ ਇਸ ਦੀਆਂ ਕਿਰਨਾਂ ਕਾਸ਼ਨੀ ਫੁੱਲਾਂ ਵਾਲੇ ਪਤਲੇ ਦਰੱਖਤ ਵਿਚੋਂ ਦੀ ਛਣ ਕੇ ਵਿਹੜੇ ਵਿਚ ਪੈਣ ਲੱਗੀਆਂ। ਸਾਰੇ ਵਿਹੜੇ ਵਿਚ ਚਾਂਦਨੀ ਲਿਪੀ ਹੋਈ ਸੀ ਅਤੇ ਕਾਸ਼ਨੀ ਫੁੱਲਾਂ ਦੀ ਮਹਿਕ ਨੇ ਚੁਫੇਰੇ ਟੂਣਾ ਕਰ ਰੱਖਿਆ ਸੀ।"

"ਕਾਸ਼ਨੀ ਵਿਹੜਾ ਦੂਸਰੀ ਸੰਸਾਰ ਜੰਗ ਤੋਂ ਲੈ ਕੇ ਹੁਣ ਤਕ ਦੀਆਂ ਪ੍ਰਮੁੱਖ ਵਿਸ਼ਵ ਵਿਆਪੀ ਘਟਨਾਵਾਂ ਦਾ ਅਹਿਮ ਅਤੇ ਵਿਕਲੋਤਰਾ ਦਸਤਾਵੇਜ਼ ਹੈ। ਕਾਸ਼ਨੀ ਵਿਹੜਾ ਸੱਚ ਤੇ ਸੁਪਨੇ, ਅਸਲੇ ਤੇ ਉਹਲੇ, ਹਕੀਕਤ ਤੇ ਤਸੱਵੁਰ ਦਾ ਸੁਮੇਲ ਹੈ।"

ਕੁਝ ਹੋਰ ਦ੍ਰਿਸ਼, "ਸਾਹਮਣੇ ਸਮੁੰਦਰ ਦੀਆਂ ਲਹਿਰਾਂ ਪੱਥਰਾਂ ਨਾਲ ਟਕਰਾ ਕੇ ਉਛਲਦੀਆਂ, ਡਿੱਗ ਪੈਂਦੀਆਂ, ਸੂਹੇ ਤੇ ਜਾਮਨੀ ਰੰਗ, ਮਖਮਲੀ ਲਹਿਰਾਂ, ਡੁੱਬਦਾ ਹੋਇਆ ਸੰਗਤਰੇ ਰੰਗਾ, ਅੱਧ-ਡੁੱਬਿਆ ਸੂਰਜ, ਨੀਲੀਆਂ ਤੇ ਗੇਰੂ ਰੰਗੀਆਂ ਲਹਿਰਾਂ 'ਤੇ ਸਲੇਟੀ ਰੰਗ ਫੇਰ ਰਿਹਾ ਸੀ।"

"ਖਿੜਕੀ ਵਿਚੋਂ ਸੂਰਜ ਦੀ ਪੀਲੀ ਉਦਾਸ ਰੋਸ਼ਨੀ ਆ ਰਹੀ ਸੀ। ਮੈਂ ਖਿੜਕੀ ਵਿਚੋਂ ਦੇਖਿਆ, ਪੀਲਾ ਉਦਾਸ, ਬਿਮਾਰ ਸੂਰਜ ਅਸਮਾਨ ਵਿਚ ਕੰਬ ਰਿਹਾ ਸੀ।"

"ਉਸ ਦੀਆਂ ਨੀਲੀਆਂ ਮਣਕਿਆਂ ਵਰਗੀਆਂ ਅੱਖਾਂ ਥਿਰਕੀਆਂ। ਉਸ ਦੇ ਚਿਹਰੇ ਉਤੇ ਬਰੀਕ ਝੁਰੜੀਆਂ ਦਾ ਜਾਲ ਸੀ।"

ਗੁਲਵੰਤ ਫਾਰਿਗ ਦੀ ਟਿੱਪਣੀ ਹੈ, "ਗਾਰਗੀ ਦੋਹਰੀ ਕਾਟ ਕਰਨ ਵਾਲੀ ਉਹ ਕਟਾਰ ਸੀ ਜਿਸ ਨਾਲ ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਾਜਨੀਤੀ ਅਤੇ ਕੂਟਨੀਤੀ ਦੀ ਚੀਰਫਾੜ ਕਰਦਾ ਹੈ ਅਤੇ ਕਿਸੇ ਵੱਡੇ ਤੋਂ ਵੱਡੇ ਵਿਅਕਤੀ ਨੂੰ ਵੀ ਨਹੀਂ ਬਖ਼ਸ਼ਦਾ। ਉਹ ਆਪਣੇ ਪਾਠਕਾਂ ਵਿਚ ਜਜ਼ਬਿਆਂ ਦੀ ਅੱਗ ਸੁਲਗਾਉਂਦਾ ਹੈ, ਭਾਵਨਾਵਾਂ ਦੀ ਆਤਿਸ਼ ਭੜਕਾਉਂਦਾ ਹੈ, ਉਨ੍ਹਾਂ ਨੂੰ ਮੰਤਰ ਮੁਗਧ ਕਰਨ ਲਈ। ਫਿਰ ਉਹ ਉਨ੍ਹਾਂ ਨੂੰ ਤਰਕ ਦੀ ਚਪੇੜ ਮਾਰ ਕੇ, ਉਨ੍ਹਾਂ ਨੂੰ ਭਾਵੁਕਤਾ ਦੀ ਨੀਂਦ ਤੋਂ ਜਗਾਉਣ ਦਾ ਯਤਨ ਕਰਦਾ ਹੈ। ਇਹ ਉਸ ਦਾ ਆਪਣਾ ਵਿਸ਼ੇਸ਼ ਅਤੇ ਵਿਲੱਖਣ ਅੰਦਾਜ਼ ਹੈ।"

ਦਰਸ਼ਨ ਸਿੰਘ ਦੱਸਦਾ ਹੈ ਕਿ ਗਾਰਗੀ ਹਮੇਸ਼ਾ ਸ਼ੈਕਸਪੀਅਰ, ਚੈਖੋਵ ਤੇ ਇਬਸਨ ਦੀਆਂ ਗੱਲਾਂ ਕਰਦਾ ਸੀ। ਦੇਵ ਰਾਜ ਚਾਨਣਾ ਉਸ ਨੂੰ ਗੁਲਵੰਤ ਥਾਰਗੀ ਸੱਦਦਾ ਸੀ। ਗਾਰਗੀ ਖਸਿਆਣਾ ਹਾਸਾ ਹੱਸਦਾ। ਸਮਕਾਲੀ ਨਾਟਕਕਾਰਾਂ ਬਾਰੇ ਕਹਿੰਦਾ, ਅਸੀਂ ਅਜੇ ਤਕ ਭੰਡ ਤੇ ਨਕਲੀਏ ਹੀ ਪੈਦਾ ਕੀਤੇ ਨੇ। ਕਨਾਟ ਪਲੇਸ ਵੱਲੋਂ ਪੈਂਦੀ ਪਹਿਲੀ ਕੋਠੀ ਦੇ ਪਿਛਵਾੜੇ ਇਕ ਕੁਆਟਰ ਵਿਚ ਰਹਿੰਦਾ ਸੀ। ਛੋਟੇ-ਛੋਟੇ ਦੋ ਕਮਰੇ ਸਨ। ਉਨ੍ਹਾਂ ਅੱਗੇ ਛੋਟਾ ਜਿਹਾ ਅੱਗਿਉਂ ਕੱਜਿਆ ਮਹਿਰਾਬੀ ਵਰਾਂਡਾ ਸੀ। ਨਾਲ ਛੋਟੀ ਜਿਹੀ ਰਸੋਈ ਸੀ ਤੇ ਉਸੇ ਹੀ ਪੈਮਾਨੇ ਦਾ ਛੋਟਾ ਜਿਹਾ ਗੁਸਲਖਾਨਾ। ਅੱਗੇ ਛੋਟਾ ਜਿਹਾ



ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਉਹ ਘਰ ਜਿਥੇ ਗਾਰਗੀ ਕੁਝ ਸਮਾਂ ਰਿਹਾ।

ਵਿਹੜਾ, ਛੋਟਾ ਜਿਹਾ ਬੂਟਾ ਜਿਸ ਨੂੰ ਛੋਟੇ-ਛੋਟੇ ਕਾਸ਼ਨੀ ਫੁੱਲ ਲੱਗਦੇ। ਕੰਧ 'ਤੇ ਮਿੱਟੀ ਉਕਰੀ ਗਣੇਸ਼ ਦੀ ਮੂਰਤੀ ਸੀ। ਘਰ ਕਾਹਦਾ, ਮੁਸਾਫ਼ਰਖਾਨਾ ਸੀ। ਜਾਣ ਲੱਗਾ ਚਾਬੀ ਢਾਬੇ ਵਾਲੇ ਕੋਲ ਛੱਡ ਜਾਂਦਾ। ਇਕੇਰਾਂ ਤਿੰਨ ਵਰ੍ਹੇ ਯੂਰਪ ਰਿਹਾ। ਫੈਜ਼ ਅਹਿਮਦ ਫੈਜ਼, ਕ੍ਰਿਸ਼ਨ ਚੰਦਰ, ਰਾਜਿੰਦਰ ਬੇਦੀ, ਕਵੀ ਪਾਬਲੋ ਨਰੂਦਾ, ਸਰਦਾਰ ਜਾਫਰੀ, ਹਬੀਬ ਤਨਵੀਰ, ਅੰਮ੍ਰਿਤਾ, ਨਵਤੇਜ, ਸੁਰਿੰਦਰ, ਰੇਸ਼ਮਾ, ਹਾਜੀ ਸਾਹਿਬ ਤੇ ਸਾਵਣ ਖਾਨ, ਤਾਰਾ ਚੰਦ ਗੁਪਤਾ, ਅਚਲਾ ਸੱਚਦੇਵ ਤੇ ਖੁਸ਼ਵੰਤ ਸਿੰਘ, ਸਭ ਉਸ ਮੁਸਾਫ਼ਰਖਾਨੇ 'ਚ ਆਏ। ਆਇਨਸਟੇਨ ਦੀ ਮਾਸ਼ੂਕਾ ਮੇਰੀ ਸਟੇਨ ਨੇ ਕਾਸ਼ਨੀ ਵਿਹੜੇ 'ਚ ਬਹਿ ਕੇ ਸੱਤਿਆਜੀਤ ਦੀ ਜੀਵਨੀ ਲਿਖੀ। ਗਾਰਗੀ ਨੇ 'ਸਵੇਰਾ' ਮਾਸਕ ਕੱਢਿਆ ਜੋ ਦੋ ਚਾਰ ਮਹੀਨੇ ਹੀ ਚੱਲਿਆ। ਉਹਦੀ ਭੈਣ ਦੇਵਕੀ ਤੇ ਭਣਵੱਈਏ ਗੋਪਾਲ ਨੇ ਸਹਿਯੋਗ ਦਿੱਤਾ, ਪਰ ਸਵੇਰਾ ਛੇਤੀ ਹੀ ਲੋਪ ਹੋ ਗਿਆ।

ਗੁਲਜ਼ਾਰ ਸੰਧੂ ਬਿਮਾਰ ਗਾਰਗੀ ਨੂੰ ਮੁੰਬਈ ਮਿਲਣ ਜਾਣ ਤੋਂ ਪਹਿਲਾਂ ਕਾਸ਼ਨੀ ਵਿਹੜਾ ਵੇਖਣ ਗਿਆ ਸੀ। ਮੁੰਬਈ ਜਾ ਕੇ ਗਾਰਗੀ ਨੂੰ ਦੱਸਿਆ ਕਿ ਉਥੇ ਬੁਲਡੋਜ਼ਰ ਚੱਲ ਰਿਹਾ ਸੀ। ਡੌਰ ਭੌਰੇ ਗਾਰਗੀ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕਿਹੜੇ ਵਿਹੜੇ ਦੀ ਗੱਲ ਕਰ ਰਿਹਾ ਸੀ। ਉਹ ਉਹਦੀ ਸੰਧੂ ਨਾਲ ਆਖ਼ਰੀ ਮੁਲਾਕਾਤ ਸੀ।

ਸੰਧੂ ਲਿਖਦਾ ਹੈ, "ਮੇਰਾ ਮੱਤ ਹੈ ਕਿ ਬਲਵੰਤ ਗਾਰਗੀ ਨੂੰ ਬਣਾਉਣ ਤੇ ਉਖੇੜਨ ਵਿਚ ਉਸ ਦੇ ਕਰਜ਼ਨ ਰੋਡ ਵਾਲੇ ਕਾਸ਼ਨੀ ਵਿਹੜੇ ਦਾ ਵੀ ਦਖਲ ਹੈ। ਵਿਹੜੇ ਦੇ ਖੁੱਸਣ ਦਾ ਧੱਕਾ, ਉਸ ਨੂੰ ਬੀਵੀ ਦੇ ਖੁੱਸਣ ਨਾਲੋਂ ਵੱਡਾ ਧੱਕਾ ਲੱਗਾ ਸੀ। ਵਿਹੜਾ ਹੋਵੇ ਤਾਂ ਬੀਵੀਆਂ ਆ ਜਾਂਦੀਆਂ ਹਨ, ਪਰ ਬੀਵੀ ਵਿਹੜਾ ਨਹੀਂ ਲਿਆ ਸਕਦੀ। ਮੈਂ ਇਸ ਵਿਹੜੇ ਵਿਚ ਨਾਟਕਾਂ ਨੂੰ ਫੜਫੜਾਉਂਦੇ ਤੇ ਵਾਰਤਾਲਾਪਾਂ ਨੂੰ ਤਾਰੀਆਂ ਲਾਉਂਦੇ ਤੱਕਿਆ ਹੈ। ਗਾਰਗੀ ਦੇ ਵਿਹੜੇ ਥੁੜਾਂ ਵੀ ਆਈਆਂ ਤੇ ਲੁੱਟਾਂ ਵੀ। ਉਸ ਦੀਆਂ ਜੜ੍ਹਾਂ ਬਠਿੰਡੇ ਦੀ ਰੇਤ ਵਿਚ ਸਨ। ਗਾਰਗੀ ਜੋ ਵੀ ਲਿਖਦਾ, ਉਸ ਦੇ ਫਿਕਰਿਆਂ ਵਿਚਲੇ ਸ਼ਬਦ ਬਠਿੰਡੇ ਦੀ ਕੱਚੀ ਰੇਤ ਵਿਚੋਂ ਉਡ ਕੇ ਆਏ ਜਾਪਦੇ। ਮਲ੍ਹਿਆਂ ਦੇ ਬੇਰਾਂ ਵਰਗੀ ਮਿਠਾਸ, ਜੰਗਲੀ ਕਰੇਲਿਆਂ ਵਰਗੀ ਕੁੜੱਤਣ।"

ਕਾਸ਼ਨੀ ਵਿਹੜੇ ਤੋਂ ਪਿੱਛੋਂ ਉਸ ਨੇ ਤਿੰਨ ਥਾਈਂ, ਚੰਡੀਗੜ੍ਹ ਦੀ ਮੋਟਰ ਮਾਰਕਿਟ ਦੇ ਪਿੱਛੇ, ਦੱਖਣੀ ਦਿੱਲੀ ਦੇ ਪੰਚ ਸ਼ੀਲ ਇਲਾਕੇ ਵਿਚ ਜਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੈਂਪਸ ਉਤੇ ਗਾਰਗੀ ਨਿਵਾਸ ਬਣਾਉਣ ਦੇ ਯਤਨ ਕੀਤੇ, ਪਰ ਉਹ ਬਣ ਨਹੀਂ ਸਕੇ। ਉਮਰ ਦੇ ਆਖ਼ਰੀ ਦਿਨ ਉਸ ਨੇ ਮੁੰਬਈ ਵਿਚ ਕੱਟੇ।

ਕਾਸ਼ਨੀ ਵਿਹੜਾ ਵਿਕ ਜਾਣ ਪਿੱਛੋਂ ਉਹ ਕੁਝ ਸਮਾਂ ਗਰੇਟਰ ਕੈਲਾਸ਼ ਦਿੱਲੀ ਕਿਰਾਏ ਦੀ ਕੋਠੀ ਵਿਚ ਰਿਹਾ। ਫਿਰ ਚੰਡੀਗੜ੍ਹ ਆਪਣੇ ਭਤੀਜੇ ਕੋਲ ਆ ਗਿਆ। ਗੁਲਜ਼ਾਰ ਸੰਧੂ ਉਦੋਂ ਚੰਡੀਗੜ੍ਹ ਹੀ ਸੀ। ਇਕ ਦਿਨ ਗਾਰਗੀ ਦਾ ਅਚਾਨਕ ਫੋਨ ਆਇਆ। ਫੋਨ 19 ਸੈਕਟਰ, ਚੰਡੀਗੜ੍ਹ, ਉਸ ਦੇ ਭਰਾ ਦੇ ਘਰੋਂ ਸੀ। ਸੰਧੂ ਸਿੱਧਾ 19 ਸੈਕਟਰ ਵਾਲੇ ਘਰ ਪੁੱਜਾ। ਸਾਧਾਰਨ ਦਿੱਖ ਤੇ ਹਸਮੁੱਖ ਚਿਹਰੇ ਵਾਲੀ ਕੁੜੀ ਨੇ ਦਰਵਾਜ਼ਾ ਖੋਲ੍ਹਿਆ ਤੇ 'ਤਾਇਆ ਜੀ' ਕਹਿ ਕੇ ਗਾਰਗੀ ਨੂੰ ਹਾਕ ਮਾਰੀ। ਸੰਧੂ ਹੈਰਾਨ ਹੋਇਆ ਕਿ ਗਾਰਗੀ ਕਿਸੇ ਦਾ ਤਾਇਆ ਵੀ ਹੋ ਸਕਦਾ ਸੀ। ਬਲਵੰਤ ਗਾਰਗੀ ਨੇ 50 ਸਾਲ ਛੜਾ ਰਹਿਣ ਪਿੱਛੋਂ ਵਿਆਹੁਤਾ ਜੀਵਨ ਦੇ ਥੋੜ੍ਹੇ ਸਾਲ ਹੀ ਬਿਤਾਏ ਸਨ। ਹੁਣ ਉਹ ਭਤੀਜੇ ਭਤੀਜੀਆਂ ਵਾਲਾ ਸੀ, ਇਹ ਕਦੇ ਸੋਚਿਆ ਹੀ ਨਹੀਂ ਸੀ। ਗਾਰਗੀ ਦੇ ਦੋਸਤਾਂ ਨੇ ਉਸ ਨੂੰ ਗਰਗ ਪਰਿਵਾਰ ਤੋਂ ਲਾਂਭੇ ਸਮਝ ਰੱਖਿਆ ਸੀ। ਤਾਇਆ ਜੀ ਕਹਿਣ ਵਾਲੀ ਬੀਬੀ ਦਾ ਨਾਂ ਦੀਪੀ ਸੀ ਤੇ ਉਹ ਗਾਰਗੀ ਦੇ ਛੋਟੇ ਭਰਾ ਦੀ ਨੂੰਹ ਸੀ।


ਸੰਧੂ ਲਿਖਦੈ, "ਮੈਂ ਵੇਖਿਆ ਕਿ ਸਿਆਣਾ ਤੇ ਥੋੜ੍ਹਾ ਕੁੱਬਾ ਹੋਇਆ ਮਨੁੱਖ ਸਹਿਜੇ-ਸਹਿਜੇ ਮੇਰੇ ਵੱਲ ਵਧ ਰਿਹਾ ਹੈ। ਛੇਤੀ ਹੀ ਉਸ ਦੀ ਰਫ਼ਤਾਰ ਤੇ ਗੁਫ਼ਤਾਰ ਬਲਵੰਤ ਗਾਰਗੀ ਵਾਲੀ ਹੋ ਗਈ, ਚਿਹਰੇ ਉਤੇ ਮੁਸਕਰਾਹਟ। ਜੱਫੀ ਪਾਉਣ ਲਈ ਖੋਲ੍ਹੀਆਂ ਬਾਹਾਂ। ਪੂਰਾ ਤਪਾਕ। ਅੱਖਾਂ ਵਿਚ ਪਹਿਲਾਂ ਵਾਲੀ ਹੀ ਚਮਕ। ਅਸੀਂ ਜੱਫੀ ਪਾ ਕੇ ਮਿਲੇ। ਮੈਨੂੰ ਬੈਠਣ ਦਾ ਇਸ਼ਾਰਾ ਕਰ ਕੇ ਉਹ ਆਪ ਵੀ ਬੈਠ ਗਿਆ। ਉਸ ਦੇ ਖੱਬੇ ਹੱਥ ਨਵਯੁਗ ਵੱਲੋਂ ਪ੍ਰਕਾਸ਼ਤ 'ਬਲਵੰਤ ਗਾਰਗੀ ਦੇ ਨਾਟਕ' ਦੀਆਂ ਦੋ ਕਾਪੀਆਂ ਪਈਆਂ ਸਨ। ਉਸ ਨੇ ਇਕ ਕਾਪੀ ਮੈਨੂੰ ਦਿੱਤੀ ਤੇ ਮੇਰੇ ਕਹਿਣ ਉਤੇ ਭੇਟਾ ਵਜੋਂ ਕੁਝ ਸ਼ਬਦ ਲਿਖੇ। ਇੰਗਤ ਦੁੱਗਤੇ। ਗੱਗਾ, ਲੱਲਾ ਤੇ ਇਨ੍ਹਾਂ ਤੋਂ ਥੋੜ੍ਹੀ ਦੂਰ 'ਤੇ ਅੱਧਾ ਕੁ ਜੱਜਾ ਤੇ ਰਾਰਾ। ਇਨ੍ਹਾਂ ਦੇ ਥੱਲੇ ਸਾਫ਼ ਤੇ ਸੁਥਰੇ ਚਾਰ ਅੱਖਰ ਸਬਾਹ, ਦਸਤਖ਼ਤ ਤੇ ਤਾਰੀਖ਼...। ਮੈਂ ਉਸ ਦੇ ਮੂੰਹ ਵੱਲ ਵੇਖਿਆ। ਉਹ ਕਹਿਣ ਲੱਗਾ, 'ਠੀਕ ਹੈ ਨਾ ਗੁਲਜ਼ਾਰ ਨੂੰ ਜੋ ਸਦਾਬਹਾਰ ਹੈ'। ਉਸ ਦੇ ਦੱਸਣ ਉਤੇ ਹੀ ਮੈਨੂੰ ਸਮਝ ਆਈ ਕਿ ਉਸ ਨੇ ਮੇਰੇ ਲਈ ਕੀ ਸ਼ਬਦ ਲਿਖਿਆ ਸੀ।"

ਲਿਖਣ ਵਿਚ ਹਮੇਸ਼ਾ ਸਰਗਰਮ ਰਹਿਣ ਵਾਲੇ ਗਾਰਗੀ ਤੋਂ ਹੁਣ ਚਾਰ ਲਫ਼ਜ਼ ਲਿਖਣੇ ਵੀ ਕਾਬੂ ਵਿਚ ਨਹੀਂ ਸਨ ਆ ਰਹੇ!

ਨਿਥਾਵੇਂ ਗਾਰਗੀ ਨੂੰ ਫਿਰ ਪੰਜਾਬੀ ਯੂਨੀਵਰਸਿਟੀ ਨੇ ਪ੍ਰੋਫ਼ੈਸਰ ਆਫ਼ ਐਮੀਨੈਂਸ ਲਾ ਕੇ ਮੋਟੀ ਤਨਖਾਹ ਬੰਨ੍ਹ ਦਿੱਤੀ ਅਤੇ ਯੂਨੀਵਰਸਿਟੀ ਕੈਂਪਸ ਵਿਚ ਨਿਵਾਸ ਦੀਆਂ ਕੁੰਜੀਆਂ ਵੀ ਸੌਂਪ ਦਿੱਤੀਆਂ।

ਗਾਰਗੀ ਨੂੰ ਕਿਸੇ ਨੌਕਰੀ ਦੀ ਕੋਈ ਪੈਨਸ਼ਨ ਨਹੀਂ ਸੀ ਮਿਲਦੀ। ਜਦੋਂ ਉਸ ਨੂੰ ਲਾਚਾਰੀ ਦੀ ਹਾਲਤ ਵਿਚ ਆਪਣੇ ਬੇਟੇ ਮਨੂੰ ਕੋਲ ਮੁੰਬਈ ਜਾ ਕੇ ਰਹਿਣਾ ਪਿਆ ਤਾਂ ਦਿੱਲੀ ਦੀ ਪੰਜਾਬੀ ਸਾਹਿਤ ਸਭਾ ਨੇ ਉਸ ਨੂੰ ਫੈਲੋਸ਼ਿਪ ਦਿੱਤੀ ਸੀ। ਇਸ ਵਿਚ ਹਰ ਮਹੀਨੇ ਮਿਲਣ ਵਾਲੇ ਥੋੜ੍ਹੇ ਪੈਸੇ ਵੀ ਸਨ। ਪਹਿਲੇ ਤਿੰਨ ਮਹੀਨਿਆਂ ਦਾ ਚੈਕ, ਉਸ ਦੇ ਬੇਟੇ ਮਨੂੰ ਦੇ ਦੋਸਤਾਂ, ਹਾਜ਼ਰ ਸੱਜਣਾਂ ਤੇ ਫੈਲੋਸ਼ਿਪ ਦੇਣ ਗਿਆਂ ਦੀ ਆਮਦ ਦੀ ਖੁਸ਼ੀ ਵਿਚ ਪਾਰਟੀ ਕਰ ਕੇ ਉਡਾ ਛੱਡਿਆ। ਉਥੇ ਫਿਲਮਾਂ ਵਾਲਾ ਗੁਲਜ਼ਾਰ, ਸੁਖਬੀਰ, ਐਸ. ਸਵਰਨ, ਬੂਟਾ ਸਿੰਘ ਸ਼ਾਦ, ਰਸ਼ਪਿੰਦਰ ਰਸ਼ਿਮ, ਬਲਜੀਤ ਪਰਮਾਰ, ਅਮਰੀਕ ਗਿੱਲ, ਗਾਰਗੀ ਦੀ ਸਹੇਲੀ ਰੂਬੀ ਮਾਨ, ਮਨੂੰ ਦੀ ਸਹੇਲੀ ਅਤੇ ਦਿੱਲੀ ਤੋਂ ਗਏ ਭਾਪਾ ਪ੍ਰੀਤਮ ਸਿੰਘ ਤੇ ਗੁਲਜ਼ਾਰ ਸਿੰਘ ਸੰਧੂ ਮੌਜੂਦ ਸਨ।

ਗੁਲਜ਼ਾਰ ਸੰਧੂ ਦਾ ਕੱਢਿਆ ਤੱਤ: ਬਲਵੰਤ ਗਾਰਗੀ ਊਟ ਪਟਾਂਗ ਮੁਜੱਸਮਾ ਸੀ। ਜਿਵੇਂ ਊਟ ਪਟਾਂਗ ਦਾ ਕੋਈ ਅਰਥ ਨਹੀਂ, ਗਾਰਗੀ ਵੀ ਅਰਥਹੀਣ ਸੀ। ਉਸ ਦੇ ਨਾਟਕਾਂ ਵਿਚ ਚੰਗਿਆੜੇ ਸਨ, ਚਸ਼ਮੇ ਸਨ, ਹਨ੍ਹੇਰੀਆਂ ਤੇ ਝੱਖੜ ਸਨ, ਪਤਝੜਾਂ ਤੇ ਬਹਾਰਾਂ, ਪਰ ਇਨ੍ਹਾਂ ਦਾ ਕੋਈ ਅਰਥ




ਨਹੀਂ। ਗਾਰਗੀ ਨੇ ਇਨ੍ਹਾਂ ਨੂੰ ਅਰਥ ਨਹੀਂ ਦਿੱਤੇ... ਮੈਂ ਉਸ ਦੀ ਊਟ ਪਟਾਂਗ ਜ਼ਿੰਦਗੀ ਦਾ ਆਸ਼ਕ ਰਿਹਾ ਹਾਂ ਤੇ ਲਿਖਣ ਸ਼ੈਲੀ ਦਾ ਸ਼ੈਦਾਈ। ਉਸ ਦੇ ਰੇਖਾ ਚਿੱਤਰਾਂ ਵਿਚ ਰਾਜਿੰਦਰ ਸਿੰਘ ਬੇਦੀ ਹਸਮੁੱਖ ਹੈ, ਕਰਤਾਰ ਸਿੰਘ ਦੁੱਗਲ ਗੰਭੀਰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਸਨੇਹੀ, ਈਸ਼ਵਰ ਚੰਦਰ ਨੰਦਾ ਇਰਾਦੇ ਦਾ ਧਨੀ, ਪ੍ਰਿੰਸੀਪਲ ਤੇਜਾ ਸਿੰਘ ਰਸੀਆ, ਭਾਈ ਜੋਧ ਸਿੰਘ ਸੰਜਮੀ, ਨਾਨਕ ਸਿੰਘ ਵੱਡਾ ਦਰਿਆ, ਤਾਰਾ ਸਿੰਘ ਕੁਤਬ ਦੀ ਲਾਠ, ਮੋਹਣ ਸਿੰਘ ਸੁਨਹਿਰੀ ਮੀਨਾਰ, ਸਆਦਤ ਹਸਨ ਮੰਟੋ ਜਿਸਮ ਦੀ ਮੰਡੀ ਵਿਚ ਰੂਹ ਦਾ ਵਪਾਰੀ, ਖੁਸ਼ਵੰਤ ਸਿੰਘ ਜੰਗੀ ਕਿਲ੍ਹੇ ਦਾ ਬੂਹਾ ਤੇ ਮਹਿੰਦਰ ਸਿੰਘ ਰੰਧਾਵਾ ਪੁਰਾਣੀ ਪੀੜ੍ਹੀ ਦਾ ਸੁੱਚਾ ਮੋਤੀ। ਉਸ ਦੀ ਰੇਸ਼ਮਾ ਮਸਤ ਕਲੰਦਰ ਹੈ, ਦਵਿੰਦਰ ਸਤਿਆਰਥੀ ਭ੍ਰਿਗੂ ਰਿਸ਼ੀ ਤੇ ਭਾਪਾ ਪ੍ਰੀਤਮ ਸਿੰਘ ਨਿਥਾਵਿਆਂ ਦੀ ਥਾਂ। ਉਸ ਦੇ ਮਿੱਤਰਾਂ ਦਾ ਘੇਰਾ ਬਹੁਤ ਵੱਡਾ ਸੀ। ਧਰਤੀ ਦੇ ਵਿਹੜੇ ਜਿੱਡਾ, ਉਹ ਦੋਸਤ ਨੂੰ ਜੱਫੀ ਪਾ ਕੇ ਮਿਲਦਾ ਤੇ ਉਸ ਦੀ ਬੀਵੀ ਨੂੰ ਉਸ ਦੇ ਹੱਥ ਆਪਣੇ ਦੋਹਾਂ ਹੱਥਾਂ ਵਿਚ ਘੁੱਟ ਕੇ।

ਗਾਰਗੀ ਨੂੰ ਤੰਦੂਰੀ ਰੋਟੀ ਤੇ ਤੜਕੀ ਹੋਈ ਦਾਲ ਸਭ ਤੋਂ ਵੱਧ ਸੁਆਦ ਸੀ। ਉਹ ਦਾਲ ਖਾਣਾ ਬਾਣੀਆ ਸੀ। ਗਾਰਗੀ ਦੇ ਵਿਹੜੇ ਵਿਚ ਗਾਰਗੀ ਦੇ ਦੋਸਤ ਮੁਰਗੇ, ਮੱਛੀ ਤੇ ਸ਼ਰਾਬਾਂ ਉਡਾਉਂਦੇ। ਬਾਹਰਲਾ ਸੌਦਾ ਤਾਰਾ ਸਿੰਘ, ਕ੍ਰਿਸ਼ਨਜੀਤ ਤੇ ਗੁਲਜ਼ਾਰ ਸੰਧੂ ਹੋਰੀਂ ਲੈ ਆਉਂਦੇ ਅਤੇ ਗਾਰਗੀ ਕਿਸ਼ੋਰੀ ਦੇ ਸਿਰ ਉਤੇ ਖਲੋ ਕੇ ਦਾਲ ਨੂੰ ਮਿਰਚ ਮਸਾਲੇ ਦਾ ਤੜਕਾ ਲੁਆਉਂਦਾ ਤੇ ਖਾਣੇ ਪਿੱਛੋਂ ਮਿੱਠੀ ਚੀਜ਼ ਵਜੋਂ ਕੜਾਹ ਭੁੰਨਣ ਦੀਆਂ ਹਦਾਇਤਾਂ ਦਿੰਦਾ।




(ਚਲਦਾ)

# ਰਾਜੇ ਸ਼ੀਂਹ ਮੁਕੱਦਮ ਕੁੱਤੇ...

ਕਹਾਣੀ

1977 ਦੀ ਗੱਲ ਹੈ। ਨਕਸਲੀ ਲਹਿਰ ਜ਼ੋਰਾਂ 'ਤੇ ਸੀ। ਨਕਸਲੀਆਂ ਦੀਆਂ ਗ੍ਰਿਫਤਾਰੀਆਂ ਅਤੇ ਝੂਠੇ-ਸੱਚੇ ਮੁਕਾਬਲੇ ਧੜਾ-ਧੜ ਹੋ ਰਹੇ ਸਨ। ਪੁੱਛ-ਗਿੱਛ ਦੇ ਨਾਂ 'ਤੇ ਤਸ਼ੱਦਦ ਕੀਤਾ ਜਾਂਦਾ। ਉਨ੍ਹੀਂ ਦਿਨੀਂ ਇਕ 'ਰਗੜਾ' ਤਾਂ ਕਰੀਬ ਹਰ ਕਾਲਜੀਏਟ ਨੂੰ ਲੱਗ ਚੁੱਕਾ ਸੀ। 'ਘੋਟਣੇ' ਦੀ ਤਕਨੀਕ ਪੁਲਿਸ ਨੇ ਉਦੋਂ ਹੀ ਸ਼ੁਰੂ ਕੀਤੀ ਸੀ।

ਅਜੇ ਸਵੇਰ ਦੇ ਚਾਰ ਹੀ ਵਜੇ ਸਨ। ਤੇਜਾ ਮੰਜੇ 'ਤੇ ਪਿਆ ਪਲਸੇਟੇ ਮਾਰ ਰਿਹਾ ਸੀ। ਖੈਰ! ਫਿਰ ਪਤਾ ਨਹੀਂ ਉਹ ਕਦੋਂ ਸੌਂ ਗਿਆ। ਸੱਤ ਕੁ ਵਜੇ ਤੇਜੇ ਦੀ ਅੱਖ ਉਨ੍ਹਾਂ ਦੇ ਘਰ ਅੱਗੇ ਰੁਕੀ ਪੁਲਿਸ ਦੀ ਜੀਪ ਦੇ ਖੜਕੇ ਨਾਲ ਖੁੱਲ੍ਹੀ। ਅਚਾਨਕ

ਜੱਗੀ ਕੁੱਸਾ

ਤੇਜੇ ਕਾ ਦਰਵਾਜਾ ਖੜਕਿਆ।

"ਵੇ ਕੌਣ ਐਂ?" ਮਧਾਣੀ ਰੋਕ ਕੇ ਤੇਜੇ ਦੀ ਮਾਂ ਨੇ ਪੁੱਛਿਆ।

"ਬਾਰ ਤਾਂ ਖੋਲ੍ਹੋ-ਹੁਣੇ ਪਤਾ ਲੱਗ ਜਾਊ!" ਕਿਸੇ ਸਿਪਾਹੀ ਦੀ ਸਰਕਾਰੀ ਰੋਅਬ ਵਾਲੀ ਘਰੋੜਵੀਂ ਆਵਾਜ਼ ਸੀ।

ਮਾਂ ਨੇ ਦਰਵਾਜਾ ਖੋਲ੍ਹਿਆ। ਚਾਰ ਸਿਪਾਹੀ ਅਤੇ ਹੌਲਦਾਰ ਡਾਂਗਾਂ ਖੜਕਾਉਂਦੇ ਅੰਦਰ ਆ ਗਏ। ਤੇਜੇ ਨੂੰ ਇੰਨਾ ਕਹਿ ਕੇ ਗ੍ਰਿਫਤਾਰ ਕਰ ਲਿਆ ਕਿ ਕੱਲ੍ਹ ਨੂੰ ਸਾਹਿਬ ਨੇ ਆਉਣੈਂ ਤੇ ਤੇਰੇ ਨਾਲ ਕੋਈ ਜ਼ਰੂਰੀ ਗੱਲਬਾਤ ਕਰਨੀ ਐਂ! ਸ਼ਾਇਦ ਉਨ੍ਹਾਂ ਦਾ ਇਸ਼ਾਰਾ ਡੀ.ਐਸ.ਪੀ. ਵੱਲ ਸੀ। ਤੇਜਾ ਮੋਗੇ ਦੇ ਡੀ.ਐਮ. ਕਾਲਜ ਦਾ ਵਿਦਿਆਰਥੀ ਸੀ ਅਤੇ ਉਸ ਦੇ ਸਬੰਧ ਨਕਸਲੀਆਂ ਨਾਲ ਦੱਸੇ ਜਾਂਦੇ ਸਨ।

"ਵੇ ਭਾਈ! ਮੇਰੇ ਪੁੱਤ ਨੇ ਕੀਤਾ ਕੀ ਐ?" ਮਾਂ ਬੱਗੀ ਪੂਣੀ ਹੋਈ ਕੰਬੀ ਜਾ ਰਹੀ ਸੀ।

"ਬਥੇਰਾ ਕੁਛ ਕੀਤੈ ਮਾਈ!" ਹੌਲਦਾਰ ਬੋਲਿਆ।

"ਇਹ ਚਰਮਖ ਜੀ ਜਿੰਨਾ ਉਪਰ ਐ-ਉਨਾ ਈ ਧਰਤੀ ਹੇਠ ਐ।" ਇਕ ਸਿਪਾਹੀ ਨੇ ਮੱਥਾ ਕਸਦਿਆਂ ਮੁੱਛ ਨੂੰ ਵੱਟ ਚਾੜ੍ਹਦਿਆਂ ਕਿਹਾ।

"ਇਹਨੂੰ ਪੁਲਿਸ ਵਿਰੁਧ ਲਿਖਣ ਦਾ ਹਲਕ ਉਠਦੈ!" ਤੀਜਾ ਅਸਲੀਅਤ ਦੱਸਣੋਂ ਨਾ ਰਹਿ ਸਕਿਆ। ਤੇਜਾ ਕਦੇ-ਕਦੇ ਪੁਲਿਸ ਦੀਆਂ ਕਰਤੂਤਾਂ ਅਖ਼ਬਾਰਾਂ ਵਿਚ ਝਰੀਟ ਦਿੰਦਾ ਸੀ।

"ਇਹ ਲਿਖਾਰੀ ਜੇ ਤਾਂ ਪੁਲਿਸ ਨੂੰ ਲੇਡੀ ਸੈਕਲ ਈ ਸਮਝਦੇ ਐ-ਬਈ ਜਿੱਧਰ ਨੂੰ ਦਿਲ ਕੀਤਾ-ਲੱਤ ਦੇ ਲਈ।" ਆਖ ਸਿਪਾਹੀ ਨੇ ਤੇਜੇ ਨੂੰ ਹੱਥਕੜੀ ਲਾ ਜੀਪ ਵਿਚ ਬਿਠਾ ਲਿਆ ਤੇ ਜੀਪ ਤੁਰ ਪਈ। ਹੱਡਾਂ-ਰੋੜੀ ਵਾਲਾ ਮੋੜ ਮੁੜ ਕੇ ਜੀਪ ਸੜਕੇ ਪੈ ਗਈ। ਸੜਕ 'ਤੇ ਤੁਰੇ ਆ ਰਹੇ ਇਕ ਅਮਲੀ ਨੇ ਪੁਲਿਸ ਦੀ ਜੀਪ ਤੱਕ ਕੇ ਟਲਣ ਦੀ ਕੋਸ਼ਿਸ਼ ਕੀਤੀ ਅਤੇ ਉਹ ਸੜਕੋਂ ਉਤਰ ਕੇ ਖੇਤਾਂ ਵਿਚ ਨੂੰ ਸਿੱਧਾ ਹੋ ਗਿਆ।

"ਉਰ੍ਹੇ ਆ ਉਏ ਧੀ ਦੇਣਿਆ!" ਜੀਪ ਰੁਕਵਾ ਕੇ ਹੌਲਦਾਰ ਨੇ ਕੋਰੜਾ ਛੰਦ ਪੜ੍ਹਿਆ। ਅਮਲੀ ਕੁੰਗੜ ਕੇ ਪਾਈਏ ਕੁ ਦਾ ਰਹਿ ਗਿਆ। ਬੁੱਲ੍ਹ ਸੁੱਕ ਗਏ ਅਤੇ ਧੌਣ ਕੱਛੂਕੁੰਮੇ ਵਾਂਗ ਕੋਟੀ ਵਿਚ ਵੜ ਗਈ।

"ਸਾਨੂੰ ਦੇਖ ਕੇ ਕਿੱਧਰ ਨੂੰ ਰੇਬੀਏ ਪੈ ਚੱਲਿਆ ਸੀ ਉਏ ਮਾਂ ਦਿਆ ਖਸਮਾ?" ਜੀਪ 'ਚੋਂ ਉਤਰ ਕੇ ਸਿਪਾਹੀ ਨੇ ਅਮਲੀ ਦੇ ਥੱਪੜ ਜਾ ਮਾਰਿਆ।

"ਜੀ ਜੰਗਲ ਪਾਣੀ ਚੱਲਿਆ ਸਾਂ।" ਅਮਲੀ ਦਾ ਚਿਹਰਾ ਪੀਲਾ ਪੈ ਗਿਆ।

"ਤੇ ਆਇਆ ਕਿੱਥੋਂ ਐਂ?"

"ਮਾਈ ਬਾਪ! ਛੋਟੀ ਭਰਜਾਈ ਨੂੰ ਪੰਜੀਰੀ ਦੇ ਕੇ ਆਇਆਂ।"

"ਬੱਲੇ ਓਏ!" ਇਕ ਸਿਪਾਹੀ ਦੇ 'ਭਰਜਾਈ' ਦੇ ਨਾਂ ਨੂੰ ਕੁਤਕੁਤੀਆਂ ਨਿਕਲੀਆਂ।

"ਚੁੱਲ੍ਹੇ 'ਚ ਝੋਕਾ ਲਾਉਣ ਦਾ ਸ਼ੌਕੀਨ ਵੀ ਲੱਗਦੈ!" ਇਕ ਸਿਪਾਹੀ ਹੌਲਦਾਰ ਦੀਆਂ ਅੱਖਾਂ ਵਿਚ ਹੱਸਿਆ।

"ਹੈ ਭਰਜਾਈ ਨਾਲ ਕੋਈ ਅਟੀ ਸਟੀ?"

"ਮਾਈ ਬਾਪ ਆਹ ਗੱਲ ਨਾ ਆਖੋ! ਇੱਕੋ ਇੱਕ ਮੇਰਾ ਭਾਈ ਸੀ...ਬਿਚਾਰਾ ਗੁਜਰ ਗਿਆ। ਆਹ ਮਸਾਂ ਪਰਮਾਤਮਾ ਨੇ ਉਹਦੇ ਮਰਨ ਮਗਰੋਂ ਖੁਸ਼ੀ ਦਿੱਤੀ ਐ, ਮਹੀਨੇ ਬਾਅਦ। ਨਾਲੇ ਮਾਪਿਓ ਉਹ ਤਾਂ ਬਿਚਾਰੀ ਮੇਰੀ ਧੀਆਂ ਅਰਗੀ ਐ।" ਅਮਲੀ ਭੁਸਕ ਪਿਆ।

"ਸਾਲਾ ਖੇਖਣ ਕਿਵੇਂ ਕਰਦੈ? ਪੰਜੀਰੀਆਂ ਦੇ-ਦੇ ਆਉਂਦੈ, ਦੁੱਧ ਧੋਤਾ ਇਹ ਵੀ ਨ੍ਹੀਂ!"

"ਇਹਨੂੰ ਜੀਪ 'ਚ ਲੱਦੋ! ਠਾਣੇ 'ਚ ਈ ਕਰਾਂਗੇ ਇਹਦੇ ਭਤੀਜੇ ਦੀ ਪਾਰਟੀ!" ਅਮਲੀ ਨੂੰ ਕਸਾਈਆਂ ਨੂੰ ਵੇਚੀ ਮੱਝ ਵਾਂਗ ਫੜ ਕੇ ਜੀਪ ਵਿਚ ਚਾੜ੍ਹ ਲਿਆ।

ਜੀਪ ਅਜੇ ਥੋੜ੍ਹੇ ਟੱਪੀ ਹੀ ਸੀ ਕਿ ਸਾਹਮਣਿਓਂ ਸ਼ਹਿਰ ਵੱਲੋਂ ਸਵਾਰੀਆਂ ਨਾਲ ਭਰਿਆ ਟੈਂਪੂ ਆ ਰਿਹਾ ਸੀ। ਹੌਲਦਾਰ ਨੇ ਹੱਥ ਦੇ ਕੇ ਰੋਕ ਲਿਆ।

"ਇਹ ਕਿਵੇਂ ਗੰਨਿਆਂ ਮਾਂਗੂੰ ਲੱਦਿਆ ਉਏ?" ਉਸ ਨੇ ਸਵਾਰੀਆਂ ਵੱਲ ਉਂਗਲ ਕਰ ਕੇ ਕਿਹਾ।

"ਥੋਨੂੰ ਕਿਸੇ ਮਾਂ ਚੋ... ਦਾ ਡਰ ਈ ਨ੍ਹੀਂ?"

"ਕਾਨੂੰਨ ਨੂੰ ਤਾਂ ਧੱਕੀ ਜਾਂਦੇ ਐ...ਜਿੱਥੋਂ ਨਿਕਲਿਐ!" ਦੂਜੇ ਸਿਪਾਹੀ ਨੇ ਹਿਲਦਾ ਕਿੱਲਾ ਠੋਕਿਆ।

"ਐਹੋ ਜੇ ਕੰਜਰ ਨੂੰ ਤਾਂ ਫੜ ਕੇ ਸਿੱਟਿਆ ਹੋਵੇ ਹਵਾਲਾਤ 'ਚ ਤੇ ਹਫਤਾ ਬਾਹਰਲੀ ਹਵਾ ਈ ਨਾ ਲਵਾਵੇ! ਫੇਰ ਐਹੋ ਜਿਆਂ ਦੀ ਸੁਰਤ ਟਿਕਾਣੇ ਆਉਂਦੀ ਐ!" ਤੀਜੇ ਨੇ ਰਹਿੰਦੀ ਕਸਰ ਵੀ ਕੱਢ ਦਿੱਤੀ। ਪਰ ਟੈਂਪੂ ਵਾਲਾ ਵੀ ਸੱਤਾਂ ਪੱਤਣਾਂ ਦਾ ਤਾਰੂ ਸੀ। ਉਹਦਾ ਹਰ ਰੋਜ਼ ਪੁਲਿਸ ਨਾਲ ਵਾਹ ਪੈਂਦਾ ਸੀ। ਉਸ ਨੇ ਸਿਪਾਹੀ ਨੂੰ ਚੋਰ ਅੱਖ ਮਾਰੀ।

"ਤੁਸੀਂ ਇਕ ਆਰੀ ਮੇਰੇ ਕਾਗਤ ਪੱਤਰ ਤਾਂ ਚੈਕ ਕਰ ਲਵੋ, ਜੇ ਗਲਤ ਹੋਏ-ਚਾਹੇ ਫਾਹੇ ਲਾ ਦਿਓ!" ਤੇ ਉਹ ਖੰਘਦਾ ਜਿਹਾ ਸਿਪਾਹੀ ਨੂੰ ਇਕ ਪਾਸੇ ਲੈ ਗਿਆ। ਕੁਛ ਪਲਾਂ ਵਿਚ ਹੀ ਉਹ ਕੋਈ 'ਘੁਸਰ-ਮੁਸਰ' ਜਿਹੀ ਕਰਕੇ ਵਾਪਸ ਆ ਗਏ। 'ਕਾਰਵਾਈ' ਹੋ ਚੁੱਕੀ ਸੀ।

"ਚਲੋ ਜੀ! ਇਹਨੇ ਅੱਜ ਮੁਆਫੀ ਮੰਗ ਲਈ ਤੇ ਕਹਿੰਦਾ ਅੱਗੇ ਤੋਂ ਐਹੋ ਜੀ ਗਲਤੀ ਨ੍ਹੀਂ ਕਰਦਾ ਤੇ ਬਾਕੀ ਇਹਦਾ ਕਾਗਜ਼ ਪੱਤਰ ਸਭ ਠੀਕ ਐ।" ਸਿਪਾਹੀ ਨੇ ਹੌਲਦਾਰ ਵੱਲ ਵਿਸ਼ੇਸ਼ ਨਜ਼ਰ ਨਾਲ ਤੱਕ ਕੇ "ਸਭ ਠੀਕ ਐ" 'ਤੇ ਕਾਫੀ ਜ਼ੋਰ ਲਾ ਦਿੱਤਾ ਸੀ।

"ਚੱਲ ਭੱਜ ਏਥੋਂ...ਮੁੜ ਕੇ ਗਲਤੀ ਨਾ ਕਰੀਂ। ਨਹੀਂ ਸਾਲਿਆ ਮਾਰ ਮਾਰ ਰੇਂਗੜੇ ਪੱਸਲੀਆਂ 'ਚ ਚਿੱਬ ਪਾ ਦਿਆਂਗੇ!" ਹੌਲਦਾਰ ਜੀਪ 'ਚ ਬੈਠ ਗਿਆ। ਟੈਂਪੂ ਤੁਰ ਗਿਆ। ਸ਼ਾਇਦ ਟੈਂਪੂ ਵਾਲਾ 'ਅੱਛਾ ਜੀ' ਕਹਿਣਾ ਵੀ ਹੁਣ ਤਕਲੀਫ ਮੰਨਦਾ ਸੀ।

ਫੋਕਲ ਪੁਆਇੰਟ ਕੋਲੋਂ ਦੀ ਜੀਪ ਗੁਜ਼ਰਨ ਲੱਗੀ ਤਾਂ ਉਥੇ ਲੋਕਾਂ ਦਾ ਕਾਫੀ ਇਕੱਠ ਸੀ। ਦੋ ਆਦਮੀ ਛਿੱਤਰੋ-ਛਿੱਤਰੀ ਹੋ ਰਹੇ ਸਨ। ਲੜਨ ਵਾਲਿਆਂ ਵਿਚ ਇਕ ਸੋਫੀ ਅਤੇ ਦੂਜੇ ਦੀ ਸਵੇਰੇ ਹੀ ਪੀਤੀ ਹੋਈ ਸੀ। ਪੁਲਿਸ ਦੀ ਜੀਪ ਦੇਖ ਕੇ ਸੋਫੀ ਤਾਂ ਭੱਜ ਗਿਆ, ਪਰ ਸ਼ਰਾਬੀ ਨੂੰ ਦੋ ਸਿਪਾਹੀਆਂ ਨੇ ਗਲੋਂ ਜਾ ਫੜਿਆ। ਉਸ ਦੇ ਪੰਜ-ਸੱਤ ਘਸੁੰਨ ਮਾਰ ਕੇ ਪਟੜੇ ਵਾਂਗ ਜੀਪ ਵਿਚ ਲਿਆ ਸੁੱਟਿਆ। ਪੱਗ ਉਸ ਦੀ ਸਿਪਾਹੀਆਂ ਦੇ ਪੈਰਾਂ ਵਿਚ ਜਾ ਡਿੱਗੀ।

"ਕੀ ਇਨ੍ਹਾਂ ਨੇ ਗੰਦ ਪਾਇਐ! ਜਦੋਂ ਚਾਰ ਪੈਸੇ ਜੇਬ 'ਚ ਆ ਜਾਂਦੇ ਐ, ਫੇਰ ਕੁੱਤੇ ਜੱਟ ਅਸਮਾਨ ਨੂੰ ਲੱਤਾਂ ਲਾਉਣ ਤੱਕ ਜਾਂਦੇ ਐ। ਸਾਨੂੰ ਸਾਹ ਕਿਹੜਾ ਲੈਣ ਦਿੰਦੇ ਐ? ਸੁੱਕਣੇ ਪਾ ਰੱਖਿਐ!" ਦੂਜੇ ਸਿਪਾਹੀ ਨੇ ਉਸ ਨੂੰ ਬੂਦਾਂ ਤੋਂ ਫੜ ਕੇ ਹਲੂਣਿਆ।

"ਸਹੁੰ ਮਹਾਰਾਜ ਦੀ ਜੀ...ਮੇਰਾ ਤਾਂ ਕੋਈ ਕਸੂਰ ਈ ਨ੍ਹੀਂ!" ਸ਼ਰਾਬੀ ਨੇ ਲੇਲ੍ਹੜੀ ਕੱਢੀ ਤੇ ਸਿਪਾਹੀਆਂ ਦੇ ਪੈਰਾਂ ਵਿਚ ਪੱਬਾਂ ਭਾਰ ਹੋ ਕੇ ਬੈਠ ਗਿਆ।

"ਮੇਰੇ ਸਹੁਰੇ ਸਹੁੰ ਖਾਣ ਲੱਗੇ ਤਾਂ ਮਿੰਟ ਨ੍ਹੀਂ ਲਾਉਂਦੇ? ਜਿਵੇਂ ਰੱਬ ਇਨ੍ਹਾਂ ਦਾ ਬਾਪੂ ਹੁੰਦੈ!" ਇਕ ਨੇ ਕਚੀਚੀ ਵੱਟ ਕੇ ਉਸ ਦੇ ਚਪੇੜ ਮਾਰੀ।

"ਉਏ ਰੱਬ ਈ ਸਿਆਣੈਂ, ਜਿਹੜਾ ਜੱਟਾਂ ਤੋਂ ਲੁਕ ਛਿਪ ਕੇ ਰਹਿੰਦੈ, ਨਹੀਂ ਤਾਂ ਬੂਝਤ ਜੱਟ ਪੀ ਕੇ ਲਾਹਣ ਰੱਬ ਦੇ ਈ ਧਲ੍ਹਿਆਰਾਂ ਕਿਉਂ ਨਾ ਪਾ ਲੈਣ?" ਸਾਰੇ ਸਿਪਾਹੀ ਬੁੱਚੜਾਂ ਵਾਂਗ ਹੱਸੇ।

ਨੌਂ ਕੁ ਵਜੇ ਜੀਪ ਠਾਣੇ ਆ ਰੁਕੀ। 'ਸਾਹਿਬ' ਦਾ ਮਹਿਮਾਨ ਹੋਣ ਕਰਕੇ ਤੇਜੇ ਨੂੰ ਤਾਂ ਬੈਠਣ ਵਾਸਤੇ ਮੰਜਾ ਮਿਲ ਗਿਆ। ਤੇਜਾ ਮੰਜੇ ਉਪਰ ਬੈਠ ਗਿਆ। ਪਰ ਤੇਜੇ ਦੇ ਨਾਲ ਹੀ ਜਦ ਬੋਚ ਕੇ ਸ਼ਰਾਬੀ ਬੈਠਣ ਲੱਗਿਆ ਤਾਂ ਸਿਪਾਹੀ ਦਾ 'ਠਾਹ' ਕਰਦਾ ਥੱਪੜ ਉਸ ਦੇ ਮੂੰਹ 'ਤੇ ਆ ਪਿਆ।

"ਭੈਣ ਦਿਆ ਲੱਕੜਾ! ਇੱਥੇ ਰੋਪਨਾ 'ਤੇ ਆਇਐਂ?"




"ਆਥਣ ਹੋ ਲੈਣ ਦੇ...ਵਿਛਾਉਨੇ ਐਂ ਤੇਰੇ ਥੱਲੇ ਪੱਟ ਦੀ ਕੱਢੀ ਚਾਦਰ!" ਦੂਜਾ ਸਿਪਾਹੀ ਬੋਲਿਆ। ਸ਼ਰਾਬੀ ਥੱਲੇ ਬੈਠ ਕੇ ਰੋਣ ਲੱਗ ਪਿਆ। ਸਿਪਾਹੀਆਂ ਦੇ 'ਮਸਾਲਿਆਂ' ਨੇ ਉਸ ਨੂੰ ਪਰਾਲ ਕਰ ਦਿੱਤਾ ਸੀ।

"ਕੋਈ ਨਾ ਜੁਆਨਾ, ਦਿਲ ਰੱਖੀਦੈ! ਪਸ਼ੂ ਦੀ ਮੋਕ ਦਾ ਤੇ ਗੌਰਮਿਲਟ ਦੇ ਘੂਰੇ ਦਾ ਮਸੋਸ ਨ੍ਹੀਂ ਕਰੀਦਾ ਹੁੰਦਾ।" ਅਮਲੀ ਨੇ ਸ਼ਰਾਬੀ ਨੂੰ ਧਰਵਾਸਾ ਦਿੱਤਾ।

"ਬਾਈ, ਇਨ੍ਹਾਂ ਨੂੰ ਕਹਿ ਮੇਰੇ 'ਤੇ ਰਹਿਮ ਕਰਨ। ਕਸੂਰ ਤਾਂ ਮੈਂ ਕੋਈ ਕੀਤਾ ਨ੍ਹੀਂ!" ਸ਼ਰਾਬੀ ਨੇ ਮੰਜੇ 'ਤੇ ਬੈਠੇ ਤੇਜੇ ਦੀ ਮਿੰਨਤ ਕੀਤੀ।

"ਮੈਂ ਤਾਂ ਭਰਾਵਾ ਆਪ ਤੇਰੇ ਅਰਗੈਂ!" ਤੇਜੇ ਨੇ ਸੱਚੀ ਗੱਲ ਦੱਸੀ। ਪਰ ਉਸ ਨੂੰ ਤੇਜੇ ਦੀ ਸੰਖੇਪ ਗੱਲ 'ਤੇ ਸ਼ਾਇਦ ਇਤਬਾਰ ਨਹੀਂ ਸੀ ਆਇਆ।

"ਜੁਆਨਾ, ਖੂਹ 'ਚ ਡਿੱਗੀ ਇੱਟ ਕਦੇ ਸੁੱਕੀ ਨਿਕਲੀ ਐ? ਤੱਤਾ-ਠੰਢਾ ਤਾਂ ਇਨ੍ਹਾਂ ਨੇ ਤੈਨੂੰ ਪਾਉਣਾ ਈ ਪਾਉਣੈਂ...ਬਾਹਲੀ ਬਹੁੜੀ ਦੁਹਾਈ ਨਾ ਕਰ। ਜਿਹੜੀਆਂ ਪੰਜ-ਸੱਤ ਮਾਰਨਗੇ, ਰਾਮ ਰਾਮ ਕਰਕੇ ਖਾ'ਲੀਂ! ਜੇ ਬਾਹਲਾ ਬੂ-ਕਲਾਪ ਕੀਤਾ, ਹੋਰ ਵੰਝ ਖੜ੍ਹਾ ਕਰਨਗੇ!"

ਸ਼ਰਾਬੀ ਦੇ ਹੌਲ ਪੈ ਗਿਆ।

"ਜੇ ਸੌ-ਪੰਜਾਹ ਜੇਬ 'ਚ ਹੈ ਤਾਂ ਦੇ ਕੇ ਖਹਿੜ੍ਹਾ ਛੁਡਾ-ਜੇ ਮੇਰੇ ਅਰਗਾ ਖਾਖੀ ਨੰਗ ਐਂ-ਫੇਰ ਆਥਣ ਦੀ 'ਡੀਕ ਕਰ ਸੰਦ-ਬਲੇਮਾਂ ਇਨ੍ਹਾਂ ਦਾ ਤਿਆਰ ਈ ਹੋਣੈਂ!"

ਸ਼ਾਮ ਹੋਈ। ਸ਼ਰਾਬੀ ਅਤੇ ਅਮਲੀ ਕੰਬੀ ਜਾ ਰਹੇ ਸਨ। ਨਸ਼ੇ ਦੋਹਾਂ ਦੇ ਹੀ ਟੁੱਟੇ ਹੋਏ ਸਨ। ਬਾਕੀ ਭਿਆਨਕ ਰਾਤ ਉਨ੍ਹਾਂ ਦੇ ਸਿਰ 'ਤੇ ਸੀ। ਪਰ ਅਚਾਨਕ ਨਾਲ ਦੇ ਪਿੰਡ ਕਤਲ ਹੋਣ ਦੀ ਰਿਪੋਰਟ ਮਿਲੀ। ਸਾਰੇ ਪੁਲਿਸ ਮੁਲਾਜ਼ਮਾਂ ਨੂੰ ਉਥੇ ਜਾਣਾ ਪਿਆ। ਸ਼ਰਾਬੀ ਅਤੇ ਅਮਲੀ ਨੇ ਸੁੱਖ ਦਾ ਸਾਹ ਲਿਆ ਕਿ ਚਲੋ ਅੱਜ ਦੀ ਰਾਤ ਤਾਂ ਸੌਖੀ ਲੰਘੇਗੀ?

ਰਾਤ ਪਈ। ਸ਼ਰਾਬੀ ਅਤੇ ਅਮਲੀ ਨੂੰ ਹਵਾਲਾਤ ਵਿਚ ਤਾੜ ਦਿੱਤਾ ਗਿਆ। ਸਵੇਰੇ ਮੁਣਸ਼ੀ ਦੇ ਚੀਕ-ਚਿਹਾੜੇ ਨੇ ਤੇਜੇ ਦੀ ਅੱਖ ਖੋਲ੍ਹੀ। ਮੁਣਸ਼ੀ ਤੜਕੇ-ਤੜਕੇ ਕਿਸੇ ਨੂੰ ਗਾਲ੍ਹਾਂ ਕੱਢੀ ਜਾ ਰਿਹਾ ਸੀ। ਕੋਈ ਡੋਡਿਆਂ ਵਾਲੀ ਬੋਰੀ ਦੀ ਕੰਨੀ ਵੱਢ ਕੇ, ਡੋਡੇ ਕੱਢ ਕੇ ਲੈ ਗਿਆ ਸੀ।

"ਕਿਤੇ ਤੂੰ ਤਾਂ ਨ੍ਹੀ ਲੁੱਚਪੁਣਾ ਕੀਤਾ ਉਏ?" ਮੁਣਸ਼ੀ ਨੇ ਅਮਲੀ ਵੱਲ ਮੂੰਹ ਕਰਕੇ ਪੁੱਛਿਆ। ਅਮਲੀ ਦੀਆਂ ਅੱਖਾਂ ਡੁੱਬ ਗਈਆਂ। ਮੁਣਸ਼ੀ ਦੀਆਂ ਜਾਭਾਂ ਫਰਕ ਰਹੀਆਂ ਸਨ।

"ਮਾਈ ਬਾਪ! ਅਸੀਂ ਸਰਕਾਰ ਦੇ ਘਰੇ ਆ ਕੇ ਚੋਰੀ ਕਰਨ ਦੀ ਜੁਅਰਤ ਕਰ ਸਕਦੇ ਆਂ?" ਅਮਲੀ ਨੇ ਅੱਗਿਓਂ ਸੁਆਲ ਕੀਤਾ।

"ਕਿਤੇ ਆਹ ਤਾਂ ਨ੍ਹੀ ਹੱਥ ਮਾਰ ਗਿਆ?" ਮੁਣਸ਼ੀ ਦੀ ਉਂਗਲ ਤੇਜੇ ਵੱਲ ਸੀ।

"ਉਏ ਬਲੌਜ ਸਿਆਂ! ਕੋਈ ਬੰਦਾ ਕੁਬੰਦਾ ਵੀ ਦੇਖ ਲਿਆ ਕਰ! ਕਿਉਂ ਸਾਰਿਆਂ ਨੂੰ ਇੱਕੋ ਰੱਸੇ ਨਰੜਦੈਂ? ਡੋਡੇ ਤਾਂ ਰਾਤ ਜਾਣ ਲੱਗਿਆ ਪੰਡਿਤ ਕੱਢ ਕੇ ਲੈ ਗਿਆ ਸੀ!" ਹੌਲਦਾਰ ਨੇ ਮੁਣਸ਼ੀ ਨੂੰ ਠੰਢਾ ਕੀਤਾ। ਸਾਰੇ ਪੁਲਸੀਏ ਮੁਣਸ਼ੀ ਨੂੰ 'ਗੜਗੱਜ ਸਿੰਘ' ਦੀ ਥਾਂ 'ਬਲੌਜ ਸਿੰਘ' ਹੀ ਕਹਿੰਦੇ ਸਨ।

"ਕੁੱਤੇ ਬਾਹਮਣ ਨੂੰ ਵੀਹ ਵਾਰੀ ਕਿਹੈ ਬਈ ਦੱਸ ਕੇ ਜਾਇਆ ਕਰ-ਵਾਧੂ ਕਿਸੇ ਹਵਾਲਾਤੀਏ ਦੀ ਜਾਹ ਜਾਂਦੀ ਕਰਵਾਊ!" ਅੱਕਿਆ ਮੁਣਸ਼ੀ ਆਪਣੀ ਸੰਦੂਕੜੀ ਜਿਹੀ ਕੋਲ ਜਾ ਕੇ ਢੇਰੀ ਜਿਹਾ ਹੋ ਗਿਆ।

ਧੁੱਪ ਚੜ੍ਹੀ। ਸਾਰੇ ਸਿਪਾਹੀ ਧੁੱਪ ਸੇਕ ਰਹੇ ਸਨ। ਠਾਣੇਦਾਰ ਅੱਧੇ ਦਿਨ ਦੀ ਛੁੱਟੀ 'ਤੇ ਸੀ। ਮੁਣਸ਼ੀ ਦਫਤਰ ਵਿਚ ਬੈਠਾ ਕੁਝ ਲਿਸਟਾਂ ਜਿਹੀਆਂ ਤਿਆਰ ਕਰ ਰਿਹਾ ਸੀ। ਅਚਾਨਕ ਇਕ ਮੁੱਛ-ਫੁੱਟ ਚੋਬਰ ਠਾਣੇ ਪਹੁੰਚ ਗਿਆ। ਉਸ ਨੇ ਪਹਿਰਾ ਦੇ ਰਹੇ ਸੰਤਰੀ ਨਾਲ ਕੋਈ 'ਗਿੱਟ-ਮਿੱਟ' ਕੀਤੀ। ਗੁੱਝੀ ਗੱਲ ਸਮਝਾਈ।

ਅਸਲ ਵਿਚ ਉਹ ਮੁੱਛ ਫੁੱਟ ਚੋਬਰ ਕਿਸੇ ਗਰੀਬ ਹਰੀਜਨ ਦੀ ਲੜਕੀ ਛੇੜ ਕੇ ਆਇਆ ਸੀ ਅਤੇ ਵਿਹੜੇ ਵਾਲਿਆਂ ਨੇ ਰੌਲਾ ਪਾ ਦਿੱਤਾ ਸੀ। ਅਮੀਰ ਘਰ ਦਾ ਮੁੰਡਾ ਹੋਣ ਕਰਕੇ ਉਸ ਨੂੰ ਵਿਹੜੇ ਵਾਲਿਆਂ ਦੀ ਤਾਂ ਪ੍ਰਵਾਹ ਨਹੀਂ ਸੀ। ਪਰ ਪੁਲਿਸ ਨੂੰ 'ਬੰਨ੍ਹਣਾ' ਉਹ ਆਪਣਾ ਪਹਿਲਾ ਫਰਜ਼ ਸਮਝਦਾ ਸੀ। ਸੰਤਰੀ ਨੇ ਸਾਰੀ ਗੱਲ ਮੁਣਸ਼ੀ ਨੂੰ ਦੱਸ ਕੇ ਉਨ੍ਹਾਂ ਦੀ ਸੰਧੀ ਕਰਵਾ ਦਿੱਤੀ। ਮੁਣਸ਼ੀ ਨੇ ਪੈਸੇ ਜੇਬ ਵਿਚ ਪਾਉਂਦਿਆਂ ਉਸ ਨੂੰ ਤਸੱਲੀ ਦਿੱਤੀ।

"ਤੂੰ ਬੇਫਿਕਰ ਹੋ ਕੇ ਘਰ ਨੂੰ ਜਾਹ-ਸਾਲੇ ਨੂੰ ਭੌਂਕਦਾ ਫਿਰਨ ਦੇਹ! ਤੇ ਜੇ ਚੀਂ ਚੀਂ ਕਰੇ, ਚਾਰ ਮਾਰੀਂ ਛਿੱਤਰ!"

ਚੋਬਰ ਚਲਾ ਗਿਆ। ਅੱਧੇ ਕੁ ਘੰਟੇ ਬਾਅਦ ਸ਼ਿਕਾਇਤ ਲੈ ਕੇ ਲੜਕੀ ਦਾ ਬਾਪ ਵੀ ਆ ਗਿਆ। ਪਰ ਸੰਤਰੀ ਨੇ ਉਸ ਨੂੰ ਠਾਣੇ ਅੰਦਰ ਪੈਰ ਹੀ ਨਾ ਪਾਉਣ ਦਿੱਤਾ। ਫਿਰ ਉਹ ਸਰਪੰਚ ਨੂੰ ਲੈ ਕੇ ਆਇਆ ਅਤੇ ਸਾਰੀ ਦਰਦ ਭਰੀ ਕਹਾਣੀ ਮੁਣਸ਼ੀ ਨੂੰ ਸੁਣਾਈ।

"ਪਹਿਲਾਂ ਆਬਦੀ ਕੁੜੀ ਦੇ ਲਗਾਮ ਨ੍ਹੀਂ ਪਾਈ ਜਾਂਦੀ? ਮੁਸ਼ਕੀ ਕੁੱਤੀ ਮਗਰ ਕੁੱਤੇ ਤਾਂ ਆਉਂਦੇ ਈ ਐ! ਅਸੀਂ ਕੀਹਦੀ ਕੀਹਦੀ ਰਾਖੀ ਕਰੀ ਚੱਲੀਏ? ਸਾਨੂੰ ਹੋਰ ਕੋਈ ਕੰਮ ਈ ਨੀ?" ਮੁਣਸ਼ੀ ਨੇ ਮੱਥੇ ਦੀਆਂ ਤਿਊੜੀਆਂ ਨੂੰ ਹੋਰ ਕੱਸਿਆ। ਭੁਸਲਾ ਚਿਹਰਾ ਹੋਰ ਸਖਤ ਹੋ ਗਿਆ।

"ਜੀ ਤੁਸੀਂ ਵਿਹੜੇ ਆਲਿਆਂ ਨੂੰ ਪੁੱਛ ਲਓ! ਪਹਿਲਾਂ ਉਹਨੇ ਮੇਰੀ ਲਟਕੀ ਨੂੰ ਛੇੜਿਆ-ਜਦੋਂ ਮੈਂ ਵਰਜਿਆ ਤਾਂ ਮੇਰੇ ਲਫੇੜੇ ਕੱਢ ਮਾਰੇ।" ਉਹ ਰੋ ਪਿਆ।

"ਤੇ ਤੇਰੀ ਕੁੜੀ ਕਿਧਰਲੀ ਆ ਗਈ ਸ਼ਰੀਫ? ਜਿਹੜੀ ਨਿੱਤ ਲੋਕਾਂ ਦੀਆਂ ਫਸਲਾਂ ਮਿੱਧਦੀ ਫਿਰਦੀ ਐ?" ਮੁਣਸ਼ੀ ਨੇ ਕਿਰਲੇ ਵਰਗੀਆਂ ਮੁੱਛਾਂ ਪਿੱਛੇ ਹਟਾ ਕੇ ਫੁੱਲਬਹਿਰੀ ਵਾਲੇ ਬੁੱਲ੍ਹਾਂ 'ਤੇ ਜੀਭ ਫੇਰੀ। ਬਰਾਬਰ ਬੈਠਾ ਸਰਪੰਚ ਬੱਗੀਆਂ ਮੁੱਛਾਂ ਵਿਚੋਂ ਦੀ ਹੱਸ ਰਿਹਾ ਸੀ।

"ਜੀ ਤੁਸੀਂ ਲੋਕਾਂ ਨੂੰ ਪੁੱਛ ਲਓ!" ਉਸ ਨੇ ਦੁੱਧ ਵਰਗੀ ਸੱਚਾਈ ਜ਼ਾਹਰ ਕਰਨੀ ਚਾਹੀ।

"ਲੋਕਾਂ ਦੀ ਮਾਂ ਦੀ...! ਲੋਕ ਤਾਂ ਮੁਕਲਾਵਾ ਦੇਣੇ ਕੁੱਤੇ ਐ-ਜਦੋਂ ਪਾਈਦੇ ਐ ਮੂਧੇ ਤਾਂ ਸੱਪ ਮਾਂਗੂੰ ਸਿੱਧੇ ਹੋ ਜਾਂਦੇ ਐ-ਉਏ ਮੁੰਡਿਓ! ਸਿੱਟੋ ਇਹਨੂੰ ਅੰਦਰ। ਰਾਤ ਨੂੰ ਕਰਾਂਗੇ ਇਹਦੇ ਨਾਲ ਗੱਲ! ਸਾਲਾ ਬਾਰਸੂਖ ਬੰਦਿਆਂ 'ਤੇ ਦੂਸ਼ਣ ਲਾਉਂਦੈ-ਧੀ ਦੇਣੇ ਕਿੰਨੇ ਚਾਂਭਲੇ ਐ ਉਏ-ਗੱਪ ਮਾਰਨ ਲੱਗੇ ਤਾਂ ਸ਼ਰਮ ਈ ਨ੍ਹੀਂ ਕਰਦੇ!" ਸਿਪਾਹੀਆਂ ਨੇ ਫੜ ਕੇ ਉਸ ਨੂੰ ਅੰਦਰ ਦੇ ਦਿੱਤਾ।

ਸਰਪੰਚ ਮੁਣਸ਼ੀ ਨਾਲ ਗੱਲੀਂ ਲੱਗ ਗਿਆ। ਘੰਟੇ ਕੁ ਬਾਅਦ ਸਰਪੰਚ ਦੇ ਇਸ਼ਾਰੇ 'ਤੇ ਉਸ ਨੂੰ ਬਾਹਰ ਕੱਢ ਲਿਆ ਅਤੇ ਸਰਪੰਚ ਉਸ ਨੂੰ ਇਕ ਪਾਸੇ ਲੈ ਗਿਆ। ਸਰਪੰਚ ਨੇ ਉਸ ਨੂੰ ਕੁਝ ਗੱਲਾਂ ਸਮਝਾਈਆਂ ਅਤੇ ਉਸ ਦੀ ਫਟੀ-ਪੁਰਾਣੀ, ਉਘੜ-ਦੁਘੜੀ ਪੱਗ ਦੇ ਲੜ ਨਾਲ ਬੰਨ੍ਹੇ ਕੁਝ ਨੋਟ ਲੈ ਕੇ ਮੁਣਸ਼ੀ ਨੂੰ ਦੇ ਦਿੱਤੇ।

"ਜਾਹ ਕਾਕੂ-ਘਰੇ ਜਾਹ! ਸਹੁਰਿਆ ਕੀ ਤੋਏ-ਤੋਏ ਕਰਵਾਈ ਐ? ਅਸੀਂ ਤਾਂ ਵੱਡੇ ਵੱਡੇ ਰੌਲੇ ਠੀਕ ਕਰਵਾ ਦੇਈਏ-ਤੇਰੀ ਤਾਂ ਐਵੇਂ ਰੌਲੀ ਜੀ ਸੀ। ਨਾਲੇ ਕੁੜੀ ਨੂੰ ਕਹੀਂ ਬਈ ਜੇ ਐਹੋ ਜਿਆ ਕੰਮ ਕਰਨਾ ਵੀ ਹੁੰਦੈ ਤਾਂ ਚੋਰੀ ਚਓਰੀ ਕਰਿਆ ਕਰੇ! ਉਹਨੇ ਤਾਂ ਸਹੁਰੀ ਨੇ ਉਂ-ਈਂ ਸ਼ਰਮ ਲਾਹ'ਤੀ। ਵਲਾਇਤ ਈ ਸਮਝ ਲਿਆ!" ਮੀਸਣਾ ਹਾਸਾ ਹੱਸਦਾ ਸਰਪੰਚ ਕਹਿ ਰਿਹਾ ਸੀ। ਉਸ ਦੀਆਂ ਝੂਠੀਆਂ ਅਤੇ ਅਸ਼ਲੀਲ ਗੱਲਾਂ ਤੁਰੇ ਜਾਂਦੇ ਕਾਕੂ ਮਜ਼੍ਹਬੀ ਦਾ ਕਾਲਜਾ ਪਾੜ ਰਹੀਆਂ ਸਨ। ਫਿਰ ਉਹ ਕੰਨਾਂ 'ਤੇ ਹੱਥ ਧਰ ਕੇ ਚੀਕਦਾ, ਭੱਜ ਕੇ ਠਾਣੇ ਤੋਂ ਬਾਹਰ ਨਿਕਲ ਗਿਆ।

## ਲਤੀਫੇ

ਇਕ ਸ਼ਰਾਬੀ ਆਦਮੀ ਪੀ ਕੇ ਆਪਣੇ ਘਰ ਵਾਲੀ ਨੂੰ ਐਵੇਂ ਮਾਰਦਾ-ਕੁੱਟਦਾ ਸੀ। ਤੰਗ ਆ ਕੇ ਘਰ ਵਾਲੀ ਆਪਣੇ ਪੇਕੇ ਚਲੀ ਗਈ। ਘਰ ਵਾਲੀ ਦਾ ਪਿਤਾ ਉਸ ਸ਼ਰਾਬੀ ਨੂੰ ਉਲ੍ਹਾਮਾ ਦੇਣ ਆਇਆ ਤੇ ਬੋਲਿਆ, "ਵਿਆਹ ਤੋਂ ਪਹਿਲਾਂ ਤੂੰ ਸਾਨੂੰ ਕਿਉਂ ਨਾ ਦੱਸਿਆ ਕਿ ਤੂੰ ਸ਼ਰਾਬ ਪੀਂਦਾ ਏਂ?"

ਸ਼ਰਾਬੀ ਦਾ ਜਵਾਬ ਸੀ, "ਤੁਸੀਂ ਕਿਹੜਾ ਦੱਸਿਆ ਸੀ ਕਿ ਤੁਹਾਡੀ ਕੁੜੀ ਲਹੂ ਪੀਂਦੀ ਏ!"

---

ਪੰਜ ਕੁ ਸਾਲ ਦੇ ਇਕ ਮੁੰਡੇ ਨੂੰ ਉਸ ਦੀ ਮਾਂ ਇਕ ਕਹਾਣੀ ਸੁਣਾ ਰਹੀ ਸੀ ਕਿ ਇਕ ਰਾਜਾ ਸੀ, ਉਸ ਨੇ ਪੰਜ ਵਿਆਹ ਕਰਵਾਏ ਸਨ। ਪੰਜੇ ਹੀ ਰਾਣੀਆਂ ਉਸ ਨੂੰ ਹਰ ਵਕਤ ਖੁਸ਼ ਰੱਖਦੀਆਂ ਸਨ।

ਵਿਚੋਂ ਹੀ ਮੁੰਡਾ ਬੋਲਿਆ, "ਮੰਮੀ ਮੈਂ ਵੀ ਪੰਜ ਵਿਆਹ ਕਰਵਾਵਾਂਗਾ।"

ਮਾਂ ਬੋਲੀ, "ਅੱਛਾ ਇਹ ਦੱਸ ਤੂੰ ਸੌਂਵੇਂਗਾ ਕਿਹਦੇ ਨਾਲ?"

ਮੁੰਡਾ ਭੋਲਾ ਜਿਹਾ ਮੂੰਹ ਬਣਾ ਕੇ ਬੋਲਿਆ, "ਸੌਂਵਾਂਗਾ ਤਾਂ ਮੈਂ ਤੇਰੇ ਨਾਲ ਹੀ।"

ਮੰਮੀ ਬੋਲੀ, "ਫਿਰ ਤੇਰੀਆਂ ਵਹੁਟੀਆਂ ਕਿੱਥੇ ਸੌਣਗੀਆਂ?"

"ਉਨ੍ਹਾਂ ਨੂੰ ਪਾਪਾ ਦੇ ਕਮਰੇ ਵਿਚ ਭੇਜ ਦਿਆਂਗੇ।" ਮੁੰਡੇ ਦਾ ਜਵਾਬ ਸੀ।

ਕੋਲ ਬੈਠਾ ਮੁੰਡੇ ਦਾ ਪਿਓ ਝੱਟ ਬੋਲ ਪਿਆ, "ਜੀਓ ਮੇਰੇ ਲਾਲ, ਪੁੱਤ ਹੋਵੇ ਤਾਂ ਇਹੋ ਜਿਹਾ।"

---

ਬਠਿੰਡੇ ਵੱਲ ਉਠ ਨੂੰ ਸਾਰੇ ਹੀ ਬੋਤਾ ਕਹਿੰਦੇ ਨੇ। ਇਕ ਮੁੰਡਾ ਨਵਾਂ ਨਵਾਂ ਸਕੂਲ ਜਾਣ ਲੱਗਾ। ਮਾਸਟਰ ਉਸ ਨੂੰ ਊੜਾ ਉਠ ਪੜ੍ਹਾਵੇ ਤੇ ਨਾਲੇ ਉਠ ਦੀ ਫੋਟੋ ਦਿਖਾਵੇ, ਪਰ ਮੁੰਡਾ ਫੋਟੋ ਦੇਖ ਕੇ 'ਬੋਤਾ' ਹੀ ਬੋਲੇ। ਕੁਝ ਦਿਨ ਤਾਂ ਮਾਸਟਰ ਪਿਆਰ ਨਾਲ ਸਮਝਾਉਂਦਾ ਰਿਹਾ ਪਰ ਇਕ ਦਿਨ ਖਿਝ ਕੇ ਉਸ ਨੇ ਮੁੰਡੇ ਦੇ ਦੋ ਕੁ ਚਪੇੜੀਆਂ ਮਾਰ ਦਿੱਤੀਆਂ। ਮੁੰਡੇ ਨੇ ਘਰ ਜਾ ਕੇ ਆਪਣੀ ਮਾਂ ਨੂੰ ਕਿਹਾ ਕਿ ਮੈਂ ਤਾਂ ਠੀਕ ਪੜ੍ਹਦਾ ਹਾਂ, ਮਾਸਟਰ ਨੇ ਮੈਨੂੰ ਐਵੇਂ ਕੁੱਟਿਆ ਹੈ।

ਦੂਜੇ ਦਿਨ ਮਾਂ ਮੁੰਡੇ ਦੇ ਨਾਲ ਸਕੂਲ ਗਈ ਤੇ ਬੋਲੀ, "ਮਾਸਟਰ ਜੀ, ਮੁੰਡੇ ਨੂੰ ਕਿਉਂ ਕੁੱਟਿਆ ਏ?"

ਮਾਸਟਰ ਬੋਲਿਆ, "ਭੈਣ ਜੀ, ਤੁਸੀਂ ਖੁਦ ਦੇਖ ਲਓ ਮੈਂ ਕੀ ਪੜ੍ਹਾਉਂਦਾ ਹਾਂ ਤੇ ਇਹ ਕੀ ਪੜ੍ਹਦਾ ਏ।" ਉਸ ਨੇ ਮੁੰਡੇ ਅੱਗੇ ਕਿਤਾਬ ਰੱਖ ਕੇ ਉਠ ਦੀ ਫੋਟੋ 'ਤੇ ਉਂਗਲੀ ਰੱਖ ਕੇ ਕਿਹਾ, 'ਊੜਾ ਉਠ।'

ਮੁੰਡਾ ਬੋਲਿਆ, "ਊੜਾ ਬੋਤਾ।"

ਮਾਂ ਮੁੰਡੇ ਨੂੰ ਬੋਲੀ, "ਵੇ ਮੂਰਖਾ, ਪੂਛਲ ਚੁੱਕ ਕੇ ਵੇਖ ਲੈ ਕਿਤੇ ਬੋਤੀ ਨਾ ਹੋਵੇ। ਐਵੇਂ ਕੁੱਟ ਖਾਈ ਜਾਂਦਾ ਏਂ।"

-ਵਾਸਦੇਵ ਸਿੰਘ ਪਰਹਾਰ
ਫੋਨ: 206-434-1955

# ਗ੍ਰੰਥ ਪੜ੍ਹੀਏ, ਗੰਢ ਖੋਲ੍ਹੀਏ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਗੰਢ ਉਸ ਮਰੋੜੀ ਜਾਂ ਵਲ ਨੂੰ ਆਖਦੇ ਹਨ ਜੋ ਰੱਸੀ ਨੂੰ ਆਪਣੇ ਆਪ ਜਾਂ ਕਿਸੇ ਹੋਰ ਚੀਜ਼ ਨਾਲ ਬੰਨ੍ਹਣ ਜਾਂ ਜੋੜਨ ਲਈ ਦਿੱਤੀ ਜਾਂਦੀ ਹੈ, ਸਿਰੇ ਖਿੱਚਣ ਨਾਲ ਇਹ ਹੋਰ ਪੀਡੀ ਹੋ ਜਾਂਦੀ ਹੈ। ਨਾਲੇ 'ਚ ਆਈ ਗੋਲ ਗੰਢ ਦੇ ਸ਼ਰਮਨਾਕ ਨਤੀਜੇ ਬਥੇਰਿਆਂ ਨੇ ਭੁਗਤੇ ਹੋਣਗੇ। ਕਹਾਵਤ ਹੈ, 'ਸੌ ਹੱਥ ਰੱਸਾ, ਸਿਰੇ 'ਤੇ ਗੰਢ', ਭਾਵ ਜੋ ਮਰਜ਼ੀ ਕਰ ਲਵੋ, ਸਿੱਟਾ ਉਹੀ ਨਿਕਲੂ। ਪਸ਼ੂ ਦੇ ਭਾਵੇਂ ਸੌ ਹੱਥ ਰੱਸਾ ਪਾਇਆ ਹੋਵੇ ਪਰ ਜੇ ਇਕ ਪਾਸੇ ਗੰਢ ਮਾਰ ਕੇ ਬੰਨ੍ਹ ਲਿਆ ਜਾਵੇ ਤਾਂ ਉਹ ਕਿੱਥੇ ਜਾ ਸਕਦਾ ਹੈ?

ਗੰਢ ਉਭਰੀ ਹੋਈ ਬਣਤਰ ਹੁੰਦੀ ਹੈ, ਇਸ ਲਈ ਸਰੀਰ ਵਿਚ ਮਾਸ ਆਦਿ ਦੇ ਸਖਤ ਜਮਾਉ ਨੂੰ ਵੀ ਗੰਢ ਕਹਿ ਦਿੱਤਾ ਜਾਂਦਾ ਹੈ। ਗੰਢ ਦੋ ਚੀਜ਼ਾਂ ਨੂੰ ਜੋੜਦੀ ਹੈ, ਸੋ ਇਸ ਵਿਚ ਸਬੰਧ, ਮੇਲ, ਜੋੜ ਆਦਿ ਦੇ ਭਾਵ ਵੀ ਆ ਗਏ ਹਨ। ਰਵਾਇਤੀ ਤੌਰ 'ਤੇ ਪੁੱਤਰ ਨਾਲ ਪਰਿਵਾਰ ਦਾ ਭਵਿੱਖ ਕਾਇਮ ਮੰਨਿਆ ਜਾਂਦਾ ਹੈ, ਬਾਬੇ ਨਾਨਕ ਦੀ ਇਹ ਪੰਕਤੀ ਇਹੋ ਦਰਸਾਉਂਦੀ ਹੈ, 'ਗੋਰੀ ਸੇਤੀ ਤੁਟੈ ਭਤਾਰੁ॥ ਪੁਤੀਂ ਗੰਢੁ ਪਵੈ ਸੰਸਾਰਿ॥' ਭਾਵ ਜੇ ਪਤੀ ਪਤਨੀ ਤੋਂ ਦੂਰ ਹੁੰਦਾ ਹੈ (ਸ਼ਾਇਦ ਬਾਂਝ ਹੋਣ ਕਰਕੇ) ਤਾਂ ਜਗਤ 'ਚ ਇਨ੍ਹਾਂ ਦਾ ਜੋੜ ਪੁੱਤਰ ਹੋਣ ਨਾਲ ਮੁੜ ਬਣ ਜਾਂਦਾ ਹੈ। ਗੰਢ ਮਾਰਨ ਨਾਲ ਕਿਸੇ ਬੁਰਾਈ 'ਤੇ ਰੋਕ ਲਗਦੀ ਹੈ, 'ਕਾਲਾ ਗੰਢੁ ਨਦੀਆ ਮੀਹ ਝੋਲ॥' ਮਨ 'ਚ ਬੈਠੀ ਕਿਸੇ ਗੁੰਝਲ ਜਾਂ ਉਲਝਣ ਨੂੰ ਵੀ ਗੰਢ ਕਿਹਾ ਜਾਂਦਾ ਹੈ। ਅੰਗਰੇਜ਼ੀ 'ਚ ਇਸ ਨੂੰ Complex ਜਿਵੇਂ Inferiority Complex ਕਿਹਾ ਜਾਂਦਾ ਹੈ। ਹਾਲਾਂ ਕਿ ਗੰਢ ਸਬੰਧ ਵੱਲ ਸੰਕੇਤ ਕਰਦੀ ਹੈ ਪਰ 'ਗੰਢ ਪੈਣਾ' ਮੁਹਾਵਰੇ ਵਿਚ ਸਬੰਧਾਂ ਦੇ ਵਿਗੜ ਜਾਣ ਦਾ ਆਸ਼ਾ ਹੈ।

ਪਹਿਲਿਆਂ ਵਿਚ ਕੁਝ ਯਾਦ ਰੱਖਣ ਲਈ ਰੁਮਾਲ ਜਾਂ ਰੱਸੀ ਆਦਿ ਨੂੰ ਗੰਢ ਮਾਰ ਲਈ ਜਾਂਦੀ ਸੀ। ਇਥੋਂ ਹੀ ਯਾਦ ਰੱਖਣ ਦੇ ਅਰਥਾਂ ਵਿਚ 'ਗੰਢ ਬੰਨ੍ਹਣਾ' ਮੁਹਾਵਰਾ ਬਣਿਆ। ਇਸ ਨੂੰ ਗੰਢ-ਚਿਤਰਾਵਾ ਵੀ ਆਖਿਆ ਜਾਂਦਾ ਹੈ, ਇਸ ਦਾ ਮਤਲਬ ਵਿਆਹ ਹੋ ਜਾਣਾ ਵੀ ਹੈ। ਕਿਸੇ ਜ਼ਮਾਨੇ 'ਚ ਮਾਂਵਾਂ ਹਰ ਸਾਲ ਬੱਚੇ ਦੇ ਜਨਮ ਦਿਨ 'ਤੇ ਸੂਤ ਦੀ ਡੋਰੀ ਜਾਂ ਮੌਲੀ 'ਤੇ ਇਕ ਗੰਢ ਮਾਰ ਲੈਂਦੀਆਂ ਜਿਸ ਨਾਲ ਬੱਚੇ ਦੀ ਉਮਰ ਯਾਦ ਰਹਿੰਦੀ। ਪੰਜਾਬੀ ਵਰ੍ਹੇ-ਗੰਢ, ਹਿੰਦੀ ਵਰਸ਼-ਗਾਂਠ ਅਤੇ ਫਾਰਸੀ ਸਾਲ-ਗਿਰ੍ਹਾ ਦਾ ਸ਼ਾਬਦਿਕ ਅਰਥ ਇਹੀ ਹੈ। ਵਿਆਹ ਮੌਕੇ ਵੀ ਗੰਢ ਭੇਜੀ ਜਾਂਦੀ ਸੀ। ਕਿਸੇ ਵੇਲੇ ਗ੍ਰੰਥ-ਲਿਪੀ ਵੀ ਚਲਦੀ ਸੀ ਜੋ ਰੰਗ-ਬਰੰਗੇ ਧਾਗਿਆਂ 'ਤੇ ਗੰਢਾਂ ਮਾਰ ਕੇ ਵਿਕਸਤ ਕੀਤੀ ਜਾਂਦੀ ਸੀ। ਰੁਮਾਲ, ਪੱਲੇ ਆਦਿ ਦੇ ਇਕ ਲੜ ਪੈਸੇ ਰੱਖ ਕੇ ਗੰਢ ਮਾਰ ਲਈ ਜਾਂਦੀ ਹੈ, ਇਸ ਲਈ ਗੰਢ ਦਾ ਇਕ ਅਰਥ ਜੇਬ, ਪਰਸ, ਬਟੂਆ ਵੀ ਹੋ ਗਿਆ ਹੈ। 'ਗੰਢ ਦਾ ਪੂਰਾ ਅੱਖਾਂ ਦਾ ਅੰਨ੍ਹਾ' ਉਹ ਹੁੰਦਾ ਹੈ ਜਿਸ ਕੋਲ ਮਾਇਆ ਤਾਂ ਬਥੇਰੀ ਹੋਵੇ ਪਰ ਉਂਜ ਮੂਰਖ ਹੋਵੇ। ਬਲੈਕ ਰੋਕਣ ਲਈ ਲਾਈ ਨੋਟਬੰਦੀ ਉਤੇ ਭਗਤ ਕਬੀਰ ਦੀ ਇਹ ਪੰਕਤੀ ਕਿੰਨੀ ਢੁਕਦੀ ਹੈ, 'ਇਤਨਕੁ ਖਟੀਆ ਗਠੀਆ ਮਟੀਆ ਸੰਗ ਨ ਕਛੂ ਲੈ ਜਾਇ॥' ਐਨੀ ਮਾਇਆ ਖੱਟੀ ਹੈ, ਐਨੀ ਪੱਲੇ ਬੰਨ੍ਹੀ ਹੈ ਤੇ ਐਨੀ ਦੱਬੀ ਹੋਈ ਹੈ, ਨਾਲ ਤਾਂ ਕੁਝ ਨਹੀਂ ਲੈ ਜਾਣਾ।

ਗੰਢ ਤੋਂ ਬਣੀ ਕਿਰਿਆ ਗੰਢਣਾ ਦਾ ਅਰਥ ਗੰਢ ਮਾਰਨਾ, ਜੋੜਨਾ, ਮੇਲਣਾ, ਬਣਾਉਣਾ ਆਦਿ ਹੈ, 'ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ॥' (ਗੁਰੂ ਨਾਨਕ); 'ਗੰਢੇਦਿਆਂ ਛਿਅ ਮਾਹ ਤੁੜੇਂਦਿਆ ਹਿਕੁ ਖਿਨੋ॥' (ਬਾਬਾ ਸ਼ੇਖ ਫਰੀਦ) ਗੰਢਣਾ ਦਾ ਅਰਥ ਜੁੱਤੀ ਆਦਿ ਦੀ ਮੁਰੰਮਤ ਕਰਨਾ ਵੀ ਹੈ ਕਿਉਂਕਿ ਆਮ ਤੌਰ 'ਤੇ ਜੁੱਤੀ ਦੇ ਜੋੜ ਜਾਂ ਸਿਉਣ ਹੀ ਉਧੜਦੇ ਹਨ। 'ਟੁੱਟੀ ਗੰਢਣਾ' ਦਾ ਮਤਲਬ ਵਿਗੜੇ ਸਬੰਧਾਂ ਨੂੰ ਠੀਕ ਕਰਨਾ ਹੈ।

'ਗੰਢ ਤੁੱਪ ਕਰਨਾ' ਦਾ ਮਤਲਬ ਹੈ ਕਿਸੇ ਨਾਲ ਅੰਦਰੋਗਤੀ ਸਬੰਧ ਬਣਾ ਲੈਣਾ। ਗੰਢ ਸ਼ਬਦ ਦਾ ਇਕ ਹੋਰ ਭੇਦ ਹੈ, ਗੱਠ। ਬਹੁਤ ਸਾਰੇ ਅਰਥਾਂ ਵਿਚ ਅਸੀਂ ਗੰਢ ਦੀ ਥਾਂ ਗੱਠ ਸ਼ਬਦ ਰੱਖ ਸਕਦੇ ਹਾਂ। ਅਜੋਕੀ ਰਾਜਨੀਤੀ ਵਿਚ ਗੱਠਜੋੜ ਬਥੇਰਾ ਚੱਲ ਰਿਹਾ ਹੈ। ਗੱਠ ਤੋਂ ਗਠੜੀ, ਗੱਠਿਆ, ਗਠੀਲਾ, ਗੱਠਣਾ, ਸੁਗਠਿਤ, ਸੰਗਠਨ, ਵਿਗਠਨ ਸ਼ਬਦ ਬਣੇ ਹਨ। ਵਿਗਠਨ ਸੁਗਠਨ ਤੋਂ ਵਿਪਰੀਤ ਹੈ ਯਾਨਿ ਭਜ-ਟੁੱਟ, ਨਿਘਾਰ। ਅੰਗਾਂ ਦੀਆਂ ਗੱਠਾਂ (ਜੋੜ) ਵਿਚ ਹੋਣ ਵਾਲੇ ਦਰਦ ਨੂੰ ਗਠੀਆ ਕਿਹਾ ਜਾਂਦਾ ਹੈ। 'ਗਠੜੀ ਖੋਲ੍ਹਣਾ' ਦਾ ਮਤਲਬ ਹੈ, ਦਿਲ ਦੀ ਭੜਾਸ ਕੱਢਣਾ। ਗੁਰੂ ਨਾਨਕ ਦੇਵ ਦੀ ਇਹ ਤੁਕ ਕਿੰਨੀ ਭਾਵਪੂਰਤ ਅਤੇ ਦਿਲ-ਟੁੰਬਵੀਂ ਹੈ, 'ਮਨ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥ ਕਿਸੁ ਪਹਿ ਖੋਲਉ ਗੰਠੜੀ ਦੂਖੀ ਭਰ ਆਇਆ॥' ਗੱਠਾ ਸ਼ਬਦ ਗੰਢੇ ਦਾ ਵੀ ਸੰਕੇਤਕ ਹੈ ਤੇ ਲੱਕੜੀਆਂ, ਕਪਾਹ ਆਦਿ ਦੇ ਬੰਡਲ ਦਾ ਵੀ। ਛੋਟੇ ਗੱਠੇ ਜਾਂ ਨੋਟਾਂ ਦੀ ਦੱਥੀ ਨੂੰ ਗੱਠੀ ਆਖਦੇ ਹਨ। ਇਸ ਨੂੰ ਗੱਡੀ ਵੀ ਕਿਹਾ ਜਾਂਦਾ ਹੈ ਜੋ ਗੱਠੀ ਦਾ ਹੀ ਭੇਦ ਹੈ। ਅੰਬ ਆਦਿ ਦੀ ਗੁਠਲੀ ਵੀ ਗੱਠ ਜਿਹੀ ਹੀ ਹੁੰਦੀ ਹੈ। ਗੁਰਬਾਣੀ ਵਿਚ ਗੰਢ ਦਾ ਇਕ ਹੋਰ ਰੂਪ ਗੰਠ ਵੀ ਹੈ, 'ਟੂਟੀ ਗੰਠਿ ਪੜੈ ਵੀਚਾਰਿ॥'' (ਗੁਰੂ ਨਾਨਕ ਦੇਵ) ਅਤੇ ਗਾਂਠ ਵੀ, 'ਚਮਰਟਾ ਗਾਂਠਿ ਨ ਜਨਈ॥' (ਭਗਤ ਰਵਿਦਾਸ)



ਗੰਢ ਜਾਂ ਗੱਠ ਸ਼ਬਦ ਬਣੇ ਹਨ ਸੰਸਕ੍ਰਿਤ ਧਾਤੂ 'ਗ੍ਰਥ' ਤੋਂ। ਇਸ ਵਿਚ ਜਮਾਉ, ਜੁੜ ਜਾਣ ਇਕੱਤ੍ਰਣ, ਸੰਗ੍ਰਹਿਣ, ਗੁੱਛਾ, ਲੱਛਾ ਆਦਿ ਦੇ ਭਾਵ ਹਨ। 'ਥ' ਧੁਨੀ ਅਕਸਰ ਹੀ 'ਠ' ਤੇ ਫਿਰ 'ਢ' ਵਿਚ ਬਦਲ ਜਾਂਦੀ ਹੈ। ਕੁਝ ਮਿਸਾਲਾਂ ਵੱਲ ਗੌਰ ਕਰੋ: ਥਾਣਾ>ਠਾਣਾ; ਥੁੱਲ>ਠੁੱਲ। ਗ੍ਰਥ ਧਾਤੂ ਨੇ ਜਿਸ ਮਹੱਤਵਪੂਰਨ ਸ਼ਬਦ ਨੂੰ ਜਨਮ ਦਿੱਤਾ, ਉਹ ਹੈ ਪੁਸਤਕ ਦੇ ਅਰਥ ਵਾਲਾ 'ਗ੍ਰੰਥ'। ਪੁਸਤਕ ਜਾਂ ਗ੍ਰੰਥ ਕਿੰਨੇ ਸਾਰੇ ਵਰਕਿਆਂ ਦਾ ਪੁਲੰਦਾ ਜਾਂ ਜੋੜ ਹੀ ਹੁੰਦਾ ਹੈ, 'ਅਸੰਖ ਗਰੰਥ ਮੁਖਿ ਵੇਦ ਪਾਠ॥' (ਗੁਰੂ ਨਾਨਕ ਦੇਵ) ਪੁਰਾਣੇ ਜ਼ਮਾਨੇ ਵਿਚ ਭੋਜਪੱਤਰਾਂ ਨੂੰ ਇਕ-ਦੂਜੇ ਨਾਲ ਜੋੜ ਕੇ ਜਾਂ ਸਿਉਂ ਕੇ ਗ੍ਰੰਥ ਬਣਾਏ ਜਾਂਦੇ ਸਨ। ਉਂਜ ਗ੍ਰੰਥ ਜਾਂ ਕਿਤਾਬ ਰਚਨਾਵਾਂ ਦਾ ਹੀ ਸੰਗ੍ਰਿਹ ਹੁੰਦਾ ਹੈ। ਸਿੱਖਾਂ ਦੀ ਧਾਰਮਕ ਪੁਸਤਕ ਹੀ 'ਗੁਰੂ ਗ੍ਰੰਥ ਸਾਹਿਬ' ਕਹਾਉਂਦੀ ਹੈ। ਛੋਟੇ ਗ੍ਰੰਥ ਨੂੰ ਗ੍ਰੰਥੀ ਕਿਹਾ ਜਾਂਦਾ ਹੈ ਜਿਵੇਂ ਪੰਜ-ਗ੍ਰੰਥੀ। ਕਿਤਾਬੀ ਕੀੜੇ ਜਾਂ ਵਿਦਵਾਨ ਨੂੰ ਵੀ ਗ੍ਰੰਥੀ ਕਿਹਾ ਜਾਂਦਾ ਹੈ। ਗ੍ਰੰਥ ਸਾਹਿਬ ਨੂੰ ਪੇਸ਼ਾਵਰਾਨਾ ਢੰਗ ਨਾਲ ਪੜ੍ਹਨ ਵਾਲਾ ਵੀ ਗ੍ਰੰਥੀ ਹੁੰਦਾ ਹੈ। ਸਰੀਰ ਵਿਚ ਕਈ ਕਿਸਮ ਦੇ ਰਸਾਯ ਪੈਦਾ ਕਰਨ ਵਾਲੀਆਂ ਵੀ ਗ੍ਰੰਥੀਆਂ ਹੁੰਦੀਆਂ ਹਨ।

ਉਪਰ ਅਸੀਂ ਵਰ੍ਹੇ ਗੰਢ ਦੇ ਅਰਥਾਂ ਵਾਲੇ ਫਾਰਸੀ ਵਲੋਂ ਆਏ ਸਮਾਸੀ ਸ਼ਬਦ 'ਸਾਲ ਗਿਰਾ' ਦਾ ਜ਼ਿਕਰ ਕੀਤਾ ਸੀ। ਫਾਰਸੀ ਦੇ ਇਸ ਗਿਰਾ (ਗਿਰਹ) ਦਾ ਅਰਥ ਵੀ ਗੰਢ ਹੀ ਹੈ ਅਤੇ ਪਲੈਟਸ ਨੇ ਸੰਕੇਤ ਵਜੋਂ ਕਿਹਾ ਹੈ ਕਿ ਇਹ ਸ਼ਬਦ ਸੰਸਕ੍ਰਿਤ ਦੇ 'ਗ੍ਰੰਥਰ' ਸ਼ਬਦ ਦਾ ਸੁਜਾਤੀ ਹੋ ਸਕਦਾ ਹੈ। ਇਸ ਤੱਥ ਬਾਰੇ ਅਜੇ ਹੋਰ ਖੋਜ ਦੀ ਲੋੜ ਹੈ।

ਲਗਦੇ ਹੱਥ 'ਗਾਂਢਾ ਸਾਂਢਾ ਕਰਨਾ' ਮੁਹਾਵਰੇ ਦੀ ਵਿਆਖਿਆ ਵੀ ਕਰ ਲਈਏ। ਇਸ ਮੁਹਾਵਰੇ ਦਾ ਲਗਭਗ ਉਹੀ ਅਰਥ ਹੁੰਦਾ ਹੈ ਜੋ ਗਠਜੋੜ ਕਰਨਾ ਦਾ ਹੁੰਦਾ ਹੈ ਯਾਨਿ ਚੋਰਾਨਾ ਅੰਦਾਜ਼ ਵਿਚ ਕਿਸੇ ਨਾਲ ਸਬੰਧ ਕਾਇਮ ਕਰ ਲੈਣੇ। ਇਸ ਦਾ ਹਿੰਦੀ ਰੁਪਾਂਤਰ ਹੈ, 'ਗਾਂਠ ਸਾਂਠ' ਕਰਨਾ ਜਾਂ 'ਸਾਂਠ ਗਾਂਠ ਕਰਨਾ.' ਸਪੱਸ਼ਟ ਹੈ ਕਿ ਇਨ੍ਹਾਂ ਵਿਚ ਵਰਤੇ ਗਏ ਸ਼ਬਦ 'ਗਾਂਢਾ' ਜਾਂ 'ਗਾਂਠ' ਤਾਂ 'ਗੰਢ' ਦੇ ਹੀ ਭੇਦ ਹਨ। ਸਾਂਢਾ ਜਾਂ ਸਾਂਠ ਸ਼ਬਦ ਦਾ ਕੀ ਅਰਥ ਹੈ? ਸਾਂਠ ਸ਼ਬਦ ਦਾ ਅਰਥ ਵੀ ਅਸਲ ਵਿਚ ਜੋੜ, ਗੱਠ, ਮੇਲ ਹੀ ਹੈ। ਕਾਵਿਕ ਬਿਰਤੀ ਵਾਲੇ ਲੋਕਾਂ ਨੇ ਅਭਿਵਿਅਕਤੀ ਦਾ ਪ੍ਰਭਾਵ ਤੀਖਣ ਕਰਨ ਲਈ ਅਨੇਕਾਂ ਅਜਿਹੀਆਂ ਦਰੁਕਤੀਆਂ ਘੜ ਲਈਆ ਹਨ ਜੋ ਸ਼ਬਦ ਨਿਰਮਾਣ ਦੀ ਇਕ ਜੁਗਤ ਹੀ ਬਣ ਗਈ ਹੈ। ਇਨ੍ਹਾਂ ਵਿਚ ਵਰਤੇ ਜਾਂਦੇ ਦੋ ਸ਼ਬਦਾਂ ਦੇ ਅਰਥ ਇਕੋ ਜਿਹੇ ਹੁੰਦੇ ਹਨ ਤੇ ਕਈ ਵਾਰੀ ਉਨ੍ਹਾਂ ਦੀ ਧੁਨੀ ਵੀ ਸਮਾਨ ਹੁੰਦੀ ਹੈ ਪਰ ਜ਼ਰੂਰੀ ਨਹੀਂ ਕਿ ਉਹ ਮੁਢਲੇ ਤੌਰ 'ਤੇ ਇਕ ਦੂਜੇ ਦੇ ਸਕੇ ਹੋਣ। ਪਹਿਲੀ ਕਿਸਮ ਦੀਆਂ ਦਰੁਕਤੀਆਂ ਦੀ ਮਿਸਾਲ ਹੈ, ਚਿੱਠੀ-ਪੱਤਰ, ਖਾਸਾ-ਚੰਗਾ ਆਦਿ। ਗਾਂਢਾ-ਸਾਂਢਾ ਜਾਂ ਗਾਂਠ-ਸਾਂਠ ਦੂਜੀ ਕਿਸਮ ਦੀ ਦਰੁਕਤੀ ਹੈ। ਸਾਂਠ ਸ਼ਬਦ 'ਸਟ' ਤੋਂ ਬਣਿਆ ਹੈ ਜਿਸ ਵਿਚ ਦੋ ਚੀਜ਼ਾਂ ਦੇ ਮੇਲਣ, ਜੁੜਨ, ਚਿਪਕਣ, ਲਾਗੇ ਲਾਗੇ ਹੋਣ ਦੇ ਭਾਵ ਹਨ। 'ਸਾਂਟ ਲੈਣਾ' ਦਾ ਅਰਥ ਹੈ, ਕਿਸੇ ਨੂੰ ਆਪਣੇ ਵੱਲ ਕਰ ਲੈਣਾ। ਇਹ ਸ਼ਬਦ ਬਣਿਆ ਹੈ, ਸ+ਸਥਾ ਤੋਂ। ਇਸ ਵਿਚ 'ਸ' ਇਕ ਅਗੇਤਰ ਹੈ ਜਿਸ ਦਾ ਅਰਥ ਹੈ, ਨਾਲ, ਸਹਿਤ, ਸਾਥ ਆਦਿ ਜਿਵੇਂ ਸਗੋਤੀ ਮਤਲਬ ਇਕੋ ਗੋਤ ਵਾਲੇ। 'ਸਥ' ਧਾਤੂ ਦਾ ਅਰਥ ਹੈ, ਖੜ੍ਹਾ ਕਰਨਾ, ਕਾਇਮ ਕਰਨਾ। ਸਥ ਦਾ ਪ੍ਰਾਕ੍ਰਿਤ ਰੂਪ ਹੈ, ਸੰਠ। ਇਸ ਧਾਤੂ ਤੋਂ ਕਈ ਸ਼ਬਦ ਬਣੇ ਹਨ ਜਿਨ੍ਹਾਂ ਬਾਰੇ ਕਈ ਵਾਰੀ ਲਿਖ ਚੁਕੇ ਹਾਂ। ਕੁਝ ਮਿਸਾਲਾਂ ਕਾਫੀ ਦੁਹਰਾਉਂਦੇ ਹਾਂ: ਸਥਾਪਨਾ, ਸਥਾਨ ਅਤੇ ਸਥਿਤ। ਕਈ ਹਿੰਦ-ਯੂਰਪੀ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ ਹੈ, 'Sta' ਇਸ ਦਾ ਅਰਥ ਵੀ 'ਸਥ' ਧਾਤੂ ਵਾਲਾ ਹੀ ਹੈ। ਅੰਗਰੇਜ਼ੀ ਦੇ ਸ਼ਬਦ Stand, Stool, Stable ਆਦਿ ਇਸ ਤੋਂ ਹੀ ਬਣੇ ਹਨ। ਸੋ ਸਸਥਾ ਦਾ ਸ਼ਾਬਦਿਕ ਅਰਥ ਹੈ, 'ਜੋ ਨਾਲ ਨਾਲ ਖੜੇ ਜਾਂ ਕਾਇਮ ਹਨ।' ਇਥੇ ਖੜੇ ਹੋਣ ਤੋਂ ਭਾਵ ਜ਼ਰੂਰੀ ਨਹੀਂ ਭੌਤਿਕ ਤੌਰ 'ਤੇ ਖੜੇ ਹੋਣਾ ਹੋਵੇ, ਸਗੋਂ ਕਾਇਮ ਹੋਣਾ, ਡਟੇ ਹੋਣਾ ਆਦਿ ਹੋਵੇਗਾ। 'ਤੂੰ ਕਿਸ ਨਾਲ ਖੜਾ ਹੈਂ?' ਦਾ ਅਰਥ ਹੈ, ਤੂੰ ਕਿਸ ਦੇ ਨਾਲ ਹੈਂ ਜਾਂ ਡਟਿਆ ਹੋਇਆ ਹੈਂ। ਸੋ ਸਸਥਾ ਦਾ ਸ਼ਾਬਦਿਕ ਅਰਥ ਬਣਿਆ ਨਾਲ ਨਾਲ ਖੜਾ ਹੋਣਾ, ਲੱਗਿਆ ਹੋਣਾ, ਸਾਥ ਹੋਣਾ, ਜੁੜਿਆ ਹੋਣਾ। ਇਥੇ ਪ੍ਰਸੰਗਕ ਸੰਸਕ੍ਰਿਤ ਸ਼ਬਦ 'ਸੰਸਥਿਤੀ' ਦੇ ਕੁਝ ਅਰਥ ਹਨ: ਨਾਲ ਨਾਲ ਹੋਣਾ ਜਾਂ ਰਹਿਣਾ; ਸਟਾ ਹੋਣਾ, ਨਿਕਟ ਹੋਣਾ; ਨਿਵਾਸ; ਢੇਰ। 'ਸਥ' ਧੁਨੀ ਅਕਸਰ ਹੀ 'ਥ' ਅਤੇ ਫਿਰ 'ਠ' ਵਿਚ ਬਦਲ ਜਾਂਦੀ ਹੈ। ਠਗ ਵਾਲੇ ਲੇਖ ਵਿਚ ਦਰਸਾਇਆ ਜਾ ਚੁੱਕਾ ਹੈ ਕਿ ਠਗ ਸ਼ਬਦ ਸਥੱਗ ਤੋਂ ਬਣਿਆ ਹੈ।

# ਬਿੱਲੂ ਰਾਜੇਆਣੀਏ ਦਾ ਅਕਾਲ ਚਲਾਣਾ

ਸ਼ਰਧਾਂਜਲੀ


ਪ੍ਰਿੰ. ਸਰਵਣ ਸਿੰਘ
ਫੋਨ: 905-799-1661


ਬਿੱਲੂ ਰਾਜੇਆਣੀਆ ਜਦੋਂ ਗੁੱਟ ਫੜਦਾ ਤਾਂ ਦਰਸ਼ਕ ਕਹਿੰਦੇ, "ਲੈ ਬਈ ਆ'ਗੀ ਘੁਲਾੜੀ 'ਚ ਬਾਂਹ, ਲੱਗ'ਗੇ ਜਿੰਦੇ..." ਉਹ ਆਫਤਾਂ ਦਾ ਜਾਫੀ ਸੀ ਜਿਸ ਦੀਆਂ ਗੱਲਾਂ ਮੈਚ ਤੋਂ ਬਾਅਦ ਸੱਥਾਂ ਵਿਚ ਹੁੰਦੀਆਂ ਰਹਿੰਦੀਆਂ। ਨੱਬੇ ਸਾਲ ਦੀ ਉਮਰ ਭੋਗ ਕੇ ਉਹ 3 ਦਸੰਬਰ 2016 ਨੂੰ ਅਕਾਲ ਚਲਾਣਾ ਕਰ ਗਿਆ।

ਬਾਘੇ ਪੁਰਾਣੇ ਕੋਲ ਹੈ, ਪਿੰਡ ਰਾਜੇਆਣਾ। ਮੈਂ ਉਹਨੂੰ 1950ਵਿਆਂ 'ਚ ਇੰਡੋ-ਪਾਕਿ ਮੈਚਾਂ ਵਿਚ ਕਬੱਡੀ ਖੇਡਦਿਆਂ ਵੇਖਿਆ ਸੀ। ਉਹ ਧੱਕੜ ਧਾਵੀ ਸੀ ਤੇ ਆਖਰਾਂ ਦਾ ਜਾਫੀ। ਕੌਡੀ ਪਾਉਂਦਾ ਤਾਂ ਧੌਲ ਮਾਰ ਕੇ ਅਗਲੇ ਦੀ ਸੁਰਤ ਭੁਲਾ ਦਿੰਦਾ। ਜੱਫਾ ਲਾਉਂਦਾ ਤਾਂ ਖੱਬਾ ਹੱਥ ਧਾਵੀ ਦੀ ਧੌਣ 'ਤੇ ਧਰ ਕੇ ਸੱਜੇ ਹੱਥ ਨਾਲ ਧਾਵੀ ਦਾ ਗੁੱਟ ਫੜੀ ਉਸ ਦਾ ਚੱਕਰਚੂੰਡਾ ਬਣਾਈ ਰੱਖਦਾ। ਧਾਵੀ ਨੂੰ ਘੁਮਾ ਕੇ ਉਹਦਾ ਸਾਹ ਤੋੜਦਾ। ਉਹ ਕਿਰਪਾਲ ਸਾਧ ਵਰਗੇ ਜਾਫੀਆਂ ਤੋਂ ਨਿਕਲਦਾ ਤੇ ਤੋਖੀ ਵਰਗੇ ਧਾਵੀਆਂ ਨੂੰ ਡੱਕਦਾ ਰਿਹਾ।

ਫਰਵਰੀ 2001 ਵਿਚ ਮੈਂ ਰਾਜੇਆਣੇ ਇਕ ਵਿਆਹ ਗਿਆ। ਵਿਆਹ ਵਾਲਿਆਂ ਦੇ ਘਰ ਮੈਨੂੰ ਬਿੱਲੂ ਯਾਦ ਆ ਗਿਆ। ਕਿਸੇ ਨੇ ਦੱਸਿਆ ਕਿ ਉਹ ਸੱਥ 'ਚ ਬੈਠਾ ਹੈ। ਬੰਦਾ ਭੇਜ ਕੇ ਉਸ ਨੂੰ ਵਿਆਹ ਵਾਲਿਆਂ ਦੇ ਘਰ ਈ ਬੁਲਾ ਲਿਆ। ਇਕ ਕਮਜ਼ੋਰ ਜਿਹਾ ਬਿਰਧ ਜਕਦਾ ਜਿਹਾ ਬੈਠਕ ਵਿਚ ਆਇਆ। ਉਸ ਨੇ ਮੋਟੇ ਘਸਮੈਲੇ ਸ਼ੀਸ਼ਿਆਂ ਵਾਲੀ ਐਨਕ ਲਾਈ ਹੋਈ ਸੀ ਜਿਸ ਦਾ ਇਕ ਸ਼ੀਸ਼ਾ ਟੁੱਟਿਆ ਹੋਇਆ ਸੀ। ਉਹ ਮੈਨੂੰ ਕੁਝ ਲੰਗ ਮਾਰਦਾ ਵੀ ਲੱਗਾ। ਮੈਨੂੰ ਦੱਸਿਆ ਗਿਆ ਕਿ ਏਹੀ ਐ ਗੁਰਦਿਆਲ ਸਿਓਂ ਬਿੱਲੂ। ਵੇਖ ਕੇ ਮੈਂ ਹੈਰਾਨ ਹੋਇਆ, ਕਿੱਥੇ ਪਾਕਿਸਤਾਨ ਵਿਰੁਧ ਖੇਡਣ ਵਾਲਾ ਬਿੱਲੂ ਤੇ ਕਿੱਥੇ ਆਹ ਬਿੱਲੂ!

ਬੈਠਕ ਵਿਚ ਬੈਠੇ ਸੱਜਣ ਦਾਰੂ ਪੀ ਰਹੇ ਸਨ। ਬਿੱਲੂ ਲਈ ਗਲਾਸ ਮੰਗਾਇਆ ਗਿਆ। ਦਾਰੂ ਪਾਈ ਤਾਂ ਉਸ ਨੇ ਨਾਂਹ ਨਾਂਹ ਕਰਦਿਆਂ ਗਲਾਸ ਚੁੱਕ ਲਿਆ ਤੇ ਇਕੋ ਚਿੱਘੀ ਖਾਲੀ ਕਰ ਕੇ ਰੱਖ ਦਿੱਤਾ। ਮੈਨੂੰ ਲੱਗਾ, ਹੁਣ ਉਹ ਤਰਾਰੇ 'ਚ ਗੱਲਾਂ ਕਰੇਗਾ। ਮੈਂ ਉਹਦੀਆਂ ਗੱਲਾਂ ਨੋਟ ਕਰਨ ਲੱਗਾ। ਪੂਰਾ ਨਾਂ ਪੁੱਛਿਆ ਤਾਂ ਉਸ ਨੇ ਗੁਰਦਿਆਲ ਸਿੰਘ ਬਿੱਲੂ ਲਿਖਾਇਆ। ਮੈਂ ਪੁੱਛਿਆ, "ਤੁਹਾਨੂੰ ਬਿੱਲੂ ਕਿਉਂ ਕਹਿੰਦੇ ਆ?" ਉਹ ਬਿੱਲੀਆਂ ਅੱਖਾਂ ਤੋਂ ਐਨਕ ਲਾਹ ਕੇ ਬੋਲਿਆ, "ਬਿੱਲੀਆਂ ਅੱਖਾਂ ਕਰਕੇ।"

ਜਨਮ ਤਾਰੀਖ ਪੁੱਛੀ ਤਾਂ ਉਤਰ ਮਿਲਿਆ, "ਜਨਮ ਤਰੀਕ ਕੋਈ ਨ੍ਹੀਂ। ਉਂ ਮੈਂ ਤਿੰਨਾਂ ਉਤੇ 70 ਸਾਲਾਂ ਦਾ ਹੋ ਗਿਆਂ।" ਘਰ ਪਰਿਵਾਰ ਬਾਰੇ ਪਤਾ ਲੱਗਾ ਕਿ ਉਸ ਦੇ ਪਿਤਾ ਦਾ ਨਾਂ ਸੁਦਾਗਰ ਸਿੰਘ ਤੇ ਮਾਤਾ ਦਾ ਹਰ ਕੌਰ ਸੀ। ਪਤਨੀ ਦਾ ਨਾਂ ਪੰਜਾਬ ਕੌਰ ਸੀ ਤੇ ਹਿੱਸੇ ਬਹਿੰਦੀ ਜ਼ਮੀਨ ਢਾਈ ਕਿੱਲੇ। ਉਹ 4 ਭਾਈ ਸੀ ਤੇ 4 ਭੈਣਾਂ ਸਨ। ਬਿੱਲੂ ਦੇ ਚਾਰ ਧੀਆਂ ਪੁੱਤਰਾਂ 'ਚੋਂ ਇਕੋ ਜਿਉਂਦਾ ਸੀ। ਪੰਜਾਬ ਕੌਰ ਵੀ ਪਰਲੋਕ ਸਿਧਾਰ ਚੁੱਕੀ ਸੀ। ਨਜ਼ਰ ਕਮਜ਼ੋਰ ਸੀ ਪਰ ਸੁਣਦਾ ਠੀਕ ਸੀ। ਦੰਦ ਕੋਈ ਨਹੀਂ ਸੀ ਬਚਿਆ। ਕੋਈ ਪੈਨਸ਼ਨ ਨਹੀਂ ਸੀ ਲੱਗੀ।

ਉਹ ਵੀਹ ਵਰ੍ਹੇ ਉਚ ਪਾਏ ਦੀ ਕਬੱਡੀ ਖੇਡਿਆ। ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ ਉਹਨੂੰ ਉਦੋਂ ਹੋਈ ਜਦੋਂ ਉਸ ਨੂੰ ਇਕ ਜੱਫੇ ਦਾ ਸੌ ਰੁਪਏ ਇਨਾਮ ਮਿਲਿਆ। ਪਿੰਡ ਵਾਲੇ ਕਹਿੰਦੇ, "ਆਹ ਤਾਂ ਬਈ ਹੱਦ ਈ ਹੋ ਗਈ!" ਕਬੱਡੀ ਦੀ ਖੇਡ 'ਚ ਨਕਦ ਇਨਾਮ ਦੇਣ ਦੀ ਪਿਰਤ ਕਿਲਾ ਰਾਇਪੁਰ ਦੇ ਦਲੀਪ ਸਿੰਘ ਨੇ ਪਾਈ ਸੀ। ਇਕ ਪੁਆਇੰਟ 'ਤੇ ਸੌ ਦਾ ਨੋਟ ਸਭ ਤੋਂ ਪਹਿਲਾਂ ਬਿੱਲੂ ਰਾਜੇਆਣੀਏ ਨੂੰ ਮਿਲਿਆ ਸੀ ਜਿਸ ਨਾਲ ਬਿੱਲੂ ਦੀ ਖੁਸ਼ੀ ਦਾ ਕੋਈ ਹੱਦ ਬੰਨਾ ਨਹੀਂ ਸੀ ਰਿਹਾ।

ਉਦੋਂ ਕਬੱਡੀ ਵਿਚ ਰਗੜਾਂ ਈ ਰਗੜਾਂ ਸਨ, ਰੁਪਏ ਪੈਸੇ ਦੀ ਕਮਾਈ ਨਹੀਂ ਸੀ। ਬਿੱਲੂ ਵਰਗਾ ਕੌਡਿਆਲ ਕਿਤੇ ਚਾਲੀ-ਪੰਜਾਹ ਸਾਲ ਬਾਅਦ ਜੰਮਦਾ ਤਾਂ ਕਬੱਡੀ ਦੇ ਸਿਰੋਂ ਲੱਖਾਂ ਕਰੋੜਾਂ ਕਮਾਉਂਦਾ। ਉਹ ਹਵਾਈ ਜਹਾਜ਼ਾਂ 'ਤੇ ਚੜ੍ਹਦਾ ਤੇ ਹੋਟਲਾਂ 'ਚ ਠਹਿਰਦਾ। ਨਾ ਉਸ ਨੂੰ ਟੁੱਟੀਆਂ ਐਨਕਾਂ ਲਾਉਣੀਆਂ ਪੈਂਦੀਆਂ ਤੇ ਨਾ ਦੰਦਾਂ ਬਿਨਾ ਮੂੰਹ ਬੋੜਾ ਰੱਖਣਾ ਪੈਂਦਾ। ਗੱਲਾਂ ਗੱਲਾਂ ਵਿਚ ਉਹ ਅੰਗਰੇਜ਼ੀ ਸ਼ਰਾਬ ਦਾ ਦੂਜਾ ਹਾੜਾ ਵੀ ਡੀਕ ਗਿਆ। ਉਹਦੀਆਂ ਅੱਖਾਂ ਗਹਿਰੀਆਂ ਹੋ ਗਈਆਂ ਤੇ ਬੋਲ ਹੋਰ ਕਰਾਰਾ ਹੋ ਗਿਆ। ਉਹ ਗੜ੍ਹਕ 'ਵਾਜ ਵਿਚ ਬੋਲੀ ਗਿਆ। ਸੁਆਲ ਪੁੱਛਣ ਦੀ ਥਾਂ ਉਸ ਨੂੰ ਸੁਣੀ ਜਾਣਾ ਹੀ ਵਾਜਬ ਸੀ।

"ਸਾਡੇ ਵੇਲੇ ਪੜ੍ਹਾਈਆਂ ਨ੍ਹੀਂ ਸੀ ਹੁੰਦੀਆਂ। ਘਰ ਦੇ ਸਾਨੂੰ ਕੱਟੀਆਂ-ਵੱਛੀਆਂ ਛੁਡਾ ਦਿੰਦੇ ਤੇ ਅਸੀਂ ਮਾਲ ਚਾਰਦੇ ਮੋਤੇ ਲਾਉਂਦੇ ਰਹਿੰਦੇ। ਜਦੋਂ ਮੈਂ ਨਿੱਕਾ ਜਿਹਾ ਸੀ, ਉਦੋਂ ਕੱਲੂ ਨੂੰ ਕੌਡੀ ਪਾਉਂਦੇ ਦੇਖਣਾ ਤੇ ਜੀਅ ਕਰਨਾ ਬਈ ਅਸੀਂ ਵੀ ਕੱਲੂ ਬਣੀਏ। ਸਾਡੇ ਲਵੇਰਾ ਬਹੁਤ ਹੁੰਦਾ ਸੀ। ਅਸੀਂ ਚਾਲੀ-ਚਾਲੀ ਪਸ਼ੂ ਰੱਖਦੇ। ਆਹ ਭੈਣ ਦੇਣੇ ਬਲੱਡ ਬਲੁੱਡ ਤੇ ਸ਼ੂਗਰ ਸ਼ਾਗਰ ਕਦੇ ਸੁਣੇ ਈ ਨ੍ਹੀਂ ਸੀ। ਹੁਣ ਹਰੇਕ ਘਰੇ ਈ ਕੁੱਤੀ-ਚੀਕਾ ਪਿਆ ਹੋਇਐ। ਮਾਰ ਫੜ੍ਹ ਕੇ 'ਹਾਏ ਮਰ'ਗੇ ਹਾਏ ਮਰ'ਗੇ' ਕਰੀ ਜਾਂਦੇ ਆ ਤੇ ਤੁਰ ਕੇ ਬਾਘੇਆਲੇ ਨ੍ਹੀਂ ਜਾ ਸਕਦੇ। 'ਕੇਰਾਂ ਅਸੀਂ ਨਿੱਕੇ ਹੁੰਦੇ ਕੱਲੂ ਹੋਰਾਂ ਦਾ ਮੈਚ ਦੇਖਣ ਦੌਧਰ ਗਏ। ਪੈਰੋਂ ਨੰਗੇ, ਝੱਗੇ ਪਾਟੇ ਹੋਏ ਪਰ ਖੇਡ ਦੇਖਣ ਦਾ ਸ਼ੌਕ ਸੀ। ਮੇਰਾ ਨਿੱਕੇ ਹੁੰਦੇ ਦਾ ਈ ਵਿਆਹ ਹੋ ਗਿਆ ਸੀ। ਕੌਡੀ ਤਾਂ ਮੈਂ ਮਗਰੋਂ ਖੇਡਣ ਲੱਗਾ। ਹਲਚਲੇ 'ਚ ਸਾਡੇ ਬੁੜ੍ਹੇ ਅੱਡ ਹੋਏ। ਸਾਨੂੰ ਹਿੱਸੇ ਬਹਿੰਦੇ ਢਾਈ ਕਿੱਲੇ ਆਏ।

"ਤੜਕੇ ਉਠ ਕੇ ਮੈਂ ਮੱਕੀ ਦੇ ਟਾਂਡਿਆਂ ਦੀਆਂ ਪੂਲੀਆਂ ਕੁਤਰਨੀਆਂ। ਕਤਬ ਕੁਤਰਦਿਆਂ ਜ਼ੋਰ ਲੱਗਣਾ। ਫੇਰ ਭੱਜਣਾ, ਡੰਡ ਬੈਠਕਾਂ ਕੱਢਣੀਆਂ, ਬੋਰੀਆਂ ਚੱਕਣੀਆਂ ਤੇ ਮੁਗਦਰ ਦੇ ਬਾਲੇ ਕੱਢਣੇ। ਪਟੜਾ ਹਾਲੇ ਤਕ ਸਾਡੇ ਘਰ ਪਿਆ। ਜਦੋਂ ਮੇਰੀ ਕੌਡੀ ਚੜ੍ਹੀ ਤਾਂ ਫਰੀਦਕੋਟੀਏ ਰਾਜੇ ਨੇ ਮੈਨੂੰ ਤਕਮਾ ਦਿੱਤਾ। ਕਿਲਾ ਰਾਏਪੁਰ ਤੋਂ ਤਿੰਨ ਸਾਲਾਂ ਆਲਾ ਕੱਪ ਜਿੱਤਿਆ। ਹੁਣ ਕੋਈ ਨਿਸ਼ਾਨੀ ਹੈ ਨ੍ਹੀਂ ਤੇ ਫੋਟੂ ਵੀ ਘਰੇ ਕੋਈ ਨ੍ਹੀਂ।

ਮੇਰੇ ਚਿੱਤ ਸੀ ਕਿ ਮੈਂ ਹੁਣ ਕਿਸੇ ਨੂੰ ਨ੍ਹੀਂ ਛੱਡਦਾ ਭਵਾਂ ਕੋਈ ਕਿੰਨਾ ਵੀ ਤਕੜਾ ਕਿਉਂ ਨਾ ਹੋਵੇ? ਉਦੋਂ ਅਸੀਂ ਜਾਂਘੀਏ ਪਾ ਕੇ ਕੌਡੀ ਖੇਡਦੇ ਸੀ। ਕੋਈ ਕੋਈ ਭਲਵਾਨਾਂ ਅੰਗੂੰ ਲੰਗੋਟ ਚਾੜ੍ਹ ਲੈਂਦਾ। ਮੈਨੂੰ ਸਾਰੇ 'ਮੱਲ' ਕਹਿੰਦੇ। ਮੇਰਾ ਭਾਰ ਦੋ ਮਣ ਚਾਰ ਸੇਰ ਸੀ। ਹੁਣ ਤਾਂ ਡੂਢ ਮਣ ਵੀ ਨ੍ਹੀਂ ਹੋਣਾ। ਮੈਂ ਪਾਕਿਸਤਾਨੀਆਂ ਦੇ ਉਲਟ ਕਈ ਵਾਰ ਖੇਡਿਆ ਪਰ ਲਾਹੌਰ ਨ੍ਹੀਂ ਜਾ ਹੋਇਆ। ਅਜੇ ਤਕ ਚੰਡੀਗੜ੍ਹ ਨ੍ਹੀਂ ਦੇਖਿਆ। 'ਕੇਰਾਂ ਜੰਨ ਗਏ ਸੀ, ਦਿੱਲੀ ਕੋਲ ਦੀ ਨੰਘੇ ਪਰ ਦਿੱਲੀ ਨ੍ਹੀਂ ਦੇਖੀ।

"ਜਦੋਂ ਅਸੀਂ ਕੌਡੀ ਖੇਡਦੇ ਤਾਂ ਅੱਠੇ ਜਣੇ 'ਕੱਠੇ ਖੜ੍ਹਦੇ। ਸਾਰਿਆਂ ਨੂੰ ਇਕ ਇਕ ਕੌਡੀ ਜ਼ਰੂਰ ਪਾਉਣੀ ਪੈਂਦੀ। ਰੈਫਰੀ ਕੌਡੀ ਪਾਉਣ ਆਲੇ ਦੇ ਨਾਲ ਨਾਲ ਭੱਜਿਆ ਫਿਰਦਾ, ਬਈ ਕਿਤੇ ਉਹ ਸਾਹ ਨਾ ਲੈ-ਜੇ। ਜੇ ਕਿਸੇ ਦੇ ਤੇਲ ਲਾਇਆ ਹੁੰਦਾ ਤਾਂ ਅਸੀਂ ਮਿੱਟੀ ਮਲ ਦਿੰਦੇ। ਮੈਂ ਖੇਡ ਵਿਚ ਇਕੋ ਵਾਰ ਬੇਈਮਾਨੀ ਕੀਤੀ। ਅਗਲੇ ਦੇ ਸੱਟ ਮਾਰਨ ਲੱਗਾ ਸੀ ਪਰ ਲੱਗ'ਗੀ ਉਲਟੀ ਮੇਰੇ। ਮੱਥਾ ਪਾਟ ਗਿਆ। ਅੱਗੇ ਤੋਂ ਕੰਨਾਂ ਨੂੰ ਹੱਥ ਲਾਏ ਬਈ ਖੇਡ 'ਚ ਬੇਈਮਾਨੀ ਨ੍ਹੀਂ ਕਰਨੀ। ਸਮਾਂ ਬੜਾ ਸਮਰੱਥ ਆ। ਆਹ ਹੁਣ ਜੁਆਕ-ਜੇ ਹਵਾਈ ਜਹਾਜ਼ਾਂ 'ਤੇ ਚੜ੍ਹੇ ਫਿਰਦੇ ਆ। ਅਖੇ ਅਸੀਂ ਇੰਗਲੈਂਡ-ਕਨੇਡਾ ਕੌਡੀ ਖੇਡਣ ਚੱਲੇ ਆਂ। ਸਾਨੂੰ ਕਦੇ ਸੈਂਕਲ ਨ੍ਹੀਂ ਸੀ ਜੁੜਿਆ।

ਖੇਡਦਿਆਂ ਪੈਰ ਦਾ ਪੰਜਾ ਨਿਕਲ ਗਿਆ। ਟੁੱਟ ਕੇ ਜੁੜਿਆ। ਹੁਣ ਜੁੱਤੀ ਨ੍ਹੀਂ ਪੈਂਦੀ। ਦੂਜਾ ਪੈਰ ਵੀ ਦੱਬ ਗਿਆ। ਉਂਗਲਾਂ ਸਾਰੀਆਂ ਈ ਟੁੱਟ ਟੁੱਟ ਕੇ ਜੁੜੀਆਂ। ਖੇਡਣ ਦੇ ਟੈਮ ਅਸੀਂ ਦਾਰੂ ਨ੍ਹੀਂ ਸੀ ਪੀਂਦੇ। ਅੱਠ-ਅੱਠ ਜਣਿਆਂ ਨੇ 'ਕੱਠੇ ਇਕੋ ਥਾਲੀ 'ਚੋਂ ਰੋਟੀ ਖਾਣੀ। ਦੁੱਧ ਦੀ ਬਾਲਟੀ ਨੂੰ ਈ ਮੂੰਹ ਲਾ ਲੈਣਾ। ਬੜਾ ਮੋਹ ਪਿਆਰ ਸੀ ਇਕ ਦੂਜੇ ਨਾਲ। ਸਰਦਾਰ ਜੀ, ਇਥੇ ਮੋਹ ਪਿਆਰ ਈ ਰਹਿ ਜਾਣਾ, ਹੋਰ ਕੁਛ ਨ੍ਹੀਂ ਰਹਿਣਾ। ਕੀ ਹੋਇਆ ਜੇ ਕੌਡੀ 'ਚ ਸੱਟਾਂ ਲੱਗੀਆਂ ਪਰ ਖੇਡਣ ਦਾ ਸੁਆਦ ਤਾਂ ਆਇਆ, ਨਾਂ ਵੀ ਹੋਇਆ। ਅਖੀਰ ਬੰਦੇ ਦਾ ਨਾਂ ਈ ਰਹਿ ਜਾਣਾ। ਪੈਸੇ ਕਿਹੜਾ ਨਾਲ ਲੈ ਜਾਣੇ ਆਂ? ਐਂਗੇ ਵੀ ਇਕ ਅਖਬਾਰ ਆਲਾ ਐਂਟਰਵਿਊ ਕਰਨ ਆਇਆ ਸੀ। ਆਹ ਹੁਣ ਤੁਸੀਂ ਮਿਲ ਚੱਲੇ ਓਂ। ਹੋਰ ਆਪਾਂ ਨੂੰ ਕੀ ਚਾਹੀਦੈ?"

ਮੈਂ ਮਨੋ-ਮਨੀ ਬਿੱਲੂ ਨੂੰ ਦਾਦ ਦਿੱਤੀ। ਬੱਲੇ ਓਏ ਬਿੱਲੂ ਰਾਜੇਆਣੀਆਂ! ਉਹ ਬੁੱਢਾ ਖਿਡਾਰੀ ਨੰਗ-ਮਲੰਗ ਹੋ ਕੇ ਵੀ ਰੱਜਿਆ-ਪੁੱਜਿਆ ਤੇ ਭਰਿਆ-ਭਰਿਆ ਲੱਗ ਰਿਹਾ ਸੀ। ਮੈਂ ਦੇਰ ਤਕ ਸੋਚਦਾ ਰਿਹਾ ਕਿ ਬੰਦਾ ਵੀ ਕੀ ਸ਼ੈਅ ਏ? ਇਕ ਪਾਸੇ ਅੱਜ ਕੱਲ੍ਹ ਦੇ ਖਿਡਾਰੀ, ਜਿਨ੍ਹਾਂ ਨੂੰ ਜਿੰਨੇ ਮਰਜ਼ੀ ਰਜਾਈ ਜਾਓ, ਰੱਜਦੇ ਈ ਨਹੀਂ। ਤੇ ਦੂਜੇ ਪਾਸੇ ਬਿੱਲੂ ਵਰਗੇ ਪੁਰਾਣੇ ਖਿਡਾਰੀ ਜਿਹੜੇ ਭੁੱਖੇ ਰਹਿ ਕੇ ਵੀ ਭੁੱਖ ਦੀ ਬਾਤ ਨਹੀਂ ਪਾਉਂਦੇ। ਮੈਂ ਉਦੋਂ ਲਿਖਿਆ ਸੀ, "ਜਾਣ ਨੂੰ ਤਾਂ ਬਿੱਲੂ ਵੀ ਇਕ ਦਿਨ ਚਲਾ ਜਾਵੇਗਾ ਜਿਵੇਂ ਦੁਨੀਆਂ ਹੈ ਹੋ ਤੁਰੀ ਜਾਂਦੀ ਹੈ। ਪਰ ਬਿੱਲੂ ਵਰਗਿਆਂ ਦੀਆਂ ਬਾਤਾਂ ਫਿਰ ਵੀ ਪੈਂਦੀਆਂ ਰਹਿਣਗੀਆਂ।"

ਬਿੱਲੂ ਦੇ ਅਕਾਲ ਚਲਾਣੇ 'ਤੇ ਉਹਦੀ ਬਾਤ ਪਾਉਣੀ ਹੀ ਮੇਰੀ ਸ਼ਰਧਾਂਜਲੀ ਹੈ।

# ਗੁਜਰਾਤ ਫਾਈਲਾਂ



## ਪਰਦਾਪੋਸ਼ੀ ਦੀ ਚੀਰਫਾੜ

*'ਗੁਜਰਾਤ ਫਾਈਲਾਂ' ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਲਿਖਤ ਹੈ ਜਿਸ ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਇਸ ਖੁਲਾਸੇ ਲਈ ਉਹ ਭੇਸ ਬਦਲ ਕੇ ਰਾਣਾ ਅਯੂਬ ਤੋਂ ਫਿਲਮਸਾਜ਼ ਮੈਥਿਲੀ ਤਿਆਗੀ ਬਣੀ ਅਤੇ ਅੱਠ ਮਹੀਨੇ ਲਾ ਕੇ ਕਤਲੇਆਮ ਦਾ ਸੱਚ ਸਾਹਮਣੇ ਲਿਆਂਦਾ। ਉਸ ਵੇਲੇ ਗੁਜਰਾਤ ਦਾ ਮੁੱਖ ਮੰਤਰੀ ਨਰੇਂਦਰ ਮੋਦੀ ਕਿਉਂਕਿ ਪ੍ਰਧਾਨ ਮੰਤਰੀ ਅਹੁਦੇ ਦਾ ਦਆਵੇਦਾਰ ਬਣ ਚੁੱਕਿਆ ਸੀ, ਰਾਣਾ ਅਯੂਬ ਦੇ ਅਦਾਰੇ 'ਤਹਿਲਕਾ' ਨੇ ਮੋਦੀ ਦੇ ਬਖੀਏ ਉਧੇੜਦੀ ਇਹ ਲਿਖਤ ਛਾਪਣ ਤੋਂ ਕੋਰੀ ਨਾਂਹ ਕਰ ਦਿੱਤੀ। ਮਗਰੋਂ ਉਸ ਨੇ ਕੁਝ ਪ੍ਰਕਾਸ਼ਕਾਂ ਨਾਲ ਵੀ ਸੰਪਰਕ ਸਾਧਿਆ, ਪਰ ਕਿਸੇ ਨੇ ਵੀ ਕਿਤਾਬ ਛਾਪਣ ਲਈ ਹਾਮੀ ਨਹੀਂ ਭਰੀ। ਆਖਰਕਾਰ ਉਸ ਨੇ 'ਗੁਜਰਾਤ ਫਾਈਲਜ਼' ਕਿਤਾਬ ਆਪੇ ਛਾਪ ਲਈ। ਇਸ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। ਪਹਿਲੇ ਕਾਂਡ ਵਿਚ ਮੋਦੀ ਨੂੰ ਸਿੱਧੇ ਟੱਕਰਨ ਦਾ ਖੁਲਾਸਾ ਸੀ, ਐਤਕੀਂ ਦੂਜੇ ਕਾਂਡ ਵਿਚ ਰਾਣਾ ਅਯੂਬ ਵੱਲੋਂ ਅਹਿਮਦਾਬਾਦ ਪੁੱਜ ਕੇ ਕੀਤੀ ਚਾਰਾਜੋਈ ਬਾਰੇ ਦੱਸਿਆ ਗਿਆ ਹੈ। -ਸੰਪਾਦਕ*

# ਪੱਤਰਕਾਰੀ ਤੋਂ ਫਿਲਮਸਾਜ਼ੀ

**ਕਾਂਡ ਦੂਜਾ**

**ਭਾਗ ਪਹਿਲਾ**



*ਅਹਿਮਦਾਬਾਦ 'ਚ ਰਾਣਾ ਅਯੂਬ ਜਦੋਂ ਮੈਥਿਲੀ ਬਣ ਕੇ ਰਹਿ ਰਹੀ ਸੀ।*

ਆਪਣੇ ਸੀਨੀਅਰਾਂ ਨੂੰ ਵਿਸਤ੍ਰਿਤ ਮੇਲ ਭੇਜਣ 'ਤੇ ਉਨ੍ਹਾਂ ਵਲੋਂ ਹੋਰ ਡੂੰਘੀ ਛਾਣਬੀਣ ਲਈ ਦਿੱਤੀ ਹੱਲਾਸ਼ੇਰੀ, ਮੇਰੇ ਸੋਚਣਾ ਸ਼ੁਰੂ ਕਰਨ ਲਈ ਕਾਫੀ ਸੀ। ਗੁਜਰਾਤ ਵਿਚ ਤਿੰਨ ਮਹੀਨੇ ਗੁਜ਼ਾਰਨ ਅਤੇ ਜੋ ਜਾਣਕਾਰੀ ਦੇ ਕੇ ਮੇਰੀ ਮਦਦ ਕਰਨ ਦੇ ਖਾਹਸ਼ਮੰਦ ਸਨ, ਉਨ੍ਹਾਂ ਨੂੰ ਮਿਲਣ ਤੋਂ ਮੈਨੂੰ ਇਲਮ ਹੋ ਗਿਆ ਕਿ ਅਗਲਾ ਰਾਹ ਕਿੰਨਾ ਬਿਖੜਾ ਹੋਵੇਗਾ। ਸੱਤਾ ਦੇ ਅਹੁਦਿਆਂ 'ਤੇ ਬਿਰਾਜਮਾਨ ਬੰਦਿਆਂ, ਜਿਨ੍ਹਾਂ ਨੇ ਸੱਚ ਨੂੰ ਆਪਣੇ ਤਕ ਹੀ ਰੱਖਣ ਦਾ ਰਾਹ ਚੁਣਿਆ ਹੋਇਆ ਸੀ, ਤੋਂ ਸੱਚ ਕੁਰੇਦਣਾ ਸੌਖਾ ਨਹੀਂ ਸੀ। ਮੇਰੇ ਕਿੱਤੇ ਦੇ ਸਾਥੀ ਅਸ਼ੀਸ਼ ਖੇਤਾਨ ਨੇ ਜੋ ਕੱਚਾ ਚਿੱਠਾ ਖੋਲ੍ਹਿਆ ਸੀ, ਉਨ੍ਹਾਂ ਵਿਚ ਕੰਬਣੀ ਛੇੜਨ ਵਾਲੇ ਖੁਲਾਸੇ ਕੀਤੇ ਗਏ ਸਨ। ਇਸ ਵਿਚ ਉਸ ਨੂੰ ਬਾਬੂ ਬਜਰੰਗੀ ਵਰਗਿਆਂ ਤੇ ਹੋਰ ਸਥਾਨਕ ਭਾਜਪਾ ਆਗੂਆਂ ਅਤੇ ਵੀ.ਐਚ.ਪੀ. ਦੇ ਆਗੂਆਂ ਨੇ ਜਦੋਂ 2002 ਕਤਲੋਗਾਰਤ ਦੇ ਬੇਰਹਿਮ ਵੇਰਵੇ ਹੁੱਬ-ਹੁੱਬ ਕੇ ਦੱਸੇ ਤਾਂ ਉਸ ਨੇ ਸਟਿੰਗ ਕਰ ਲਏ ਸਨ। ਮੇਰਾ ਵਾਹ ਐਸੇ ਫਸਾਦੀਆਂ ਨਾਲ ਨਹੀਂ ਸੀ ਜਿਨ੍ਹਾਂ ਦੀ ਹਉਮੈ ਨੂੰ ਥੋੜ੍ਹੇ ਜਿਹੇ ਪੱਠੇ ਪਾਉਣ 'ਤੇ ਹੀ ਉਹ ਆਪਣੀ ਬਹਾਦਰੀ ਦੇ ਕਿੱਸੇ ਸੁਣਾ ਦਿੰਦੇ। ਮੇਰਾ ਵਾਹ ਹੰਢੇ-ਵਰਤੇ, ਸੀਨੀਅਰ ਆਈ.ਪੀ.ਐਸ. ਅਫਸਰਾਂ ਨਾਲ ਪੈ ਰਿਹਾ ਸੀ ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ 'ਰਾਅ' ਅਤੇ ਆਈ.ਬੀ. ਵਿਚ ਕਾਮਯਾਬੀ ਨਾਲ ਕੰਮ ਕੀਤਾ ਹੋਇਆ ਸੀ।

ਇਹ ਮੋਟੀ ਖਲ ਵਾਲੇ ਕੂਟਨੀਤਕ ਸਨ, ਇਨ੍ਹਾਂ ਦੀ ਜ਼ੁਬਾਨ ਖੁੱਲ੍ਹਵਾਉਣ ਲਈ ਐਸੇ ਕਾਬਲ ਅਤੇ ਘਾਗ ਖੋਜੀ ਪੱਤਰਕਾਰ ਦੀ ਮੁਹਾਰਤ ਦਰਕਾਰ ਸੀ ਜਿਸ ਕੋਲ ਤਾਕਤ ਵੀ ਹੋਵੇ ਅਤੇ ਅਥਾਰਟੀ ਵੀ। ਮੇਰੇ ਕੋਲ ਇਨ੍ਹਾਂ ਵਿਚੋਂ ਕੁਝ ਵੀ ਨਹੀਂ ਸੀ। ਵਿਉਂਤਬੰਦੀ ਦੇ ਨਾਲ-ਨਾਲ ਇਸ ਨੂੰ ਅਮਲ ਵਿਚ ਲਿਆਉਣਾ ਵੀ ਪੂਰੀ ਤਰ੍ਹਾਂ ਮੇਰੇ 'ਤੇ ਛੱਡ ਦਿੱਤਾ ਗਿਆ ਸੀ। ਮੈਂ ਇਸ ਨੂੰ ਲੈ ਕੇ ਵੀ ਚੁਕੰਨੀ ਸਾਂ ਕਿ ਮੈਂ ਆਪਣੇ ਦਫਤਰੋਂ ਕਿਸੇ ਜੂਨੀਅਰ ਨੂੰ ਵੀ ਆਪਣੇ ਨਾਲ ਨਹੀਂ ਸੀ ਲਿਜਾ ਸਕਦੀ, ਕਿਉਂਕਿ ਇਸ ਦਾ ਭਾਵ ਹੋਣਾ ਸੀ, ਹੋਰ ਵੀ ਜ਼ਿਆਦਾ ਜੋਖਮ।

ਮੈਨੂੰ ਇਹ ਸਾਫ ਦੱਸ ਦਿੱਤਾ ਗਿਆ ਸੀ ਕਿ ਮੇਰੇ ਸੰਪਾਦਕ ਮੇਰੇ ਕੰਮ ਦੀ ਨਿਗਰਾਨੀ ਕਰਦੇ ਰਹਿਣਗੇ, ਪਰ ਹਰ ਚੀਜ਼ ਨੂੰ ਕਰਨਾ ਮੇਰੀ ਜ਼ਿੰਮੇਵਾਰੀ ਹੋਵੇਗੀ। ਜਦੋਂ ਵੀ ਮੈਂ ਕੋਈ ਖਰੜਾ ਭੇਜਦੀ ਤਾਂ ਸ਼ੋਮਾ ਅਤੇ ਤਰੁਣ ਦੋਹਾਂ ਵਲੋਂ ਮੈਨੂੰ ਐਸੇ ਹੱਲਾਸ਼ੇਰੀ ਵਾਲੇ ਲਫਜ਼ ਸੁਣਨ ਨੂੰ ਮਿਲਦੇ; ਮਸਲਨ 'ਸ਼ਾਨਦਾਰ, ਲੱਗੀ ਰਹਿ' ਜਾਂ 'ਹੈਰਾਨੀਜਨਕ ਖੁਲਾਸਾ।' ਇਸ ਤਰ੍ਹਾਂ ਦੀ ਹੱਲਾਸ਼ੇਰੀ ਮੈਨੂੰ ਹੋਰ ਡੂੰਘੀ ਛਾਣਬੀਣ ਕਰਨ ਲਈ ਉਤਸ਼ਾਹਤ ਜ਼ਰੂਰ ਕਰਦੀ ਰਹੀ, ਪਰ ਮੈਦਾਨ ਵਿਚ ਲੜਨ ਵਾਲੀ ਮੈਂ ਇਕੱਲੀ ਹੀ ਸਾਂ। ਮੈਂ ਆਪਣਾ ਖਿਆਲ ਵੀ ਰੱਖਣਾ ਸੀ ਅਤੇ ਇਹ ਵੀ ਯਕੀਨੀ ਬਣਾਉਣਾ ਸੀ ਕਿ ਛਾਣਬੀਣ ਦੇ ਨਤੀਜੇ ਇਮਾਨਦਾਰ ਅਤੇ ਤੱਥਾਂ 'ਤੇ ਆਧਾਰਤ ਹੋਣ।

ਐਸੇ ਲੋਕ ਸਨ ਜਿਨ੍ਹਾਂ ਨੂੰ ਸੱਚ ਪਤਾ ਸੀ ਅਤੇ ਜਿਨ੍ਹਾਂ ਨੇ ਇਸ ਭੇਤ ਨੂੰ ਛੁਪਾ ਕੇ ਜਿਉਣ ਦੀ ਧਾਰੀ ਹੋਈ ਸੀ ਜਿਵੇਂ ਇਹ ਕਾਂਡ, ਭਾਵ 2002 ਵਿਚ ਜੋ ਬੇਰਹਿਮ ਸਿਆਸੀ ਕਤਲੋਗਾਰਤ ਕੀਤੀ ਗਈ ਸੀ, ਉਨ੍ਹਾਂ ਦੇ ਜੀਵਨ-ਪੰਧ ਦਾ ਹਿੱਸਾ ਹੀ ਨਾ ਹੋਵੇ। 'ਤਹਿਲਕਾ' ਵਰਗੇ ਅਦਾਰੇ ਨਾਲ ਜੁੜੀ ਖੋਜੀ ਪੱਤਰਕਾਰ ਦੇ ਤੌਰ 'ਤੇ, ਮੈਂ ਜਾਣਦੀ ਸਾਂ ਕਿ ਐਸਾ ਹਰ ਦਰਵਾਜ਼ਾ ਮੇਰੇ ਲਈ ਬੰਦ ਸੀ ਜੋ ਇਸ ਮਾਮਲੇ ਵਿਚ ਕੁਝ ਮਦਦ ਕਰ ਸਕਦਾ ਹੋਵੇ। ਮੇਰੇ ਸਾਹਮਣੇ ਇਕੋ ਇਕ ਰਸਤਾ ਉਹੀ ਸੀ ਜੋ ਸੱਚ ਦੀ ਭਾਲ ਵਿਚ ਜੁਟਿਆ ਹਰ ਪੱਤਰਕਾਰ ਆਖਰੀ ਚਾਰਾਜੋਈ ਵਜੋਂ ਇਸਤੇਮਾਲ ਕਰਦਾ ਹੈ, ਆਪਣੀ ਸ਼ਨਾਖਤ ਛੁਪਾ ਲੈਣਾ। ਉਦੋਂ ਮੈਂ ਸਿਰਫ 26 ਸਾਲ ਦੀ ਮੁਸਲਮਾਨ ਕੁੜੀ ਸੀ। ਮੈਂ ਕਦੇ ਵੀ ਆਪਣੀ ਸ਼ਨਾਖਤ ਬਾਰੇ ਸੁਚੇਤ ਨਹੀਂ ਰਹੀ, ਪਰ ਜਦੋਂ ਇਸ ਅੱਗੇ ਮਜ਼੍ਹਬੀ ਲੀਹਾਂ 'ਤੇ ਵੰਡੇ ਸੂਬੇ ਵਿਚ ਜਾਣ ਦਾ ਸਵਾਲ ਆਇਆ ਤਾਂ ਇਨ੍ਹਾਂ ਪੱਖਾਂ ਬਾਰੇ ਮੈਨੂੰ ਸੋਚ-ਵਿਚਾਰ ਕਰਨੀ ਪੈ ਗਈ। ਆਪਣੇ ਪਰਿਵਾਰ ਨੂੰ ਇਹ ਦੱਸਣਾ ਹੀ ਪੈਣਾ ਸੀ ਕਿ ਮੈਂ ਕੀ ਬਣਾਂਗੀ? ਕੀ ਮੈਂ ਉਨ੍ਹਾਂ ਦੀ ਮਦਦ ਤੋਂ ਬਿਨਾ ਇਹ ਕਰਨ ਦੇ ਸਮਰੱਥ ਹੁੰਦੀ?

ਮੇਰਾ ਮਾਸ ਕਮਿਊਨੀਕੇਸ਼ਨ ਕੋਰਸ ਕੀਤਾ ਹੋਣਾ ਇਸ ਵਕਤ ਮੇਰੇ ਕੰਮ ਆਇਆ। ਮੇਰੇ ਜਮਾਤੀਆਂ ਵਿਚ ਐਕਟਰ ਬਣਨ ਦੇ ਅਭਿਲਾਸ਼ੀ ਹੁੰਦੇ ਸਨ ਜਿਨ੍ਹਾਂ ਨੇ ਫਿਲਮ ਸਨਅਤ ਵਿਚ ਆਪਣੀ ਥਾਂ ਬਣਾ ਲਈ ਸੀ। ਅਭਿਨੇਤਰੀ ਰਿਚਾ ਚੱਢਾ ਜੋ ਮੇਰੀ ਜਮਾਤਣ ਸੀ ਤੇ ਇਸ ਵਕਤ ਸਭ ਤੋਂ ਜ਼ਹੀਨ ਫਿਲਮੀ ਨਾਇਕਾਵਾਂ ਵਿਚੋਂ ਇਕ ਹੈ, ਨੇ ਪਿੱਛੇ ਜਿਹੇ ਆਪਣੀ ਇਕ ਗੱਲਬਾਤ ਦੌਰਾਨ ਜ਼ਿਕਰ ਕੀਤਾ ਕਿ ਉਸ ਨੇ ਬਤੌਰ ਪੱਤਰਕਾਰ ਮੇਰੇ ਕੈਰੀਅਰ ਗ੍ਰਾਫ ਅਤੇ ਤਜਰਬਿਆਂ ਨੂੰ ਫਿਲਮ ਤਿਆਰ ਕਰਨ ਲਈ ਚੁਣਿਆ ਜਿਸ ਵਿਚ ਉਸ ਨੇ ਰਿਪੋਰਟਰ ਦੀ ਭੂਮਿਕਾ ਨਿਭਾਉਣੀ ਹੈ। ਇਸੇ ਤਰ੍ਹਾਂ ਹੀ 'ਲੰਮੇ ਸਮੇਂ ਤੋਂ ਮਿਲੇ ਨਹੀਂ' ਦੀ ਕਾਲ ਮੈਂ ਇਕ ਹੋਰ ਐਸੀ ਅਭਿਨੇਤਰੀ ਸਹੇਲੀ ਨੂੰ ਕੀਤੀ ਜਿਸ ਨੂੰ ਮੈਂ ਆਪਣੇ ਸਭ ਤੋਂ ਨੇੜੇ ਸਮਝਦੀ ਸੀ। ਆਪਣੀ ਦੋਸਤ ਦੀ ਸਹਾਇਤਾ ਨਾਲ ਮੈਂ ਉਸ ਦੇ ਮੇਕ-ਅੱਪ ਕਰਤਾ ਤੋਂ ਸਮਾਂ ਲੈ ਲਿਆ। ਅਗਲੇ ਦਿਨ ਮੈਂ ਸਬ-ਅਰਬਨ ਮੁੰਬਈ ਦੇ ਇਕ ਸਟੂਡੀਓ ਵਿਚ ਨਕਲੀ ਵਾਲ ਲਗਾਉਣ ਦੀ ਤਕਨੀਕੀ ਮੁਹਾਰਤ ਸਿਖਦੀ ਹੋਈ ਚਾਹ ਦੀਆਂ ਚੁਸਕੀਆਂ ਲੈ ਰਹੀ ਸੀ। ਮੇਕ-ਅੱਪ ਮਾਹਰ ਜੋ ਤਜਰਬੇਕਾਰ ਬੰਦਾ ਸੀ, ਕੋਲ ਜੋ ਸਟਾਕ ਸੀ, ਉਸ ਵਿਚੋਂ ਕੁਝ ਸਮਾਨ ਦੇ ਕੇ ਉਸ ਨੇ ਮੇਰੀ ਮਦਦ ਕੀਤੀ। ਨਕਲੀ ਵਾਲਾਂ ਨਾਲ ਮੈਂ ਵੱਖਰੀ ਤਾਂ ਨਜ਼ਰ ਆਈ, ਪਰ ਮੈਨੂੰ ਕੁਝ ਬਨਾਉਟੀ ਤੇ ਬੇਢੱਬਾ ਵੀ ਮਹਿਸੂਸ ਹੁੰਦਾ ਸੀ। ਇਹ ਹਾਰ-ਸ਼ਿੰਗਾਰ ਕਾਮਯਾਬ ਨਾ ਹੋਇਆ।

ਫਿਰ ਮੈਨੂੰ ਫੁਰਨਾ ਫੁਰਿਆ ਕਿ ਬਿਹਤਰ ਹੋਵੇਗਾ, ਆਪਣੀ ਪੂਰੀ ਸ਼ਨਾਖਤ ਹੀ ਬਦਲ ਲਈ ਜਾਵੇ। ਜਿਵੇਂ ਮੇਰੀ ਕਿਸਮਤ ਨੂੰ ਮਨਜ਼ੂਰ ਸੀ, ਇਕ ਗਰੁਪ ਆਈ.ਡੀ. ਵਿਚ ਮੈਨੂੰ ਇਕ ਮੇਲ ਮਿਲ ਗਈ ਜਿਸ ਵਿਚ ਮੈਂ ਆਪਣੇ ਇਕ ਕੁਲੀਗ ਦੇ ਸਾਬਕਾ ਜਮਾਤੀਆਂ ਨਾਲ ਸ਼ਾਮਲ ਸੀ ਜੋ ਲਾਸ ਏਂਜਲਸ ਦੀ ਮਸ਼ਹੂਰ ਅਮਰੀਕੀ ਫਿਲਮ ਇੰਸਟੀਚਿਊਟ ਕਾਨਜ਼ਰਵੇਟਰੀ ਵਿਚ ਸੰਸਥਾ ਚਲਾ ਗਿਆ ਸੀ। ਇਹ ਮੇਰੇ ਲਈ 'ਲਾਧੋ ਰੇ, ਲਾਧੋ ਰੇ' ਵਾਲਾ ਪਲ ਸੀ। ਹੁਣ ਇਹੀ ਮੇਰੀ ਸ਼ਨਾਖਤ ਹੋਣੀ ਸੀ। ਅਮਰੀਕਾ ਤੋਂ ਗੁਜਰਾਤ ਵਿਚ ਫਿਲਮ ਬਣਾਉਣ ਆਈ ਕੋਈ ਫਿਲਮਸਾਜ਼। ਫੁਰਨਾ ਬਹੁਤ ਉਤਸ਼ਾਹ ਵਾਲਾ ਸੀ, ਪਰ ਇਸ ਦੇ ਵਿਹਾਰਕ ਹੋਣ ਦੀ ਸੰਭਾਵਨਾ ਅਜੇ ਸੰਭਾਵਨਾ ਦੇ ਦਾਇਰੇ ਵਿਚ ਹੀ ਸੀ।

ਅਗਲੇ ਕੁਝ ਦਿਨ ਮੈਂ ਕੰਜ਼ਰਵੇਟਰੀ ਦੇ ਕੰਮ, ਇਸ ਦੇ ਵਿਦਿਆਰਥੀਆਂ, ਇਸ ਵਲੋਂ ਬਣਾਈਆਂ ਫਿਲਮਾਂ ਦਾ ਮੁਤਾਲਿਆ ਕਰਦਿਆਂ ਅਤੇ ਗੁਜਰਾਤ ਬਾਰੇ ਬਣੀਆਂ ਫਿਲਮਾਂ ਦੇ ਵਿਸ਼ਾ-ਵਸਤੂ ਬਾਰੇ ਖੋਜ ਕਰਦਿਆਂ ਗੁਜ਼ਾਰੇ। ਆਖਿਰਕਾਰ, ਮੈਂ ਫਿਲਮ ਦਾ ਵਿਸ਼ਾ-ਵਸਤੂ ਇਹ ਸੋਚ ਕੇ ਖੁੱਲ੍ਹਾ ਛੱਡ ਲਿਆ ਕਿ ਜਿਨ੍ਹਾਂ ਕਿਰਦਾਰਾਂ ਨੂੰ ਮੈਂ ਫਿਲਮ ਦੀ ਕਹਾਣੀ ਵਿਚ ਮਿਲਾਂਗੀ, ਇਹ ਉਨ੍ਹਾਂ ਦੇ ਹੁੰਗਾਰੇ 'ਤੇ ਮੁਨੱਸਰ ਹੋਵੇਗਾ ਜਿਸ ਦੀ ਅਜੇ ਪਟਕਥਾ ਕੋਈ ਨਹੀਂ। ਮੈਨੂੰ ਕੋਈ ਨਾਂ ਤਾਂ ਰੱਖਣਾ ਹੀ ਪੈਣਾ ਸੀ। ਕੋਈ ਐਸਾ ਜੋ ਨਿੱਘ ਵਾਲਾ ਤੇ ਰੂੜ੍ਹੀਵਾਦੀ ਵੀ ਹੋਵੇ ਅਤੇ ਇਹ ਤਕੜਾ ਪੈਗਾਮ ਵੀ ਦਿੰਦਾ ਹੋਵੇ।

ਮੈਂ ਇਹ ਇਕਬਾਲ ਕਰ ਲਵਾਂ ਕਿ ਫਿਲਮਾਂ ਦੇਖਣ ਦੀ ਰੁਚੀ ਇਥੇ ਮੇਰੇ ਬਹੁਤ ਕੰਮ ਆਈ। ਮੈਂ ਹਿੰਦੀ ਫਿਲਮਾਂ ਦੇਖਣ ਦੀ ਸ਼ੁਕੀਨ ਹਾਂ ਅਤੇ ਮੈਨੂੰ ਚੇਤੇ ਹੈ, ਉਦੋਂ ਮੈਂ ਜੋ ਫਿਲਮਾਂ ਦੇਖੀਆਂ, ਉਨ੍ਹਾਂ ਵਿਚੋਂ ਇਕ ਸੀ ਰਾਜਕੁਮਾਰ ਸੰਤੋਸ਼ੀ ਦੀ 'ਲੱਜਾ'। ਇਹ ਮੈਂ ਦਿੱਲੀ ਤੋਂ ਮੁੰਬਈ ਦੇ ਹਵਾਈ ਸਫਰ ਦੌਰਾਨ ਦੇਖੀ ਸੀ। ਫਿਲਮ ਦੇ ਜ਼ਬਰਦਸਤ ਔਰਤ ਕਿਰਦਾਰ ਇਸ ਦੇ ਮੰਡੀਕਰਨ ਦੀ ਰਣਨੀਤੀ ਵਿਚੋਂ ਲਏ ਗਏ ਸਨ, ਮਾਧੁਰੀ ਦੀਕਸ਼ਤ ਅਤੇ ਮਨੀਸ਼ਾ ਕੋਇਰਾਲਾ ਸਮੇਤ ਇਸ ਦੀਆਂ ਮੁੱਖ ਅਭਿਨੇਤਰੀਆਂ ਦੇ ਕਲਾ ਦੇ ਜੌਹਰ ਇਸ ਪੱਖ ਨੂੰ ਹੋਰ ਮਜ਼ਬੂਤ ਕਰਦੇ ਸਨ। ਫਿਲਮ ਵਿਚ ਕੋਇਰਾਲਾ ਨੇ ਮੈਥਿਲੀ ਨਾਂ ਦਾ ਕਿਰਦਾਰ ਨਿਭਾਇਆ ਜੋ ਹਿੰਦੁਸਤਾਨੀ ਔਰਤਾਂ ਦੀਆਂ ਜ਼ਿੰਦਗੀਆਂ ਅਤੇ ਜਾਤ ਤੇ ਜਿਨਸੀ ਜਬਰ ਨੂੰ ਸਾਹਮਣੇ ਲਿਆਉਂਦਾ ਸੀ। ਮੈਥਿਲੀ ਭਗਵਾਨ ਰਾਮ ਦੀ ਪਤਨੀ ਸੀਤਾ ਦਾ ਨਾਂ ਵੀ ਸੀ। ਨਾਂ ਐਸਾ ਟੁਣਕਵਾਂ ਸੀ ਕਿ ਇਹੀ ਪੱਕਾ ਹੋ ਗਿਆ। ਫਿਰ ਮੈਂ ਐਸੇ ਉਪ ਨਾਂ ਦੀ ਤਲਾਸ਼ ਕਰਨ ਲੱਗੀ ਜੋ ਆਮ ਵੀ ਹੋਵੇ ਅਤੇ ਜੋ ਬ੍ਰਾਹਮਣ ਜਾਂ ਦਲਿਤ ਦਰਜੇ ਨੂੰ ਦਰਸਾਉਂਦੀ ਕਿਸੇ ਤਰ੍ਹਾਂ ਦੀ ਹੈਂਕੜਬਾਜ਼ੀ ਦਾ ਸੰਕੇਤ ਵੀ ਨਾ ਹੋਵੇ, ਉਸ ਵਿਚੋਂ 'ਮੈਥਿਲੀ ਤਿਆਗੀ' ਦਾ ਜਨਮ ਹੋਇਆ। ਮੇਰਾ ਵਿਜ਼ਟਿੰਗ ਕਾਰਡ ਇੰਜ ਬਣਿਆ: ਮੈਥਿਲੀ ਤਿਆਗੀ, ਇੰਡੀਪੈਂਡੈਂਟ ਫਿਲਮਮੇਕਰ, ਅਮੈਰਿਕਨ ਫਿਲਮ ਇੰਸਟੀਚਿਊਟ ਕੰਜ਼ਰਵੇਟਰੀ।

ਲੇਕਿਨ ਇਸ ਤੋਂ ਪਹਿਲਾਂ ਕਿ ਮੈਂ ਗੁਜਰਾਤ ਲਈ ਮੁੜ ਰਵਾਨਾ ਹੁੰਦੀ, ਮੈਨੂੰ ਕਾਬਿਲ ਸਹਿਯੋਗੀ ਦੀ ਲੋੜ ਸੀ ਜੋ ਛੇਤੀ ਹੀ ਮੇਰੇ ਨਾਲ ਆ ਜੁੜਿਆ ਅਤੇ ਜਿਸ ਦੀ ਮੌਜੂਦਗੀ ਦਾ ਮੇਰੀ ਜ਼ਿੰਦਗੀ ਉਪਰ ਡੂੰਘਾ ਅਸਰ ਹੋਵੇਗਾ। ਮਾਈਕ (ਨਾਂ ਬਦਲਿਆ ਹੋਇਆ) ਫਰਾਂਸ ਵਿਚ ਸਾਇੰਸ ਦਾ ਵਿਦਿਆਰਥੀ ਸੀ ਜੋ ਵਿਦਿਆਰਥੀਆਂ ਦੇ ਆਦਾਨ-ਪ੍ਰਦਾਨ ਪ੍ਰੋਗਰਾਮ ਤਹਿਤ ਹਿੰਦੁਸਤਾਨ ਆਇਆ ਹੋਇਆ ਸੀ। ਮਾਈਕ ਹਿੰਦੁਸਤਾਨ ਵਿਚ ਰਹਿ ਕੇ ਹਿੰਦੁਸਤਾਨੀ ਪੱਤਰਕਾਰਾਂ ਨਾਲ ਕੰਮ ਕਰਨਾ ਚਾਹੁੰਦਾ ਸੀ। ਮੈਂ ਆਪਣੇ ਵਲੋਂ ਕੀਤੀ ਜਾਣ ਵਾਲੀ ਛਾਣਬੀਣ ਦੀ ਕੋਈ ਤਫਸੀਲ ਦਿੱਤੇ ਬਗੈਰ, ਪਰ ਸੰਭਵ ਹੱਦ ਤਕ ਇਮਾਨਦਾਰ ਰਹਿਣ ਦੀ ਵਾਹ ਲਾਉਂਦੇ ਹੋਏ ਉਸ ਨੂੰ ਮੇਲ ਕੀਤੀ।

ਮੈਂ ਦੱਸਿਆ ਕਿ ਮੈਨੂੰ ਗੈਰਹਿੰਦੁਸਤਾਨੀ ਸਾਥੀ ਦੀ ਜ਼ਰੂਰਤ ਸੀ ਜੋ ਮੇਰੇ ਨਾਲ ਫਿਲਮ ਉਪਰ ਕੰਮ ਕਰਨ ਦਾ ਵਿਖਾਵਾ ਕਰ ਸਕੇ। ਇਹ ਲੰਮੀ-ਚੌੜੀ, ਬਹੁਤ ਹੀ ਸੰਵੇਦਨਸ਼ੀਲ ਛਾਣਬੀਣ ਦਾ ਹਿੱਸਾ ਹੋਵੇਗਾ। ਮੈਂ ਉਸ ਨੂੰ ਚੇਤਾਵਨੀ ਵੀ ਦੇ ਦਿੱਤੀ ਕਿ ਮਾਈਕ ਜਾਣਕਾਰੀ ਦੀ ਤਫਸੀਲ ਦਾ ਹਮਰਾਜ਼ ਨਹੀਂ ਹੋਵੇਗਾ। ਉਹ ਤਾਂ ਬਸ ਮੇਰੀ ਸ਼ਨਾਖਤ ਨੂੰ ਪ੍ਰਮਾਣਿਕ ਬਣਾਉਣ ਲਈ 'ਫਿਰੰਗੀ, ਗੋਰਾ' ਚਿਹਰਾ ਹੋਵੇਗਾ।

ਆਪਣੇ ਨਵੇਂ ਵਿਜ਼ਿਟਿੰਗ ਕਾਰਡਾਂ, ਗੂੜ੍ਹੇ ਸਲੇਟੀ ਲੈਂਜਾਂ ਦੇ ਜੋੜੇ, ਵਾਲ ਸਿੱਧੇ ਕਰਨ ਵਾਲਾ ਚਿਮਟਾ, ਸਿਰ 'ਤੇ ਬੰਨ੍ਹਣ ਲਈ ਰੰਗ-ਬਰੰਗੇ ਰੁਮਾਲਾਂ ਨਾਲ ਲੈਸ ਹੋ ਕੇ ਮੈਂ ਹਵਾਈ ਉਡਾਣ ਰਾਹੀਂ ਅਹਿਮਦਾਬਾਦ ਆ ਗਈ। ਮਾਈਕ ਨੇ ਦੋ ਦਿਨ ਬਾਅਦ ਆਉਣਾ ਸੀ। ਮੈਂ ਤੁਰੰਤ ਮੈਥਲੀ ਤਿਆਗੀ ਦੇ ਨਾਂ 'ਤੇ ਨਵਾਂ ਸਿਮ ਕਾਰਡ ਖਰੀਦ ਲਿਆ। ਮੈਂ ਹੈਰਾਨ ਸੀ ਕਿ ਅਹਿਮਦਾਬਾਦ ਵਿਚਲੇ ਆਪਣੇ ਫਰਜ਼ੀ 'ਸਰਪ੍ਰਸਤ ਪਰਿਵਾਰ' ਵਲੋਂ ਜੁਟਾਏ ਦਸਤਾਵੇਜ਼ਾਂ ਦੀ ਮਦਦ ਨਾਲ ਮੈਂ ਕਿੰਨੀ ਅਸਾਨੀ ਨਾਲ ਇਹ ਹਾਸਲ ਕਰ ਲਿਆ ਸੀ। ਛਾਣਬੀਣ ਦਾ ਕੰਮ ਲੰਮਾ ਸਮਾਂ ਚਲਣਾ ਸੀ। ਆਲੀਸ਼ਾਨ ਹੋਟਲ ਵਿਚ ਰਹਿਣ ਦਾ ਸ਼ਾਹੀ ਖਰਚਾ ਨਾ ਮੈਂ ਦੇ ਸਕਦੀ ਸੀ ਅਤੇ ਨਾ ਮੇਰੀ ਸੰਸਥਾ। ਮੈਂ ਸੰਘਰਸ਼ਸ਼ੀਲ ਫਿਲਮਸਾਜ਼ ਦਾ ਕਿਰਦਾਰ ਵੀ ਤਾਂ ਨਿਭਾ ਰਹੀ ਸਾਂ ਜਿਸ ਦੇ ਵਿਤੀ ਵਸੀਲੇ ਵੀ ਸੀਮਤ ਸਨ। ਇਸ ਤਰ੍ਹਾਂ ਦੇ ਰੈਣ-ਬਸੇਰੇ ਦਾ ਇੰਤਜ਼ਾਮ ਕੋਈ ਸਥਾਨਕ ਬੰਦਾ ਹੀ ਕਰ ਸਕਦਾ ਸੀ। ਇਸ ਵਕਤ ਮੇਰਾ ਕਲਾਕਾਰ ਮਿੱਤਰ ਕੰਮ ਆਇਆ ਜਿਸ ਦੇ ਅਹਿਮਦਾਬਾਦ ਦੇ ਸਾਹਿਤਕ ਅਤੇ ਸਭਿਆਚਾਰਕ ਹਲਕਿਆਂ ਨਾਲ ਚੰਗੇ ਸਬੰਧ ਸਨ। ਉਹ ਐਨਾ ਦਿਆਲੂ ਸੁਭਾਅ ਦਾ ਸੀ ਕਿ ਬਹੁਤੇ ਸਵਾਲ ਵੀ ਨਹੀਂ ਸੀ ਪੁੱਛਦਾ। ਇਹ ਤੱਥ ਕਿ ਮੈਂ ਹੀ ਉਹ ਪੱਤਰਕਾਰ ਸੀ ਜਿਸ ਦੀ ਛਾਣਬੀਣ ਨੇ ਗੁਜਰਾਤ ਦੇ ਗ੍ਰਿਹ ਮੰਤਰੀ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਕਰਾਇਆ ਸੀ, ਉਸ ਲਈ ਆਪਣਾ ਰਸੂਖ ਇਸਤੇਮਾਲ ਕਰ ਕੇ ਇਕ ਵਿਦਿਅਕ ਸੰਸਥਾ, ਨਹਿਰੂ ਫਾਊਂਡੇਸ਼ਨ ਵਿਖੇ ਰੈਣ-ਬਸੇਰਾ ਹਾਸਲ ਕਰਨ 'ਚ ਮੇਰੀ ਮਦਦ ਕਰਨ ਲਈ ਕਾਫੀ ਸੀ।

*ਮੇਰੀ ਸੂਚੀ ਵਿਚ ਪਹਿਲਾ ਨਾਂ ਜੀ.ਐਲ. ਸਿੰਘਲ ਦਾ ਸੀ ਜਿਸ ਨੂੰ ਉਦੋਂ ਗੁਜਰਾਤ ਦੇ ਏ.ਟੀ.ਐਸ. ਦਾ ਮੁਖੀ ਲਾਇਆ ਹੋਇਆ ਸੀ। ਸਿੰਘਲ ਦੀ ਇਸ਼ਰਤ ਜਹਾਂ 'ਫਰਜ਼ੀ' ਮੁਕਾਬਲੇ ਦੇ ਮਾਮਲੇ ਵਿਚ ਭੂਮਿਕਾ ਨੂੰ ਲੈ ਕੇ ਜਾਂਚ ਚਲ ਰਹੀ ਸੀ। ਆਪਣੇ ਅਫ਼ਸਰ ਮਿੱਤਰਾਂ ਅਤੇ ਪੱਤਰਕਾਰਾਂ ਤੋਂ ਮੈਨੂੰ ਜਾਣਕਾਰੀ ਮਿਲੀ ਸੀ ਕਿ ਉਸ ਨੇ ਖ਼ੁਦ ਨੂੰ ਅਲੱਗ-ਥਲੱਗ ਕੀਤਾ ਹੋਇਆ ਸੀ। ਉਸ ਦੇ ਮਿੱਤਰ ਬਹੁਤ ਥੋੜ੍ਹੇ ਸਨ ਅਤੇ ਉਹ ਮੀਡੀਆ ਨੂੰ ਉਕਾ ਨਹੀਂ ਸੀ ਮਿਲਦਾ।*



*ਜੀ.ਐਲ. ਸਿੰਘਲ*

ਫਾਊਂਡੇਸ਼ਨ ਵਿਚ ਹੋਸਟਲ ਦੀ ਵਾਰਡਨ ਨਾਲ ਮੇਰਾ ਤੁਆਰਫ ਫਿਲਮਸਾਜ਼ ਵਜੋਂ ਕਰਾਇਆ ਗਿਆ ਜਿਸ ਨੇ ਇਕੇਰਾਂ ਮੇਰੇ 'ਤੇ ਨਜ਼ਰ ਮਾਰੀ ਅਤੇ ਫਿਰ ਮੇਰੀ ਮਦਦ ਕਰਨ ਲਈ ਆਏ ਦੋਸਤ ਨਾਲ ਗੱਲੀਂ ਜੁੱਟ ਗਈ। ਮੈਂ 250 ਰੁਪਏ ਰੋਜ਼ਾਨਾ ਕਿਰਾਏ ਉਪਰ ਆਪਣੇ ਲਈ 250 ਵਰਗ ਫੁੱਟ ਦਾ ਕਮਰਾ ਲੈਣ ਵਿਚ ਕਾਮਯਾਬ ਹੋ ਗਈ ਜਿਸ ਦੇ ਅੰਦਰ ਹੀ ਗੁਸਲਖ਼ਾਨਾ ਬਣਿਆ ਹੋਇਆ ਸੀ। ਜਿਵੇਂ ਵਾਪਰਦਾ ਹੈ, ਹੋਸਟਲ ਵਿਚ ਰਹਿਣ ਵਾਲੇ ਮੇਰੇ ਨਾਲ ਦੇ ਕਿਰਾਏਦਾਰਾਂ ਨੇ ਮੇਰੀ ਛਾਣਬੀਣ ਵਿਚ ਅਹਿਮ ਕਿਰਦਾਰ ਨਿਭਾਏ। ਉਹ ਯੂਰਪ ਦੇ ਵੱਖੋ-ਵੱਖਰੇ ਹਿੱਸਿਆਂ- ਜਰਮਨੀ, ਗ੍ਰੀਨਲੈਂਡ ਅਤੇ ਲੰਡਨ ਤੋਂ ਆਏ ਵਿਦਿਆਰਥੀ ਸਨ।

ਹੋਸਟਲ ਦਾ ਡੀਨ ਜਾਂ ਮੈਨੇਜਰ ਮਾਣਿਕ ਭਾਈ (ਜਾਅਲੀ ਨਾਂ) ਮੇਰਾ ਪਹਿਲਾ ਵਾਕਫਕਾਰ ਸੀ। ਮੇਰਾ ਉਸ ਨਾਲ ਤੁਆਰਫ ਇੰਜ ਕਰਾਇਆ ਗਿਆ, "ਮੈਡਮ ਇਥੇ ਗੁਜਰਾਤ ਬਾਰੇ ਫਿਲਮ ਬਣਾਉਣ ਆਈ ਹੋਈ ਏ।" ਮਾਣਿਕ ਭਾਈ ਬੋਲੇ, "ਬਹੁਤ ਖੂਬ! ਮੇਰੇ ਸ਼ਹਿਰ ਅਤੇ ਸਾਡੇ ਸੀ.ਐਮ. ਬਾਰੇ ਚੰਗੀਆਂ ਗੱਲਾਂ ਦੱਸਣਾ। ਇਹ ਅਹਿਮਦਾਬਾਦ ਬੜਾ ਖੂਬਸੂਰਤ ਸ਼ਹਿਰ ਹੈ।" ਉਸ ਨੇ ਇਕੋ ਸਾਹ ਮੈਨੂੰ ਪੂਰੇ ਸ਼ਹਿਰ ਦੀ ਝਲਕ ਪੇਸ਼ ਕਰਦਿਆਂ ਦੱਸਿਆ। ਮੇਰੇ ਕਮਰੇ ਵਿਚ ਇਕਹਿਰੇ ਬੈੱਡ, ਲਿਖਣ ਲਈ ਮੇਜ਼ ਅਤੇ ਕਿਤਾਬਾਂ ਰੱਖਣ ਵਾਲੇ ਸਟੈਂਡ ਲਈ ਚੋਖੀ ਜਗ੍ਹਾ ਸੀ, ਪਰ ਹੋਸਟਲ ਦੀ ਲੋਕੇਸ਼ਨ ਥਾਂ ਦੀ ਘਾਟ ਪੂਰੀ ਕਰਦੀ ਸੀ। ਗੁਜਰਾਤ ਦੇ ਸ਼ਾਹੀ ਅਤੇ ਕੇਂਦਰੀ ਇਲਾਕਿਆਂ ਵਿਚ ਸਥਿਤ ਇਹ ਥਾਂ ਅਗਲੇ ਛੇ ਮਹੀਨਿਆਂ ਲਈ ਆਪਣੇ

(ਬਾਕੀ ਅਗਲੇ ਸਫੇ 'ਤੇ)

*ਰਾਜਕੁਮਾਰ ਸੰਤੋਸ਼ੀ ਦੀ ਫਿਲਮ 'ਲੱਜਾ' ਦੇ ਜ਼ਬਰਦਸਤ ਔਰਤ ਕਿਰਦਾਰ ਇਸ ਦੇ ਮੰਡੀਕਰਨ ਦੀ ਰਣਨੀਤੀ ਵਿਚੋਂ ਲਏ ਗਏ ਸਨ। ਫਿਲਮ ਵਿਚ ਕੋਇਰਾਲਾ ਨੇ ਮੈਥਿਲੀ ਨਾਂ ਦਾ ਕਿਰਦਾਰ ਨਿਭਾਇਆ ਜੋ ਹਿੰਦੁਸਤਾਨੀ ਔਰਤਾਂ ਦੀਆਂ ਜ਼ਿੰਦਗੀਆਂ ਅਤੇ ਜਾਤ ਤੇ ਜਿਨਸੀ ਜਬਰ ਨੂੰ ਸਾਹਮਣੇ ਲਿਆਉਂਦਾ ਸੀ। ਮੈਥਿਲੀ ਭਗਵਾਨ ਰਾਮ ਦੀ ਪਤਨੀ ਸੀਤਾ ਦਾ ਨਾਂ ਵੀ ਸੀ। ਨਾਂ ਐਸਾ ਟੁਣਕਵਾਂ ਸੀ ਕਿ ਇਹੀ ਪੱਕਾ ਹੋ ਗਿਆ। ਫਿਰ ਮੈਂ ਐਸੇ ਉਪ ਨਾਂ ਦੀ ਤਲਾਸ਼ ਕਰਨ ਲੱਗੀ ਜੋ ਆਮ ਵੀ ਹੋਵੇ ਅਤੇ ਜੋ ਬ੍ਰਾਹਮਣ ਜਾਂ ਦਲਿਤ ਦਰਜੇ ਨੂੰ ਦਰਸਾਉਂਦੀ ਕਿਸੇ ਤਰ੍ਹਾਂ ਦੀ ਹੈਂਕੜਬਾਜ਼ੀ ਦਾ ਸੰਕੇਤ ਵੀ ਨਾ ਹੋਵੇ, ਉਸ ਵਿਚੋਂ 'ਮੈਥਿਲੀ ਤਿਆਗੀ' ਦਾ ਜਨਮ ਹੋਇਆ। ਮੇਰਾ ਵਿਜ਼ਟਿੰਗ ਕਾਰਡ ਇੰਵ ਬਣਿਆ: ਮੈਥਿਲੀ ਤਿਆਗੀ, ਇੰਡੀਪੈਂਡੈਂਟ ਫਿਲਮਮੇਕਰ, ਅਮੈਰਿਕਨ ਫਿਲਮ ਇੰਸਟੀਚਿਊਟ ਕਾਨਜ਼ਰਵੇਟਰੀ।*

ਘਰ ਤੋਂ ਦੂਰ ਮੇਰਾ ਘਰ ਹੋਵੇਗੀ।

ਅਗਲੀ ਸਵੇਰ ਮਾਈਕ ਆ ਗਿਆ, 19 ਸਾਲ ਦਾ ਉਚਾ-ਲੰਮਾ ਉਘੜ-ਦੁਗੜੇ ਵਾਲਾਂ ਵਾਲਾ ਹਸਮੁੱਖ ਫਰਾਂਸੀਸੀ ਮੁੰਡਾ। ਮੈਂ ਉਸ ਨੂੰ ਆਪਣੇ ਦੋਸਤ ਦੇ ਘਰ ਮਿਲੀ ਜਿਥੇ ਮੈਂ ਉਸ ਨੂੰ ਆਪਣੇ ਨਾਲ ਹੋਸਟਲ ਲਿਆਉਣ ਤੋਂ ਪਹਿਲਾਂ ਉਸ ਵਲੋਂ ਨਿਭਾਈ ਜਾਣ ਵਾਲੀ ਭੂਮਿਕਾ ਸਮਝਾ ਦਿੱਤੀ।

ਮਾਣਿਕ ਭਾਈ ਨੇ ਅਗਲੇ ਇਕ ਮਹੀਨੇ ਲਈ ਮੇਰੇ ਨਾਲ ਵਾਲਾ ਕਮਰਾ ਮਾਈਕ ਨੂੰ ਦੇਣ ਲਈ ਫਰਾਖਦਿਲੀ ਦਿਖਾਈ। ਇਹ ਪ੍ਰਤੱਖ ਸੀ ਕਿ ਮਾਈਕ ਦੇ 'ਕੇਮ ਛੋ' ਦੇ ਉਸ ਉਪਰ ਪਾਏ ਪ੍ਰਭਾਵ ਨੇ ਵੀ ਇਸ ਵਿਚ ਆਪਣੀ ਭੂਮਿਕਾ ਨਿਭਾਈ ਸੀ। ਮਾਈਕ ਸਿਖਾਂਦਰੂ ਸੀ, ਹੋਰ ਸੰਸਕ੍ਰਿਤੀਆਂ ਨੂੰ ਘੋਖਣ ਅਤੇ ਸਮਝਣ ਨਾਲ ਉਸ ਨੂੰ ਬਹੁਤ ਮੋਹ ਸੀ, ਪਰ ਖਾਣਾ ਉਸ ਦੀ ਖਾਸ ਪਸੰਦ ਸੀ। ਉਸ ਸ਼ਾਮ ਨੂੰ ਸਾਡਾ ਪਹਿਲਾ ਖਾਣਾ ਅਹਿਮਦਾਬਾਦ ਦੇ 'ਪਕਵਾਨ' ਨਾਂ ਦੇ ਮਸ਼ਹੂਰ ਥਾਲੀ ਜਾਇੰਟ ਵਿਖੇ ਸੀ। ਜਿਵੇਂ ਮੈਂ ਤੇ ਮਾਈਕ ਹੁਣ ਵੀ ਚੇਤੇ ਕਰ ਕੇ ਖੁਸ਼ ਹੋ ਲੈਂਦੇ ਹਾਂ, ਉਸ ਰਾਤ ਮਾਈਕ ਘੱਟੋ-ਘੱਟ ਦੋ ਦਰਜਨ ਪੂਰੀਆਂ ਅਤੇ ਛੇ ਕਟੋਰੇ ਹਲਵੇ ਦੇ ਚਟਮ ਕਰ ਗਿਆ ਸੀ ਜੋ ਮੇਰੇ ਲਈ ਬੁਝਾਰਤ ਤੋਂ ਘੱਟ ਨਹੀਂ ਸੀ।

ਜਦੋਂ ਖਾਣ ਖਾਣ ਪਿਛੋਂ ਅਸੀਂ ਹੋਸਟਲ ਦੀਆਂ ਪੌੜੀਆਂ ਚੜ੍ਹ ਕੇ ਉਪਰ ਪਹੁੰਚੇ, ਉਸ ਨੇ ਮੈਨੂੰ ਪੁੱਛਿਆ, "ਜਦੋਂ ਅਸੀਂ ਇਕੱਲੇ ਹੀ ਹੋਈਏ, ਕੀ ਉਦੋਂ ਮੈਂ ਤੁਹਾਨੂੰ ਰਾਣਾ ਕਹਿ ਕੇ ਬੁਲਾ ਸਕਦਾ ਹਾਂ?"

"ਨਹੀਂ ਬਿਲਕੁਲ ਨਹੀਂ, ਜਦੋਂ ਤਕ ਤੂੰ ਇਸ ਮੁਲਕ ਤੋਂ ਰੁਖਸਤ ਨਹੀਂ ਹੁੰਦਾ, ਮੈਂ ਤੇਰੇ ਲਈ ਮੈਥਿਲੀ ਹੀ ਹੋਵਾਂਗੀ।" ਮਾਈਕ ਨੇ ਆਪਣਾ ਇਕਰਾਰ ਨਿਭਾਇਆ। ਪੈਰਿਸ ਲਈ ਰਵਾਨਾ ਹੋਣ ਤੋਂ ਪਹਿਲਾਂ ਉਸ ਨੇ ਮੇਰੇ ਲਈ ਜੋ ਅਲਵਿਦਾਈ ਕਾਰਡ ਛੱਡਿਆ, ਉਸ ਉਪਰ ਹਿੰਦੀ ਵਿਚ ਇਹ ਇਬਾਰਤ ਲਿਖੀ ਹੋਈ ਸੀ, 'ਪਿਆਰੀ ਮੈਥਿਲੀ, ਅਪਨਾ ਖਯਾਲ ਰਖਨਾ -ਮਾਈਕ।'

ਅਸੀਂ ਨਹਿਰੂ ਫਾਊਂਡੇਸ਼ਨ ਵਿਖੇ ਆਪਣੇ ਪਹਿਲੇ ਕੁਝ ਦਿਨ ਆਪਣੀ ਨਵੀਂ ਜ਼ਿੰਦਗੀ ਦੀ ਆਦਤ ਪਾਉਂਦਿਆਂ ਗੁਜ਼ਾਰੇ। ਮਾਈਕ ਆਪਣੇ ਕਮਰੇ ਵਿਚ ਫਰੈਂਚ-ਹਿੰਦੀ ਅਨੁਵਾਦ ਦੀ ਕਿਤਾਬ ਲੈ ਕੇ ਬੈਠ ਜਾਂਦਾ, ਨਾਲੇ ਮੈਨੂੰ ਸਵਾਲ ਪੁੱਛਦਾ ਰਹਿੰਦਾ ਅਤੇ ਨਾਲੇ ਮਾਰਕ ਤੁਲੀ ਦੀ ਕਿਤਾਬ ਪੜ੍ਹਦਾ ਰਹਿੰਦਾ। ਉਸ ਦੀ ਉਮਰ ਲਈ ਮਾਰਕ ਬਹੁਤ ਹੀ ਪੜ੍ਹਿਆ-ਲਿਖਿਆ, ਹੁਸ਼ਮਤੀਆ ਸੀ ਜਿਸ ਕੋਲ ਤਿੱਖਾ, ਵਿਸ਼ਲੇਸ਼ਣੀ ਦਿਮਾਗ ਸੀ। ਉਹ ਤੇਜ਼ੀ ਨਾਲ ਹਰ ਤਫਸੀਲ ਆਤਮਸਾਤ ਕਰ ਲੈਂਦਾ ਸੀ। ਫਾਊਂਡੇਸ਼ਨ ਦੀ ਕੈਂਟੀਨ ਤੋਂ 25 ਰੁਪਏ ਵਿਚ ਦੁਪਹਿਰ ਦਾ ਖਾਣਾ ਮਿਲ ਜਾਂਦਾ ਸੀ। ਇਥੇ ਬੈਠਿਆਂ ਨੂੰ ਇਮਾਰਤ ਦੇ ਅੰਦਰ ਤਰਾਸ਼ ਕੇ ਬਣਾਈਆਂ ਪੌੜੀਆਂ ਅਤੇ ਸੰਸਥਾ ਦਾ ਚਬੂਤਰਾ ਨਜ਼ਰ ਆਉਂਦੇ ਸਨ ਜਿਸ ਤੋਂ ਪਾਰ ਦਿਲਕਸ਼ ਜੰਗਲ ਸੀ। ਹਰ ਦੁਪਹਿਰ ਮੈਂ ਤੇ ਮਾਈਕ ਆਪੋ-ਆਪਣੇ ਲੈਪਟਾਪ ਲੈ ਕੇ ਚਬੂਤਰੇ 'ਤੇ ਜਾ ਬੈਠਦੇ ਅਤੇ ਉਥੇ ਨਾਲੇ ਖਾਣਾ ਖਾਂਦੇ ਤੇ ਨਾਲੇ ਆਪੋ-ਆਪਣਾ ਕੰਮ ਕਰੀ ਜਾਂਦੇ। ਉਹ ਮੈਨੂੰ ਪੁੱਛ ਲੈਂਦਾ, "ਅੱਛਾ ਮੈਥਿਲੀ, ਕੀ ਵਿਉਂਤ ਬਣਾਈ? ਅਸੀਂ ਕਿਸ ਨੂੰ ਮਿਲਣ ਜਾ ਰਹੇ ਹਾਂ?" ਤੇ ਮੈਂ ਆਪਣੀ ਗੱਲ ਦੁਹਰਾ ਦਿੰਦੀ, "ਜਦੋਂ ਸਹੀ ਵਕਤ ਆਇਆ, ਦੱਸ ਦਿਆਂਗੀ।"

ਸ਼ਾਮ ਨੂੰ ਮਾਈਕ ਤੇ ਮੈਂ ਆਪੋ-ਆਪਣੇ ਕੈਮਰੇ ਚੁੱਕ ਲੈਂਦੇ ਅਤੇ ਸ਼ੂਟ ਕਰਨ ਲਈ ਪੁਰਾਣੇ ਸ਼ਹਿਰ ਵਿਚ ਚਲੇ ਜਾਂਦੇ। ਦੋਹਾਂ ਨੂੰ ਫੋਟੋਗ੍ਰਾਫੀ ਦਾ ਸਾਂਝਾ ਸ਼ੌਕ ਸੀ ਅਤੇ ਦੋਹਾਂ ਕੋਲ ਇਕੋ ਜਿਹੇ ਐਸ.ਐਲ.ਆਰ. ਕੈਮਰੇ ਸਨ, ਹਾਲਾਂਕਿ ਇਸ ਕਵਾਇਦ ਦਾ ਸਾਡੇ ਫੋਟੋਗ੍ਰਾਫੀ ਦੇ ਲਗਾਓ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਹ ਸਾਡੇ ਆਪਣੇ ਲਈ, ਤੇ ਜਿਹੜਾ ਵੀ ਕੋਈ ਸਾਨੂੰ ਦੇਖ ਰਿਹਾ ਹੁੰਦਾ, ਉਸ ਲਈ ਸਾਡੇ ਕਿਰਦਾਰਾਂ ਦੀ ਪ੍ਰਮਾਣਿਕਤਾ ਬਣਾਉਣ ਦੀ ਕਵਾਇਦ ਸੀ। ਜੇ ਅਸੀਂ ਆਹਲਾ ਦਰਜੇ ਦੇ ਅਧਿਕਾਰੀਆਂ ਤਕ ਪਹੁੰਚ ਕਰਨੀ ਸੀ, ਤਾਂ ਲਾਜ਼ਮੀ ਤੌਰ 'ਤੇ ਸਾਡੇ ਪਿਛੋਕੜ ਦਾ ਪਤਾ ਲਾਇਆ ਜਾਵੇਗਾ, ਖਾਸ ਕਰ ਕੇ ਉਸ ਥਾਂ ਦਾ ਜਿਥੇ ਅਸੀਂ ਠਹਿਰੇ ਹੋਏ ਸਾਂ। ਅਹਿਮਦਾਬਾਦ ਵਿਚ ਸਾਨੂੰ ਅਜਿਹੇ ਸਮਾਜੀ ਦਾਇਰੇ ਦੀ ਜ਼ਰੂਰਤ ਸੀ ਜੋ ਸਾਡੀਆਂ ਜਾਅਲੀ ਸ਼ਨਾਖਤਾਂ ਦਾ ਜ਼ਾਮਨ ਬਣ ਸਕੇ। ਮਸ਼ਹੂਰ ਚਿਤਰਕਾਰ ਐਮ. ਐਫ. ਹੁਸੈਨ ਵਲੋਂ ਬਣਾਇਆ ਇਤਿਹਾਸਕ ਕਲਾ ਅਜਾਇਬਘਰ 'ਅਮਦਾਵਾਦ ਨੀ ਗੁਫਾ' ਸਾਡੇ ਲਈ ਵੱਡਾ ਸਹਾਰਾ ਬਣਿਆ। ਅਜਾਇਬਘਰ ਦੇ ਆਲੇ-ਦੁਆਲੇ ਲੰਮਾ-ਚੌੜਾ ਪਾਰਕ ਸੀ ਅਤੇ ਇਕ ਕੈਫੇ ਸੀ ਜਿਥੇ ਨੌਜਵਾਨਾਂ (ਜ਼ਿਆਦਾਤਰ ਕਲਾਕਾਰ ਤੇ ਫੋਟੋਗ੍ਰਾਫਰ) ਨੇ ਡੇਰੇ ਲਾਏ ਹੋਏ ਸਨ। ਕੋਈ ਗਿਟਾਰ ਵਜਾ ਰਿਹਾ ਹੁੰਦਾ, ਕੋਈ ਆਪਣੀ ਕਲਾਕ੍ਰਿਤ ਦੀ ਨੁਮਾਇਸ਼ ਲਾ ਰਿਹਾ ਹੁੰਦਾ। ਬਾਕੀਆਂ ਵਿਚ ਫਿਲਮਸਾਜ਼ ਬਣਨ ਦੇ ਅਭਿਲਾਸ਼ੀ, ਫੋਟੋਗ੍ਰਾਫਰ ਅਤੇ ਥੀਏਟਰ ਕਲਾਕਾਰ ਸ਼ਾਮਲ ਸਨ। ਇਸ ਥਾਂ ਆਪਣੀਆਂ ਸ਼ਾਮਾਂ ਦੌਰਾਨ ਮੈਂ ਬਤੌਰ ਮੈਥਿਲੀ ਜ਼ਿੰਦਗੀ ਨੂੰ ਰੱਜ ਕੇ ਮਾਣਦੀ ਅਤੇ ਇਵੇਂ ਹੀ ਮਾਈਕ ਕਰਦਾ।

ਮਾਈਕ ਨੂੰ ਪੁਰਾਣੇ ਗੁਜਰਾਤ ਦਾ ਲਾਲ ਦਰਵਾਜ਼ਾ ਬਹੁਤ ਪਿਆਰਾ ਲੱਗਦਾ ਸੀ। ਹਰ ਜੁੰਮੇ ਰਾਤ ਉਥੇ ਖੁੱਲ੍ਹੀ ਮੰਡੀ ਲੱਗਦੀ ਸੀ। ਫਿਰ ਪਤੰਗ ਅਤੇ ਬਰਤਨ ਬਣਾਉਣ ਵਾਲੇ ਉਥੇ ਆ ਜੁੜਦੇ। ਉਹ ਕੁਝ ਹੈਰਾਨੀਜਨਕ ਤਸਵੀਰਾਂ ਲੈ ਕੇ ਸ਼ਾਮ ਨੂੰ ਵਾਪਸ ਮੁੜਦਾ ਅਤੇ ਫਿਰ ਆਪਣਾ ਮਨਭਾਉਂਦਾ ਸਵਾਲ ਪਾ ਦਿੰਦਾ, "ਅੱਜ ਰਾਤ ਅਸੀਂ ਖਾਣਾ ਕਿਥੇ ਖਾਵਾਂਗੇ?" ਉਹ ਖਾਣੇ ਦਾ ਸ਼ੁਕੀਨ ਸੀ ਅਤੇ ਗੁਜਰਾਤ ਉਸ ਲਈ ਸਹੀ ਥਾਂ ਸੀ।

ਇਸ ਦੌਰਾਨ ਇਕ ਕਾਰਕੁਨ ਦੋਸਤ ਵਲੋਂ ਭੇਜੀ ਈ-ਮੇਲ ਦੇ ਰੂਪ ਵਿਚ ਮਦਦ ਬਹੁੜ ਪਈ। ਮੈਨੂੰ ਅਫਸਰਾਂ ਨਾਲ ਕਿਸੇ ਤਰ੍ਹਾਂ ਦਾ ਰਾਬਤਾ ਬਣਾਉਣ ਦੀ ਜ਼ਰੂਰਤ ਸੀ ਅਤੇ ਮੇਰੀ ਸੂਚੀ ਵਿਚ ਪਹਿਲਾ ਨਾਂ ਜੀ.ਐਲ. ਸਿੰਘਲ ਦਾ ਸੀ ਜਿਸ ਨੂੰ ਉਦੋਂ ਗੁਜਰਾਤ ਦੇ ਏ.ਟੀ.ਐਸ. ਦਾ ਮੁਖੀ ਲਾਇਆ ਹੋਇਆ ਸੀ। ਸਿੰਘਲ ਦੀ ਇਸ਼ਰਤ ਜਹਾਂ 'ਫਰਜ਼ੀ' ਮੁਕਾਬਲੇ ਦੇ ਮਾਮਲੇ 'ਚ ਭੂਮਿਕਾ ਨੂੰ ਲੈ ਕੇ ਜਾਂਚ ਚਲ ਰਹੀ ਸੀ। ਆਪਣੇ ਅਫਸਰ ਮਿੱਤਰਾਂ ਅਤੇ ਪੱਤਰਕਾਰਾਂ ਤੋਂ ਮੈਨੂੰ ਜਾਣਕਾਰੀ ਮਿਲੀ ਸੀ ਕਿ ਉਸ ਨੇ ਖੁਦ ਨੂੰ ਅਲੱਗ-ਥਲੱਗ ਕੀਤਾ ਹੋਇਆ ਸੀ। ਉਸ ਦੇ ਮਿੱਤਰ ਬਹੁਤ ਥੋੜ੍ਹੇ ਸਨ ਅਤੇ ਉਹ ਮੀਡੀਆ ਨੂੰ ਉਕਾ ਨਹੀਂ ਸੀ ਮਿਲਦਾ। ਮੈਨੂੰ ਦੱਸਿਆ ਗਿਆ ਸੀ ਕਿ ਉਹ ਤਕਰੀਬਨ ਹਰ ਕਿਸੇ ਨੂੰ ਲੈ ਕੇ ਸ਼ੱਕੀ ਸੀ। ਫਿਰ ਉਸ ਤਕ ਪਹੁੰਚ ਕਿਵੇਂ ਕੀਤੀ ਜਾ ਸਕਦੀ ਸੀ?



***ਨਰੇਸ਼ ਕਨੌੜੀਆ ਗੁਜਰਾਤੀ ਫਿਲਮ ਸਨਅਤ ਦੇ ਅਮਿਤਾਭ ਬਚਨ ਵਜੋਂ ਮਸ਼ਹੂਰ ਸੀ। ਕਨੌੜੀਆ ਪੱਛੜੇ ਵਰਗ ਵਿਚੋਂ ਸੀ ਅਤੇ ਸਿੰਘਲ (ਜੋ ਦਲਿਤ ਸੀ) ਸਮੇਤ ਉਨ੍ਹਾਂ ਦਾ ਬਹੁਤ ਸਾਰੇ ਅਧਿਕਾਰੀਆਂ ਨਾਲ ਵਧੀਆ ਮੇਲਜੋਲ ਸੀ। ਮੈਂ ਨਰੇਸ਼ ਕਨੌੜੀਆ ਨੂੰ ਫੋਨ ਕੀਤਾ। ਉਸ ਨੇ ਅਗਲੀ ਸਵੇਰ ਅਹਿਮਦਾਬਾਦ ਦੇ ਜਿੰਮਖਾਨੇ ਮਿਲਣ ਲਈ ਕਿਹਾ।***

ਈ-ਮੇਲ ਵਿਚ ਨਰੇਸ਼ ਅਤੇ ਹਿਤੂ ਕਨੌੜੀਆ ਦੇ ਵੇਰਵੇ ਦਿੱਤੇ ਹੋਏ ਸਨ। ਦੋਵੇਂ ਗੁਜਰਾਤੀ ਫਿਲਮ ਸਨਅਤ ਦੇ ਹਰਮਨਪਿਆਰੇ ਕਲਾਕਾਰ ਸਨ। ਨਰੇਸ਼ ਕਨੌੜੀਆ ਗੁਜਰਾਤੀ ਫਿਲਮ ਸਨਅਤ ਦੇ ਅਮਿਤਾਭ ਬਚਨ ਵਜੋਂ ਮਸ਼ਹੂਰ ਸੀ। ਹਿਤੂ ਉਸ ਦਾ ਬੇਟਾ ਸੀ ਜਿਸ ਨੇ ਦੱਖਣੀ ਮੁੰਬਈ ਤੋਂ ਤਾਲੀਮ ਲਈ ਹੋਈ ਸੀ। ਉਸ ਨੇ ਫੈਸਲਾ ਕਰ ਲਿਆ ਹੋਇਆ ਸੀ ਕਿ ਹਿੰਦੀ ਫਿਲਮ ਸਨਅਤ ਵਿਚ ਘੁਸਣ ਦੀ ਇੰਤਜ਼ਾਰ ਕਰਨ ਨਾਲੋਂ ਆਪਣੇ ਬਾਪ ਦੇ ਨਕਸ਼ੇ-ਕਦਮਾਂ 'ਤੇ ਤੁਰਨਾ ਜ਼ਿਆਦਾ ਸਮਝਦਾਰੀ ਹੋਵੇਗੀ।

ਮੇਲ ਵਿਚ ਮੈਨੂੰ ਦੱਸਿਆ ਗਿਆ ਕਿ ਕਨੌੜੀਏ ਪੱਛੜੇ ਵਰਗ ਵਿਚੋਂ ਸਨ ਅਤੇ ਸਿੰਘਲ (ਜੋ ਦਲਿਤ ਸੀ) ਸਮੇਤ ਉਨ੍ਹਾਂ ਦਾ ਬਹੁਤ ਸਾਰੇ ਅਧਿਕਾਰੀਆਂ ਨਾਲ ਵਧੀਆ ਮੇਲਜੋਲ ਸੀ। ਉਤਸ਼ਾਹੀ ਹੋ ਕੇ ਮੈਂ ਨਰੇਸ਼ ਕਨੌੜੀਆ ਨੂੰ ਫੋਨ ਕੀਤਾ। ਉਸ ਨੇ ਅਗਲੀ ਸਵੇਰ ਅਹਿਮਦਾਬਾਦ ਦੇ ਜਿੰਮਖਾਨੇ ਮਿਲਣ ਲਈ ਕਿਹਾ। ਜਦੋਂ ਮੈਂ ਉਥੇ ਜਾ ਕੇ ਉਸ ਨੂੰ ਮਿਲੀ, ਉਸ ਨੇ ਕੁਝ ਵੀ ਮੇਰੇ ਪੱਲੇ ਨਾ ਪਾਇਆ। ਜਦੋਂ ਮੈਂ ਆਪਣੇ ਅੰਗਰੇਜ਼ੀ ਘੋਟਣ ਦੇ ਮੁਹਾਰਤ ਵਾਲੇ ਅੰਦਾਜ਼ ਵਿਚ ਉਸ ਨਾਲ ਗੱਲ ਕੀਤੀ ਤਾਂ ਉਸ ਦਾ ਚਿਹਰਾ ਉਕਾ ਹੀ ਭਾਵਹੀਣ ਨਜ਼ਰ ਆਇਆ। ਉਹ ਮੂੰਹ ਭੁਆ ਕੇ ਸ਼ੀਸ਼ਾ ਦੇਖਣ ਲੱਗਿਆ, ਆਪਣੇ ਵਾਲਾਂ ਵਿਚ ਕੰਘੀ ਫੇਰੀ ਅਤੇ ਫਿਰ ਬੇਲਾਗਤਾ ਨਾਲ ਬੋਲਿਆ, "ਬੇਨ, ਹਿੰਦੀ ਮੇਂ ਬੋਲੋ ਨਾ, ਔਰ ਥੋੜ੍ਹਾ ਆਹਿਸਤਾ ਬੋਲੋ, ਬਹੁਤ ਫਾਸਟ ਹੋ ਤੁਮ।"

ਜ਼ਾਹਰ ਸੀ, ਮੈਥੋਂ ਚੰਗੀ ਤਰ੍ਹਾਂ ਤਿਆਰੀ ਨਹੀਂ ਸੀ ਕੀਤੀ ਗਈ। ਅਗਲੇ ਕੁਝ ਘੰਟੇ ਮੈਂ ਉਸ ਨੂੰ ਆਪਣੀ ਫਿਲਮ ਦੇ ਵਿਸ਼ਾ-ਵਸਤੂ ਦੀ ਵਿਆਖਿਆ ਕਰਨ ਉਪਰ ਗੁਜ਼ਾਰੇ। ਮੈਂ ਉਸ ਨੂੰ ਦੱਸਿਆ ਕਿ ਮੈਂ ਗੁਜਰਾਤ ਦੇ ਉਨ੍ਹਾਂ ਪਹਿਲੂਆਂ ਬਾਰੇ ਫਿਲਮ ਬਣਾਉਣਾ ਚਾਹੁੰਦੀ ਹਾਂ ਜੋ ਬਹੁਤ ਘੱਟ ਜਾਣੇ ਜਾਂਦੇ ਹਨ; ਮਸਲਨ, ਗੁਜਰਾਤੀ ਫਿਲਮ ਸਨਅਤ ਬਾਰੇ ਅਤੇ ਗੁਜਰਾਤ ਦੇ ਜੋ ਕਲਾਕਾਰ ਪੱਛੜੇ ਵਰਗ ਤੋਂ ਆਏ, ਉਨ੍ਹਾਂ ਨੇ ਕਿਵੇਂ ਤਰੱਕੀ ਕੀਤੀ ਹੈ, ਇਸ ਬਾਰੇ। ਹੁਣ ਮੈਨੂੰ ਉਸ ਦੀਆਂ ਅੱਖਾਂ ਵਿਚ ਚਮਕ ਨਜ਼ਰ ਆਉਣ ਲੱਗੀ। ਇਕ ਐਸੇ ਬੰਦੇ ਲਈ ਜੋ ਖੁਦ ਨੂੰ 'ਸਟਾਰ' ਸਮਝਦਾ ਸੀ, ਪਰ ਜਿਸ ਦੀ ਆਪਣੀ ਕਾਮਯਾਬੀ ਉਸ ਦੇ ਆਪਣੇ ਹੀ ਸੂਬੇ ਵਿਚ ਹਿੰਦੀ ਫਿਲਮਾਂ ਦੀ ਮਕਬੂਲੀਅਤ ਨਾਲ ਫਿੱਕੀ ਪੈ ਗਈ ਸੀ, ਕਿਸੇ 'ਵਲੈਤਣ' ਫਿਲਮਸਾਜ਼ ਵਲੋਂ ਉਸ ਦੇ ਕੰਮ ਨੂੰ ਪ੍ਰਵਾਨਗੀ ਦਿੱਤੇ ਜਾਣ ਦਾ ਓੜਕ ਉਹ ਪ੍ਰਭਾਵ ਪੈ ਹੀ ਗਿਆ ਜੋ ਮੈਂ ਚਾਹੁੰਦੀ ਸੀ।

ਅਗਲੇ ਦਿਨ, ਮੈਂ ਸੌ ਕਿਲੋਮੀਟਰ ਦਾ ਸਫਰ ਕਰ ਕੇ ਉਸ ਪਿੰਡ ਜਾਣਾ ਸੀ ਜਿਥੇ ਕਨੌੜੀਆ ਚਾਹੁੰਦਾ ਸੀ ਕਿ ਮੈਂ ਉਸ ਦੀ ਇੰਟਰਵਿਊ ਕਰਾਂ ਅਤੇ ਫਿਲਮ ਦੇ ਸੈੱਟ ਉਪਰ ਉਸ ਦੇ ਸਟੰਟ ਦੇਖਾਂ। ਜਦੋਂ ਉਸ ਨੂੰ ਮਿਲਣ ਤੋਂ ਬਾਅਦ ਮੈਂ ਆਪਣੇ ਕਮਰੇ ਵਿਚ ਵਾਪਸ ਮੁੜੀ, ਤਾਂ ਆਪਣੀ ਕਵਾਇਦ ਦੀ ਵਿਅਰਥਤਾ ਨੂੰ ਲੈ ਕੇ ਹੈਰਾਨ-ਪ੍ਰੇਸ਼ਾਨ ਹੋਈ ਬਿਸਤਰੇ 'ਤੇ ਬੈਠ ਗਈ। ਹੱਥਲੇ ਕੰਮ ਵਿਚ ਜੋਖ਼ਮ ਬਹੁਤ ਜ਼ਿਆਦਾ ਸੀ ਪਰ ਇਕੋ ਇਕ ਰਸਤਾ ਵੀ ਤਾਂ ਇਹੀ ਸੀ। ਆਪਣੇ ਐਸ.ਐਲ.ਆਰ. ਕੈਮਰੇ ਅਤੇ ਨੋਟਸ ਲੈ ਕੇ, ਅਗਲੀ ਸਵੇਰ ਜਦੋਂ ਮੈਂ ਕਮਰੇ ਵਿਚੋਂ ਨਿਕਲੀ ਤਾਂ ਮਾਈਕ ਨੇ ਟੋਕਿਆ, "ਤੂੰ ਲੈਂਜ ਨਹੀਂ ਲਗਾਏ।" ਮੈਂ ਅਜੇ ਆਪਣੇ ਨਵੇਂ ਰੂਪ ਦੀ ਆਦਤ ਸਿੱਖ ਰਹੀ ਸੀ।

ਫਿਲਮ ਦਾ ਸੈੱਟ ਸ਼ਹਿਰ ਦੀ ਫਿਰਨੀ ਉਪਰਲੇ ਪਿੰਡ ਵਿਚ ਬਣਾਇਆ ਗਿਆ ਸੀ ਜਿਥੇ ਨਜ਼ਾਰਾ ਦੇਖਣ ਲਈ ਹਜ਼ਾਰਾਂ ਲੋਕ ਜੁੜੇ ਹੋਏ ਸਨ। ਕਨੌੜੀਆ ਦੇ ਬੇਟੇ ਹਿਤੂ ਜੋ ਅਸਲ ਵਿਚ ਬੁੜ੍ਹਕਦਾ ਫਿਰਦਾ ਦੱਖਣੀ ਮੁੰਬਈ ਕਾਲਜੀਏਟ ਸੀ, ਨੇ ਕੈਦੀ ਦੀ ਪੁਸ਼ਾਕ ਪਾਈ ਹੋਈ ਸੀ, ਉਸ ਦਾ ਬਾਪ ਪੁਲਸੀਏ ਦੀ ਭੂਮਿਕਾ ਵਿਚ ਸੀ।

ਮੈਨੂੰ ਬੈਠ ਕੇ ਸ਼ੂਟਿੰਗ ਦੇਖਣ ਲਈ ਕੁਰਸੀ ਦਿੱਤੀ ਗਈ। ਮੈਂ ਨੋਟਸ ਲਿਖਣ ਅਤੇ ਘਟਨਾਕ੍ਰਮ ਦੀਆਂ ਤਸਵੀਰਾਂ ਲੈਣ ਦੇ ਆਹਰ ਵਿਚ ਤਨਦੇਹੀ ਨਾਲ ਜੁਟੀ ਰਹੀ। ਮੈਂ ਉਥੇ ਐਸੀ ਇਕੱਲੀ ਨਹੀਂ ਸੀ। ਮੈਂ ਦੇਖਿਆ 30ਵਿਆਂ ਦੇ ਸ਼ੁਰੂ ਦੀ ਉਮਰ ਦਾ ਇਕ ਨੌਜਵਾਨ ਵੀ ਟਰਾਈਪੌਡ ਅਤੇ ਲੈਂਜ਼ ਚੁੱਕੀ ਉਸ ਸਿਲਸਿਲੇ ਦੇ ਕੁਝ ਮਨਮੋਹਕ ਸ਼ਾਟ ਅਤੇ ਤਸਵੀਰਾਂ ਲੈ ਰਿਹਾ ਸੀ। ਜ਼ਾਹਰ ਸੀ, ਉਹ ਯੂਨਿਟ ਦਾ ਹਿੱਸਾ ਨਹੀਂ ਸੀ। ਜਦੋਂ ਕਨੌੜੀਆ ਨੇ ਮੇਰੇ ਅਤੇ ਮਾਈਕ ਨਾਲ ਡਾਕੂਮੈਂਟਰੀ ਫੋਟੋਗ੍ਰਾਫਰ ਦੇ ਤੌਰ 'ਤੇ ਉਸ ਦਾ ਤੁਆਰਫ ਕਰਾਇਆ ਤਾਂ ਉਸ ਨੇ ਸਾਡੇ ਵੱਲ ਬੇਪ੍ਰਵਾਹੀ ਨਾਲ ਤੱਕਿਆ ਅਤੇ ਆਪਣੇ ਫਰੇਮਾਂ ਉਪਰ ਕੰਮ ਕਰਨ ਲਈ ਤੁਰ ਗਿਆ। ਇਹ ਫੋਟੋਗ੍ਰਾਫਰ ਅਜੈ ਪੰਜਵਾਨੀ ਸੀ (ਅਸਲ ਨਾਂ ਨਹੀਂ) ਜਿਸ ਨਾਲ ਮੈਂ ਅਜੀਬ ਦੋਸਤੀ ਬਣਾ ਲੈਣੀ ਸੀ; ਅਜਿਹੀ ਦੋਸਤੀ ਜੋ ਮੈਂ ਆਪਣੀ ਅਸਲ ਸ਼ਨਾਖਤ ਨਾਲ ਕਦੇ ਵੀ ਬਣਾ ਨਾ ਪਾਉਂਦੀ; ਅਜਿਹੀ ਦੋਸਤੀ ਜਿਸ ਦੀ ਬੁਨਿਆਦ ਧੋਖਾ ਸੀ, ਪਰ ਮੈਥਿਲੀ ਨੂੰ ਉਸ ਅੱਡੇ ਦੀ ਜ਼ਰੂਰਤ ਸੀ।

ਸਾਡੇ ਅਗਲੇ ਕੁਝ ਦਿਨ ਕਨੌੜੀਆ ਦੇ ਸੈੱਟ 'ਤੇ ਜਾਂਦਿਆਂ, ਗੱਲਬਾਤ ਵਿਚ ਮਸਰੂਫ ਰਹਿੰਦਿਆਂ, ਫਿਲਮ ਦੀਆਂ ਬਾਰੀਕੀਆਂ ਬਾਰੇ ਚਰਚਾ ਕਰਦਿਆਂ, ਅਤੇ ਨਾਲ ਹੀ 'ਯੂਨਿਟ ਕੀ ਚਾਏ' ਦੀਆਂ ਚੁਸਕੀਆਂ ਲੈਂਦਿਆਂ ਗੁਜ਼ਰ ਗਏ।

ਅਜੈ, ਜੋ ਗੁਜਰਾਤੀ ਫਿਲਮਾਂ ਬਾਰੇ ਆਪਣੀ ਦਸਤਾਵੇਜ਼ੀ ਫਿਲਮ ਲਈ ਸੈੱਟ 'ਤੇ ਬਾਕਾਇਦਗੀ ਨਾਲ ਆਉਂਦਾ ਸੀ, ਓੜਕ ਢੈਲਾ ਪੈ ਗਿਆ ਅਤੇ ਫਿਰ ਉਸ ਨੇ ਲੋੜ ਪੈਣ 'ਤੇ ਮਦਦ ਦੀ ਪੇਸ਼ਕਸ਼ ਵੀ ਕੀਤੀ। ਫਿਲਮ ਦੇ ਸੈੱਟਾਂ ਉਪਰ ਆਪਣੀ ਇਕ ਫੇਰੀ ਦੌਰਾਨ ਹੀ ਮੈਂ ਗੁਜਰਾਤ ਦੇ ਕਿਸੇ ਜਾਣੇ-ਪਛਾਣੇ ਪੁਲਿਸ ਅਧਿਕਾਰੀ ਨੂੰ ਮਿਲਣ ਦੀ ਆਪਣੀ ਕੰਮ ਦੀ ਗੱਲ ਤੋਰ ਲਈ, ਖਾਸ ਕਰ ਕੇ ਜੋ ਪੱਛੜੀਆਂ ਸ਼੍ਰੇਣੀਆਂ ਵਿਚੋਂ ਹੋਵੇ। ਮੈਂ ਕਨੌੜੀਆ ਨੂੰ ਦੱਸਿਆ ਕਿ ਜੇ ਸਬੰਧਤ ਅਧਿਕਾਰੀ ਅਹਿਮ ਪੁਜ਼ੀਸ਼ਨ ਰੱਖਦਾ ਹੋਵੇ, ਬਹਾਦਰੀ ਵਾਲੇ ਕੰਮਾਂ ਵਿਚ ਸ਼ਾਮਲ ਹੋਵੇ ਅਤੇ ਗੁਜਰਾਤ ਬਨਾਮ ਸੁਰੱਖਿਆ ਨਾਲ ਉਸ ਦਾ ਕੋਈ ਨਾ ਕੋਈ ਲਾਗਾ-ਦੇਗਾ ਹੋਵੇ ਤਾਂ ਇਸ ਦਾ ਫਾਇਦਾ ਹੋਵੇਗਾ।

ਆਖਰੀ ਸਤਰ ਦੇ ਮਨਭਾਉਂਦੇ ਨਤੀਜੇ ਨਿੱਕਲੇ। 'ਤੁਹਾਨੂੰ ਸਿੰਘਲ ਨੂੰ ਮਿਲਣਾ ਚਾਹੀਦਾ ਹੈ। ਸਾਡੇ ਸਭ ਤੋਂ ਉਮਦਾ ਅਧਿਕਾਰੀ, ਜਿਸ ਨੇ ਬਹੁਤ ਸਾਰੇ ਦਹਿਸ਼ਤਗਰਦ ਮਾਰ ਮੁਕਾਏ।' ਮੈਂ ਆਪਣਾ ਉਤਸ਼ਾਹ ਲੁਕਾਉਣ ਦੀ ਵਾਹ ਲਾਈ ਅਤੇ ਉਸ ਦਾ ਨਾਂ ਨੋਟ ਕਰ ਲਿਆ, ਜਿਵੇਂ ਕਿਤੇ ਮੈਂ ਉਸ ਦਾ ਨਾਂ ਪਹਿਲੀ ਦਫਾ ਸੁਣ ਰਹੀ ਹੋਵਾਂ।

"ਅੱਛਾ ਸਰ, ਇਹ ਅਧਿਕਾਰੀ ਸਿੰਘਲ ਜੀ ਕੀ ਕਰਦੇ ਹਨ, ਉਹ ਕਿਥੇ ਨੌਕਰੀ ਕਰਦੇ ਹਨ?" ਮੈਂ ਉਸ ਨੂੰ ਭੋਲੇਪਣ ਨਾਲ ਪੁੱਛਿਆ। ਆਪਣੇ ਫਿਲਮੀ ਦੋਸਤਾਂ ਤੋਂ ਮੈਨੂੰ ਇਹੀ ਕੁਝ ਤਾਂ ਚਾਹੀਦਾ ਸੀ- ਇਕ ਪੈਰ-ਧਰਾਵਾ, ਇਕ ਹਵਾਲਾ ਜਿਸ ਨਾਲ ਅਫਸਰਾਂ ਨੂੰ ਸ਼ੱਕ ਨਾ ਹੋਵੇ। ਆਖਰੀ ਬੰਦਾ ਜਿਸ ਨੂੰ ਲੈ ਕੇ ਸਿੰਘਲ ਸ਼ੱਕ ਕਰੇਗਾ, ਉਹ ਫਿਲਮਸਾਜ਼ ਹੋਵੇਗੀ ਜਿਸ ਦੀ ਸਿਫਾਰਸ਼ ਚੋਟੀ ਦੇ ਖੇਤਰੀ ਫਿਲਮਸਾਜ਼ਾਂ ਵਿਚੋਂ ਇਕ ਵਲੋਂ ਕੀਤੀ ਗਈ ਹੋਵੇਗੀ। ਤਕਰੀਬਨ ਇਸੇ ਵਕਤ, ਅਹਿਮਦਾਬਾਦ ਵਿਚਲੇ ਮੇਰੇ ਸਰੋਤ (ਜਿਸ ਨੂੰ ਮੈਂ ਆਪਣੀ ਜ਼ਰੂਰਤ ਦੱਸੀ ਸੀ ਕਿ ਮੈਨੂੰ ਕਿਸ ਤਰ੍ਹਾਂ ਦੀ ਮਦਦ ਚਾਹੀਦੀ ਹੈ) ਨੇ ਮੈਨੂੰ ਇਕ ਹੋਰ ਈ-ਮੇਲ ਭੇਜੀ। ਇਸ ਵਿਚ ਸ਼ਹਿਰ ਦੇ ਬਹੁਤ ਹਰਮਨਪਿਆਰੇ ਔਰਤ ਰੋਗਾਂ ਦੇ ਮਾਹਿਰ ਦੇ ਵੇਰਵੇ ਦਿੱਤੇ ਗਏ ਸਨ ਜੋ ਬੇਪਛਾਣ ਰਹੇਗਾ।

***(ਚਲਦਾ)***

# ਭਗਤੀ ਲਹਿਰ ਦੀ ਉਘੀ ਸ਼ਖਸੀਅਤ ਭਗਤ ਰਾਮਾਨੰਦ

**ਰਮੇਸ਼ ਬੱਗਾ ਚੋਹਲਾ**
**ਫੋਨ: 91-94631-32719**


ਮੱਧ ਕਾਲ ਵਿਚ ਚੱਲੀ ਭਗਤੀ ਲਹਿਰ ਰੂਹਾਨੀਅਤ ਦੀ ਅਮੀਰੀ ਦੇ ਨਾਲ-ਨਾਲ ਇੱਕ ਧਾਰਮਿਕ ਅਤੇ ਸਮਾਜਿਕ ਚੇਤਨਾ ਦੀ ਲਹਿਰ ਵੀ ਸੀ। ਮਨੁੱਖਤਾ ਨੂੰ ਰੂਹਾਨੀ ਰੰਗ ਵਿਚ ਰੰਗਣ ਵਾਲੀ ਇਸ ਭਗਤੀ ਲਹਿਰ ਦਾ ਧਾਰਮਿਕ ਖੇਤਰ ਵਿਚ ਇੱਕ ਅਹਿਮਤਰੀਨ ਯੋਗਦਾਨ ਰਿਹਾ ਹੈ। ਇਸ ਲਹਿਰ ਨਾਲ ਜੁੜੇ ਭਗਤਾਂ ਵੱਲੋਂ ਜਿਹੜੀ ਬਾਣੀ ਉਚਾਰਣ ਕੀਤੀ ਗਈ ਹੈ, ਉਸ ਵਿਚ ਧਰਮ ਦੇ ਕਰਮਕਾਂਡੀ ਰੂਪ ਨੂੰ ਰੱਦ ਕਰਕੇ ਸੱਚੇ ਅਚਾਰ ਅਤੇ ਸੁਚੱਜੇ ਵਿਹਾਰ ਨੂੰ ਧਰਮ ਦਾ ਬੁਨਿਆਦੀ ਤੱਤ ਮੰਨਿਆ ਗਿਆ ਹੈ।

ਉਤਰੀ ਭਾਰਤ ਦੀ ਭਗਤੀ ਲਹਿਰ ਦੇ ਮੋਢੀ ਭਗਤ ਰਾਮਾਨੰਦ (ਜਿਨ੍ਹਾਂ ਨੂੰ ਸਵਾਮੀ ਰਾਮਾਨੰਦ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ) ਦਾ ਜਨਮ 15 ਅਗਸਤ 1366 ਈਸਵੀ (ਸੰਮਤ 1423) ਨੂੰ ਇੱਕ ਗੌੜ ਬ੍ਰਹਾਮਣ ਸ੍ਰੀ ਭੂਰਿਕਰਮਾ ਅਤੇ ਮਾਤਾ ਸੁਸੀਲਾ ਦੇਵੀ ਦੇ ਘਰ ਪ੍ਰਯਾਗ ਰਾਜ (ਅਲਾਹਾਬਾਦ) ਵਿਚ ਹੋਇਆ। ਕੁਝ ਲੇਖਕਾਂ ਨੇ ਭਗਤ ਜੀ ਦੇ ਪਿਤਾ ਦਾ ਨਾਮ ਸਦਨ ਸ਼ਰਮਾ ਅਤੇ ਜਨਮ ਸਥਾਨ ਕਾਸ਼ੀ ਵੀ ਦੱਸਿਆ ਹੈ। ਬਚਪਨ ਵਿਚ ਉਨ੍ਹਾਂ ਨੂੰ ਰਾਮਾਦੱਤ ਦੇ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ।

ਭਗਤ ਰਾਮਾਨੰਦ ਅਚਾਰੀਆ 'ਰਾਮਾਨੁਜ' ਵਲੋਂ ਚਲਾਈ ਗਈ ਸ੍ਰੀ ਸੰਪਰਦਾ ਦੇ ਇੱਕ ਉਘੇ ਪ੍ਰਚਾਰਕ ਸਵਾਮੀ ਰਾਘਵਨੰਦ ਦੇ ਚੇਲੇ ਸਨ, ਜਿਹੜੇ ਇਸ ਸੰਪਰਦਾ ਦੇ ਤੇਰਵੇਂ ਮੁਖੀ ਸਨ। ਭਗਤ ਜੀ ਲੰਮੇ ਸਮੇਂ ਤੱਕ ਸ੍ਰੀ ਸੰਪਰਦਾ ਨਾਲ ਜੁੜੇ ਰਹੇ ਪਰ ਬਾਅਦ ਵਿਚ ਉਨ੍ਹਾਂ ਰਾਮਾਵਤ/ਰਾਮਾਦਤ ਸੰਪਰਦਾ ਕਾਇਮ ਕਰ ਲਈ। ਇਸ ਸੰਪਰਦਾ ਦੇ ਸਿਧਾਂਤ ਤਾਂ ਪਹਿਲਾਂ (ਸ੍ਰੀ ਸੰਪਰਦਾ) ਵਾਲੇ ਹੀ ਰਹੇ ਪਰ ਸਾਧਨਾ-ਪਧਤੀ ਵਿਚ ਕੁਝ ਉਦਾਰਤਾ ਬਣਾ ਲਈ। ਇਸ ਲਹਿਰ ਨਾਲ ਭਗਤੀ ਲਹਿਰ 'ਚ ਇੱਕ ਨਿਵੇਕਲਾ ਰੰਗ ਤੇ ਢੰਗ ਦਿਖਾਈ ਦੇਣ ਲੱਗ ਪਿਆ ਜਿਸ ਕਾਰਨ ਉਸ ਵਕਤ ਦੀਆਂ ਕੁਝ ਛੁੱਟਿਆਈਆਂ ਜਾਂਦੀਆਂ ਜਾਤਾਂ ਦੇ ਲੋਕ ਵੀ ਇਸ ਕ੍ਰਾਂਤੀਕਾਰੀ ਲਹਿਰ ਨਾਲ ਜੁੜਨ ਲੱਗੇ।

ਭਗਤ ਰਾਮਾਨੰਦ ਦੇ ਉਚੇਚੇ ਯਤਨਾਂ ਨਾਲ ਰਾਮ-ਨਾਮ ਦੀ ਗੰਗਾ ਝੁੱਗੀਆਂ ਝੋਪੜੀਆਂ ਦੇ ਬਾਸ਼ਿੰਦਿਆਂ ਤੱਕ ਵੀ ਪਹੁੰਚ ਗਈ। ਉਸ ਵਕਤ ਦੇ ਵਰਣ-ਵੰਡ ਵਾਲੇ ਸਮਾਜ ਵਿਚ ਭਗਤ ਜੀ ਦੁਆਰਾ ਕੀਤਾ ਗਿਆ ਬਰਾਬਰੀ ਦਾ ਇਹ ਉਪਰਾਲਾ ਕਿਸੇ ਕ੍ਰਾਂਤੀਕਾਰੀ ਕਦਮ ਤੋਂ ਘੱਟ ਨਹੀਂ ਸੀ ਕਿਉਂਕਿ ਉਸ ਵਕਤ ਪੂਜਾ-ਪਾਠ ਉਤੇ ਕੁਝ ਰਾਖਵੀਆਂ ਸ਼੍ਰੇਣੀਆਂ ਦਾ ਹੱਕ ਹੀ ਮੰਨਿਆ ਜਾਂਦਾ ਸੀ। ਭਗਤ ਜੀ ਦੀ ਫਰਾਖਦਿਲ ਸੋਚ-ਸਮਝ ਤੋਂ ਪ੍ਰਭਾਵਿਤ ਹੋ ਕੇ ਵੈਰਾਗੀ ਸੰਪਰਦਾ ਵਾਲੇ ਵੀ ਉਨ੍ਹਾਂ ਨੂੰ ਆਪਣਾ ਅਚਾਰੀਆ ਮੰਨਣ ਲੱਗ ਪਏ।

ਕੁਝ ਸਮੇਂ ਉਪਰੰਤ ਭਗਤ ਰਾਮਾਨੰਦ




ਵੈਸ਼ਨਵ ਮੱਤ ਤਿਆਗ ਕੇ ਅਕਾਲ ਪੁਰਖ ਦੇ ਨਿਰਗੁਣ ਸਰੂਪ ਦੇ ਉਪਾਸ਼ਕ ਬਣ ਗਏ। ਉਨ੍ਹਾਂ ਦੇ ਇਸ ਅਕੀਦੇ ਕਰਕੇ ਹੀ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਨੇ ਉਨ੍ਹਾਂ ਦਾ ਬਸੰਤ ਰਾਗ ਵਿਚ ਉਚਾਰਿਆ ਸ਼ਬਦ 'ਕਤ ਜਾਈਐ ਰੇ ਘਰ ਲਾਗੋ ਰੰਗੁ॥ ਮੇਰਾ ਚਿਤੁ ਨਾ ਚਲੈ ਮਨੁ ਭਇਓ ਪੰਗੁ॥' ਗੁਰੂ ਗ੍ਰੰਥ ਸਾਹਿਬ ਵਿਚ (ਪੰਨਾ 1195) ਦਰਜ ਕੀਤਾ।

ਭਗਤ ਰਾਮਾਨੰਦ ਦੇ ਕਈ ਹੋਰ ਵੀ ਚੇਲੇ ਹੋਏ ਹਨ ਜਿਨ੍ਹਾਂ ਨੇ ਆਪੋ-ਆਪਣੇ ਸਮੇਂ ਵਿਚ ਮਨੁੱਖਤਾ ਨੂੰ ਸੱਚ ਨਾਲ ਜੋੜਿਆ ਅਤੇ ਕੂੜ ਤੋਂ ਮੋੜਿਆ। ਉਨ੍ਹਾਂ ਦੇ ਪੈਰੋਕਾਰਾਂ ਵਿਚ ਭਗਤ ਕਬੀਰ, ਭਗਤ ਰਵਿਦਾਸ, ਭਗਤ ਸੈਣ ਅਤੇ ਭਗਤ ਪੀਪਾ ਦਾ ਨਾਮ ਜ਼ਿਕਰਯੋਗ ਹੈ। ਇਸ ਸੂਚੀ ਵਿਚ ਕਈ ਲੇਖਕਾਂ ਨੇ ਭਗਤ ਧੰਨਾ ਦਾ ਨਾਂ ਵੀ ਸ਼ਾਮਿਲ ਕੀਤਾ ਹੈ। ਭਗਤੀ ਲਹਿਰ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਇਨ੍ਹਾਂ ਸਾਰੇ ਭਗਤਾਂ ਨੇ ਵੱਡਾ ਯੋਗਦਾਨ ਪਾਇਆ ਹੈ ਅਤੇ ਰੱਬੀ ਨੇੜਤਾ ਤੇ ਪਿਆਰ ਹਾਸਲ ਕਰਨ ਲਈ ਭਾਅ-ਭਗਤੀ ਦੇ ਮਾਰਗ ਨੂੰ ਇੱਕ ਉਤਮ ਮਾਰਗ ਦਰਸਾਇਆ ਹੈ।


ਆਪਣੀ ਹਯਾਤੀ ਦਾ ਲੰਮਾ ਸਮਾਂ ਕਾਸ਼ੀ ਵਿਚ ਗੰਗਾ ਦੇ ਕੰਢੇ ਬਤੀਤ ਕਰਕੇ ਭਗਤ ਰਾਮਾਨੰਦ 12 ਦਸੰਬਰ 1467 ਨੂੰ ਪ੍ਰਲੋਕ ਗਮਨ ਕਰ ਗਏ। ਬੇਸ਼ੱਕ ਭਗਤ ਜੀ ਇੱਕ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਏ ਪਰ ਉਹ ਬ੍ਰਾਹਮਣਵਾਦੀ ਭੁਲੇਖਾ ਪਾਊ ਪਸਾਰੇ ਤੋਂ ਨਿਰਲੇਪ ਹੀ ਰਹੇ। ਉਨ੍ਹਾਂ ਮੁਤਾਬਿਕ ਪੂਰੇ ਗੁਰੂ ਦੀ ਸ਼ਰਨ ਹੀ ਜਨਮਾਂ-ਜਨਮਾਂਤਰਾਂ ਦੇ ਬੰਧਨ ਕੱਟਣ ਦੇ ਸਮਰੱਥ ਹੈ।

## ਸੱਚ ਅਤੇ ਕੁਦਰਤ

ਖਾਲਕ ਨੂੰ ਜੇ ਖਲਕਤ 'ਸੱਚ' ਦਾ ਨਾਂ ਦਿੰਦੀ,
ਕੁਦਰਤ ਸੱਚ ਦੇ ਨਿਯਮਾਂ ਦੀ ਪਰਛਾਈ ਹੈ।
ਨਿਯਮਾਂ ਦੇ ਨਾਲ ਤੁਰਨਾ ਸੱਚ ਦੀ ਸੰਗਤ ਹੈ,
ਨਿਯਮ ਤੋੜਨਾ ਸੱਚ ਨਾਲ ਬੇ-ਵਫਾਈ ਹੈ।
ਜੀਵਨ ਇਸੇ ਨਿਯਮ ਦਾ ਹੀ ਇੱਕ ਹਿੱਸਾ ਹੈ,
ਬੰਦਾ ਵੀ ਇਸ ਜੀਵਨ ਦਾ ਗੁਰ ਭਾਈ ਹੈ।
ਦੇਹ ਅੰਦਰ ਵੀ ਨਿਯਮ ਸੱਚ ਦਾ ਚਲਦਾ ਹੈ,
ਕਥਨੀ ਕਰਨੀ ਵੱਖ ਤਾਂ ਇੱਕ ਬੁਰਾਈ ਹੈ।
ਜਦ ਵੀ ਬੰਦੇ ਮੂੰਹੋਂ ਝੂਠ ਸੁਣਾਇਆ ਹੈ,
ਅੰਦਰੋਂ ਉਸ ਨੇ ਹਾਮੀ ਨਹੀਂ ਜਿਤਾਈ ਹੈ।
ਦਰਦ ਨਾਲ ਫਿਰ ਮਨ ਦੀਆਂ ਨਾੜਾਂ ਤਣੀਆਂ ਨੇ,
ਅੰਦਰੋਂ-ਅੰਦਰੀ ਹਲ-ਚਲ ਝੂਠ ਮਚਾਈ ਹੈ।
ਪਾ ਕੇ ਗਲਤ ਇਸ਼ਾਰੇ ਸੂਖਮ ਨਾੜਾਂ ਨੇ,
ਜ਼ਹਿਰ ਅੰਦਰਲੇ ਅੰਗਾਂ 'ਤੇ ਵਰਸਾਈ ਹੈ।
ਨਿਯਮੋਂ ਬਾਹਰੇ ਹੋ ਸਬੰਧਤ ਅੰਗਾਂ ਨੇ,
ਲੋੜੋਂ ਵੱਖਰੀ ਚਕਰੀ ਫੇਰ ਘੁਮਾਈ ਹੈ।
ਤਨ ਸੰਚਾਲਣ ਵਾਲੀ ਕਿਰਿਆ ਨੇ ਘਟ ਕੇ,
ਸ਼ਕਤੀ ਹਰ ਇਕ ਅੰਗ ਦੀ ਸਗੋਂ ਘਟਾਈ ਹੈ।
ਬਾਹਰੋਂ ਭਾਵੇਂ ਦੇਖਣ ਨੂੰ ਤਨ ਠੀਕ ਲੱਗੇ,
ਕਈ ਅੰਗਾਂ 'ਤੇ ਅੰਦਰੋਂ ਪੀੜਾ ਛਾਈ ਹੈ।
ਹਰ ਸੱਚਾ ਵੀ ਤੰਦਰੁਸਤ ਤੇ ਨਹੀਂ ਹੁੰਦਾ,
ਲੇਕਿਨ ਝੂਠ ਨੇ ਆਪਣੀ ਸਿਹਤ ਗਵਾਈ ਹੈ।
ਤੰਦਰੁਸਤੀ ਦੇ ਮੌਕੇ ਉਸ ਦੇ ਜ਼ਿਆਦਾ ਨੇ,
ਜਿਸ ਨੇ ਘੁੱਟ ਕੇ ਸੱਚ ਨੂੰ ਜੱਫੀ ਪਾਈ ਹੈ।
ਬੰਦਾ ਕੇਵਲ ਸੱਚ ਬੋਲਣ ਲਈ ਬਣਿਆ ਹੈ,
ਝੂਠ ਬੋਲ ਉਸ ਕੁਦਰਤ ਸਗੋਂ ਰੁਸਾਈ ਹੈ।


*-ਗੁਰਮੀਤ ਸਿੰਘ ਬਰਸਾਲ*

# ਧਰਮਿੰਦਰ ਦਾ ਪੋਤਾ



ਧਰਮਿੰਦਰ ਦੇ ਪੋਤੇ ਅਤੇ ਸੰਨੀ ਦਿਓਲ ਦੇ ਜੇਠੇ ਪੁੱਤਰ ਕਰਨ ਦਿਓਲ ਨੂੰ ਫਿਲਮੀ ਦੁਨੀਆਂ ਵਿਚ ਲਿਆਉਣ ਦੀ ਤਿਆਰੀ ਤਕਰੀਬਨ ਮੁਕੰਮਲ ਹੋ ਗਈ ਹੈ। ਫਿਲਮ ਦਾ ਨਾਂ 'ਪਲ ਪਲ ਦਿਲ ਕੇ ਪਾਸ' ਰੱਖਣ ਬਾਰੇ ਵਿਚਾਰਾਂ ਹੋ ਰਹੀਆਂ ਹਨ। ਇਹ ਨਾਂ ਭੂਸ਼ਣ ਕੁਮਾਰ ਨੇ ਪਹਿਲਾਂ ਹੀ ਰਜਿਸਟਰ ਕਰਵਾ ਲਿਆ ਹੋਇਆ ਹੈ ਅਤੇ ਉਸ ਤੋਂ ਇਹ ਨਾਂ ਖਰੀਦਣ ਬਾਰੇ ਗੱਲ ਚੱਲ ਰਹੀ ਹੈ। ਫਿਲਮ ਦਾ ਇਹ ਨਾਂ ਧਰਮਿੰਦਰ ਦੀ ਫਿਲਮ 'ਬਲੈਕਮੇਲ' ਦੇ ਹਿੱਟ ਗੀਤ 'ਪਲ ਪਲ ਦਿਲ ਕੇ ਪਾਸ, ਤੁਮ ਰਹਿਤੇ ਹੋ' ਦਾ ਮੁਖੜਾ ਹੈ।

ਪਹਿਲਾਂ ਕਰਨ ਦਿਓਲ ਨੂੰ ਸ਼ੇਖਰ ਕਪੂਰ ਦੇ ਨਿਰਦੇਸ਼ਨ ਹੇਠ ਲਿਆਉਣ ਦੀ ਗੱਲ ਚੱਲੀ ਸੀ, ਪਰ ਫਿਰ ਇਹ ਗੁਣਾ ਨੌਜਵਾਨ ਫਿਲਮਸਾਜ਼ ਇਮਤਿਆਜ਼ ਅਲੀ 'ਤੇ ਪੈ ਗਿਆ। ਯਾਦ ਰਹੇ, ਧਰਮਿੰਦਰ ਦੇ ਭਤੀਜੇ ਅਭੈ ਦਿਓਲ ਨੂੰ 'ਸੋਚਾ ਨਾ ਥਾ' ਫਿਲਮ ਰਾਹੀਂ ਲਾਂਚ ਕੀਤਾ ਗਿਆ ਸੀ ਅਤੇ ਇਹ ਫਿਲਮ ਇਮਤਿਆਜ਼ ਅਲੀ ਨੇ ਹੀ ਡਾਇਰੈਕਟ ਕੀਤੀ ਸੀ। ਇਹੀ ਨਹੀਂ, ਅਭੈ ਦੀ ਦੂਜੀ ਫਿਲਮ 'ਆਹਿਸਤਾ ਆਹਿਸਤਾ' ਦੀ ਕਹਾਣੀ ਵੀ ਇਮਤਿਆਜ਼ ਨੇ ਲਿਖੀ ਸੀ। ਧਰਮਿੰਦਰ ਅਤੇ ਸੰਨੀ ਦਿਓਲ, ਕਰਨ ਦਿਓਲ ਦੀ ਫਿਲਮ ਵੱਲ ਉਚੇਚਾ ਧਿਆਨ ਦੇ ਰਹੇ ਹਨ ਅਤੇ ਕੋਸ਼ਿਸ਼ ਕਰ ਰਹੇ ਹਨ ਕਿ ਇਹ ਫਿਲਮ ਉਨ੍ਹਾਂ ਦੀਆਂ ਆਪਣੀਆਂ ਫਿਲਮਾਂ ਤੋਂ ਵੱਖਰੀ ਹੋਵੇ। ਫਿਲਮ ਆਲੋਚਕਾਂ ਦੀ ਰਾਇ ਹੈ ਕਿ ਅਭੈ ਦਿਓਲ ਆਪਣੇ ਸਾਰੇ ਪਰਿਵਾਰ ਵਿਚੋਂ ਵੱਖਰੀ ਸੁਰ ਦਾ ਅਦਾਕਾਰ ਨਿਕਲਿਆ ਹੈ, ਇਸੇ ਕਰ ਕੇ ਹੀ ਉਸ ਆਪਣੇ ਪੱਧਰ 'ਤੇ ਆਪਣੀ ਵੱਖਰੀ ਪਛਾਣ ਬਣਾ ਸਕਿਆ ਹੈ। ਧਰਮਿੰਦਰ ਅਤੇ ਸੰਨੀ ਦਿਓਲ ਚਾਹੁੰਦੇ ਹਨ ਕਿ ਕਰਨ ਦਿਓਲ ਵੱਖਰੀ ਪਛਾਣ ਬਣਾਵੇ, ਕਿਉਂਕਿ ਧਰਮਿੰਦਰ ਅਤੇ ਸੰਨੀ ਦਿਓਲ ਦੇ ਨਕਸ਼-ਏ-ਕਦਮ 'ਤੇ ਤੁਰਦਾ ਧਰਮਿੰਦਰ ਦਾ ਛੋਟਾ ਮੁੰਡਾ ਬੌਬੀ ਦਿਓਲ ਅਸਫਲ ਹੋ ਗਿਆ ਸੀ।



ਇਮਤਿਆਜ਼ ਅਲੀ

# ਜੰਗਲ ਦੀ ਜੱਦੋਜਹਿਦ



ਹੋਮਿਓਪੈਥੀ ਦੇ ਡਾਕਟਰ ਤੋਂ ਫਿਲਮਸਾਜ਼ ਬਣੇ ਬੀਜੂ ਕੁਮਾਰ ਦਮੋਦਰਨ ਜੋ ਡਾਕਟਰ ਬੀਜੂ ਵਜੋਂ ਵਧੇਰੇ ਮਸ਼ਹੂਰ ਹੈ, ਆਪਣੀ ਨਵੀਂ ਮਲਿਆਲਮ ਫਿਲਮ 'ਕਾਡੂ ਪੋਕੰਨਾ ਨੇਰਮ' (ਵੈੱਨ ਦਿ ਵੁੱਡਸ ਬਲੂਮ- ਜਦੋਂ ਜੰਗਲ ਖਿੜਦਾ ਹੈ) ਨਾਲ ਫਿਰ ਚਰਚਾ ਵਿਚ ਹੈ। 21ਵੇਂ ਕੌਮਾਂਤਰੀ ਫਿਲਮ ਮੇਲੇ (ਕੇਰਲਾ) ਲਈ ਜਿਹੜੀਆਂ 15 ਫਿਲਮਾਂ ਛਾਂਟੀਆਂ ਗਈਆਂ ਹਨ, ਉਨ੍ਹਾਂ ਵਿਚ ਇਹ ਫਿਲਮ ਵੀ ਸ਼ਾਮਲ ਹੈ। ਫਿਲਮ ਇਕ ਮਾਓਵਾਦੀ ਔਰਤ ਅਤੇ ਪੁਲਿਸ ਮੁਲਾਜ਼ਮ ਦੀ ਕਹਾਣੀ ਹੈ। ਪੁਲਿਸ ਮੁਲਾਜ਼ਮ ਮਾਓਵਾਦੀ ਗੁਰੀਲਿਆਂ ਦਾ ਪਿੱਛਾ ਕਰਦਾ ਬਹੁਤ ਅੱਗੇ ਨਿਕਲ ਜਾਂਦਾ ਹੈ। ਆਖਰਕਾਰ ਔਰਤ ਅਤੇ ਪੁਲਿਸ ਮੁਲਾਜ਼ਮ-ਦੋਵੇਂ ਜੰਗਲ ਵਿਚ ਭਟਕ ਜਾਂਦੇ ਹਨ। ਡਾਕਟਰ ਬੀਜੂ ਨੇ ਇਨ੍ਹਾਂ ਦੋਹਾਂ ਵੱਲੋਂ ਰਾਸਤਾ ਲੱਭਣ ਦੀ ਕਹਾਣੀ ਬਹੁਤ ਦਿਲਚਸਪ ਢੰਗ ਨਾਲ ਸੁਣਾਈ ਹੈ। ਇਹ ਕਹਾਣੀ ਸੁਣਾਉਂਦਿਆਂ ਉਸ ਨੇ ਲਿੰਗ ਵਿਤਕਰੇ ਦਾ ਮਸਲਾ ਬਹੁਤ ਜ਼ੋਰਦਾਰ ਢੰਗ ਨਾਲ ਉਭਾਰਿਆ ਹੈ। ਇਸ ਤੋਂ ਇਲਾਵਾ ਮਾਓਵਾਦੀਆਂ ਦੇ ਸੰਘਰਸ਼, ਪੁਲਿਸ ਦੇ ਕਾਰਨਾਮਿਆਂ ਅਤੇ ਭਾਰਤ ਦੀ ਵਿਕਾਸ ਦੌੜ ਵਿਚ ਪਿਛੇ ਰਹਿ ਗਏ ਇਲਾਕਿਆਂ ਦੀ ਮਾਰਮਿਕ ਦਸ਼ਾ ਬਹੁਤ ਖੂਬਸੂਰਤ ਢੰਗ ਨਾਲ ਬਿਆਨ ਕੀਤੀ ਹੈ। ਇਹ ਫਿਲਮ ਸਤੰਬਰ ਮਹੀਨੇ ਕੈਨੇਡਾ ਦੇ ਮੌਂਟਰੀਅਲ ਕੌਮਾਂਤਰੀ ਫਿਲਮ ਮੇਲੇ ਵਿਚ ਵੀ ਦਿਖਾਈ ਗਈ ਸੀ ਅਤੇ ਇਸ ਨੂੰ ਵਾਹਵਾ ਹੁੰਗਾਰਾ ਮਿਲਿਆ ਸੀ।

ਡਾਕਟਰ ਬੀਜੂ ਹੁਣ ਤੱਕ 7 ਫਿਲਮਾਂ ਬਣਾ ਚੁੱਕਾ ਹੈ। ਕੌਮੀ-ਕੌਮਾਂਤਰੀ ਪੱਧਰ ਦੇ ਕਈ ਇਨਾਮ-ਸਨਮਾਨ ਵੀ ਉਸ ਨੂੰ ਮਿਲੇ ਹਨ। ਭਾਰਤ ਦਾ ਕੌਮੀ ਫਿਲਮ ਪੁਰਸਕਾਰ ਉਹਨੇ ਤਿੰਨ ਵਾਰ ਫੁੰਡਿਆ। ਉਹਦੀਆਂ ਫਿਲਮਾਂ ਕੈਨੇਡਾ, ਫਰਾਂਸ, ਚੀਨ, ਮਿਸਰ, ਅਮਰੀਕਾ ਤੇ ਇਰਾਨ ਦੇ ਫਿਲਮ ਮੇਲਿਆਂ ਵਿਚ ਦਿਖਾਈਆਂ ਜਾ ਚੁੱਕੀਆਂ ਹਨ। ਸਭ ਥਾਈਂ ਉਸ ਦੀਆਂ ਸਿਫਤਾਂ ਹੋਈਆਂ।



ਡਾ. ਬੀਜੂ

ਡਾਕਟਰ ਬੀਜੂ ਨੇ ਫਿਲਮੀ ਸਫਰ ਦਾ ਅਰੰਭ 2005 ਵਿਚ ਫਿਲਮ 'ਸਾਇਰਾ' ਨਾਲ ਕੀਤਾ ਸੀ। ਦੂਜੀ ਫਿਲਮ 'ਰਮਨ' ਵਿਚ ਉਹਨੇ ਇਰਾਕ ਤੇ ਕੇਰਲਾ ਦੀ ਚਰਚਾ ਕਰਦਿਆਂ ਸਾਮਰਾਜੀ ਤਾਕਤਾਂ ਉਤੇ ਬੜੀ ਤਿੱਖੀ ਟਿੱਪਣੀ ਕੀਤੀ ਸੀ। ਉਸ ਨੇ ਐਕਟਿਵਿਸਟ ਵਜੋਂ ਵੀ ਸਰਗਰਮੀ ਕੀਤੀ ਅਤੇ ਕਾਲੇ ਕਾਨੂੰਨ ਯੂ.ਏ.ਪੀ.ਏ. ਦਾ ਵਿਰੋਧ ਕੀਤਾ ਜਿਹੜਾ ਸਰਕਾਰ ਵੱਲੋਂ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਬਣਾਇਆ ਗਿਆ ਸੀ। ਉਸ ਨੇ ਜੂਝ ਰਹੇ ਲੋਕਾਂ ਨੂੰ ਸੌੜੇ ਹਿਤਾਂ ਖਾਤਰ, ਬਿਨਾ ਵਜ੍ਹਾ ਮਾਓਵਾਦੀ ਗਰਦਾਨ ਕੇ ਤਸ਼ੱਦਦ ਖਿਲਾਫ ਵੀ ਆਵਾਜ਼ ਬੁਲੰਦ ਕੀਤੀ।

ਪਿਛਲੇ ਸਾਲ ਜਦੋਂ ਫਿਲਮ 'ਬਾਹੂਬਲੀ' ਨੂੰ ਕੌਮੀ ਪੁਰਸਕਾਰ ਦਿੱਤਾ ਗਿਆ ਤਾਂ ਉਸ ਨੇ ਪੁਰਸਕਾਰ ਦੇਣ ਵਾਲਿਆਂ ਦੀ ਨੀਅਤ 'ਤੇ ਸਵਾਲ ਕੀਤੇ। ਉਸ ਦਾ ਤਰਕ ਸੀ ਕਿ ਕਿਸੇ ਫਿਲਮ ਦੀ ਕਮਾਈ ਉਸ ਦੇ ਵਧੀਆ ਹੋਣ ਦਾ ਸਰਟੀਫਿਕੇਟ ਨਹੀਂ ਬਣਨੀ ਚਾਹੀਦੀ। ਯਾਦ ਰਹੇ, ਇਹ ਫਿਲਮ ਮੂਲ ਰੂਪ ਵਿਚ ਹਿੰਦੂਵਾਦ ਨੂੰ ਹੱਲਾਸ਼ੇਰੀ ਦੇਣ ਵਾਲੀ ਸੀ। ਬੀਜੂ ਮੁਤਾਬਕ, ਅਜਿਹੇ ਇਨਾਮ ਕਲਾ ਨੂੰ ਹੀ ਸਮਰਪਿਤ ਹੋਣੇ ਚਾਹੀਦੇ ਹਨ ਤਾਂ ਕਿ ਫਿਲਮਸਾਜ਼ ਚੰਗੀਆਂ ਫਿਲਮਾਂ ਬਣਾਉਣ ਦਾ ਜੇਰਾ ਕਰਦੇ ਰਹਿਣ।

# ਅਮਿਤਾਭ ਬੱਚਨ ਦਾ ਦੂਸਰਾ ਜਨਮ ਹੋਣ ਦੀ ਨਿਸ਼ਾਨੀ: ਕੁਲੀ

ਆਵਾਜ਼ ਦੇ ਕਹਾਂ ਹੈ... -68-



ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਕੁਲੀ' ਨੂੰ ਭਾਰਤੀ ਸਿਨੇਮਾ ਵਿਚ ਅਮਿਤਾਭ ਬੱਚਨ ਦਾ ਦੂਸਰਾ ਜਨਮ ਹੋਣ ਦੀ ਨਿਸ਼ਾਨੀ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਫਿਲਮ ਨਾਲ ਜੁੜੀਆਂ ਅਣਗਿਣਤ ਕਹਾਣੀਆਂ ਹਨ ਜਿਨ੍ਹਾਂ ਵਿਚੋਂ ਇਕ ਇਹ ਵੀ ਹੈ ਕਿ ਫਿਲਮ ਵਿਚ ਪਹਿਲੀ ਵਾਰ ਭਾਰਤੀ ਰੇਲਵੇ ਦੇ ਪਲੇਟਫਾਰਮਾਂ 'ਤੇ ਕੰਮ ਕਰਦੇ ਗੈਰ-ਜਥੇਬੰਦ ਕਾਮਿਆਂ ਦੇ ਸੰਘਰਸ਼ ਨੂੰ ਸੁਨਹਿਰੀ ਪਰਦੇ 'ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਮਨਮੋਹਨ ਦੇਸਾਈ ਦੀ ਇਸ ਫਿਲਮ ਵਿਚ ਅਮਿਤਾਭ ਅਜਿਹੇ ਮੁਸਲਿਮ ਨੌਜਵਾਨ ਇਕਬਾਲ ਦੇ ਕਿਰਦਾਰ ਵਿਚ ਹੈ ਜਿਸ ਨੂੰ ਜਿੰਨਾ ਵਿਸ਼ਵਾਸ ਆਪਣੇ ਸਾਥੀਆਂ ਦੇ ਏਕੇ ਵਿਚ ਹੈ, ਉਨਾ ਹੀ ਅੱਲ੍ਹਾ ਦੇ ਚਮਤਕਾਰਾਂ ਵਿਚ ਵੀ ਹੈ। ਫਿਲਮ ਵਿਚ ਮਾਂ-ਪਿਉ ਦੇ ਪਿਆਰਾਂ ਦੀਆਂ ਧਾਰਨਾਵਾਂ, ਰੱਬ ਨਾਲ ਬੰਦੇ ਦੇ ਇਸ਼ਕ ਦੀਆਂ ਬਾਤਾਂ ਅਤੇ ਇਤਫਾਕਵੱਸ ਵਾਪਰਦੀਆਂ ਘਟਨਾਵਾਂ ਦੀ ਭਰਮਾਰ ਹੈ। ਫਿਲਮ ਦਾ ਇਕ ਹੋਰ ਮਹਤੱਵਪੂਰਨ ਨੁਕਤਾ ਇਹ ਹੈ ਕਿ ਜਿਥੇ ਮਨਮੋਹਨ ਦੇਸਾਈ ਆਪਣੀਆਂ ਫਿਲਮਾਂ 'ਨਸੀਬ' ਅਤੇ 'ਅਮਰ ਅਕਬਰ ਐਨਥਨੀ' ਵਿਚ ਵੱਖ-ਵੱਖ ਧਰਮਾਂ ਦੇ ਮੰਨਣ ਵਾਲਿਆਂ ਵਿਚ ਸਹਿ-ਹੋਂਦ ਦਿਖਾਉਂਦਾ ਹੈ, ਇਸ ਫਿਲਮ ਵਿਚ ਉਸ ਦੇ ਕਿਰਦਾਰ ਅੱਲ੍ਹਾ 'ਤੇ ਟੇਕ ਰੱਖਣ ਵਾਲੇ ਹਨ। ਫਿਲਮ ਵਿਚ ਧਾਰਮਿਕ ਚਿੰਨ੍ਹਾਂ/ਸੰਕੇਤਾਂ ਅਤੇ ਮੇਟਾਫਰਾਂ ਦੀ ਭਰਮਾਰ ਹੈ। ਕੁਲੀ ਦੇ ਰੂਪ ਵਿਚ ਇਕਬਾਲ ਦਾ ਨੰਬਰ ਹੀ '786' ਹੈ।

ਇਕਬਾਲ ਜੋ ਰੇਲਵੇ ਪਲੇਟਫਾਰਮ 'ਤੇ ਕੁਲੀ ਦਾ ਕੰਮ ਕਰਦਾ ਹੈ, ਨੂੰ ਬਚਪਨ ਵਿਚ ਆਪਣੀ ਮਾਂ ਸਲਮਾ (ਵਹੀਦਾ ਰਹਿਮਾਨ) ਤੋਂ ਜ਼ਬਰਦਸਤੀ ਵਿਛੋੜਿਆ ਗਿਆ। ਉਸ ਨੂੰ ਆਪਣੀ ਮਾਂ ਤੋਂ ਜੁਦਾ ਕਰਨ ਵਾਲਾ ਜ਼ਫਰ ਖਾਨ (ਕਾਦਰ ਖਾਨ) ਪੈਸੇ ਦੀ ਹਵਸ ਪੂਰੀ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਉਸ ਨੇ ਆਪਣੀ ਸਮਾਨਾਂਤਰ ਸੱਤਾ ਖੜ੍ਹੀ ਕੀਤੀ ਹੋਈ ਹੈ। ਉਹ ਕੁਲੀਆਂ ਦੀ ਵੱਡੀ ਗਿਣਤੀ ਦੇਖਦੇ ਹੋਏ ਆਫਰ ਦਿੰਦਾ ਹੈ ਕਿ ਉਹ ਉਨ੍ਹਾਂ ਨੂੰ ਸਸਤੇ ਮੁੱਲ 'ਤੇ ਮਕਾਨ ਬਣਾ ਕੇ ਉਨ੍ਹਾਂ ਦੀ ਜ਼ਿੰਦਗੀ ਸੌਖੀ ਕਰ ਸਕਦਾ ਹੈ। ਪਿੰਡਾਂ-ਕਸਬਿਆਂ ਤੋਂ ਆਏ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਕਿਸਾਨ-ਮਜ਼ਦੂਰ ਉਸ ਦੀ ਚਾਲ ਵਿਚ ਆ ਕੇ ਆਪਣੀ ਮਿਹਨਤ ਦੀ ਕਮਾਈ ਉਸ ਦੇ ਪ੍ਰਾਜੈਕਟ ਵਿਚ ਲਗਾ ਦਿੰਦੇ ਹਨ। ਇਕਬਾਲ ਉਸ ਦੀ ਮਨਸ਼ਾ ਬੁੱਝ ਲੈਂਦਾ ਹੈ ਅਤੇ ਉਸ ਦੇ ਬਾਈਕਾਟ ਦਾ ਸੱਦਾ ਦਿੰਦਾ ਹੈ। ਪਹਿਲੀ ਵਾਰ ਕੁਲੀ ਮਿਲ ਕੇ ਹੜਤਾਲ ਕਰਦੇ ਹਨ। ਉਨ੍ਹਾਂ ਨੂੰ ਆਪਣੇ ਕੰਮ ਦੇ ਸਮਾਜਿਕ ਮੁੱਲ ਦਾ ਪਤਾ ਲੱਗਦਾ ਹੈ। ਉਹ ਮਹਿਸੂਸ ਕਰਦੇ ਹਨ ਕਿ ਕਿਰਤ ਦੀ ਲੁੱਟ ਕਰਨ ਵਾਲਿਆਂ ਦਾ ਇੱਕ-ਜੁੱਟ ਹੋ ਕੇ ਮੁਕਾਬਲਾ ਕੀਤਾ ਜਾ ਸਕਦਾ ਹੈ। ਇਥੇ ਮਨਮੋਹਨ ਦੇਸਾਈ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਉਹ ਬੇਹੱਦ ਕਮਰਸ਼ੀਅਲ ਫਿਲਮ ਵਿਚ ਵੀ ਸਮਾਜਿਕ ਤਬਦੀਲੀ ਦੀ ਦਲੀਲ ਦਾ ਪਿੱਛਾ ਨਹੀਂ ਛੱਡਦਾ।

ਫਿਲਮ ਦਾ ਦਿਲਚਸਪ ਪਹਿਲੂ ਇਕਬਾਲ ਅਤੇ ਸਨੀ (ਰਿਸ਼ੀ ਕਪੂਰ) ਦੀ ਦੋਸਤੀ ਹੈ। ਸਨੀ ਪੱਤਰਕਾਰ ਹੈ ਅਤੇ ਉਸ ਦੀ ਦਿਲਚਸਪੀ ਇਸ ਹੜਤਾਲ ਲਈ ਮਜ਼ਦੂਰਾਂ ਦੇ ਪੱਖ ਵਿਚ ਮਜ਼ਬੂਤ ਲੋਕ ਰਾਏ ਬਣਾਉਣ ਦੀ ਹੈ। ਉਹ ਇਸ ਲਈ ਹਰ ਤਰ੍ਹਾਂ ਦਾ ਜੋਖਮ ਉਠਾਉਂਦਾ ਹੈ। ਮਨਮੋਹਨ ਦੇਸਾਈ ਦੇ ਨਿਰਦੇਸ਼ਨ ਦੀਆਂ ਜਾਣੀਆਂ-ਪਛਾਣੀਆਂ ਤਕਨੀਕਾਂ ਵਾਂਗ ਇਸ ਫਿਲਮ ਵਿਚ ਵੀ ਮਿਲਣ ਤੇ ਵਿਛੜਨ ਦਾ ਫਾਰਮੂਲਾ ਹੈ। ਸਨੀ ਨੂੰ ਅਸਲ ਵਿਚ ਇਕਬਾਲ ਦੀ ਮਾਂ ਸਲਮਾ ਨੇ ਪਾਲਿਆ ਹੈ। ਇਹ ਫਿਲਮ ਦਾ ਬਹੁਤ ਮਾਰਮਿਕ ਤੇ ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾਉਣ ਵਾਲਾ ਨੁਕਤਾ ਬਣਿਆ ਹੈ।

ਫਿਲਮ ਕੁਲ ਮਿਲਾ ਕੇ ਅਮਿਤਾਭ ਬੱਚਨ ਦੀ ਫਿਲਮ ਹੈ। ਸ਼ਾਇਦ ਇਹ ਦੁਨੀਆਂ ਦੀ ਪਹਿਲੀ ਅਜਿਹੀ ਫਿਲਮ ਹੈ ਜਿਸ ਵਿਚ ਜਿਸ ਸੀਨ ਦੀ ਸ਼ੂਟਿੰਗ ਦੌਰਾਨ ਅਮਿਤਾਭ ਜ਼ਖਮੀ ਹੋਇਆ ਸੀ, ਉਸ ਸੀਨ ਨੂੰ ਰੋਕ ਕੇ ਇਹ ਲਿਖਿਆ ਮਿਲਦਾ ਹੈ ਕਿ ਇਹ ਉਹ ਖਾਸ ਸੀਨ ਹੈ। ਇਹ ਫਿਲਮ ਸਿਰਫ ਇਸ ਖਾਸ ਸੀਨ ਲਈ ਵੀ ਦੇਖੀ ਜਾ ਸਕਦੀ ਹੈ। ਇਸ ਜ਼ਖਮ ਨੇ ਕਿਵੇਂ ਅਮਿਤਾਭ ਅਤੇ ਦਰਸ਼ਕਾਂ ਵਿਚਕਾਰ ਖਾਸ ਰਿਸ਼ਤਾ ਸਿਰਜਿਆ, ਫਿਲਮ ਇਸ ਗੱਲ ਦੀ ਗਵਾਹ ਹੈ।








ਫਿਲਮ 'ਕੁਲੀ' ਵਿਚ ਅਮਿਤਾਭ ਬੱਚਨ, (ਵਿਚਕਾਰ) ਫਿਲਮਸਾਜ਼ ਮਨਮੋਹਨ ਦੇਸਾਈ ਅਤੇ (ਐਨ ਸੱਜੇ) ਅਦਾਕਾਰਾ ਰਤੀ ਅਗਨੀਹੋਤਰੀ।

# ਜਸਵੰਤ ਸਿੰਘ ਦਾ ਚਿਤਰਿਆ ਭਾਈ ਜੈਤਾ

**ਸਿੱਖ ਇਤਿਹਾਸ ਵਿਚ ਭਾਈ ਜੈਤਾ (13 ਦਸੰਬਰ 1649-22 ਦਸੰਬਰ) ਦਾ ਆਪਣਾ ਮੁਕਾਮ ਹੈ। ਉਹ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾ ਗੁਰੂ ਤੇਗ ਬਹਾਦਰ ਦਾ ਸੀਸ ਉਨ੍ਹਾਂ ਦੇ ਪੁੱਤਰ ਗੋਬਿੰਦ ਰਾਏ (ਸਿੰਘ) ਤੱਕ ਲੈ ਕੇ ਪੁੱਜਾ ਸੀ। ਚਿੱਤਰਕਾਰ ਜਸਵੰਤ ਸਿੰਘ ਨੇ ਭਾਈ ਜੈਤਾ ਦੇ ਇਸ ਕਾਰਨਾਮੇ ਨੂੰ ਆਪਣੇ ਚਿੱਤਰ ਵਿਚ ਸਾਕਾਰ ਕੀਤਾ ਹੈ। ਇਸ ਚਿੱਤਰ ਦੀ ਖੂਬਸੂਰਤੀ ਇਹ ਹੈ ਕਿ ਇਸ ਵਿਚ ਭਾਈ ਜੈਤਾ ਦੇ ਨਾਲ-ਨਾਲ ਉਨ੍ਹਾਂ ਵਕਤਾਂ ਦੇ ਹਾਲਾਤ ਵੀ ਝਾਤੀਆਂ ਮਾਰਦੇ ਹਨ। ਦਿੱਲੀ ਵੱਸਦੇ ਕਲਾ ਪਾਰਖੂ ਜਗਤਾਰਜੀਤ ਸਿੰਘ ਨੇ ਇਸ ਚਿੱਤਰ ਬਾਰੇ ਬਹੁਤ ਬਾਰੀਕ ਵੇਰਵੇ ਆਪਣੇ ਇਸ ਲੇਖ ਵਿਚ ਪੇਸ਼ ਕੀਤੇ ਹਨ। -ਸੰਪਾਦਕ**

ਜਸਵੰਤ ਸਿੰਘ ਨੇ ਸਿੱਖ ਗੁਰੂਆਂ ਦੇ ਬਹੁਤ ਘੱਟ ਚਿੱਤਰ ਬਣਾਏ ਹਨ ਅਤੇ ਉਸ ਤੋਂ ਘੱਟ ਸੰਤਾਂ, ਭਗਤਾਂ ਅਤੇ ਸਿੱਖ ਯੋਧਿਆਂ ਦੇ। ਸਿੱਖ ਇਤਿਹਾਸ ਵਿਚ ਭਾਈ ਜੈਤਾ ਦਾ ਵਿਸ਼ੇਸ਼ ਮਹੱਤਵ ਹੈ। ਉਹ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾ ਗੁਰੂ ਤੇਗ ਬਹਾਦਰ ਦਾ ਸੀਸ ਉਨ੍ਹਾਂ ਦੇ ਪੁੱਤਰ ਗੋਬਿੰਦ ਰਾਏ (ਸਿੰਘ) ਦੇ ਸਪੁਰਦ ਕਰਦਾ ਹੈ। ਦਿੱਲੀ ਤੋਂ ਅਨੰਦਪੁਰ ਤਕ ਦਾ ਸਫਰ ਉਹ ਆਪਣੇ ਤਿੰਨ ਸਾਥੀਆਂ ਭਾਈ ਆਗਿਆ, ਭਾਈ ਊਦਾ ਅਤੇ ਭਾਈ ਨਾਨੂੰ ਸਣੇ 5 ਦਿਨਾਂ ਵਿਚ ਤੈਅ ਕਰਦਾ ਹੈ।

ਉਸ ਵੇਲੇ ਇਹ ਅਲੋਕਾਰ ਘਟਨਾ ਸੀ।

ਕਸ਼ਮੀਰੀ ਪੰਡਿਤਾਂ ਦੀ ਫਰਿਆਦ ਨੂੰ ਹਾਕਮ ਜਮਾਤ ਤਕ ਪੁੱਜਦੀ ਕਰਨ ਲਈ ਗੁਰੂ ਤੇਗ ਬਹਾਦਰ ਨੂੰ ਅਨੰਦਪੁਰ ਸਾਹਿਬ ਤੋਂ ਦਿੱਲੀ ਜਾਣਾ ਪਿਆ। ਉਨ੍ਹਾਂ ਮੁਗਲ ਹਕੂਮਤ ਵੱਲੋਂ 'ਧਰਮ ਪਰਿਵਰਤਨ ਦੀ ਸਲਾਹ' ਮੰਨਣ ਤੋਂ ਮਨ੍ਹਾਂ ਕਰ ਦਿੱਤਾ। ਫਲਸਰੂਪ ਪਹਿਲਾਂ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਤਿੰਨ ਸਿੱਖਾਂ-ਭਾਈ ਮਤੀ ਦਾਸ (ਆਰੇ ਨਾਲ ਚੀਰ ਕੇ), ਭਾਈ ਦਿਆਲਾ (ਉਬਲਦੀ



**ਜਗਤਾਰਜੀਤ ਸਿੰਘ**
ਫੋਨ: +91-98990-91186

ਦੇਗ ਵਿਚ ਬਿਠਾ ਕੇ) ਅਤੇ ਭਾਈ ਸਤੀ ਦਾਸ (ਰੂੰ ਵਿਚ ਲਪੇਟ ਕੇ ਅੱਗ ਲਾ ਕੇ) ਨੂੰ ਸ਼ਹੀਦ ਕਰ ਦਿੱਤਾ ਜਾਂਦਾ ਹੈ, ਤੇ ਫਿਰ ਹਜੂਮ ਸਾਹਮਣੇ ਜੱਲਾਦ ਵੱਲੋਂ ਗੁਰੂ ਤੇਗ ਬਹਾਦਰ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ ਗਿਆ। ਤਸੀਹੇ ਦੇ ਕੇ ਖਤਮ ਕੀਤੀਆਂ ਦੇਹਾਂ ਨੂੰ ਧੂੜ-ਮਿੱਟੀ ਵਿਚ ਰੁਲਣ ਲਈ ਛੱਡ ਦਿੱਤਾ ਜਾਂਦਾ ਹੈ। ਸਿੱਖਾਂ ਨੂੰ ਉਨ੍ਹਾਂ ਦੇ ਅੰਤਿਮ ਸੰਸਕਾਰ ਪੂਰੇ ਕਰਨ ਦੀ ਇਜਾਜ਼ਤ ਵੀ ਨਹੀਂ ਮਿਲਦੀ।

ਇਤਿਹਾਸ ਮੁਤਾਬਿਕ ਜਾਮਾ ਮਸਜਿਦ ਲਾਗੇ ਕੂਚਾ ਦਿਲਵਾਲੀ ਦੇ ਇੱਕ ਘਰ ਅੰਦਰ ਕੁਝ ਕੁ ਸਿੱਖ ਮਿਲਦੇ ਹਨ। ਵਿਚਾਰ-ਵਟਾਂਦਰੇ ਤੋਂ ਬਾਅਦ ਭਾਈ ਜੈਤਾ, ਗੁਰੂ ਤੇਗ ਬਹਾਦਰ ਦਾ ਸੀਸ ਚੁੱਕ ਕੇ ਅਨੰਦਪੁਰ ਸਾਹਿਬ ਜਾਣ ਲਈ ਤਿਆਰ ਹੁੰਦਾ ਹੈ। ਤਿੰਨ ਹੋਰ ਸਿੱਖ ਔਖੇ ਵੇਲੇ ਇਮਦਾਦ ਦੇਣ ਅਤੇ ਆਲੇ-ਦੁਆਲੇ ਦੀ ਨਕਲੋ-ਹਰਕਤ ਉਪਰ ਅੱਖ ਰੱਖਣ ਲਈ ਭਾਈ ਜੈਤਾ ਨਾਲ ਹੋ ਤੁਰਦੇ ਹਨ। ਗੁਰੂ ਜੀ ਦਾ ਧੜ ਲੱਖੀ ਸ਼ਾਹ ਵਣਜਾਰਾ ਆਪਣੇ ਗੱਡਿਆਂ ਦੇ ਸਾਮਾਨ ਵਿਚ ਲੁਕੋ ਕੇ ਰਾਏਸਿਨਾ ਪਹਾੜ ਵੱਲ ਤੁਰ ਪੈਂਦਾ ਹੈ। ਸਮੁੱਚੀ ਵਿਉਂਤਬੰਦੀ ਨੂੰ ਕੁਦਰਤ ਦਾ ਅਹਿਮ ਸਾਥ ਮਿਲਿਆ।

ਬਾਲ ਗੋਬਿੰਦ ਰਾਏ (ਸਿੰਘ) ਦੇ ਦਰਬਾਰ ਵਿਚ ਗੁਰੂ ਤੇਗ ਬਹਾਦਰ ਦਾ ਸੀਸ ਦਿੰਦੇ ਹੋਏ ਕੁਝ ਚਿੱਤਰ ਵੇਖਣ ਨੂੰ ਮਿਲਦੇ ਹਨ, ਪਰ ਪੇਂਟਰ ਜਸਵੰਤ ਸਿੰਘ ਦੀ ਕਿਰਤ ਸਾਰਿਆਂ ਤੋਂ ਅੱਡਰੀ ਹੈ। ਇਹ ਸੰਘਰਸ਼ ਉਪਰੰਤ ਮੰਜ਼ਿਲ ਪ੍ਰਾਪਤੀ ਦਾ ਦ੍ਰਿਸ਼ ਨਹੀਂ ਦਿਖਾਉਂਦੀ, ਸਗੋਂ ਸੰਘਰਸ਼ਰਤ ਭਾਈ ਜੈਤਾ ਦੇ ਕਰਮ ਨੂੰ ਦਿਖਾਉਂਦੀ ਹੈ। ਇਹ ਚਿੱਤਰ ਸੰਦੇਸ਼ ਦਿੰਦਾ ਹੈ ਕਿ ਜੇ ਗੁਰੂ ਦੀਨ, ਈਮਾਨ, ਮਜ਼ਲੂਮ ਵਾਸਤੇ ਆਪਣਾ ਸੀਸ ਦੇ ਸਕਦਾ ਹੈ ਤਾਂ ਗੁਰੂ ਦਾ ਸਿੱਖ ਵੀ ਮੌਤ ਦੇ ਭੈਅ ਤੋਂ ਬਿਨਾ ਆਪਣੀ ਜਾਨ ਵਾਰਨ ਤੋਂ ਪਿਛਾਂਹ ਨਹੀਂ ਹਟਦਾ।

ਜਸਵੰਤ ਸਿੰਘ ਦੇ ਚਿੱਤਰ ਮੁਤਾਬਿਕ ਦੁਖਦਾਈ ਘਟਨਾ ਵਾਪਰ ਚੁੱਕੀ ਹੈ। ਉਸ ਦੀ ਤ੍ਰਾਸਦੀ ਦੀ ਨਿਸ਼ਾਨੀ ਅਤੇ ਖਬਰ ਭਾਈ ਜੈਤਾ ਪਾਸ ਹੈ ਜੋ ਗੋਬਿੰਦ ਰਾਏ (ਸਿੰਘ) ਤਕ ਅੱਪੜਦੀ ਕਰਨੀ ਹੈ। ਆਪਣੀ ਮੰਜ਼ਿਲ ਤਕ ਪਹੁੰਚਣ ਲਈ ਉਸ ਨੂੰ ਕਈ ਬਿਖੜੇ ਰਾਹੀਂ ਗੁਜ਼ਰਨਾ ਪਿਆ। ਚਿੱਤਰ ਵਿਚ ਵਿਖਾਏ ਭਾਈ ਜੈਤਾ ਨੂੰ ਆਪਣੇ ਸਾਥੀਆਂ ਸਮੇਤ ਅੰਬਾਲੇ ਭੂ-ਖੇਤਰ ਵਿਚ ਵਗਦੀ ਟਾਂਗਰੀ ਨਦੀ ਪਾਰ ਕਰਦਿਆਂ ਦਿਖਾਇਆ ਹੈ।

ਪੂਰੇ ਕੈਨਵਸ ਉਪਰ ਕੇਂਦਰੀ ਕਿਰਦਾਰ 'ਭਾਰੂ' ਪੈ ਰਿਹਾ ਹੈ। ਖੱਬੇ ਤੋਂ ਸੱਜੇ ਵੱਲ ਤੁਰਦੀ ਨਿਗ੍ਹਾ ਨੂੰ ਭਾਈ ਜੈਤਾ ਹੀ ਦਿਖਦਾ ਹੈ। ਮੂਲ ਤਿੰਨ ਵਸਤਾਂ ਹਨ: ਉਸ ਦਾ ਚਿਹਰਾ, ਪਹਿਨੇ ਹੋਏ ਵਸਤਰ ਅਤੇ ਆਪਣੇ ਖੱਬੇ ਹੱਥ ਵਿਚ ਕਸ ਕੇ ਫੜੀ ਹੋਈ ਗੁਰੂ ਦੇ ਸੀਸ ਵਾਲੀ ਗੰਢੜੀ। ਨਦੀ ਦੀ ਜਲਧਾਰਾ ਨੂੰ ਚੀਰ ਕੇ ਸਿੱਖ ਅੱਗੇ ਵੱਲ ਨੂੰ ਵਧ ਰਹੇ ਹਨ। ਦ੍ਰਿਸ਼ ਤੋਂ ਪਤਾ ਲੱਗਦਾ ਹੈ ਕਿ ਟੋਹੀਏ/ਸੂਹੀਏ/ਮੁਗਲ ਸਿਪਾਹੀ ਵੀ ਇਨ੍ਹਾਂ ਦੇ ਨਾਲੋਂ-ਨਾਲ ਹਨ। ਦੋ ਵਿਰੋਧੀ ਧਿਰਾਂ ਦਾ ਇੱਕੋ ਥਾਂ 'ਤੇ ਪੇਸ਼ ਹੋਣਾ ਦਰਸ਼ਕ ਮਨ ਵਿਚ ਕੌਤੂਹਲ ਪੈਦਾ ਕਰਦਾ ਹੈ।

ਜਸਵੰਤ ਸਿੰਘ ਨੇ ਭਾਈ ਜੈਤਾ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਉਲੀਕਿਆ ਹੈ ਜੋ ਚਿਹਰੇ, ਸਰੀਰ ਦੀ ਸੰਰਚਨਾ ਅਤੇ ਪਹਿਨੇ ਹੋਏ ਵਸਤਰਾਂ ਤੋਂ ਯਕਦਮ ਸਪਸ਼ਟ ਹੋ ਜਾਂਦਾ ਹੈ। ਭਰਵਾਂ ਜਵਾਨ ਚਿਹਰਾ ਜਿਸ ਦੇ ਸਿਰ ਨੀਲੀ ਪੱਗ ਹੈ। ਚਿਹਰੇ ਦੀ ਸਿਆਹ ਦਾੜ੍ਹੀ ਹਵਾ ਦੇ ਤੇਜ਼ ਵਹਾਅ ਕਾਰਨ ਪਿਛਾਂਹ ਵੱਲ ਉੱਡ ਰਹੀ ਹੈ। ਹਵਾ ਦੇ ਵਹਾਅ ਦੀ ਗਤੀ ਦਾ ਅਸਰ ਭਾਈ ਜੈਤਾ ਦੇ ਵਸਤਰਾਂ ਉਪਰ ਵੀ ਪੈ ਰਿਹਾ ਹੈ, ਸੋ ਤੈਰਾਕ ਦਰਿਆ ਦੇ ਵੇਗ ਅਤੇ ਪਵਨ ਚਾਲ ਨੂੰ ਇੱਕੋ ਵੇਲੇ ਸਹਿੰਦਿਆਂ ਅੱਗੇ ਵਧ ਰਹੇ ਹਨ। ਅਚੇਤ ਹੋਣ ਵਾਲੇ ਦੁਸ਼ਮਣ ਦੇ ਹਮਲੇ ਦਾ ਭੈਅ ਅਤੇ ਮਿਥੀ ਮੰਜ਼ਿਲ ਤਕ ਪਹੁੰਚਣ ਜਾਂ ਨਾ ਪਹੁੰਚਣ ਦਾ ਫਿਕਰ ਭਾਈ ਜੈਤਾ ਦੇ ਚਿਹਰੇ ਉਪਰ ਰੱਤੀ ਭਰ ਵੀ ਆਪਣਾ ਪ੍ਰਤੀਬਿੰਬ ਨਹੀਂ ਛੱਡ ਰਿਹਾ। ਚਿਹਰੇ ਦਾ ਭਾਵ ਸ਼ਾਂਤ ਹੈ। ਪਲਕਾਂ ਦਾ ਆਮ ਨਾਲੋਂ ਰਤਾ ਕੁ ਜ਼ਿਆਦਾ ਨੂਟਿਆ ਹੋਣਾ ਦੱਸਦਾ ਹੈ, ਤੈਰਾਕ ਜਿਵੇਂ ਸਾਹਮਣੇ ਦਿਸਦੇ ਨਦੀ ਦੇ ਕਿਨਾਰੇ ਦੀ ਦੂਰੀ ਦਾ ਮਨ ਹੀ ਮਨ ਅਨੁਮਾਨ



ਚਿੱਤਰਕਾਰ ਜਸਵੰਤ ਸਿੰਘ ਵੱਲੋਂ ਬਣਾਇਆ ਭਾਈ ਜੈਤਾ ਦਾ ਚਿੱਤਰ।

*ਗੋਬਿੰਦ ਰਾਏ (ਸਿੰਘ) ਦੇ ਦਰਬਾਰ ਵਿਚ ਗੁਰੂ ਤੇਗ ਬਹਾਦਰ ਦਾ ਸੀਸ ਦਿੰਦੇ ਹੋਏ ਕੁਝ ਚਿੱਤਰ ਵੇਖਣ ਨੂੰ ਮਿਲਦੇ ਹਨ, ਪਰ ਜਸਵੰਤ ਸਿੰਘ ਦੀ ਕਿਰਤ ਸਾਰਿਆਂ ਤੋਂ ਅੱਡਰੀ ਹੈ। ਇਹ ਸੰਘਰਸ਼ ਉਪਰੰਤ ਮੰਜ਼ਿਲ ਪ੍ਰਾਪਤੀ ਦਾ ਦ੍ਰਿਸ਼ ਨਹੀਂ ਦਿਖਾਉਂਦੀ, ਸਗੋਂ ਸੰਘਰਸ਼ਰਤ ਭਾਈ ਜੈਤਾ ਦੇ ਕਰਮ ਨੂੰ ਦਿਖਾਉਂਦੀ ਹੈ। ਇਹ ਚਿੱਤਰ ਸੰਦੇਸ਼ ਦਿੰਦਾ ਹੈ ਕਿ ਜੇ ਗੁਰੂ ਦੀਨ, ਈਮਾਨ, ਮਜ਼ਲੂਮ ਵਾਸਤੇ ਆਪਣਾ ਸੀਸ ਦੇ ਸਕਦਾ ਹੈ ਤਾਂ ਗੁਰੂ ਦਾ ਸਿੱਖ ਵੀ ਮੌਤ ਦੇ ਭੈਅ ਤੋਂ ਬਿਨਾਂ ਆਪਣੀ ਜਾਨ ਵਾਰਨ ਤੋਂ ਪਿਛਾਂਹ ਨਹੀਂ ਹਟਦਾ। ਜਸਵੰਤ ਸਿੰਘ ਦੇ ਚਿੱਤਰ ਮੁਤਾਬਿਕ ਦੁਖਦਾਈ ਘਟਨਾ ਵਾਪਰ ਚੁੱਕੀ ਹੈ... ਆਪਣੀ ਮੰਜ਼ਿਲ ਤਕ ਪਹੁੰਚਣ ਦੌਰਾਨ ਉਸ ਨੂੰ ਕਈ ਬਿਖੜੇ ਰਾਹੀਂ ਗੁਜ਼ਰਨਾ ਪਿਆ।*

ਲਾ ਰਿਹਾ ਹੈ। ਚਿਤੇਰੇ ਨੇ ਭਾਈ ਜੈਤੇ ਦਾ ਸਰੀਰ ਭਾਰਾ ਤੇ ਗੋਰਾ ਚਿਤਵਿਆ ਹੈ। ਜਿਸ ਤਰ੍ਹਾਂ ਦਾ ਚੌਤਰਫਾ ਮਾਹੌਲ ਹੈ, ਜਿਵੇਂ ਦਾ ਜੋਖਮ ਲੈ ਕੇ ਮਿਥੇ ਕੰਮ ਨੂੰ ਸਿਰੇ ਚਾੜ੍ਹਨਾ ਹੈ, ਉਸ ਵਾਸਤੇ ਤਾਕਤਵਰ ਜੁੱਸੇ ਦੀ ਲੋੜ ਹੈ। ਚਿੱਤਰ ਦੁਆਰਾ ਸਰੀਰਕ ਕਿਰਿਆ ਦਾ ਉੱਭਰਦਾ ਬਿੰਬ ਦੱਸਦਾ ਹੈ ਕਿ ਤੈਰਾਕ ਚੁਸਤ-ਦਰੁਸਤ ਹੈ ਤੇ ਭੀੜ ਵੇਲੇ ਈਨ ਮੰਨਣ ਵਾਲਾ ਵੀ ਨਹੀਂ ਹੈ।

ਮਰਜੀਵੜੇ ਦੇ ਵਸਤਰ ਲੋੜ ਅਨੁਸਾਰ ਨਾ ਘੱਟ ਹਨ, ਨਾ ਵੱਧ; ਪਰ ਇੰਨਾ ਕੁ ਸਪਸ਼ਟ ਹੈ ਕਿ ਉਸ ਦੇ ਜੁੱਸੇ ਨੂੰ ਵਿਸਥਾਰਦੇ ਜ਼ਰੂਰ ਹਨ। ਵੱਖ ਵੱਖ ਰੰਗਾਂ ਦੇ ਵਸਤਰ ਚਿੱਤਰ ਦੇ ਸਜਾਵਟੀ ਪੱਖ ਨੂੰ ਉਭਾਰਨ ਤੋਂ ਇਲਾਵਾ ਕੁਝ ਕੁ ਲੋੜੀਂਦੇ ਅਰਥ ਸੰਚਾਰ ਰਹੇ ਹਨ। ਸਰੀਰ ਦੀ ਗਤੀ ਕਰਕੇ ਅਤੇ ਚੱਲ ਰਹੀ ਪੌਣ ਦੇ ਮੇਲ ਨਾਲ ਵਸਤਰਾਂ ਵਿਚ ਵਧੇਰੇ ਹਰਕਤ ਦਿਖਦੀ ਹੈ।

ਉਦੇਸ਼ਪੂਰਨ ਦਿਸ਼ਾ ਕਿਧਰ ਹੈ, ਇਸ ਦਾ ਨਿਰਣਾ ਅਤੇ ਅਗਵਾਈ ਕੇਂਦਰੀ ਇਕਾਈ ਨਿਰਧਾਰਤ ਕਰ ਰਹੀ ਹੈ। ਇਸ ਦੇ ਸਿਰ ਤੋਂ ਉਪਰਲੇ ਪਾਸੇ ਵੱਲ ਭਾਈ ਜੈਤਾ ਦਾ ਸਾਥ ਦੇ ਰਹੇ ਸਿੱਖਾਂ ਦੀਆਂ ਤਸਵੀਰਾਂ ਹਨ। ਸੱਜੇ ਪਾਸੇ ਦੇ ਉਪਰਲੇ ਹਿੱਸੇ ਵਿਚ ਹਥਿਆਰਬੰਦ ਮੁਗਲ ਸਿਪਾਹੀਆਂ ਦਾ ਗਰੋਹ ਹੈ ਜਿਨ੍ਹਾਂ ਦੇ ਚਿਹਰੇ ਸ਼ਾਂਤ ਭਾਵੀ ਨਹੀਂ ਦਿੱਸ ਰਹੇ। ਲੱਗਦਾ ਹੈ ਇਹ ਆਪਸ ਵਿਚ ਸਲਾਹ ਮਸ਼ਵਰਾ ਕਰ ਰਹੇ ਹਨ। ਇਉਂ ਭਾਈ ਜੈਤਾ ਅਤੇ ਸਾਥੀ, ਮੁਗਲ ਸਿਪਾਹੀਆਂ ਦੀ ਆਸ-ਪਾਸ ਮੌਜੂਦਗੀ ਦੇ ਬਾਵਜੂਦ ਆਪਣੀ ਮੰਜ਼ਿਲ ਵੱਲ ਵਧ ਰਹੇ ਹਨ।

ਇਸ ਪੇਂਟਿੰਗ ਵਿਚ ਭਾਈ ਜੈਤਾ ਦੇ ਵਸਤਰਾਂ ਦੇ ਰੰਗ ਇੱਕ ਨਹੀਂ ਸਗੋਂ ਵੱਖ ਵੱਖ ਹਨ। ਸਿਰ ਬੱਝੀ ਪੱਗ ਨੀਲੀ, ਚੋਲਾ ਲਾਲ, ਕਮਰਕੱਸਾ ਨੀਲਾ ਅਤੇ ਜਿਸ ਕੱਪੜੇ ਵਿਚ ਗੁਰੂ ਦਾ ਸੀਸ ਹੈ, ਉਹ ਕੇਸਰੀ ਹੈ। ਮੋਢਿਆਂ 'ਤੇ ਸਫੈਦ ਚਾਦਰ ਹੈ ਜੋ ਹਵਾ ਦੇ ਵਹਾਅ ਸਦਕਾ ਪਿੱਛੇ ਨੂੰ ਲਹਿਰਾ ਰਹੀ ਹੈ।

ਕੀ ਵਸਤਰਾਂ ਦੇ ਰੰਗ ਸਿਰਫ ਸੰਜੋਗ ਮਾਤਰ ਹਨ? ਇਨ੍ਹਾਂ ਦਾ ਕੋਈ ਹੋਰ ਅਰਥ ਨਹੀਂ ਹੈ? ਇਹ ਮੰਨਿਆ ਵੀ ਜਾ ਸਕਦਾ ਹੈ ਤੇ ਨਹੀਂ ਵੀ। ਜਿਸ ਹਾਲਤ ਵਿਚ ਮੂਲ ਇਕਾਈ ਸੰਘਰਸ਼ਰਤ ਹੈ, ਉਸ ਦੇ ਸਮੁੱਚੇ ਕਾਰਜ ਨੂੰ ਰੰਗ ਤੀਬਰਤਾ ਦਿੰਦੇ ਹਨ। ਉਹ ਲੋੜੀਂਦਾ ਵਾਤਾਵਰਨ ਸਿਰਜਣ ਤੋਂ ਇਲਾਵਾ ਕਿਰਦਾਰ ਦੇ ਮਨੋਭਾਵਾਂ ਨੂੰ ਉਜਾਗਰ ਵੀ ਕਰਦੇ ਹਨ।

ਨਿਸ਼ਚਿਤ ਰੂਪ ਵਿਚ ਚਿੱਤਰਕਾਰ ਜਸਵੰਤ ਸਿੰਘ ਨੇ ਰੰਗ ਚੁਣ ਵੇਲੇ ਰੰਗਾਂ ਦੇ ਪ੍ਰਸੰਗਾਂ ਨੂੰ ਧਿਆਨ ਵਿਚ ਰੱਖਿਆ ਹੈ। ਨੀਲਾ ਰੰਗ ਭਰਪੂਰਤਾ ਦੀ ਨਿਸ਼ਾਨੀ ਹੈ। ਇਹ ਅਸੀਮ ਵੱਲ ਸੰਕੇਤ ਕਰਦਾ ਹੈ ਜਿਵੇਂ ਆਸਮਾਨ ਜਾਂ ਸਾਗਰ। ਇਹ ਤਾਕਤ, ਮਰਦਊਪੁਣੇ ਦੀ ਲਖਾਇਕ ਹੈ। ਮਨ ਵਿਚ ਕਿਸੇ ਉਦੇਸ਼ ਨੂੰ ਸਾਹਮਣੇ ਰੱਖ ਕੇ ਉਸ ਲਈ ਲੜ ਮਰਨ ਦੀ ਇੱਛਾ ਲੈ ਕੇ ਨਿਕਲ ਪੈਣ ਵੱਲ ਵੀ ਸੈਨਤ ਕਰਦਾ ਹੈ। ਭਾਈ ਜੈਤਾ ਜੋ ਕਰਮ ਕਰ ਰਿਹਾ ਹੈ, ਇਹ ਰੰਗ ਉਸ ਨਾਲ ਮੇਲ ਖਾਂਦਾ ਹੈ।

ਲਾਲ ਰੰਗਾ ਚੋਲਾ ਸਿਰਫ ਚੋਲਾ ਨਹੀਂ, ਕੁਝ ਹੋਰ ਵੀ ਹੈ। ਇਹ ਉਤੇਜਨਾ ਅਤੇ ਪਵਿੱਤਰਤਾ ਨੂੰ ਦੱਸਦਾ ਹੈ। ਕਿਸੇ ਸ਼ੁਭ ਕਾਰਜ ਦੇ ਅਰੰਭ ਵੇਲੇ ਇਸ ਨੂੰ ਵਰਤਿਆ ਜਾਂਦਾ ਹੈ। ਭਾਈ ਜੈਤਾ ਵੱਲੋਂ ਗੁਰੂ ਦਾ ਸੀਸ ਸਾਂਭ ਕੇ ਬਾਲ ਗੋਬਿੰਦ ਰਾਏ (ਸਿੰਘ) ਤਕ ਪਹੁੰਚਾਉਣ ਦੀ ਯਾਤਰਾ ਇਸੇ ਵਰਗ ਵਿਚ ਰੱਖੀ ਜਾ ਸਕਦੀ ਹੈ। ਲੋਕ ਮਾਨਤਾ ਮੁਤਾਬਿਕ ਲਾਲ ਰੰਗ ਨੂੰ ਧਾਰਨ ਕਰਨ ਵਾਲਾ ਵਿਅਕਤੀ

*ਇਹ ਦ੍ਰਿਸ਼ ਰਚਨਾ ਚਿੱਤਰਕਾਰ ਦੀ ਕਲਪਨਾ ਦਾ ਨਤੀਜਾ ਹੈ, ਪਰ ਰਚਨਾਕਾਰ ਨੇ ਵੇਲੇ ਦੀਆਂ ਘਟਨਾਵਾਂ ਨੂੰ ਪਹਿਲਾਂ ਚੰਗੀ ਤਰ੍ਹਾਂ ਪੜ੍ਹਿਆ ਸਮਝਿਆ ਹੈ ਅਤੇ ਫਿਰ ਉਸੇ ਅਨੁਰੂਪ ਆਪਣੇ ਕੰਮ ਨੂੰ ਰੂਪਮਾਨ ਕੀਤਾ ਹੈ। ਇਹ ਸ਼ਬਦ ਰਚਨਾ ਅਤੇ ਚਿੱਤਰ ਰਚਨਾ ਵਿਚਾਲੇ ਸਾਂਝ ਦਾ ਉਚਿਤ ਪ੍ਰਦਰਸ਼ਨ ਹੈ। ਕਿਸੇ ਵੇਲੇ ਦ੍ਰਿਸ਼ ਰਚਨਾ ਸ਼ਬਦ ਰਚਨਾ ਤੋਂ ਅਗਾਂਹ ਲੰਘ ਕੇ ਦਰਸ਼ਕ ਮਨ ਵਿਚ ਅਮਿੱਟ ਬਿੰਬ ਧਰ ਦਿੰਦੀ ਹੈ। ਇਹ ਪੇਂਟਿੰਗ ਅਜਿਹਾ ਕਰਮ ਕਰਦੀ ਪ੍ਰਤੀਤ ਹੁੰਦੀ ਹੈ।*

ਬੁਰੀ ਨਜ਼ਰ/ਆਤਮਾਵਾਂ ਤੋਂ ਬਚਿਆ ਰਹਿੰਦਾ ਹੈ। ਚਿੱਤਰ ਸੰਦਰਭ ਅਨੁਸਾਰ ਮੁਗਲ ਸਿਪਾਹੀ ਆਸ-ਪਾਸ ਘੁੰਮਦੇ ਦਿੱਸਦੇ ਰਹੇ, ਪਰ ਸਿੱਖ ਹਮੇਸ਼ਾ ਬਚ ਕੇ ਨਿਕਲਦੇ ਰਹੇ।

ਕੇਸਰੀ ਰੰਗ ਦਾ ਜੋੜ ਅੱਗ ਨਾਲ ਕੀਤਾ ਜਾਂਦਾ ਹੈ। ਅੱਗ ਵਿਚ ਤਾਪ ਹੈ, ਵਸਤੂ ਨੂੰ ਸਾੜ ਕੇ ਸੁਆਹ ਅਤੇ ਨਿਖਾਰਨ ਦਾ ਗੁਣ ਹੈ। ਗੁਰੂ ਤੇਗ ਬਹਾਦਰ ਦਾ ਸੀਸ ਕੇਸਰੀ ਕੱਪੜੇ ਵਿਚ ਲਿਪਟਿਆ ਹੋਇਆ ਹੈ। ਭੌਤਿਕ ਤੌਰ 'ਤੇ ਗੁਰੂ ਜੀ ਨੂੰ ਭਾਵੇਂ ਖਤਮ ਕਰ ਦਿੱਤਾ ਗਿਆ ਹੈ, ਪਰ ਉਨ੍ਹਾਂ ਦੇ ਵਿਚਾਰਾਂ ਨੂੰ ਹਕੂਮਤ ਦਬਾ ਨਾ ਸਕੀ। ਗੁਰੂ ਅਰਜਨ ਦੇਵ ਤੋਂ ਬਾਅਦ ਨਾਨਕ ਨਾਮਲੇਵਾ ਸੰਗਤ ਨੂੰ ਦੂਜੀ ਵਾਰ ਆਪਣੇ ਗੁਰੂ ਨੂੰ ਸ਼ਹੀਦ ਹੁੰਦਿਆਂ ਦੇਖਣਾ ਪਿਆ। ਗੁਰੂ ਤੇਗ ਬਹਾਦਰ ਦੀ 'ਕਿਰਿਆ' ਨੇ ਸਿੱਖ ਸਮਾਜ ਨੂੰ ਨਵੀਂ ਜੱਦੋ-ਜਹਿਦ ਵੱਲ ਧੱਕ ਦਿੱਤਾ। ਇਸੇ ਦੌਰ ਨੇ ਉਸ ਨੂੰ ਨਿਖਾਰਨਾ ਤੇ ਮਜ਼ਬੂਤ ਕਰਨਾ ਸੀ। ਅਧਿਆਤਮ ਪਰੰਪਰਾ ਅਨੁਰੂਪ ਇਸ ਰੰਗ ਨੂੰ ਖੋਜ ਨਾਲ ਵੀ ਜੋੜਿਆ ਜਾਂਦਾ ਹੈ।

ਗੁਰੂ ਸਾਹਿਬ ਦਾ ਸੀਸ ਲਿਜਾ ਰਿਹਾ ਸਿੱਖ ਵਿਚਰਦੇ ਸੰਸਾਰ ਵਿਚ ਜਿਵੇਂ ਗੁਰੂ-ਸਿੱਖ ਦੇ ਆਪਸੀ ਰਿਸ਼ਤੇ ਦੀ ਨਵੀਂ ਲੀਕ ਖਿੱਚ ਰਿਹਾ ਹੈ। ਇਨ੍ਹਾਂ ਸਭ ਰੰਗਾਂ ਤੋਂ ਉਪਰ ਸਫੈਦ ਰੰਗ ਦੀ ਸਰਦਾਰੀ ਹੈ। ਵਿਗਿਆਨ ਅਨੁਸਾਰ ਸਫੈਦ ਦੀ ਆਪਣੀ ਕੋਈ ਹੋਂਦ ਨਹੀਂ, ਇਹ ਤਾਂ ਸਭ ਰੰਗਾਂ ਦਾ ਆਪਸੀ ਸੁਮੇਲ ਹੈ। ਇਸ ਵਿਚਾਰ ਮੁਤਾਬਿਕ ਇਸ ਵਿਚ ਸਭ ਰੰਗਾਂ ਦੇ ਗੁਣ ਲੱਛਣ ਮੌਜੂਦ ਹਨ। ਸਭ ਰੰਗਾਂ ਦੇ ਭਾਵ-ਪ੍ਰਭਾਵ ਇਸੇ ਇੱਕੋ ਰੰਗ ਵਿਚ ਸਮਾਏ ਹੋਏ ਹਨ। ਚਿੱਤਰ ਦ੍ਰਿਸ਼ ਵਿਚ ਨਦੀ ਦੇ ਜਲ ਦੀ ਗਤੀ ਅਤੇ ਉਸ ਦੇ ਨੇੜੇ ਦੂਰ ਦੇ ਪ੍ਰਭਾਵ ਨੂੰ ਦਿਖਾਉਣ ਲਈ ਕਈ ਰੰਗਾਂ ਦੀਆਂ ਹਲਕੀਆਂ ਟੋਨਜ਼ ਦਾ ਸਹਾਰਾ ਲਿਆ ਗਿਆ ਹੈ, ਪਰ ਅਨੁਪਾਤ ਪੱਖੋਂ ਸਫੈਦ ਦੀ ਮਾਤਰਾ ਵੱਧ ਹੈ।

ਭਾਈ ਜੈਤਾ ਵੱਲੋਂ ਆਪਣੇ ਮੋਢਿਆਂ ਉਪਰ ਲਈ ਸਫੈਦ ਚਾਦਰ ਦਾ ਪਾਸਾਰ ਐਨ ਖੱਬਿਓਂ ਸ਼ੁਰੂ ਹੋ ਕੇ ਸੱਜੇ ਤਕ ਨੂੰ ਹੈ, ਸਗੋਂ ਇਹ ਕੈਨਵਸ ਦੇ ਬਾਹਰ ਨਿਕਲ ਜਾਂਦਾ ਹੈ। ਲੱਗਦਾ ਹੈ, ਇਕ ਨਦੀ (ਟਾਂਗਰੀ ਨਦੀ) ਦੇ ਵਹਾਅ ਉਪਰੋਂ ਇਕ ਹੋਰ ਨਦੀ (ਮੋਢਿਆਂ 'ਤੇ ਲਈ ਚਾਦਰ) ਵਗ ਰਹੀ ਹੈ। ਇਕ ਨਦੀ ਦਾ ਵਹਾਅ ਸਥਾਈ ਹੈ, ਜਦੋਂਕਿ ਦੂਜੀ ਦਾ ਅਸਥਾਈ, ਪਰ ਇਸੇ ਨੇ ਦ੍ਰਿਸ਼ ਨੂੰ ਸਜੀਵ ਬਣਾਇਆ ਹੈ। ਇਸ ਵਿਸ਼ਲੇਸ਼ਣ 'ਤੇ ਸ਼ੱਕ ਵੀ ਹੋ ਸਕਦਾ ਹੈ ਕਿਉਂਕਿ ਜਿਵੇਂ ਦੇ ਰੰਗਾਂ ਵਾਲੇ ਵਸਤਰ ਸਿੱਖਾਂ ਨੇ ਧਾਰਨ ਕੀਤੇ ਹਨ, ਬਿਲਕੁਲ ਉਨ੍ਹਾਂ ਰੰਗਾਂ ਦੇ ਵਸਤਰ ਮੁਗਲ ਸਿਪਾਹੀਆਂ ਦੇ ਹਨ। ਸਿੱਖਾਂ ਬਾਬਤ ਕਹੇ ਗਏ ਗੁਣ-ਲੱਛਣ ਹੀ ਮੁਗਲ ਸਿਪਾਹੀਆਂ ਉਪਰ ਵੀ ਲਾਗੂ ਹੁੰਦੇ ਹਨ।

ਜੇ ਭਾਈ ਜੈਤਾ ਦੇ ਸਿਰ ਨੀਲੀ ਪੱਗ ਹੈ ਤਾਂ ਇਸੇ ਰੰਗ ਦੇ ਚੋਗੇ ਮੁਗਲ ਸਿਪਾਹੀਆਂ ਦੇ ਹਨ। ਇਨ੍ਹਾਂ ਨੇ ਆਪਣੇ ਸਿਰਾਂ ਦੁਆਲੇ ਲਾਲ, ਕੇਸਰੀ ਰੰਗ ਦੇ ਕੱਪੜੇ ਵਲੇਟੇ ਹੋਏ ਹਨ। ਕੀ ਇਸ ਗੁੰਝਲ ਦਾ ਉਤਰ ਵੀ ਇਸੇ ਚਿੱਤਰ ਵਿਚ ਮੌਜੂਦ ਹੈ। ਇਹ ਰਚਨਾ ਇਤਿਹਾਸ ਦੀ ਘਟਨਾ ਦੀ ਬਿਰਤਾਂਤਕ ਪੇਸ਼ਕਾਰੀ ਹੈ। ਪੇਸ਼ ਹੋਏ ਚਰਿੱਤਰ ਸਮ ਬਿਰਤੀ ਦੇ ਨਹੀਂ, ਉਹ ਇੱਕੋ ਫਿਰਕੇ ਦੇ ਵੀ ਨਹੀਂ। ਇੱਕ ਧਿਰ ਹਾਕਮ ਹੈ ਤੇ ਦੂਜੀ ਮਜ਼ਲੂਮ। ਹਾਕਮ ਜਮਾਤ ਆਪਣੇ ਅਧੀਨ ਖੇਤਰ ਦੀ ਪਰਜਾ ਨੂੰ ਈਨ ਮੰਨਣ ਲਈ ਜ਼ੋਰ ਪਾ ਰਹੀ ਹੈ। ਇੱਕ ਪਾਸ ਸੱਤਾ ਦੀ ਤਾਕਤ ਹੈ, ਦੂਜੇ ਕੋਲ ਵਿਰੋਧ ਕਰਨ ਦੀ ਊਰਜਾ ਹੈ ਜਿਸ ਨੂੰ ਉਹ ਵਰ੍ਹਿਆਂ ਤੋਂ ਅਰਜਿਤ ਕਰਦੀ ਆ ਰਹੀ ਹੈ। ਤਾਕਤ ਅਤੇ ਉਦੇਸ਼ (ਆਪੋ-ਆਪਣੀ ਤਰ੍ਹਾਂ ਦੀ) ਦੋਵਾਂ ਪਾਸ ਹੈ। ਫਰਕ ਬਸ ਇੰਨਾ ਹੈ ਕਿ ਇੱਕ ਧਿਰ ਆਪਣੀ ਜੀਵਨ ਵਿਧੀ ਦੂਜੇ ਉਪਰ ਥੋਪਣਾ ਚਾਹੁੰਦੀ ਹੈ ਜਦੋਂਕਿ ਦੂਜੀ ਧਿਰ ਆਪਣੀ ਇੱਛਾ ਮੁਤਾਬਿਕ ਆਪਣੀਆਂ ਸ਼ਰਤਾਂ 'ਤੇ ਆਪਣੀ ਜ਼ਿੰਦਗੀ ਜਿਉਣਾ ਚਾਹੁੰਦੀ ਹੈ। ਰੰਗ ਦੋਵਾਂ ਵਾਸਤੇ ਇੱਕੋ ਜਿਹੇ ਹਨ, ਪਰ ਉਦੇਸ਼ ਪ੍ਰਾਪਤੀ ਦੇ ਰਾਹ ਵੱਖੋ-ਵੱਖਰੇ ਹਨ। ਇੱਕ ਰੰਗ ਜਿਹੜਾ ਮੁਗਲ ਸਿਪਾਹੀਆਂ ਹਿੱਸੇ ਨਹੀਂ ਆਇਆ, ਉਹ ਸਫੈਦ ਹੈ ਭਾਵ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਵਿਹਾਰ ਵਿਚ ਕਿਸੇ ਪੱਖੋਂ ਵੀ ਪਾਕੀਜ਼ਗੀ ਨਹੀਂ।

ਜਸਵੰਤ ਸਿੰਘ ਨੇ ਭਾਈ ਜੈਤਾ ਦਾ ਸੱਜਾ ਹੱਥ ਪੂਰਾ ਨਹੀਂ ਚਿਤਰਿਆ। ਹਰ ਵਸਤੂ ਪੂਰੀ ਹੀ ਬਣਾਉਣਾ ਲਾਜ਼ਮੀ ਨਹੀਂ ਹੁੰਦਾ। ਭਾਈ ਜੈਤਾ ਨੇ ਖੱਬੇ ਹੱਥ ਵਿਚ ਗੁਰੂ ਸਾਹਿਬ ਦਾ ਸੀਸ ਸੰਭਾਲਿਆ ਹੋਇਆ ਹੈ। ਨਦੀ ਦੀ ਧਾਰ ਚੀਰ ਕੇ ਅਗਾਂਹ ਵਧਣ ਹਿੱਤ ਸੱਜਾ ਹੱਥ ਹੀ ਹੈ। ਸਰੀਰ ਨੂੰ ਅਗਾਂਹ ਕਰਨ ਹਿੱਤ ਲੋੜੀਂਦੀ ਚਾਲ/ਗਤੀ ਸੱਜਾ ਹੱਥ ਹੀ ਹੈ।

ਪੂਰੇ ਸਾਖੀ ਪਰਿਕਰਮ ਵਿਚ ਕੁਦਰਤ ਦਾ ਦਖਲ ਕਾਫੀ ਰਿਹਾ ਹੈ। ਕਿਸੇ ਵੇਲੇ ਕੀਤੇ ਜਾ ਰਹੇ ਕਾਰਜ ਵਿਚ ਇਹ ਮਦਦਗਾਰ ਹੁੰਦੀ ਹੈ, ਕਿਸੇ ਵੇਲੇ ਇਹ ਅੜਚਣ ਵੀ ਬਣਦੀ ਹੈ। ਜਦੋਂ ਸੀਸ ਅਤੇ ਧੜ ਚਾਂਦਨੀ ਚੌਕ ਵਿਚੋਂ ਚੁੱਕਿਆ ਜਾਂਦਾ ਹੈ ਤਾਂ ਕੁਦਰਤ (ਝੱਖੜ ਅਤੇ ਬੱਦਲਵਾਈ ਦੇ ਰੂਪ ਵਿਚ) ਸਹਾਇਕ ਵਜੋਂ ਆਉਂਦੀ ਹੈ। ਜਿਸ ਵੇਲੇ ਨਦੀ ਪਾਰ ਕੀਤੀ ਜਾਂਦੀ ਹੈ ਤਾਂ ਇਹ ਔਕੜ ਵਜੋਂ ਦਿਸਦੀ ਹੈ। ਇਸ ਦਾ ਲੁਕਵਾਂ ਲਾਭ ਇਹ ਹੁੰਦਾ ਹੈ ਕਿ ਸਿੱਖਾਂ ਦੇ ਕਰੀਬ ਪਹੁੰਚ ਜਾਣ ਦੇ ਬਾਵਜੂਦ ਮੁਗਲ ਸਿਪਾਹੀ ਸਿੱਖਾਂ ਨੂੰ ਪਛਾਣਨ ਤੋਂ ਅਸਮਰੱਥ ਰਹਿੰਦੇ ਹਨ।

ਗਤੀਵਾਨ ਨਦੀ ਦਾ ਆਪਣਾ ਜੀਵਨ ਸੰਸਾਰ ਹੈ ਜਿਸ ਵਿਚ ਘੋਗੇ, ਸਿੱਪੀਆਂ, ਮਛਲੀਆਂ ਦਿਖਦੀਆਂ ਹਨ। ਚਿਤੇਰਾ ਇਸ ਮਾਹੌਲ ਵਿਚ ਵੀ ਇਨ੍ਹਾਂ ਜੀਅ-ਜੰਤਾਂ ਨੂੰ ਨਹੀਂ ਵਿਸਾਰਦਾ।

ਚਿਤੇਰਾ ਜਸਵੰਤ ਸਿੰਘ ਸਿੱਖ ਚਰਿੱਤਰ ਦੇ ਗੁਣਾਂ ਨੂੰ ਵਿਲੱਖਣ ਅੰਦਾਜ਼ ਵਿਚ ਉਭਾਰਦਾ ਹੈ। ਸਿੱਖ ਪਾਸ ਸਰੀਰਕ ਬਲ ਦੇ ਨਾਲ ਨਾਲ ਆਤਮਿਕ ਬਲ ਵੀ ਹੈ। ਭਾਈ ਜੈਤਾ ਪਾਸ ਸ਼ਸਤਰ ਨਹੀਂ ਜਦੋਂਕਿ ਮੁਗਲ ਸਿਪਾਹੀ ਹਥਿਆਰਬੰਦ ਹਨ। ਉਹ ਹਥਿਆਰਾਂ ਦਾ ਮੁਕਾਬਲਾ ਆਪਣੇ ਆਤਮਿਕ ਬਲ ਸਦਕਾ ਕਰਦੇ ਪ੍ਰਤੀਤ ਹੁੰਦੇ ਹਨ ਜੋ ਉਨ੍ਹਾਂ ਨੂੰ ਗੁਰੂ ਪ੍ਰਤੀ ਸ਼ਰਧਾ ਤੋਂ ਪ੍ਰਾਪਤ ਹੋ ਰਿਹਾ ਹੈ।

ਸੱਚ ਪ੍ਰਕਾਸ਼ਵਾਨ ਹੈ ਜਦੋਂਕਿ ਝੂਠ ਸਿਆਹ ਹੈ। ਤਾਹੀਓਂ ਮੁਗਲ ਸਿਪਾਹੀਆਂ ਦੇ ਚਿਹਰੇ ਨ੍ਹੇਰੇ ਵਿਚ ਹਨ, ਅਸਪਸ਼ਟ ਹਨ। ਇਹ ਚਿੱਤਰ ਦਰਸ਼ਕ ਮਨ ਵਿਚ ਜਗਿਆਸਾ ਜਗਾਉਂਦਾ ਹੈ ਕਿ ਅੱਗੇ ਕੀ ਹੋ ਸਕਦਾ ਹੈ? ਇਹ ਪੱਖ ਬਿਰਤਾਂਤ ਜਾਣਨ ਵਾਲੇ ਲਈ ਵੀ ਸੱਚ ਹੈ ਤੇ ਨਾ ਜਾਣਨ ਵਾਲੇ ਲਈ ਵੀ। ਇਹ ਚਿੱਤਰ ਪੱਖ ਦਾ ਗੁਣ ਮੰਨਿਆ ਜਾਂਦਾ ਹੈ।

ਹਕੂਮਤ ਦੀ ਅੱਖ ਬੱਲਿਓਂ ਆਪਣੇ ਗੁਰੂ ਦੇ ਸਰੀਰ ਨੂੰ ਆਪਣੇ ਕਬਜ਼ੇ ਵਿਚ ਕਰ ਲੈਣਾ ਵੇਲੇ ਦੀ ਸਰਕਾਰ ਦੀ ਦੇਹ ਵਿਚ ਜ਼ਹਿਰੀ ਕੰਡਾ ਖੋਭਣ ਵਰਗਾ ਕੰਮ ਸੀ। ਸਾਰੇ ਬਿਰਤਾਂਤ ਵਿਚ ਕੱਟ-ਮਾਰ ਦੀ ਸੰਭਾਵਨਾ ਬਣੀ ਰਹਿੰਦੀ ਹੈ, ਪਰ ਇਉਂ ਹੁੰਦਾ ਨਹੀਂ।

ਇਹ ਦ੍ਰਿਸ਼ ਰਚਨਾ ਚਿੱਤਰਕਾਰ ਦੀ ਕਲਪਨਾ ਦਾ ਨਤੀਜਾ ਹੈ, ਪਰ ਉਸ ਨੇ ਵੇਲੇ ਦੀਆਂ ਘਟਨਾਵਾਂ ਨੂੰ ਪਹਿਲਾਂ ਚੰਗੀ ਤਰ੍ਹਾਂ ਪੜ੍ਹਿਆ ਸਮਝਿਆ ਹੈ ਅਤੇ ਫਿਰ ਉਸੇ ਅਨੁਰੂਪ ਆਪਣੇ ਕੰਮ ਨੂੰ ਰੂਪਮਾਨ ਕੀਤਾ ਹੈ। ਇਹ ਸ਼ਬਦ ਰਚਨਾ ਅਤੇ ਚਿੱਤਰ ਰਚਨਾ ਵਿਚਾਲੇ ਸਾਂਝ ਦਾ ਉਚਿਤ ਪ੍ਰਦਰਸ਼ਨ ਹੈ। ਕਿਸੇ ਵੇਲੇ ਦ੍ਰਿਸ਼ ਰਚਨਾ ਸ਼ਬਦ ਰਚਨਾ ਤੋਂ ਅਗਾਂਹ ਲੰਘ ਕੇ ਦਰਸ਼ਕ ਮਨ ਵਿਚ ਅਮਿੱਟ ਬਿੰਬ ਧਰ ਦਿੰਦੀ ਹੈ। ਇਹ ਪੇਂਟਿੰਗ ਅਜਿਹਾ ਕਰਮ ਕਰਦੀ ਪ੍ਰਤੀਤ ਹੁੰਦੀ ਹੈ।

# ਸੈਨ ਹੋਜ਼ੇ ਸਿਟੀ ਨੇ ਗੁਰਦੁਆਰਾ ਸੈਨ ਹੋਜ਼ੇ ਨੂੰ ਜਾਣ ਵਾਲੀ ਸੜਕ ਦਾ ਨਾਂ ਬਦਲ ਕੇ ਰੱਖਿਆ 'ਗੁਰਦੁਆਰਾ ਐਵਨਿਊ'





ਸਿੱਖ ਭਾਈਚਾਰੇ ਲਈ ਇਹ ਖੁਸ਼ੀ ਦੀ ਇੱਕ ਬਹੁਤ ਅਹਿਮ ਖਬਰ ਹੈ ਕਿ ਸੈਨ ਹੋਜ਼ੇ ਸਿਟੀ ਕੌਂਸਲ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਸੈਨ ਹੋਜ਼ੇ ਦੇ ਖੂਬਸੂਰਤ ਗੁਰਦੁਆਰਾ ਸਾਹਿਬ ਨੂੰ ਜਾਂਦੀ ਸੜਕ ਦਾ ਨਾਂ ਬਦਲ ਕੇ 'ਗੁਰਦੁਆਰਾ ਐਵਨਿਊ' ਦੀ ਮਨਜ਼ੂਰੀ ਦੇ ਦਿੱਤੀ ਹੈ।

ਇਸ ਸਮੇਂ ਗੁਰਦੁਆਰਾ ਸੈਨ ਹੋਜ਼ੇ ਨੂੰ ਜਾਂਦੀ ਸੜਕ ਦਾ ਨਾਂ ਮੁਰਿਲੋ ਐਵਨਿਊ ਹੈ। ਮੌਜੂਦਾ ਪ੍ਰਬੰਧਕ ਕਮੇਟੀ ਦੀ ਖਾਹਿਸ਼ ਸੀ ਕਿ ਗੁਰਦੁਆਰਾ ਸੈਨ ਹੋਜ਼ੇ, ਜੋ ਦੁਨੀਆਂ ਦੇ ਵੱਡੇ ਅਤੇ ਖੂਬਸੂਰਤ 10 ਗੁਰੂ ਘਰਾਂ 'ਚੋਂ ਦੂਜੇ ਨੰਬਰ 'ਤੇ ਹੈ, ਨੂੰ ਸੈਨ ਹੋਜ਼ੇ ਸਿਟੀ ਕੌਂਸਲ ਤੋਂ ਇੱਕ ਵਿਸ਼ੇਸ਼ ਮਹੱਤਤਾ ਮਿਲਣੀ ਚਾਹੀਦੀ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ ਮੌਜੂਦਾ ਪ੍ਰਬੰਧਕਾਂ ਨੇ ਇਸ ਪ੍ਰਾਜੈਕਟ 'ਤੇ ਕੰਮ ਕਰਨ ਦੀ ਜ਼ਿੰਮੇਵਾਰੀ ਸਾਲ 2014 ਵਿਚ ਸ. ਸੁਰਜੀਤ ਸਿੰਘ ਬੈਂਸ ਨੂੰ ਦਿੱਤੀ ਸੀ। ਸ. ਬੈਂਸ ਨੇ ਸਾਰੀ ਜਾਣਕਾਰੀ ਪ੍ਰਾਪਤ ਕਰਨ ਪਿਛੋਂ 2014 ਵਿਚ ਸੈਨ ਹੋਜ਼ੇ ਸਿਟੀ ਕੌਂਸਲ ਨੂੰ ਇਸ ਬਾਰੇ ਅਰਜੀ ਦਿੱਤੀ, ਜਿਸ ਦੀ ਕਾਰਵਾਈ ਅਨੁਸਾਰ ਮੁਰਿਲੋ ਐਵਨਿਊ 'ਤੇ ਪੈਂਦੇ ਘਰਾਂ ਨਾਲ ਘਰ-ਘਰ ਜਾ ਕੇ 'ਗੁਰਦੁਆਰਾ ਐਵਨਿਊ' ਨਾਂ ਰੱਖਣ ਲਈ ਦਸਤਖਤ ਕਰਵਾਏ ਗਏ, 2 ਕਮਿਊਨਿਟੀ ਮੀਟਿੰਗਾਂ ਹੋਈਆਂ, 1000 ਫੁੱਟ ਅਤੇ ਇੱਕ ਮੀਲ ਤੱਕ ਘਰ-ਘਰ ਜਾ ਕੇ ਦਸਤਖਤ ਕਰਵਾਏ ਗਏ। ਸ. ਭੁਪਿੰਦਰ ਸਿੰਘ ਢਿੱਲੋਂ, ਸ. ਜਸਵੀਰ ਪਵਾਰ, ਸ. ਸੁਰਜੀਤ ਸਿੰਘ ਬੈਂਸ ਨੇ ਹਰ ਸਿਟੀ ਕੌਂਸਲ ਮੈਂਬਰ ਅਤੇ ਸਿਟੀ ਦੇ ਮੇਅਰ ਨੂੰ ਮਿਲ ਕੇ ਇਸ ਪ੍ਰਾਜੈਕਟ ਬਾਰੇ ਜਾਣਕਾਰੀ ਦੇ ਕੇ ਮਨਜ਼ੂਰੀ ਦੇਣ ਲਈ ਸਹਿਮਤੀ ਲਈ। 6 ਦਸੰਬਰ 2016 ਨੂੰ ਸੈਨ ਹੋਜ਼ੇ ਸਿਟੀ ਕੌਂਸਲ ਨੇ ਸਰਬਸੰਮਤੀ ਨਾਲ ਮੁਰਿਲੋ ਐਵਨਿਊ ਦਾ ਨਾਂ ਬਦਲ ਕੇ 'ਗੁਰਦੁਆਰਾ ਐਵਨਿਊ' ਰੱਖਣ ਦੀ ਮਨਜ਼ੂਰੀ ਦੇ ਦਿੱਤੀ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਇੱਕ ਬਹੁਤ ਵੱਡੀ ਅਤੇ ਸ਼ਲਾਘਾਯੋਗ ਪ੍ਰਾਪਤੀ ਹੈ। ਸਮੂਹ ਸਾਧ ਸੰਗਤ ਅਤੇ ਖਾਸ ਤੌਰ 'ਤੇ ਜਿਨ੍ਹਾਂ ਨੇ ਇਸ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਲਈ ਦਿਨ-ਰਾਤ ਇੱਕ ਕੀਤਾ, ਦੀ ਪ੍ਰਬੰਧਕ ਕਮੇਟੀ ਤਹਿ ਦਿਲੋਂ ਧੰਨਵਾਦੀ ਹੈ।

**ਇਸ ਅਹਿਮ ਪ੍ਰਾਪਤੀ ਲਈ ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਮੌਜੂਦਾ ਪ੍ਰਬੰਧਕਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਅਖੰਡ ਪਾਠ 16 ਦਸੰਬਰ ਨੂੰ ਸ਼ੁਰੂ ਹੋਣਗੇ ਅਤੇ ਭੋਗ 18 ਦਸੰਬਰ, ਐਤਵਾਰ ਨੂੰ ਸਵੇਰੇ 10:30 ਵਜੇ ਪੈਣਗੇ।**

***ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਖੁਸ਼ੀ ਭਰੇ ਸਮੇਂ ਹੁਮ-ਹਮਾ ਕੇ ਪਹੁੰਚੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।***

# ਜਨਰਲ ਬਾਡੀ ਮੀਟਿੰਗ

## ਗੁਰਦੁਆਰਾ ਸਾਹਿਬ ਦੇ ਸੰਵਿਧਾਨ ਵਿਚ ਹੇਠ ਲਿਖੀਆਂ ਕੁਝ ਅਹਿਮ ਤਬਦੀਲੀਆਂ ਕਰਨ ਲਈ ਜਨਰਲ ਬਾਡੀ ਦੀ ਮੀਟਿੰਗ 18 ਦਸੰਬਰ, ਐਤਵਾਰ ਨੂੰ ਬਾਅਦ ਦੁਪਹਿਰ 1:30 ਵਜੇ ਬੁਲਾਈ ਗਈ ਹੈ

1. ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਗੁਰੂ ਘਰ ਅਤੇ ਸੰਗਤ ਉਤੇ ਪ੍ਰਬੰਧਕ ਕਮੇਟੀ ਚੋਣ ਦਾ ਖਰਚਾ ਨਹੀਂ ਪੈਣਾ ਚਾਹੀਦਾ, ਇਸ ਕਰਕੇ ਪ੍ਰਬੰਧਕ ਕਮੇਟੀ ਲਈ ਹਰ ਉਮੀਦਵਾਰ ਗੁਰਦੁਆਰਾ ਸਾਹਿਬ ਨੂੰ 1000 ਡਾਲਰ ਫੀਸ ਦੇਵੇ। ਅਗਸਤ 2015 ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਕੋਰਟ ਮਾਸਟਰ ਤੋਂ ਬਿਨਾ 50 ਹਜ਼ਾਰ ਤੋਂ ਵੱਧ ਖਰਚਾ ਆ ਗਿਆ ਸੀ। ਜੇ ਕੋਈ ਸੇਵਾਦਾਰ ਪ੍ਰਬੰਧਕ ਕਮੇਟੀ ਉਮੀਦਵਾਰ ਬਣਨਾ ਚਾਹੁੰਦਾ ਹੈ ਪਰ ਉਸ ਕੋਲ ਗੁਰੂ ਘਰ ਲਈ 1000 ਡਾਲਰ ਨਹੀਂ ਹੈ ਤਾਂ ਉਸ ਦੇ ਹਮਾਇਤੀ ਉਸ ਲਈ 1000 ਡਾਲਰ ਫੀਸ ਭਰ ਸਕਦੇ ਹਨ।
2. ਗੁਰੂ ਘਰ ਦਾ 11.3 ਮਿਲੀਅਨ ਡਾਲਰ ਦਾ ਲੋਨ ਪੱਕੇ ਵਿਆਜ ਵਾਲਾ ਕਰਵਾਉਣਾ ਹੈ (ਇਸ ਵੇਲੇ ਇਹ ਲੋਨ ਵਧਣ/ਘਟਣ ਵਾਲੇ ਵਿਆਜ ਵਾਲਾ ਹੈ), ਤਕਰੀਬਨ 30 ਸਾਲ ਪਹਿਲਾਂ ਵਾਲੇ ਲਿਖੇ ਸੰਵਿਧਾਨ ਵਿਚ ਇਹ ਲਿਖਿਆ ਹੈ ਕਿ 50 ਹਜਾਰ ਡਾਲਰ ਤੋਂ ਵੱਧ ਦੇ ਪ੍ਰਾਜੈਕਟ ਨੂੰ ਜਨਰਲ ਬਾਡੀ ਹੀ ਮਨਜ਼ੂਰੀ ਦੇ ਸਕਦੀ ਹੈ। ਲੋਨ ਵਾਲੀ ਬੈਂਕ ਨੇ ਇਹ ਪੜ੍ਹ ਕੇ ਸਾਨੂੰ ਕਿਹਾ ਹੈ ਕਿ ਇੰਨੇ ਵੱਡੇ ਲੋਨ ਲਈ ਜਨਰਲ ਬਾਡੀ ਤੋਂ ਮਨਜ਼ੂਰੀ ਲਈ ਜਾਵੇ।
3. ਸੰਵਿਧਾਨ ਵਿਚ ਇਹ ਵੀ ਲਿਖਿਆ ਹੈ ਕਿ ਗੁਰੂ ਘਰ ਦੇ ਰੋਜ਼ਮੱਰਾ ਦੇ ਖਰਚੇ/ਬਿੱਲ ਲਈ ਖਜ਼ਾਨਚੀ 1000 ਡਾਲਰ ਤੱਕ ਚੈਕ ਲਿਖ ਸਕਦਾ ਹੈ। ਇਹ ਮਿਥੀ ਰਕਮ ਬਹੁਤ ਥੋੜੀ ਹੈ (ਪਾਣੀ ਦਾ ਬਿੱਲ ਹੀ 3000 ਡਾਲਰ ਤੋਂ ਵੱਧ ਆਉਂਦਾ ਹੈ)। ਇਸ ਕਰਕੇ ਖਜ਼ਾਨਚੀ ਕੋਲ 2 ਹੋਰ ਸਹਾਇਕ ਖਜ਼ਾਨਚੀਆਂ ਦੀ ਸਹਿਮਤੀ ਨਾਲ ਇਹੋ ਜਿਹੇ ਬਿਲਾਂ ਦੇ ਚੈਕ ਲਿਖਣ ਦਾ ਅਧਿਕਾਰ ਹੋਣਾ ਚਾਹੀਦਾ ਹੈ।
4. ਮੌਜੂਦਾ ਸੰਵਿਧਾਨ ਵਿਚ ਗੁਰੂ ਘਰ ਦੀ ਜ਼ਮੀਨ ਵੇਚਣ ਬਾਰੇ ਕੋਈ ਵੇਰਵਾ ਨਹੀਂ ਹੈ। ਅਸੀਂ ਸੰਵਿਧਾਨ ਵਿਚ ਇਹ ਮਦ ਲਿਆਉਣੀ ਚਾਹੁੰਦੇ ਹਾਂ ਕਿ ਗੁਰੂ ਘਰ ਦੀ ਜ਼ਮੀਨ ਵੇਚਣ ਦੀ ਮਨਜ਼ੂਰੀ ਸਿਰਫ ਜਨਰਲ ਬਾਡੀ ਕੋਲ ਹੋਵੇ।

ਨਵਾਂ ਗੁਰੂ ਘਰ ਬਣਾਉਣ ਅਤੇ ਲੋਨ ਦੇ ਪ੍ਰਬੰਧ ਲਈ ਜਨਰਲ ਬਾਡੀ ਨੇ ਮਨਜ਼ੂਰੀ ਦਿੱਤੀ ਸੀ ਅਤੇ ਅਗਸਤ 2015 ਵਿਚ ਹੋਈ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਜਨਰਲ ਬਾਡੀ ਨੇ ਪ੍ਰਬੰਧਕਾਂ ਵਲੋਂ ਗੁਰੂ ਘਰ ਲਈ ਸਹੀ ਤਰੀਕੇ ਨਾਲ ਕੀਤੇ ਕੰਮਾਂ ਨੂੰ ਜਾਣਦਿਆਂ ਅੱਗੋਂ ਤੋਂ ਸੇਵਾ ਜਾਰੀ ਰੱਖਣ ਲਈ ਬਹੁਤ ਵੱਡੇ ਬਹੁਮਤ ਨਾਲ ਵੋਟਾਂ ਪਾ ਕੇ ਜਿਤਾਇਆ ਸੀ। ਹਰ ਸੰਸਥਾ ਵਿਚ ਅਕਸਰ ਇਕ ਐਗਜ਼ੈਕਟਿਵ ਕਮੇਟੀ ਬਣਾਈ ਜਾਂਦੀ ਹੈ ਜਿਸ ਵਿਚ ਪ੍ਰਧਾਨ, ਵਾਈਸ ਪ੍ਰਧਾਨ, ਜਨਰਲ ਸੈਕਟਰੀ, ਸਟੇਜ ਸਕੱਤਰ, ਖਜ਼ਾਨਚੀ ਦੇ ਅਹੁਦੇ ਹੁੰਦੇ ਹਨ। ਇੰਨੇ ਵੱਡੇ ਅਕਾਰ ਦੇ ਗੁਰੂ ਘਰ ਲਈ ਐਗਜ਼ੈਕਟਿਵ ਕਮੇਟੀ ਕੋਲ 50 ਹਜ਼ਾਰ ਡਾਲਰ ਤੱਕ ਦੇ ਪ੍ਰਾਜੈਕਟ ਕਰਨ ਲਈ ਅਧਿਕਾਰ ਹੋਣਾ ਜਰੂਰੀ ਹੈ। ਜੇਕਰ ਐਗਜ਼ੈਕਟਿਵ ਕਮੇਟੀ ਵਲੋਂ ਕੋਈ ਗਲਤ ਫੈਸਲਾ ਲਿਆ ਜਾਂਦਾ ਹੈ ਤਾਂ ਪ੍ਰਬੰਧਕ ਕਮੇਟੀ ਉਸ ਨੂੰ ਬਹੁਸੰਮਤੀ ਨਾਲ ਬਰਖਾਸਤ ਕਰ ਸਕਦੀ ਹੈ।

ਹੈਰਾਨ ਕਰਨ ਵਾਲੀ ਖਬਰ ਇਹ ਹੈ ਕਿ ਪਿਛਲੇ ਹਫਤੇ ਇੱਕ ਪੰਜਾਬੀ ਅਖਬਾਰ ਵਿਚ 4 ਸੰਗਤ ਮੈਂਬਰਾਂ-ਜਸਵੰਤ ਸਿੰਘ ਹੋਠੀ (ਮਿਲਪੀਟਸ ਸਿੰਘ ਸਭਾ ਗੁਰਦੁਆਰਾ ਚਾਲਕ), ਗੁਰਮੇਲ ਸਿੰਘ ਬਾਠ, ਭੁਪਿੰਦਰ ਸਿੰਘ ਚੀਮਾ ਅਤੇ ਦਲਜੀਤ ਸਿੰਘ ਵਲੋਂ ਸੰਗਤ ਨੂੰ ਪੁਰਜੋਰ ਅਪੀਲ ਕੀਤੀ ਗਈ ਹੈ ਕਿ ਮੌਜੂਦਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਘਰ ਦੇ ਸੰਵਿਧਾਨ ਵਿਚ ਤਬਦੀਲੀ ਦੇ ਉਪਰ ਲਿਖੇ ਜੋ ਸੁਝਾਅ ਦਿੱਤੇ ਗਏ ਹਨ, ਹਰ ਕੋਈ (NO) ਨਾ-ਮਨਜ਼ੂਰੀ ਦੀ ਵੋਟ ਪਾਵੇ। ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ ਇਹ ਸ਼ਖਸ ਗੁਰੂ ਘਰ ਦਾ ਕੰਮ ਕਾਜ਼ ਚੱਲਣ ਦੇ ਖਿਲਾਫ ਸੰਗਤ ਨੂੰ ਅਪੀਲਾਂ ਕਰ ਰਹੇ ਹਨ!

ਸਮੂਹ ਸਾਧ ਸੰਗਤ ਨੂੰ ਪੁਰਜੋਰ ਬੇਨਤੀ ਹੈ ਕਿ ਜੇ ਸੰਵਿਧਾਨ ਦੀ ਤਬਦੀਲੀ ਬਾਰੇ ਕੋਈ ਸਵਾਲ ਹੈ ਤਾਂ ਗੁਰੂ ਘਰ ਦੇ ਜਨਰਲ ਸਕੱਤਰ ਸ. ਭੁਪਿੰਦਰ ਸਿੰਘ ਢਿੱਲੋਂ ਨੂੰ ਗੁਰੂ ਘਰ ਵਿਖੇ 16, 17 ਤੇ 18 ਦਸੰਬਰ ਨੂੰ ਮਿਲੋ, ਵਿਚਾਰ ਵਟਾਂਦਰਾ ਕਰੋ ਅਤੇ ਆਪਣੇ ਸੁਝਾਅ ਦਿਓ।

**ਹੋਰ ਜਾਣਕਾਰੀ ਫੋਨ (408) 274-9373 ਜਾਂ ਗੁਰੂ ਘਰ ਦੀ ਵੈਬ ਸਾਈਟ www.sanjosegurdwara.org ਰਾਹੀਂ ਹਾਸਲ ਕੀਤੀ ਜਾ ਸਕਦੀ ਹੈ**

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

**Sikh Gurdwara San Jose: 3636 Murillo Ave, San Jose CA 95148**